Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Personal Injury and Wrongful Death Attorneys
ਹਾਦਸਿਆਂ ਵਿਚ ਜ਼ਖਮੀ ਹੋਣ ਜਾਂ ਮੌਤ ਹੋ ਜਾਣ ਨਾਲ ਸਬੰਧਤ ਕੇਸਾਂ ਲਈ ਭਰੋਸੇਯੋਗ ਵਕੀਲ।
* ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।
*ਸਬੰਧਤ ਡਿਟੇਲ ਜਾਣਕਾਰੀ ਪੇਜ ਨੰਬਰ 2 'ਤੇ ਉਪਲਬਧ ਹੈ।
*ਰਿਕਵਰੀ ਹੋਣ ਤੱਕ ਕੋਈ ਫੀਸ ਨਹੀਂ ਲਈ ਜਾਵੇਗੀ।
Manpreet S. Bains
ਸੰਪਰਕ ਕਰੋ: ਫੋਨ: (510 474-0028)
E-Mail: info@thebainsfirm.com; www.thebainsfirm.com

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Sixth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼

Punjab Times, Vol 27, Issue 37; September 12, 2026 — 20451 N. Plum Grove Rd., Palatine, IL 60074 — Ph:847-359-0746, Fax:847-705-9388

## ਅਮਰੀਕੀ ਹਮਲਿਆਂ ਦਾ ਜਵਾਬ ਪਹਿਲਾਂ ਤੋਂ ਵੱਧ ਦਰਦਨਾਕ ਹੋਵੇਗਾ: ਈਰਾਨ

**ਦੁਬਈ:** ਈਰਾਨ ਦੇ ਤੇਲ ਟੈਂਕਰਾਂ 'ਤੇ ਅਮਰੀਕੀ ਹਮਲੇ ਦੇ ਇਕ ਦਿਨ ਬਾਅਦ, ਈਰਾਨ ਦੀ ਸੰਸਦ ਦੇ ਸਪੀਕਰ ਮੁਹੰਮਦ ਬਾਘਰ ਗਲੀਬਾਫ ਨੇ ਕਿਹਾ ਕਿ ਈਰਾਨ ਦੇ ਰਾਸ਼ਟਰੀ ਹਿੱਤਾਂ ਦੇ ਖਿਲਾਫ ਕਿਸੇ ਵੀ ਹਮਲੇ ਦਾ ਜਵਾਬ ਹੋਰ ਦਰਦਨਾਕ ਹੋਵੇਗਾ।

ਗਲੀਬਾਫ ਨੇ ਆਪਣੇ ਟੈਲੀਗ੍ਰਾਮ ਚੈਨਲ 'ਤੇ ਜਾਰੀ ਕੀਤੇ ਗਏ ਭਾਸ਼ਣ ਵਿਚ ਕਿਹਾ ਕਿ ਅਮਰੀਕਾ ਨੂੰ ਬਹੁਤ ਦੇਰ ਹੋਣ ਤੋਂ ਪਹਿਲਾਂ ਇਹ ਸਮਝਣਾ ਚਾਹੀਦਾ ਹੈ ਕਿ ਈਰਾਨ ਦੇ ਖ਼ਿਲਾਫ਼ ਯੁੱਧ ਦੇ ਨਿਯਮ ਬਦਲ ਗਏ ਹਨ। ਹੁਣ ਬਰਾਬਰ ਦਾ ਜਵਾਬ ਨਹੀਂ ਦਿੱਤਾ ਜਾਵੇਗਾ, ਸਗੋਂ ਈਰਾਨ ਦੇ ਹਿੱਤਾਂ ਅਤੇ ਸੁਰੱਖਿਆ 'ਤੇ ਕਿਸੇ ਵੀ ਹਮਲੇ ਦਾ ਜਵਾਬ ਹੋਰ ਤੇਜ਼, ਹੋਰ ਜ਼ੋਰਦਾਰ ਅਤੇ ਹੋਰ ਦਰਦਨਾਕ ਤਰੀਕੇ ਨਾਲ ਦਿੱਤਾ ਜਾਵੇਗਾ।ਯੂਐੱਸ ਸੈਂਟਰਲ ਕਮਾਂਡ ਨੇ ਸ਼ਨੀਵਾਰ ਨੂੰ ਕਿਹਾ ਸੀ ਕਿ ਅਮਰੀਕੀ ਨੇਵੀ ਦੇ ਦੋ ਜੰਗੀ ਬੇੜਿਆਂ 'ਤੇ ਈਰਾਨ ਵੱਲੋਂ ਬੈਲਿਸਟਿਕ ਮਿਜ਼ਾਈਲਾਂ ਦਾਗਣ ਤੋਂ ਬਾਅਦ, ਅਮਰੀਕੀ ਫੌਜ ਨੇ ਤਿੰਨ ਈਰਾਨੀ ਤੇਲ ਟੈਂਕਰਾਂ ਨੂੰ ਨਿਸ਼ਾਨਾ ਬਣਾਇਆ। ਆਈਆਰਜੀਸੀ ਨੇ ਇਸ ਦੌਰਾਨ ਦਾਅਵਾ ਕੀਤਾ ਕਿ ਉਸ ਨੇ ਅਮਰੀਕਾ ਦੇ ਇਕ ਏਅਰਕ੍ਰਾਫਟ ਕੈਰੀਅਰ ਤੇ ਇਕ ਡਿਸਟ੍ਰਾਇਰ 'ਤੇ ਕਈ ਬੈਲਿਸਟਿਕ ਮਿਜ਼ਾਈਲਾਂ ਦਾਗੀਆਂ।



*ਈਰਾਨ ਦੀ ਸੰਸਦ ਦੇ ਸਪੀਕਰ ਮੁਹੰਮਦ ਬਾਘਰ ਗਲੀਬਾਫ*

## ਪੰਜਾਬ ਸਰਕਾਰ ਦੇ ਵਿਰੋਧ ਦੇ ਬਾਵਜੂਦ ਹਾਈ ਕੋਰਟ ਦੇ ਚੀਫ ਜਸਟਿਸ ਨੇ ਚੁੱਕੀ ਸਹੁੰ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਵਿਰੋਧ ਦਰਜ ਕਰਵਾਏ ਜਾਣ ਦੇ ਬਾਵਜੂਦ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਕੁਲ-ਵਕਤੀ ਚੀਫ ਜਸਟਿਸ ਮਿਲ ਗਿਆ। ਇਕ ਜੂਨ ਤੋਂ ਕਾਰਜਕਾਰੀ ਚੀਫ ਜਸਟਿਸ ਦੀ ਜ਼ਿੰਮੇਵਾਰੀ ਸੰਭਾਲ ਰਹੇ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਨੇ ਹੁਣ ਸਥਾਈ ਚੀਫ ਜਸਟਿਸ ਵਜੋਂ ਅਹੁਦਾ ਸੰਭਾਲ ਲਿਆ ਹੈ। ਲੋਕ ਭਵਨ ਵਿਚ ਹੋਏ ਸਮਾਗਮ ਦੌਰਾਨ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਉਨ੍ਹਾਂ ਨੂੰ ਸਹੁੰ ਦਿਵਾਈ। ਸਹੁੰ ਚੁੱਕ ਸਮਾਗਮ ਵਿਚ ਨਾ ਤਾਂ ਪੰਜਾਬ ਦੇ ਮੁੱਖ ਮੰਤਰੀ ਅਤੇ ਨਾ ਹੀ ਕੋਈ ਮੰਤਰੀ ਸ਼ਾਮਲ ਹੋਇਆ। ਹਾਲਾਂਕਿ ਹਰਿਆਣਾ ਦੇ ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼, ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਉੱਥੋਂ ਦੇ ਮੰਤਰੀ ਸਮਾਗਮ ਵਿਚ ਸ਼ਾਮਲ ਹੋਏ।



### ਡੀ.ਏ.ਸੰਬੰਧੀ ਸੁਣਵਾਈ ਸਮੇਂ ਕਿਸੇ ਦਬਾਅ ਵਿਚ ਨਹੀਂ ਆਵੇਗੀ ਅਦਾਲਤ

ਸਹੁੰ ਚੁੱਕਣ ਤੋਂ ਬਾਅਦ ਜਸਟਿਸ ਮਿਸ਼ਰਾ ਨੇ ਆਪਣਾ ਕੰਮ ਵੀ ਸ਼ੁਰੂ ਕਰ ਦਿੱਤਾ। ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਪੈਂਡਿੰਗ ਡੀਏ/ਡੀਆਰ ਕੇਸ ਦੀ ਸੁਣਵਾਈ ਦੌਰਾਨ ਬਿਨਾਂ ਕਿਸੇ ਦਾ ਨਾਂ ਲਏ ਜਾਂ ਕਿਸੇ ਹਵਾਲੇ ਤੋਂ ਬਿਨਾਂ ਜਸਟਿਸ ਮਿਸ਼ਰਾ ਨੇ ਸਾਫ਼ ਕਰ ਦਿੱਤਾ ਕਿ ਅਦਾਲਤ ਕਿਸੇ ਵੀ ਦਬਾਅ ਵਿਚ ਨਹੀਂ ਆਵੇਗੀ ਅਤੇ ਕਾਨੂੰਨ ਮੁਤਾਬਕ ਹੀ ਫ਼ੈਸਲਾ ਹੋਵੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਸੰਵਿਧਾਨ ਦੀ ਸਹੁੰ ਚੁੱਕੀ ਹੈ ਅਤੇ ਉਸ ਨੂੰ ਨਿਭਾਉਣਾ ਤੇ ਉਸ ਦੀ ਰੱਖਿਆ ਕਰਨਾ ਜਾਣਦੇ ਹਨ। ਸੁਣਵਾਈ ਦੌਰਾਨ ਅਦਾਲਤ ਨੇ ਸਪੱਸ਼ਟ ਕੀਤਾ ਕਿ ਕਿਸੇ ਵੀ ਧਿਰ ਦੀ ਦਲੀਲ ਜਾਂ ਰਣਨੀਤੀ ਉਸ ਨੂੰ ਪ੍ਰਭਾਵਿਤ ਨਹੀਂ ਕਰ ਸਕਦੀ। ਅਦਾਲਤ ਕਾਨੂੰਨ ਦੇ ਰਾਜ ਮੁਤਾਬਕ ਹੀ ਅੱਗੇ ਚਲੇਗੀ।

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਪੰਜਾਬ ਕੈਬਨਿਟ ਦੀ ਐਤਵਾਰ ਨੂੰ ਹੋਈ ਐਮਰਜੈਂਸੀ ਮੀਟਿੰਗ ਵਿਚ ਪੰਜਾਬ ਸਰਕਾਰ ਦੀ ਰਾਇ ਦੀ ਉਡੀਕ ਕੀਤੇ ਬਿਨਾਂ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਚੀਫ ਜਸਟਿਸ ਨਿਯੁਕਤ ਕਰਨ 'ਤੇ ਗੰਭੀਰ ਇਤਰਾਜ਼ ਪ੍ਰਗਟਾਇਆ ਗਿਆ ਸੀ। ਕੈਬਨਿਟ ਨੇ ਪ੍ਰਸਤਾਵ ਪਾਸ ਕੀਤਾ ਸੀ ਕਿ ਜਦੋਂ ਤੱਕ ਪੰਜਾਬ ਦੀ ਰਾਇ ਨਹੀਂ ਲੈ ਲਈ ਜਾਂਦੀ ਅਤੇ ਉਸ 'ਤੇ ਯੋਗ ਵਿਚਾਰ ਨਹੀਂ ਕਰ ਲਿਆ ਜਾਂਦਾ, ਉਦੋਂ ਤੱਕ ਨਿਯੁਕਤੀ ਅਤੇ ਸਹੁੰ ਚੁੱਕਣ ਦੀ

*(ਬਾਕੀ ਸਫ਼ਾ 4 'ਤੇ)*

## ਮਿਨਾਬ ਦਾ ਸਕੂਲ ਬੱਚਿਆਂ ਦੀ ਯਾਦ 'ਚ ਬਣੇਗਾ ਸਮਾਰਕ



**ਮਿਨਾਬ:** ਈਰਾਨ ਦੇ ਮਿਨਾਬ ਸ਼ਹਿਰ ਦੇ ਸ਼ਜਾਰੇਹ ਤੈਯਬੇਹ ਸਕੂਲ ਨੂੰ ਬੱਚਿਆਂ ਅਤੇ ਹੋਰ ਪੀੜਤਾਂ ਦੀ ਯਾਦ ਵਿਚ ਯੁੱਧ ਸਮਾਰਕ ਅਤੇ ਅਜਾਇਬਘਰ ਵਿਚ ਬਦਲਿਆ ਜਾਵੇਗਾ। 28 ਫਰਵਰੀ ਨੂੰ ਅਮਰੀਕਾ ਦੇ ਮਿਜ਼ਾਈਲ ਹਮਲੇ ਵਿਚ ਇਸ ਸਕੂਲ 'ਚੋਂ ਜ਼ਿਆਦਾਤਰ ਵਿਦਿਆਰਥੀ ਮਾਰੇ ਗਏ ਸਨ, ਹਾਲਾਂਕਿ ਟਰੰਪ ਪ੍ਰਸ਼ਾਸਨ ਨੇ ਹਾਲੇ ਤੱਕ ਹਮਲੇ ਦੀ ਜ਼ਿੰਮੇਵਾਰੀ ਸਿੱਧੀ ਤੌਰ 'ਤੇ ਸਵੀਕਾਰ ਨਹੀਂ ਕੀਤੀ ਹੈ। ਹੋਰਮੋਜ਼ਗਾਨ ਦੇ ਗਵਰਨਰ ਮੁਹੰਮਦ ਅਸ਼ੂਰੀ ਤਜਿਆਨੀ ਨੇ ਕਿਹਾ ਹੈ ਕਿ ਇਸ ਇਮਾਰਤ ਨੂੰ ਮਾਰੇ ਗਏ ਲੋਕਾਂਦੀ ਜੰਗੀ ਅਜਾਇਬਘਰ ਅਤੇ ਸਮਾਰਕ ਵਿਚ ਬਦਲ ਦਿੱਤਾ ਜਾਵੇਗਾ। ਇਸ ਦੇ ਨੇੜੇ ਮਿਨਾਬ ਦੇ ਕਬਰਸਤਾਨ ਦਾ ਇਕ ਹਿੱਸਾ ਮਾਰੇ ਗਏ ਲੋਕਾਂ ਲਈ ਸਮਰਪਿਤ ਕੀਤਾ ਗਿਆ ਹੈ।

DHILLON
IMMIGRATION LAW FIRM, PC
101 Avenue of the Americas, 9th Floor, New York, NY 10013
Amandeep Singh Dhillon
Immigration Attorney
Asylum • Deportation Defense • VAWA Cases
Detention Cases • Green Cards
Citizenship & Naturalization
Family Immigration • Employment Immigration
Call: (516) 253-5490 | 516-620-3656
Serving Clients Nationwide
Email: info@dhillonimmigrationlawfirm.com
www.dhillonimmigrationlawfirm.com
Admitted in California Only • Practice Limited to U.S. Federal Immigration Law

Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faloeda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
18 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ॥ ਵਿਰਲੇ ਕੇਈ ਪਾਈਅਨਿ ਜਿੰਨ੍ਾ ਪਿਆਰੇ ਨੇਹ॥

ਬਾਬਾ ਫਰੀਦ ਜੀ ਦੀ ਪਵਿੱਤਰ ਧਰਤੀ ਫਰੀਦਕੋਟ ਦੇ ਇਲਾਕਾ ਨਿਵਾਸੀਆਂ ਅਤੇ ਸਮੂਹ ਸਾਧ ਸੰਗਤ ਵਲੋਂ

# ਆਗਮਨ ਪੁਰਬ ਬਾਬਾ ਸ਼ੇਖ ਫਰੀਦ ਜੀ





ਮਹਾਨ ਸੂਫੀ ਬਾਬਾ ਸ਼ੇਖ਼ ਫਰੀਦ (1173-1266 ਈਸਵੀ) ਦਾ ਆਗਮਨ ਪੁਰਬ
ਗੁਰਦੁਆਰਾ ਸਾਹਿਬ ਫਰੀਮਾਂਟ (300 Gurdwara Road, Fremont, CA 94536) ਵਿਖੇ
ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ

**ਪ੍ਰੋਗਰਾਮ**

**18 ਸਤੰਬਰ 2026 (ਸ਼ੁੱਕਰਵਾਰ)**
ਅਰੰਭ ਸ੍ਰੀ ਅਖੰਡ ਪਾਠ ਸਾਹਿਬ: ਸਵੇਰੇ 10 ਵਜੇ

**20 ਸਤੰਬਰ 2026 (ਐਤਵਾਰ)**
ਭੋਗ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ

ਪੰਥ ਪ੍ਰਸਿਧ ਜਥਿਆਂ ਵਲੋਂ ਗੁਰਬਾਣੀ ਕੀਰਤਨ ਉਪਰੰਤ ਬਾਬਾ ਫਰੀਦ ਜੀ ਦੇ ਜੀਵਨ 'ਤੇ ਚਾਨਣਾ ਪਾਇਆ ਜਾਵੇਗਾ।
ਸੰਗਤ ਨੂੰ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ।

**ਹੋਰ ਜਾਣਕਾਰੀ ਲਈ ਸੰਪਰਕ ਕਰੋ:** ਸਤਪਾਲ ਸਿੰਘ ਢਿੱਲਵਾਂ ਕਲਾਂ, ਫੋਨ: 510-952-6702; ਤਰਸੇਮ ਲਾਲ ਪ੍ਰਧਾਨ ਫਰੀਦਕੋਟ, ਫੋਨ: 510-258-9266; ਡਾ. ਹਰਮਿੰਦਰ ਸਿੰਘ ਗਿੱਲ ਬਰਗਾੜੀ, ਫੋਨ: 408-368-2143; ਜਸਵੀਰ ਸਿੰਘ ਸੰਧੂ, ਫੋਨ: 510-303-8789

---

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥ ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥

# ਬਾਬਾ ਫਰੀਦ ਜੀ ਦੇ ਆਗਮਨ ਪੁਰਬ ਦੀਆਂ ਸਮੂਹ ਸੰਗਤਾਂ ਨੂੰ

# ਕੋਟਾਨਿ ਕੋਟਿ ਵਧਾਈਆਂ



ਬਾਬਾ ਸ਼ੇਖ ਫਰੀਦ ਜੀ



**Harminder Singh Gill**
*D.H.M.S;B.C.I.H*
(Ex Homeopathic Medical officer Punjab Govt.)

**Homeopathicvibes**

**Now we have two locations:**
940 E. El Camino Real, Sunnyvale, CA 94087
www.homeopathicvibes.com
Office: (408)737-7100; Fax: (408)737-7102
39039 Paseo Padre Pkwy, Suite# 209 (upstairs), Fremont, CA 94538

We sell and ship homeopathic remedies through out North America.

ਸਮੂਹ ਸਰਪ੍ਰਸਤਾਂ ਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

# ਕੈਨੇਡਾ ਦੇ ਪ੍ਰਧਾਨ ਮੰਤਰੀ ਵਲੋਂ ਸਤਪਾਲ ਸਿੰਘ ਜੌਹਲ ਦੀ ਚਿੱਠੀ ਦੀ ਸ਼ਲਾਘਾ

**ਬਰੈਂਪਟਨ, (ਬਲਜਿੰਦਰ ਸੇਖਾ):** ਇੱਥੋਂ ਦੇ ਉੱਘੇ ਪੰਜਾਬੀ ਪੱਤਰਕਾਰ ਸਤਪਾਲ ਸਿੰਘ ਜੌਹਲ ਨੇ ਲੰਘੀ 27 ਅਗਸਤ ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਇਕ ਚਿੱਠੀ ਭੇਜੀ ਸੀ ਜਿਸ ਵਿਚ ਅਮਰੀਕਾ ਨਾਲ਼ ਦੁਵੱਲੇ ਟੈਰਿਫ ਬਾਰੇ ਚੱਲ ਰਹੀ ਵਿਓਪਾਰਕ ਜੰਗ ਦੌਰਾਨ ਵਧ ਰਹੀ ਮਹਿੰਗਾਈ ਤੋਂ ਲੋਕਾਂ ਉੱਪਰ ਵਾਧੂ ਬੋਝ ਨਾ ਪੈਣ ਦੇਣ ਦਾ ਸੁਝਾਅ ਦਿੱਤਾ ਗਿਆ ਸੀ। ਸ. ਜੌਹਲ ਨੇ ਆਪਣੇ ਖ਼ਤ ਵਿਚ ਲਿਖਿਆ ਸੀ ਕਿ ਜਿਨ੍ਹਾਂ ਵਸਤਾਂ ਦੀਆਂ ਕੀਮਤਾਂ ਨਾਲ਼ ਗਾਹਕਾਂ ਨੂੰ ਜੀ.ਐੱਸ.ਟੀ/ ਐੱਚ.ਐੱਸ.ਟੀ (ਉਂਟਾਰੀਓ 'ਚ 5+8=13 ਪ੍ਰਤੀਸ਼ਤ ਤੱਕ) ਦੇਣਾ ਪੈਂਦਾ ਹੈ, ਜੇਕਰ ਉਨ੍ਹਾਂ ਵਸਤਾਂ ਦੀ ਕੀਮਤ ਵਧਦੀ ਹੈ ਤਾਂ ਸਟੋਰਾਂ ਵਿਚ ਅਤੇ ਆਨਲਾਈਨ ਸ਼ਾਪਿੰਗ ਕਰਨ ਸਮੇਂ ਗਾਹਕਾਂ ਨੂੰ ਟੈਕਸ ਆਪਣੇ ਆਪ ਵੱਧ ਲੱਗਣਾ ਸ਼ੁਰੂ ਹੋ ਜਾਂਦਾ ਹੈ। ਇਸ ਕਰਕੇ ਮਹਿੰਗਾਈ ਲੋਕਾਂ ਵਾਸਤੇ ਮਾੜੀ ਪਰ ਸਰਕਾਰਾਂ ਵਾਸਤੇ ਹਮੇਸ਼ਾਂ ਚੰਗੀ ਖ਼ਬਰ ਹੋ ਨਿੱਬੜਦੀ ਹੈ।

ਸਤਪਾਲ ਸਿੰਘ ਜੌਹਲ ਨੇ ਲਿਖਿਆ ਕਿ ਕੈਨੇਡਾ ਸਰਕਾਰ ਵਲੋਂ ਅਮਰੀਕੀ ਵਸਤਾਂ 'ਤੇ ਬੀਤੇ ਦਿਨੀਂ ਐਲਾਨੇ ਗਏ ਟੈਰਿਫ ਨਾਲ਼ ਕੈਨੇਡਾ ਵਿਚ ਲੋਕਾਂ ਨੂੰ ਵੱਧ ਜੀ.ਐੱਸ.ਟੀ/ਐੱਚ.ਐੱਸ.ਟੀ. ਦੇਣਾ ਪਵੇਗਾ ਅਤੇ ਸਿੱਟੇ ਵਜੋਂ ਫੈਡਰਲ ਤੇ ਸੂਬਾ ਸਰਕਾਰਾਂ ਨੂੰ ਵੱਧ ਟੈਕਸ (ਵਸਤਾਂ ਦੀ ਕੀਮਤ ਦਾ ਪ੍ਰਤੀਸ਼ਤ) ਮਿਲਣਾ ਸ਼ੁਰੂ ਹੋ ਜਾਵੇਗਾ। ਉਨ੍ਹਾਂ ਨੇ ਪ੍ਰਧਾਨ ਮੰਤਰੀ ਕਾਰਨੀ ਦੇ ਤੁਰੰਤ ਦਖਲ ਦੀ ਮੰਗ ਕਰਦਿਆਂ ਲਿਖਿਆ ਕਿ ਅਜਿਹੇ ਹਾਲਾਤ ਵਿਚ ਲੋਕਾਂ ਤੋਂ ਉਗਰਾਹਿਆ ਜਾਣ ਵਾਲਾ ਵੱਧ ਜੀ.ਐੱਸ.ਟੀ/ ਐੱਚ.ਐੱਸ.ਟੀ 100 ਪ੍ਰਤੀਸ਼ਤ ਰਿਫੰਡ ਕੀਤਾ ਜਾਣਾ ਜ਼ਰੂਰੀ ਹੈ। ਇਹ ਵੀ ਕਿ ਬੀਤੀ 2 ਸਤੰਬਰ ਨੂੰ ਸ੍ਰੀ ਕਾਰਨੀ ਦੇ ਦਫਤਰ ਤੋਂ ਸਤਪਾਲ ਸਿੰਘ ਜੌਹਲ ਨੂੰ ਜਵਾਬ ਪ੍ਰਾਪਤ ਹੋਇਆ ਹੈ ਜਿਸ ਵਿਚ ਉਨ੍ਹਾਂ ਦੇ ਸੁਝਾਅ ਦੀ ਸ਼ਲਾਘਾ ਕੀਤੀ ਗਈ ਅਤੇ ਲਿਖਿਆ ਗਿਆ ਕਿ ਉਨ੍ਹਾਂ ਦੀ ਚਿੱਠੀ ਨੂੰ ਵਿੱਤ ਅਤੇ ਮਾਲ ਮੰਤਰੀ ਫਰਾਂਸੁਆ ਫਿਲਿਪ ਸ਼ੈਨਪੇਨ ਦੇ ਵਿਚਾਰ ਲਈ ਭੇਜਿਆ ਗਿਆ ਹੈ।

ਚੇਤੇ ਰਹੇ ਕਿ ਬੀਤੀ 28 ਫਰਵਰੀ ਨੂੰ ਅਮਰੀਕਾ ਦੀ ਇਰਾਨ ਨਾਲ਼ ਜੰਗ ਲੱਗਣ ਤੋਂ ਬਾਅਦ ਅਚਾਨਕ ਤੇਲ ਦੀਆਂ ਕੀਮਤਾਂ ਵਧੀਆਂ ਸਨ ਤਾਂ ਸਰਕਾਰ ਦੇ ਮਾਲੀਏ ਵਿਚ ਆਪਣੇ ਆਪ ਹੋਏ ਟੈਕਸ ਵਾਧੇ ਦੇ ਮੁੱਦੇ ਨੂੰ ਸਤਪਾਲ ਸਿੰਘ ਜੌਹਲ ਨੇ 27 ਮਾਰਚ ਨੂੰ ਲਿਖੀ ਆਪਣੀ ਚਿੱਠੀ ਵਿਚ ਪ੍ਰਧਾਨ ਮੰਤਰੀ ਸ੍ਰੀ ਕਾਰਨੀ ਕੋਲ਼ ਉਠਾਇਆ ਸੀ। ਸ. ਜੌਹਲ ਦਾ ਉਹ ਖਤ ਵੀ ਕਾਰਨੀ ਵਲੋਂ ਮੰਤਰੀ ਸ਼ੈਪੇਨ ਦੇ ਧਿਆਨ ਵਿਚ ਲਿਆਂਦਾ ਗਿਆ ਸੀ ਜਿਸ ਤੋਂ ਬਾਅਦ ਅਪ੍ਰੈਲ ਵਿਚ ਫੈਡਰਲ ਸਰਕਾਰ ਨੇ ਗੈਸ ਅਤੇ ਡੀਜ਼ਲ ਤੋਂ ਆਪਣਾ ਐਕਸਾਈਜ਼ ਟੈਕਸ ਮੁਆਫ ਕਰ ਦਿੱਤਾ ਅਤੇ ਟੈਕਸ ਦੀ ਉਹ ਰਾਹਤ ਹੁਣ 31 ਦਸੰਬਰ 2026 ਤੱਕ ਜਾਰੀ ਰੱਖਣ ਦਾ ਐਲਾਨ ਕੀਤਾ ਜਾ ਚੁੱਕਾ ਹੈ। ਸ. ਜੌਹਲ ਵਲੋਂ ਸਮੇਂ ਅਨੁਸਾਰ ਸਰਕਾਰਾਂ ਨੂੰ ਹਲੂਣਾ ਦਿੰਦੇ ਰਹਿਣ ਦੇ ਨਿੱਗਰ ਉਪਰਾਲਿਆਂ ਦੀ ਕੈਨੇਡਾ ਵਿਚ ਭਾਈਚਾਰੇ ਵਲੋਂ ਭਰਵੀਂ ਸ਼ਲਾਘਾ ਕੀਤੀ ਜਾਂਦੀ ਹੈ।


## ਇੰਡੀਅਨ ਰੈਸਟੋਰੈਂਟ ਲਈ ਹੈਲਪਰ ਦੀ ਲੋੜ ਹੈ।

ਸੈਂਟਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਕਿਚਨ ਹੈਲਪਰਾਂ ਦੀ ਜ਼ਰੂਰਤ ਹੈ।
* ਮੀਆਂ-ਬੀਵੀ ਨੂੰ ਪਹਿਲ ਦਿੱਤੀ ਜਾਵੇਗੀ।
*ਚੰਗੀ ਤਨਖਾਹ
*ਖਾਣਾ-ਪੀਣਾ ਅਤੇ ਰਿਹਾਇਸ਼ ਦਾ ਪ੍ਰਬੰਧ
ਚਾਹਵਾਨ ਸੰਪਰਕ ਕਰੋ:
651-353-9584






## SUPER TRAVEL

847-676-9090, 773-465-5566

*E-mail: supertravel2003@live.com*

Lowest Fares With Excellent Service

*United Airlines*
*British Airways*

For Emergency
Call anytime at
847-673-3825



EARLY BIRD SALE!!!!

*Etihad, Air India, KLM, Lufthansa, Delta, Qatar Airlines.*

Domestic fares available


# Matrimonials

## ਲੜਕੇ ਦੀ ਲੋੜ ਹੈ

Jat Sikh parents are looking for a suitable match, only from Jat Sikh families for their daughter. She is a medical student, currently in MD program in USA, born and raised in USA, 24 years old, 5'4" tall. Looking for a match from medical field only, who is born and raised in USA/Canada. Canada born please contact only if they are willing to move to USA. Please contact at 262-443-2395 or email at caprisingh8@yahoo.com for more information.

34-37

ਜੱਟ ਸਿੱਖ ਗਰੇਵਾਲ ਪਰਿਵਾਰ ਨੂੰ ਆਪਣੀ ਯੂ.ਐੱਸ. ਸਿਟੀਜ਼ਨ 27 ਸਾਲਾ, ਲੜਕੀ ਲਈ ਪੜ੍ਹੇ-ਲਿਖੇ ਅਤੇ ਇੰਡੀਆ ਵਿਚ 15-20 ਏਕੜ ਜ਼ਮੀਨ ਵਾਲੇ ਲੜਕੇ ਦੀ ਲੋੜ ਹੈ। ਅਮਰੀਕਾ ਵਿਚ ਸਟੂਡੈਂਟ ਵੀਜ਼ੇ ਵਾਲੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।
ਚਾਹਵਾਨ 734-444-5774 'ਤੇ ਸੰਪਰਕ ਕਰਨ।

Khatri Punjabi family looking for a well educated US citizen Hindu/Sikh match for their August 92 born height 5'6, slim and fair complexion daughter. She has done B.tech M.S in C.S. &MBA. Working in Artificial intelligence. Boy Between the age of 31-38 years will be prefered.
Contact us at: 269-830-0980

## ਲੜਕੀ ਦੀ ਲੋੜ ਹੈ

**Jatt Sikh family seeks suitable match for their son, 31 years old, 6'4", raised in Canada from a young age and well established here. He holds a university degree in Business and works in a technology role with a bank. Seeking an educated and professionally established match. Open to relocating to the USA and building a life there. Please contact 604-725-9033 if interested.**

"USA ਵਿਚ ਗੁਰਸਿੱਖ ਪਰਿਵਾਰ ਦੇ Well Qualified, ਅੰਮ੍ਰਿਤਧਾਰੀ, 1987 Born, 5'-11" ਕੱਦ, ਅਮਰੀਕਾ ਤੋ Master Degree Holder, ਸਾਨਫਰਾਂਸਿਸਕੋ ਬੇ ਏਰੀਆ ਕੈਲੀਫੋਰਨੀਆ ਵਿੱਚ ਆਪਣੇ ਘਰ ਦੇ ਮਾਲਿਕ, Senior Software Product Leader ਵਜੋਂ ਜੋਬ, Green Card Filed, issueless divorcee (4 ਮਹੀਨੇ ਦਾ ਵਿਆਹ) ਲੜਕੇ ਲਈ ਪੜ੍ਹੀ ਲਿਖੀ, ਵੈਸ਼ਨੋ, ਪਰਿਵਾਰਿਕ, ਅੰਮ੍ਰਿਤਧਾਰੀ ਲੜਕੀ ਜੋ ਕੇਸਕੀ ਸਜਾਉਂਦੀ ਹੋਵੇ (ਜਾਂ ਸਜਾਣ ਲਈ ਤਿਆਰ ਹੋਵੇ), ਦੀ ਲੋੜ ਹੈ। ਲੜਕਾ well settled ਹੈ ਅਤੇ 2009 ਤੋਂ ਅਮਰੀਕਾ ਵਿਚ ਰਹਿ ਰਿਹਾ ਹੈ। USA/Canada ਦੇ ਰਿਸ਼ਤੇ ਨੂੰ ਪਹਿਲ ਦਿੱਤੀ ਜਾਵੇਗੀ। ਦੂਜੇ ਦੇਸ਼ਾਂ ਤੋਂ ਸਹੀ ਰਿਸ਼ਤੇ ਲਈ Sponsorship 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ/ਵਿਧਵਾ ਰਿਸ਼ਤੇ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਵਧੇਰੀ ਜਾਣਕਾਰੀ ਲਈ ਅੱਜ ਹੀ +1 (510) 291 7676 'ਤੇ ਕਾਲ ਕਰੋ ਜਾਂ + (91) 98993 79442 'ਤੇ ਵਟਸਐਪ ਕਰੋ ਜਾਂ singhmat001@gmail.com 'ਤੇ ਈਮੇਲ ਕਰੋ।

37-40

ਅਮਰੀਕਾ ਵਿਚ ਵਧੀਆ ਸਥਾਪਤ ਜੱਟ ਸਿੱਖ ਪਰਿਵਾਰ ਨੂੰ ਆਪਣੇ ਅਮਰੀਕਨ ਸਿਟੀਜ਼ਨ ਲੜਕੇ, ਉਮਰ 29 ਸਾਲ, ਕੱਦ 5'10" ਲਈ ਅਮਰੀਕਨ ਸਿਟੀਜ਼ਨ, ਪੜ੍ਹੀ-ਲਿਖੀ, ਹੋਣਹਾਰ-ਸੁਨੱਖੀ ਲੜਕੀ ਦੀ ਲੋੜ ਹੈ। ਲੜਕਾ ਬਿਜ਼ਨਸ ਫਾਈਨੈਂਸ ਦੀ ਵਧੀਆ ਜੌਬ ਕਰਦਾ ਹੈ। ਇੰਡੀਆ ਵਿਚ ਚੰਗੀ ਜ਼ਮੀਨ-ਜਾਇਦਾਦ ਹੈ। ਚਾਹਵਾਨ ਸੰਪਰਕ ਕਰਨ: 224-422-4773

Ramgarhia Family seeks a suitable match for their USA Born and Raised Non-vegetarian 32 year 5'7" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.




## UMA TRAVELS

2541 W. Devon Ave.,
Chicago, IL 60659

For Delhi Amritsar-Bombay Ahmedabad, Hydrabad-Madras
Call For Special Sale Fares

Call: 773-338-5603

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 140 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਪੰਜਾਬ ਕਾਂਗਰਸ ਦੀ ਖਾਨਾਜੰਗੀ ਖ਼ਤਮ ਕਰਨ ਦਾ 'ਪਾਇਲਟ ਪ੍ਰਾਜੈਕਟ'



ਸਚਿਨ ਪਾਇਲਟ

**ਚੰਡੀਗੜ੍ਹ:** ਪੰਜਾਬ ਕਾਂਗਰਸ ਵਿਚ ਲੰਮੇ ਸਮੇਂ ਤੋਂ ਚੱਲ ਰਹੀ ਅੰਦਰੂਨੀ ਖਿੱਚੋਤਾਣ ਨੂੰ ਖਤਮ ਕਰਕੇ ਪਾਰਟੀ ਨੂੰ ਮੁੜ ਸਿਆਸੀ ਤੌਰ 'ਤੇ ਸਰਗਰਮ ਕਰਨ ਦੀ ਕਵਾਇਦ ਤੇਜ਼ ਹੋ ਗਈ ਹੈ। ਕਾਂਗਰਸ ਹਾਈਕਮਾਨ ਵਲੋਂ ਪੰਜਾਬ ਦੀ ਸਿਆਸੀ ਸਥਿਤੀ ਨੂੰ ਲੈ ਕੇ ਹੁਣ ਜਿਸ ਤਰੀਕੇ ਨਾਲ ਸਰਗਰਮੀ ਦਿਖਾਈ ਜਾ ਰਹੀ ਹੈ।

ਉਸ ਤੋਂ ਸਪੱਸ਼ਟ ਹੈ ਕਿ ਪਾਰਟੀ ਸੂਬੇ ਵਿਚ ਆਪਣੇ ਸੰਗਠਨ ਨੂੰ ਸਿਰਫ਼ ਚੋਣਾਂ ਤੱਕ ਸੀਮਤ ਰੱਖਣ ਦੀ ਬਜਾਏ ਹੁਣ ਤੋਂ ਹੀ ਮੈਦਾਨੀ ਪੱਧਰ 'ਤੇ ਮਜ਼ਬੂਤ ਕਰਨ ਦੀ ਤਿਆਰੀ ਵਿਚ ਹੈ। ਪਾਰਟੀ ਦੇ ਨਵੇਂ ਇੰਚਾਰਜ ਸਚਿਨ ਪਾਇਲਟ ਲਈ ਪੰਜਾਬ ਦੀ ਜ਼ਿੰਮੇਵਾਰੀ ਨੂੰ ਇਕ ਤਰ੍ਹਾਂ ਨਾਲ 'ਪਾਇਲਟ ਪ੍ਰਾਜੈਕਟ' ਵਜੋਂ ਵੀ ਦੇਖਿਆ ਜਾ ਰਿਹਾ ਹੈ। ਸਭ ਤੋਂ ਵੱਡੀ ਚੁਣੌਤੀ ਪੰਜਾਬ ਕਾਂਗਰਸ ਅੰਦਰ ਮੌਜੂਦ ਵੱਖ-ਵੱਖ ਧੜਿਆਂ ਨੂੰ ਇਕ ਮੰਚ 'ਤੇ ਲਿਆਉਣ ਦੀ ਹੋਵੇਗੀ। ਪਾਰਟੀ ਦੇ ਆਗੂਆਂ ਵਿਚਕਾਰ ਲੰਮੇ ਸਮੇਂ ਤੋਂ ਚੱਲ ਰਹੇ ਮਤਭੇਦਾਂ ਨੇ ਕਈ ਮੌਕਿਆਂ 'ਤੇ ਜਨਤਕ ਰੂਪ ਵੀ ਧਾਰਿਆ ਹੋਇਆ ਹੈ, ਜਿਸ ਦਾ ਸਿੱਧਾ ਅਸਰ ਸੰਗਠਨ ਅਤੇ ਵਰਕਰਾਂ ਦੇ ਮਨੋਬਲ 'ਤੇ ਪੈਂਦਾ ਰਿਹਾ ਹੈ। ਹਾਈਕਮਾਨ ਦੀ ਕੋਸ਼ਿਸ਼ ਹੁਣ ਇਹ ਦੱਸੀ ਜਾ ਰਹੀ ਹੈ ਕਿ ਸੂਬੇ ਦੇ ਸੀਨੀਅਰ ਆਗੂਆਂ ਵਿਚਕਾਰ ਤਾਲਮੇਲ ਬਣਾਇਆ ਜਾਵੇ। ਇਸ ਮਾਮਲੇ ਵਿਚ ਨਵੇਂ ਇੰਚਾਰਜ ਲਈ ਸਿਰਫ਼ ਧੜੇਬੰਦੀ ਨੂੰ ਸੰਭਾਲਣਾ ਹੀ ਚੁਣੌਤੀ ਨਹੀਂ ਹੋਵੇਗੀ, ਸਗੋਂ ਹਰ ਧੜੇ ਨੂੰ ਇਹ ਭਰੋਸਾ ਦਿਵਾਉਣਾ ਵੀ ਜ਼ਰੂਰੀ ਹੋਵੇਗਾ ਕਿ ਹਾਈਕਮਾਨ ਦੀ ਨਜ਼ਰ ਵਿਚ ਸਾਰੇ ਆਗੂ ਅਤੇ ਵਰਕਰ ਬਰਾਬਰ ਮਹੱਤਵ ਰੱਖਦੇ ਹਨ। ਦੂਜੇ ਪਾਸੇ ਪੰਜਾਬ ਕਾਂਗਰਸ ਦੀ ਅੰਦਰੂਨੀ ਸਿਆਸਤ ਦੇ ਨਾਲ ਬਾਹਰੀ ਸਿਆਸੀ ਚੁਣੌਤੀਆਂ ਵੀ ਘੱਟ ਨਹੀਂ ਹਨ। ਸੂਬੇ ਵਿਚ ਸੱਤਾਧਾਰੀ ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਆਪੋ-ਆਪਣੇ ਸਿਆਸੀ ਮੁੱਦਿਆਂ ਨਾਲ ਜਿੱਥੇ ਅੱਗੇ ਵੱਧ ਰਹੀਆਂ ਹਨ ਉੱਥੇ ਭਵਿੱਖ ਵਿਚ ਕਾਂਗਰਸ ਨੂੰ ਘੇਰਨ ਦੀ ਕੋਸ਼ਿਸ਼ ਵਿਚ ਵੀ ਰਹਿਣਗੀਆਂ ਕਿਉਂਕਿ ਲੋਕ ਸਭਾ ਚੋਣਾਂ ਵਿਚ ਕਾਂਗਰਸ ਦੇ ਪੱਖ ਵਿਚ ਆਏ ਨਤੀਜਿਆਂ ਨੇ ਕਾਂਗਰਸ ਨੂੰ ਪੰਜਾਬ 'ਚ ਇਕ ਮਜ਼ਬੂਤ ਧਿਰ ਵਜੋਂ ਦਰਸਾਇਆ ਸੀ ਜਿਸ ਨੂੰ ਵਿਰੋਧੀ ਸਿਆਸੀ ਪਾਰਟੀਆਂ ਨਜ਼ਰ ਅੰਦਾਜ਼ ਨਹੀਂ ਕਰ ਸਕਦੀਆਂ।

ਅਜਿਹੇ ਹਾਲਾਤ ਵਿਚ ਨਵੇਂ ਇੰਚਾਰਜ ਦੀ ਜ਼ਿੰਮੇਵਾਰੀ ਸਿਰਫ਼ ਕਾਂਗਰਸ ਦੇ ਅੰਦਰੂਨੀ ਮਸਲੇ ਸੁਲਝਾਉਣ ਤੱਕ ਸੀਮਤ ਨਹੀਂ ਰਹੇਗੀ। ਪਾਰਟੀ ਨੂੰ ਵਿਰੋਧੀ ਧਿਰਾਂ ਦੀ ਰਣਨੀਤੀ ਦਾ ਸਿਆਸੀ ਜਵਾਬ ਦੇਣ ਲਈ ਵੀ ਇਕ ਸਪੱਸ਼ਟ ਰੋਡਮੈਪ ਤਿਆਰ ਕਰਨਾ ਪਵੇਗਾ। ਇਸ ਪੂਰੀ ਕਵਾਇਦ ਨੂੰ ਰਾਹੁਲ ਗਾਂਧੀ ਦੀ ਸੰਭਾਵਿਤ ਪੰਜਾਬ ਫੇਰੀ ਨਾਲ ਵੀ ਜੋੜ ਕੇ ਦੇਖਿਆ ਜਾ ਰਿਹਾ ਹੈ। ਸਿਆਸੀ ਤੌਰ 'ਤੇ ਇਸ ਦੌਰੇ ਦਾ ਸਭ ਤੋਂ ਵੱਡਾ ਮਕਸਦ ਪਾਰਟੀ ਦੇ ਅੰਦਰੂਨੀ ਮਾਹੌਲ ਨੂੰ ਸਮਝਣਾ ਅਤੇ ਹਾਈਕਮਾਨ ਤੱਕ ਸਿੱਧੀ ਫੀਡਬੈਕ ਪਹੁੰਚਾਉਣਾ ਹੋ ਸਕਦਾ ਹੈ।

# ਕੇਂਦਰ ਨੇ ਪੰਜਾਬੀਆਂ ਅਤੇ ਚੁਣੇ ਹੋਏ ਮੁੱਖ ਮੰਤਰੀ ਦਾ ਕੀਤਾ ਅਪਮਾਨ: ਚੀਮਾ



**ਜਲੰਧਰ:** ਜਲੰਧਰ ਦੇ ਸਰਕਟ ਹਾਊਸ 'ਚ ਮੀਡੀਆ ਨਾਲ ਗੱਲਬਾਤ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕੇਂਦਰ ਦੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਦੀ ਨਿਯੁਕਤੀ ਦੇ ਮਾਮਲੇ 'ਚ ਸੰਵਿਧਾਨਿਕ ਨਿਯਮਾਂ ਤੇ ਪ੍ਰਕਿਰਿਆਵਾਂ ਦੀ ਉਲਘਣਾ ਦੇ ਗੰਭੀਰ ਦੋਸ਼ ਲਗਾਏ। ਚੀਮਾ ਨੇ ਕਿਹਾ ਕਿ ਸੰਵਿਧਾਨਿਕ ਨਿਯਮਾਂ ਅਨੁਸਾਰ ਕਿਸੇ ਵੀ ਸੂਬੇ ਦੇ ਹਾਈ ਕੋਰਟ ਦੇ ਚੀਫ ਜਸਟਿਸ ਦੀ ਨਿਯੁਕਤੀ ਪ੍ਰਕਿਰਿਆ 'ਚ ਸਬੰਧਤ ਸੂਬੇ ਦੀ ਸਰਕਾਰ ਦੀ ਸਹਿਮਤੀ ਤੇ ਵਿਚਾਰ ਲੈਣਾ ਲਾਜ਼ਮੀ ਹੁੰਦਾ ਹੈ। ਪਰ ਕੇਂਦਰ ਸਰਕਾਰ ਨੇ ਪੰਜਾਬ ਦੇ ਚੁਣੇ ਹੋਏ ਮੁੱਖ ਮੰਤਰੀ ਤੇ ਰਾਜ ਸਰਕਾਰ ਦੀ ਸਹਿਮਤੀ ਲਏ ਬਿਨਾਂ ਹੀ ਨਿਯੁਕਤੀ ਦੀ ਪ੍ਰਕਿਰਿਆ ਨੂੰ ਅੰਜਾਮ ਦੇ ਦਿੱਤਾ, ਜੋ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਵੱਲੋਂ ਬਣਾਏ ਸੰਵਿਧਾਨ ਨਾਲ ਸਿੱਧਾ ਧੱਕਾ ਹੈ। ਚੀਮਾ ਨੇ ਕਿਹਾ ਕਿ ਇਹ ਸਿਰਫ਼ ਇਕ ਜੱਜ ਦਾ ਮਾਮਲਾ ਨਹੀਂ ਹੈ, ਸਗੋਂ 3 ਕਰੋੜ ਪੰਜਾਬੀਆਂ ਤੇ ਉਨ੍ਹਾਂ ਵੱਲੋਂ ਚੁਣੇ ਗਏ ਮੁੱਖ ਮੰਤਰੀ ਦਾ ਅਪਮਾਨ ਹੈ। ਕੇਂਦਰ ਦੀ ਭਾਜਪਾ ਸਰਕਾਰ ਨੇ ਲਗਾਤਾਰ ਪੰਜਾਬ ਵਿਰੋਧੀ ਫੈਸਲੇ ਲਏ ਹਨ। ਚੀਮਾ ਨੇ ਕਿਹਾ ਕਿ ਪੰਜਾਬ 'ਚ ਜਨਮੇ ਸੀਨੀਅਰ ਜਸਟਿਸ ਜੀਐੱਸ ਸੰਧਾਵਾਲੀਆ, ਜੋ ਕਿ ਸੀਨੀਅਰ ਮੋਸਟ ਜਸਟਿਸ ਹਨ, ਦੀ ਮੱਧ ਪ੍ਰਦੇਸ਼ ਹਾਈ ਕੋਰਟ ਦੇ ਚੀਫ ਜਸਟਿਸ ਵਜੋਂ ਨਿਯੁਕਤੀ ਦੇ ਮਾਮਲੇ ਨੂੰ ਦੋ ਮਹੀਨੇ ਤੋਂ ਵੱਧ ਸਮੇਂ ਤੱਕ ਰੋਕ ਕੇ ਰੱਖਿਆ ਗਿਆ। ਬਾਅਦ 'ਚ ਸੁਪਰੀਮ ਕੋਰਟ ਦੇ ਕਾਲਜੀਅਮ ਵੱਲੋਂ ਉਨ੍ਹਾਂ ਦਾ ਤਬਾਦਲਾ ਹਿਮਾਚਲ ਪ੍ਰਦੇਸ਼ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜਦੋਂ ਕਿ ਦੂਜੇ 'ਪਾਸੇ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਦੀ ਨਿਯੁਕਤੀ ਦਾ ਮਾਮਲਾ ਮਹਿਜ਼ ਦੋ ਹਫ਼ਤੇ ਪਹਿਲਾਂ ਹੀ ਆਇਆ ਸੀ ਤੇ ਕੇਂਦਰ ਨੇ ਬਿਨਾਂ ਪੂਰੀ ਪ੍ਰਕਿਰਿਆ ਪਾਲਣ ਕੀਤੇ ਰਾਤੋ-ਰਾਤ ਇਹ ਫ਼ੈਸਲਾ ਲੈ ਲਿਆ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੰਜਾਬ 'ਚ ਬਿਜਲੀ ਬੰਦ ਹੋਣ ਬਾਰੇ ਬੋਲਦਿਆਂ ਕਿਹਾ ਕਿ ਸੂਬੇ 'ਚ ਕੋਲੇ ਦੀ ਘਾਟ ਬਿਜਲੀ ਉਤਪਾਦਨ ਨੂੰ ਪ੍ਰਭਾਵਿਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਕੋਲਾ ਵੰਡ ਪ੍ਰਕਿਰਿਆ 'ਚ ਬੇਨਿਯਮੀਆਂ ਕਾਰਨ ਬਿਜਲੀ ਸੰਕਟ ਪੈਦਾ ਹੋ ਰਿਹਾ ਹੈ। ਸਿਰਫ਼ ਪੰਜਾਬ ਹੀ ਨਹੀਂ, ਸਗੋਂ ਦੇਸ਼ ਭਰ ਦੇ ਕਈ ਰਾਜ ਕੋਲੇ ਦੀ ਘਾਟ ਕਾਰਨ ਬਿਜਲੀ ਦੀ ਕਿੱਲਤ ਦਾ ਸਾਹਮਣਾ ਕਰ ਰਹੇ ਹਨ।

# ਹਾਈ ਕੋਰਟ ਦੇ ਮੁੱਖ ਜੱਜ ਦੀ ਨਿਯੁਕਤੀ ਸੰਬੰਧੀ ਪੰਜਾਬ ਸਰਕਾਰ ਦੇ ਰੁਖ 'ਤੇ ਬਾਰ ਐਸੋਸੀਏਸ਼ਨ ਸਖ਼ਤ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਬਾਰ ਐਸੋਸੀਏਸ਼ਨ ਨੇ ਪੰਜਾਬ ਸਰਕਾਰ




ਵਲੋਂ ਹਾਈ ਕੋਰਟ ਦੇ ਮੁੱਖ ਜੱਜ ਵਜੋਂ ਜਸਟਿਸ਼ ਅਸ਼ਵਨੀ ਕੁਮਾਰ ਮਿਸ਼ਰਾ ਦੀ ਨਿਯੁਕਤੀ 'ਤੇ ਇਤਰਾਜ਼ ਕੀਤੇ ਜਾਣ 'ਤੇ ਸਖ਼ਤ ਪ੍ਰਤੀਕਿਰਿਆ ਪ੍ਰਗਟ ਕੀਤੀ ਹੈ। ਬਾਰ ਐਸੋਸੀਏਸ਼ਨ ਦੇ ਪ੍ਰਧਾਨ ਰੋਹਿਤ ਸੂਦ ਦੀ ਅਗਵਾਈ ਹੇਠ ਹੋਈ ਕਾਰਜਕਾਰਨੀ ਦੀ ਐਮਰਜੈਂਸੀ ਮੀਟਿੰਗ 'ਚ ਮਾਮਲੇ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਐਸੋਸੀਏਸ਼ਨ ਨੇ ਕਿਹਾ ਕਿ ਨਿਆਂਪਾਲਿਕਾ ਦੀ ਆਜ਼ਾਦੀ ਸੰਵਿਧਾਨਕ ਲੋਕਤੰਤਰ ਦੀ ਬੁਨਿਆਦ ਹੈ ਅਤੇ ਵਕੀਲ ਭਾਈਚਾਰਾ ਨਿਆਂਪਾਲਿਕਾ ਦੀ ਆਜ਼ਾਦੀ ਤੇ ਮਾਣ-ਮਰਿਆਦਾ ਦੀ ਰੱਖਿਆ ਲਈ ਉਸਦੇ ਨਾਲ ਮਜ਼ਬੂਤੀ ਨਾਲ ਖੜ੍ਹਾ ਰਹੇਗਾ।

## ਪੰਜਾਬ ਸਰਕਾਰ ਦੇ ਵਿਰੋਧ ...

**(ਪਹਿਲੇ ਸਫ਼ੇ ਦਾ ਬਾਕੀ)**

ਪ੍ਰਕਿਰਿਆ ਨੂੰ ਰੋਕਿਆ ਜਾਵੇ।ਕੈਬਨਿਟ ਦਾ ਦੋਸ਼ ਸੀ ਕਿ ਚੀਫ ਜਸਟਿਸ ਦੀ ਨਿਯੁਕਤੀ ਸੂਬਾ ਸਰਕਾਰ ਦੀ ਸਹਿਮਤੀ ਲਏ ਬਿਨਾਂ ਕੀਤੀ ਗਈ ਹੈ, ਜਿਸ ਨਾਲ ਸਾਰੇ ਸੰਵਿਧਾਨਕ ਨਿਯਮਾਂ ਅਤੇ ਤੈਅ ਪ੍ਰਕਿਰਿਆਵਾਂ ਨੂੰ ਦਰਕਿਨਾਰ ਕੀਤਾ ਗਿਆ ਹੈ। ਕੈਬਨਿਟ ਦਾ ਤਰਕ ਸੀ ਕਿ ਪ੍ਰੋਸੀਜਰ ਦੇ ਮੈਮੋਰੈਂਡਮ ਅਤੇ ਸਥਾਪਿਤ ਸੰਵਿਧਾਨਕ ਨਿਯਮਾਂ ਦੀ ਪੂਰੀ ਤਰ੍ਹਾਂ ਅਣਦੇਖੀ ਕਰਦਿਆਂ ਕੇਂਦਰ ਨੇ ਸੂਬਾ ਸਰਕਾਰ ਦੇ ਜਵਾਬ ਦੀ ਉਡੀਕ ਕੀਤੇ ਬਿਨਾਂ ਕਾਹਲੀ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਦੀ ਨਿਯੁਕਤੀ ਨੂੰ ਨੋਟੀਫਾਈ ਕਰ ਦਿੱਤਾ।

# ਹਾਈ ਕੋਰਟ ਦੇ ਚੀਫ਼ ਜਸਟਿਸ ਦੀ ਨਿਯੁਕਤੀ 'ਤੇ ਪੰਜਾਬ ਸਰਕਾਰ ਨੂੰ ਇਤਰਾਜ਼



ਜਸਟਿਸ ਅਸ਼ਵਨੀ ਕੁਮਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਰਾਇ ਦੀ ਉਡੀਕ ਕੀਤੇ ਬਿਨਾਂ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਚੀਫ ਜਸਟਿਸ ਨਿਯੁਕਤ ਕਰਨ 'ਤੇ ਪੰਜਾਬ ਸਰਕਾਰ ਨੇ ਗੰਭੀਰ ਇਤਰਾਜ਼ ਜਤਾਇਆ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਐਤਵਾਰ ਨੂੰ ਆਨਲਾਈਨ ਸੱਦੀ ਗਈ ਪੰਜਾਬ ਕੈਬਨਿਟ ਦੀ ਐਮਰਜੈਂਸੀ ਬੈਠਕ 'ਚ ਮਤਾ ਪਾਸ ਕੀਤਾ ਗਿਆ ਕਿ ਜਦੋਂ ਤੱਕ ਪੰਜਾਬ ਦੀ ਰਾਇ ਨਹੀਂ ਲੈ ਲਈ ਜਾਂਦੀ ਤੇ ਉਸ 'ਤੇ ਯੋਗ ਵਿਚਾਰ ਨਹੀਂ ਕਰ ਲਿਆ ਜਾਂਦਾ, ਉਦੋਂ ਤੱਕ ਨਿਯੁਕਤੀ ਅਤੇ ਸਹੁੰ ਚੁੱਕਣ ਦੀ ਪ੍ਰਕਿਰਿਆ ਰੋਕੀ ਜਾਵੇ।

ਬੈਠਕ 'ਚ ਕਾਨੂੰਨ ਤੇ ਨਿਆਂ ਮੰਤਰਾਲੇ ਵੱਲੋਂ ਜਾਰੀ 5 ਸਤੰਬਰ 2026 ਦੇ ਤਾਜ਼ਾ ਨੋਟੀਫਿਕੇਸ਼ਨ ਦੀ ਸਖ਼ਤ ਨਿੰਦਾ ਕੀਤੀ ਗਈ। ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ ਕਿ ਭਾਰਤ ਦੇ ਰਾਸ਼ਟਰਪਤੀ ਨੇ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਮੁੱਖ ਜੱਜ ਨਿਯੁਕਤ ਕਰਨ ਦਾ ਹੁਕਮ ਜਾਰੀ ਕੀਤਾ ਹੈ। ਕੈਬਨਿਟ ਨੇ ਇਕਮੱਤ ਹੋ ਕੇ ਦੋਸ਼ ਲਾਇਆ ਕਿ ਇਹ ਨਿਯੁਕਤੀ ਸੂਬਾ ਸਰਕਾਰ ਦੀ ਸਹਿਮਤੀ ਲਏ ਬਿਨਾਂ ਕੀਤੀ ਗਈ ਹੈ, ਜਿਸ ਨਾਲ ਸਾਰੇ ਸੰਵਿਧਾਨਕ ਨਿਯਮਾਂ ਤੇ ਤੈਅ ਪ੍ਰਕਿਰਿਆਵਾਂ ਨੂੰ ਦਰਕਿਨਾਰ ਕੀਤਾ ਗਿਆ ਹੈ। ਹਾਈ ਕੋਰਟ ਦੇ ਚੀਫ ਜਸਟਿਸ ਤੇ ਜੱਜਾਂ ਦੀ ਨਿਯੁਕਤੀ ਤੇ ਤਬਾਦਲੇ ਲਈ 'ਮੈਮੋਰੈਂਡਮ ਆਫ ਪ੍ਰੋਸੀਜ਼ਰ' ਦਾ ਪੈਰਾ 6 ਸਪੱਸ਼ਟ ਤੌਰ 'ਤੇ ਨਿਰਦੇਸ਼ ਦਿੰਦਾ ਹੈ ਕਿ ਭਾਰਤ ਦੇ ਮੁੱਖ ਜੱਜ ਲਈ ਨਾਂ ਦੀ ਸਿਫ਼ਾਰਸ਼ ਪ੍ਰਾਪਤ ਹੋਣ ਤੋਂ ਬਾਅਦ ਕੇਂਦਰੀ ਕਾਨੂੰਨ, ਨਿਆਂ ਤੇ ਕੰਪਨੀ ਮਾਮਲਿਆਂ ਦੇ ਮੰਤਰੀ ਸਬੰਧਤ ਰਾਜ ਸਰਕਾਰ ਦੇ ਵਿਚਾਰ ਪ੍ਰਾਪਤ ਕਰਨਗੇ। ਰਾਜ ਸਰਕਾਰ ਦੇ ਵਿਚਾਰ ਪ੍ਰਾਪਤ ਹੋਣ ਤੋਂ ਬਾਅਦ ਕੇਂਦਰੀ ਕਾਨੂੰਨ, ਨਿਆਂ ਅਤੇ ਕੰਪਨੀ ਮਾਮਲਿਆਂ ਦੇ ਮੰਤਰੀ ਪ੍ਰਧਾਨ ਮੰਤਰੀ ਨੂੰ ਪ੍ਰਸਤਾਵ ਸੌਂਪਣਗੇ, ਜੋ ਫਿਰ ਚੋਣ ਸਬੰਧੀ ਰਾਸ਼ਟਰਪਤੀ ਨੂੰ ਸਲਾਹ ਦੇਣਗੇ। ਕੈਬਨਿਟ ਦੀ ਦਲੀਲ ਸੀ ਕਿ ਪ੍ਰੋਸੀਜ਼ਰ ਦੇ ਮੈਮੋਰੈਂਡਮ ਤੇ ਸਥਾਪਤ ਸੰਵਿਧਾਨਕ ਨਿਯਮਾਂ ਦੀ ਪੂਰੀ ਤਰ੍ਹਾਂ ਅਣਦੇਖੀ ਕਰਦਿਆਂ ਕੇਂਦਰ ਨੇ ਰਾਜ ਸਰਕਾਰ ਦੇ ਜਵਾਬ ਦੀ ਉਡੀਕ ਕੀਤੇ ਬਿਨਾਂ ਕਾਹਲੀ 'ਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਦੀ ਨਿਯੁਕਤੀ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ। ਕੈਬਨਿਟ 'ਚ ਇਸ ਗੱਲ 'ਤੇ ਵੀ ਚਰਚਾ ਹੋਈ ਕਿ ਚੀਫ ਜਸਟਿਸ ਦੀ ਨਿਯੁਕਤੀ ਦੇ ਮਾਮਲੇ 'ਚ ਸੂਬਾ ਤੇ ਰਾਜਪਾਲ ਲਈ ਆਪਣੀ ਸਿਫ਼ਾਰਸ਼ ਭੇਜਣ ਵਾਸਤੇ ਕੋਈ ਸਪੱਸ਼ਟ ਸਮਾਂ-ਸੀਮਾ ਤੈਅ ਨਹੀਂ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਭਾਈ ਜਸਵੰਤ ਸਿੰਘ ਖਾਲੜਾ ਦੀ ਬਰਸੀ 'ਤੇ ਸ਼੍ਰੋਮਣੀ ਕਮੇਟੀ ਵਲੋਂ ਸਮਾਗਮ

**ਅੰਮ੍ਰਿਤਸਰ:** ਮਨੁੱਖੀ ਅਧਿਕਾਰਾਂ ਲਈ ਲੜਦੇ ਹੋਏ ਸ਼ਹਾਦਤ ਪ੍ਰਾਪਤ ਕਰਨ ਵਾਲੇ ਕੌਮੀ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਬਰਸੀ ਦੇ ਮੌਕੇ 'ਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਪ੍ਰਸਤੀ ਹੇਠ ਸ਼੍ਰੋਮਣੀ ਕਮੇਟੀ ਵਲੋਂ ਸਿੱਖ ਜਥੇਬੰਦੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਦਰਬਾਰ ਸਾਹਿਬ ਸਮੂਹ 'ਚ ਸਥਿਤ ਗੁ: ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਵਿਖੇ ਸਮਾਗਮ ਕਰਵਾਇਆ ਗਿਆ।


ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਟੇਕ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ, ਭਾਈ ਜਸਵੰਤ ਸਿੰਘ ਖਾਲੜਾ ਦੀ ਭੈਣ ਬਲਬੀਰ ਕੌਰ, ਭਾਈ ਕੁਲਦੀਪ ਸਿੰਘ ਬਚੜੇ ਦੀ ਪਤਨੀ ਬੀਬੀ ਕਵਲਜੀਤ ਕੌਰ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ । ਇਸ ਮੌਕੇ ਸ੍ਰੀ ਅਖੰਡ ਪਾਠ ਦੇ



ਭੋਗ ਉਪਰੰਤ ਹਜ਼ੂਰੀ ਰਾਗੀ ਭਾਈ ਸਤਨਾਮ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਇਸ ਦੌਰਾਨ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਭੈਣ ਬੀਬੀ ਬਲਬੀਰ ਕੌਰ ਅਤੇ ਭਾਈ। ਕੁਲਦੀਪ ਸਿੰਘ ਬਚੜੇ ਦੀ ਸੁਪਤਨੀ ਬੀਬੀ ਕੰਵਲਜੀਤ ਕੌਰ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਭਾਈ ਜਸਵੰਤ ਸਿੰਘ ਖਾਲੜਾ ਨੇ ਗੁਰਮੁਖ ਤੇ ਸ਼ਹੀਦ ਦੀ ਪਦਵੀ ਹਾਸਲ ਕੀਤੀ। ਸ਼੍ਰੋਮਣੀ ਕਮੇਟੀ ਵਲੋਂ ਸ਼ਹੀਦੀ ਪੱਤਣ ਹਰੀਕੇ ਵਿਖੇ ਸ਼ਹੀਦੀ ਯਾਦਗਾਰ ਸਥਾਪਤ ਕਰਨ ਤੇ ਉਕਤ ਸਮੇਂ ਦੇ ਸਮੂਹ ਸ਼ਹੀਦਾਂ ਦੇ ਵੇਰਵੇ ਇਕੱਤਰ ਕਰਨ ਦਾ ਕਾਰਜ ਵੀ ਜਲਦ ਅਰੰਭਿਆ ਜਾਵੇਗਾ । ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹੀਦੀ ਪੱਤਣ ਹਰੀਕੇ ਵਿਖੇ ਯਾਦਗਾਰ ਬਨਾਉਣ ਲਈ ਜੋ ਆਦੇਸ਼ ਹੋਏ ਸਨ, ਸ਼੍ਰੋਮਣੀ ਕਮੇਟੀ ਵਲੋਂ ਉਸ 'ਤੇ ਕਾਰਜ ਕੀਤਾ ਜਾ ਰਿਹਾ ਹੈ।



Corporate NMLS# 68434
AZ License# BK-0945946
Sistar Mortgage
A Nationwide Lender
Balbir (Bill) Grewal
MORTGAGE LOAN OFFICER
NMLS# 353442
Over 2 Decades of experience providing high level servicing for new and experienced borrowers!
Residential and Commercial Loans
Available In Most States!
Special loan programs for:
- Jumbo Loans
- Self Employed and with a work permit
- Business loans with or without property
(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org


TBF
THE BAINS FIRM
Manpreet S. Bains
Personal Injury and Wrongful Death Attorneys
Case Results*
$10 MILLION Motorcycle vs. Truck Collision
$8 MILLION Wrongful Death
$5.25 MILLION Traumatic Brain Injury
$1.1 MILLION Burn Injury
$1.1 MILLION Pedestrian vs. Motor Vehicle Collision
*Past Performance Not a Guarantee of Future Results
Offices in San Francisco and Union City

WILLIAM E. WEISS
Of Counsel
No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

Homeopathicvibes
Harminder Singh Gill
Homeopathic Consultant and Practitioner
D.H.M.S; B.C.I.H
(Ex Homeopathic Medical officer Punjab Govt.)

Harminder S. Gill
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Grand Opening
Special Price for Truck Wash
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211


REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਲੰਡਨ ਜਾ ਰਹੇ ਜਹਾਜ਼ ਦੀ ਐਮਰਜੈਂਸੀ ਲੈਂਡਿੰਗ

**ਬੈਂਗਲੁਰੂ:** ਲੰਡਨ ਜਾ ਰਹੇ ਵਰਜਿਨ ਅਟਲਾਂਟਿਕ ਦੇ ਜਹਾਜ਼ ਨੂੰ ਉਡਾਣ ਭਰਨ ਤੋਂ ਕੁਝ ਹੀ ਦੇਰ ਬਾਅਦ ਤਕਨੀਕੀ ਖ਼ਰਾਬੀ ਕਾਰਨ ਬੈਂਗਲੁਰੂ ਦੇ ਕੇਂਪੇਗੌੜਾ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਐਮਰਜੈਂਸੀ ਲੈਂਡਿੰਗ ਕਰਨੀ ਪਈ। ਜਹਾਜ਼ 'ਚ 270 ਯਾਤਰੀ ਸਵਾਰ ਸਨ। ਹਵਾਈ ਅੱਡੇ ਦੇ ਸੰਚਾਲਕ ਬੈਂਗਲੁਰੂ ਇੰਟਰਨੈਸ਼ਨਲ ਏਅਰਪੋਰਟ ਲਿਮਟਿਡ (ਬੀਆਈਏਐੱਲ) ਦੇ ਸੂਤਰਾਂ ਨੇ ਦੱਸਿਆ ਕਿ ਜਹਾਜ਼ ਨੇ ਸਵੇਰੇ ਲਗਪਗ 8.20 ਵਜੇ ਕੇਂਪੇਗੌੜਾ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਉਡਾਣ ਭਰੀ, ਪਰ ਉਡਾਣ ਭਰਨ ਦੇ ਤਰੁੰਤ ਬਾਅਦ ਉਸ 'ਚ ਤਕਨੀਕੀ ਖ਼ਰਾਬੀ ਆ ਗਈ, ਜਿਸ ਕਾਰਨ ਤੁਮਕੁਰੂ ਦੇ ਨੇੜੇ ਜਹਾਜ਼ ਨੇ ਅੱਧੇ ਘੰਟੇ ਤੋਂ ਵੱਧ ਸਮੇਂ ਤੱਕ ਚੱਕਰ ਲਾਇਆ ਤੇ ਫਿਰ ਸੁਰੱਖਿਆ ਦੇ ਮੱਦੇਨਜ਼ਰ ਬੈਂਗਲੁਰੂ ਹਵਾਈ ਅੱਡੇ 'ਤੇ ਜਹਾਜ਼ ਦੀ ਐਮਰਜੈਂਸੀ ਲੈਂਡਿੰਗ ਕਰਵਾਈ ਗਈ। ਸਾਰੇ ਯਾਤਰੀ ਸੁਰੱਖਿਅਤ ਹਨ।



# ਚੁੱਘ ਰਾਜ ਸਭਾ ਦੀ ਵਿਸ਼ੇਸ਼ ਕਮੇਟੀ ਦੇ ਮੈਂਬਰ ਬਣੇ



**ਅੰਮ੍ਰਿਤਸਰ:** ਰਾਜ ਸਭਾ ਸਕੱਤਰੇਤ ਵੱਲੋਂ ਜਾਰੀ ਸੰਸਦੀ ਬੁਲੇਟਿਨ ਵਿਚ ਭਾਜਪਾ ਦੇ ਕੌਮੀ ਮੁੱਖ ਦਫ਼ਤਰ ਇੰਚਾਰਜ ਅਤੇ ਰਾਜ ਸਭਾ ਮੈਂਬਰ ਤਰੁਣ ਚੁੱਘ ਨੂੰ ਸਦਨ ਅਤੇ ਇਸ ਦੇ ਮੈਂਬਰਾਂ ਦੇ ਵਿਸ਼ੇਸ਼ ਅਧਿਕਾਰਾਂ ਨਾਲ ਜੁੜੇ ਮਾਮਲਿਆਂ 'ਤੇ ਵਿਚਾਰ ਕਰਨ ਵਾਲੀ ਵਿਸ਼ੇਸ਼ ਅਧਿਕਾਰ ਸਥਾਈ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਹੈ। ਉਨ੍ਹਾਂ ਨੂੰ ਇਹ ਅਹਿਮ ਜ਼ਿੰਮੇਵਾਰੀ ਰਾਜ ਸਭਾ ਮੈਂਬਰ ਵਜੋਂ ਸਹੁੰ ਚੁੱਕਣ ਤੋਂ ਕੁਝ ਹੀ ਸਮੇਂ ਬਾਅਦ ਮਿਲੀ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਗ੍ਰਹਿ ਮਾਮਲਿਆਂ ਦੀ ਸਥਾਈ ਕਮੇਟੀ ਅਤੇ ਰੱਖਿਆ ਮੰਤਰਾਲੇ ਦੀ ਸਲਾਹਕਾਰ ਕਮੇਟੀ ਦਾ ਮੈਂਬਰ ਵੀ ਬਣਾਇਆ ਜਾ ਚੁੱਕਾ ਹੈ।

# ਪੰਜਾਬ ਦੀ ਰੂਹ ਸੇਵਾ ਗ੍ਰਾਂਟ:

## *ਪੇਂਡੂ ਨੌਜਵਾਨਾਂ ਵਿਚ ਸੇਵਾ ਭਾਵਨਾ ਜਗਾਏਗਾ 'ਪੰਜਾਬ ਦੀ ਰੂਹ ਸੇਵਾ ਗ੍ਰਾਂਟ, ਮੇਰਾ ਪਿੰਡ 360 ਫਾਊਂਡੇਸ਼ਨ ਨੇ ਸ਼ੁਰੂ ਕੀਤਾ ਪ੍ਰਾਜੈਕਟ*

***ਮੇਰਾ ਪਿੰਡ 360 ਫਾਊਂਡੇਸ਼ਨ ਨੇ 'ਪੰਜਾਬ ਦੀ ਰੂਹ ਸੇਵਾ ਗ੍ਰਾਂਟ' ਪ੍ਰਾਜੈਕਟ ਸ਼ੁਰੂ ਕੀਤਾ। ਬਹੁਤ ਸਾਰੀਆਂ ਮਾਣਮੱਤੀਆਂ ਪੰਜਾਬੀ ਸ਼ਖ਼ਸੀਅਤਾਂ ਨੇ ਇਸ ਵਿਲੱਖਣ ਸੇਵਾ ਪ੍ਰਾਜੈਕਟ ਨੂੰ ਪ੍ਰੈਸ ਕਲੱਬ ਚੰਡੀਗੜ੍ਹ ਵਿਖੇ ਪ੍ਰੈਸ ਕਾਨਫਰੰਸ ਵਿਚ ਸ਼ਿਰਕਤ ਕਰਕੇ ਲੋਕ ਸਮਰਪਿਤ ਕੀਤਾ, ਅਤੇ ਮੇਰਾ ਪਿੰਡ 360 ਫਾਊਂਡੇਸ਼ਨ ਦਾ ਹਿੱਸਾ ਬਣ ਕੇ ਮਾਣ ਮਹਿਸੂਸ ਕੀਤਾ।***




**ਚੰਡੀਗੜ੍ਹ:** ਪੰਜਾਬ ਦੇ ਪੇਂਡੂ ਨੌਜਵਾਨਾਂ ਵਿਚ ਸਮਾਜ ਸੇਵਾ ਦੀ ਭਾਵਨਾ ਪੈਦਾ ਕਰਨ ਦੇ ਉਦੇਸ਼ ਨਾਲ ਮੇਰਾ ਪਿੰਡ 360 ਫਾਊਂਡੇਸ਼ਨ ਵੱਲੋਂ 'ਪੰਜਾਬ ਦੀ ਰੂਹ ਸੇਵਾ ਗ੍ਰਾਂਟ ਪ੍ਰਾਜੈਕਟ' ਸ਼ੁਰੂ ਕੀਤਾ ਗਿਆ ਹੈ। ਇਸ ਪਾਇਲਟ ਪ੍ਰਾਜੈਕਟ ਨੂੰ ਅਦਾਕਾਰਾ ਗੁਰਪ੍ਰੀਤ ਭੰਗੂ ਦੇ ਸਵਰਗਵਾਸੀ ਪਤੀ ਐੱਸ. ਸਵਰਨ ਐੱਸ. ਭੰਗੂ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ ਹੈ। ਚੰਡੀਗੜ੍ਹ ਪ੍ਰੈੱਸ ਕਲੱਬ ਵਿਖੇ ਹੋਈ ਪ੍ਰੈੱਸ ਕਾਨਫਰੰਸ ਦੌਰਾਨ ਪ੍ਰਾਜੈਕਟ ਬਾਰੇ ਜਾਣਕਾਰੀ ਦਿੱਤੀ ਗਈ। ਪਹਿਲ ਨਾਲ ਜੁੜੇ ਮਲਕੀਤ ਐੱਸ. ਰੌਣੀ ਨੇ ਪ੍ਰਾਜੈਕਟ ਅਤੇ ਫਾਊਂਡੇਸ਼ਨ ਦੇ ਉਦੇਸ਼ ਬਾਰੇ ਜਾਣਕਾਰੀ ਦਿੱਤੀ। ਬਾਲ ਮੁਕੰਦ ਸ਼ਰਮਾ ਨੇ ਦੱਸਿਆ ਕਿ ਪੰਜਾਬ ਦੇ ਪੇਂਡੂ ਖੇਤਰਾਂ ਵਿਚ ਕਈ ਮੇਰਾ ਪਿੰਡ 360 ਸੈਂਟਰ ਚਲਾਏ ਜਾ ਰਹੇ ਹਨ। ਇਨ੍ਹਾਂ ਸੈਂਟਰਾਂ ਵਿਚ ਐੱਨਆਰਆਈ ਅਤੇ ਖੁਸ਼ਹਾਲ ਪੰਜਾਬੀਆਂ ਦੇ ਜੱਦੀ ਘਰਾਂ ਨੂੰ ਪਿੰਡਾਂ ਦੇ ਸਰਬਪੱਖੀ ਵਿਕਾਸ ਕੇਂਦਰਾਂ ਵਜੋਂ ਤਬਦੀਲ ਕੀਤਾ ਗਿਆ ਹੈ। ਇੱਥੇ ਲਾਇਬ੍ਰੇਰੀ, ਟੂਲਜ਼ ਲਾਇਬ੍ਰੇਰੀ, ਕੰਪਿਊਟਰ ਲੈਬ, ਆਈ.ਟੀ. ਟ੍ਰੇਨਿੰਗ, ਕਿਸਾਨਾਂ ਦੀ ਆਮਦਨ ਵਧਾਉਣ, ਮਹਿਲਾਵਾਂ ਨੂੰ ਹਸਤਕਲਾ ਸਿਖਾਉਣ ਅਤੇ ਈ-ਹੈਲਥ ਸੇਵਾਵਾਂ ਵਰਗੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ।

ਇਸ ਮੌਕੇ ਪੁਖਰਾਜ ਭੱਲਾ ਅਤੇ ਸ਼ਿਵਿੰਦਰ ਮਾਹਲ ਵੀ ਮੌਜੂਦ ਰਹੇ। ਦਵਿੰਦਰ ਐੱਸ. ਗਰਚਾ ਨੇ ਦੱਸਿਆ ਕਿ ਸੇਵਾ ਗ੍ਰਾਂਟ ਦਾ ਉਦੇਸ਼ ਨੌਜਵਾਨਾਂ ਵਿਚ ਦੂਜਿਆਂ ਦੀ ਸੇਵਾ ਕਰਨ ਦੀ ਭਾਵਨਾ ਪੈਦਾ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਪ੍ਰਾਜੈਕਟ ਪਲਾਨਿੰਗ ਦਾ ਵਿਹਾਰਕ ਤਜਰਬਾ ਦੇਣਾ ਹੈ।

ਫਾਊਂਡੇਸ਼ਨ ਦੇ ਸੰਸਥਾਪਕ ਭੁਪਿੰਦਰ ਐੱਸ. ਹੁੰਦਲ ਅਮਰੀਕਾ ਤੋਂ ਆਨਲਾਈਨ ਇਸ ਸਮਾਗਮ ਨਾਲ ਜੁੜੇ। ਉਨ੍ਹਾਂ ਐੱਨਆਰਆਈਜ਼ ਨੂੰ ਆਪਣੇ ਪਿੰਡਾਂ ਵਿਚ ਜੱਦੀ ਘਰਾਂ ਨੂੰ ਮੁੜ ਸਰਗਰਮ ਕਰਕੇ ਪਿੰਡਾਂ ਦੀ ਸੇਵਾ ਲਈ ਵਰਤਣ ਦੀ ਅਪੀਲ ਕੀਤੀ ਅਤੇ ਨਵੇਂ ਸੈਂਟਰ ਸ਼ੁਰੂ ਕਰਨ ਲਈ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਮੇਰਾ ਪਿੰਡ 360 ਫਾਊਂਡੇਸ਼ਨ ਦੇ ਸਾਰੇ 8 ਕੇਂਦਰ ਪੇਂਡੂ ਪੰਜਾਬ ਵਿਚ ਪਿੰਡ ਵਾਸੀਆਂ ਨੂੰ 'ਮਨੁੱਖੀ ਵਿਕਾਸ' ਦੇ ਹਰ ਖੇਤਰ ਵਿਚ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਸਾਰੀਆਂ ਸੇਵਾਵਾਂ ਬਿਲਕੁਲ ਮੁਫ਼ਤ ਹਨ, ਜਿਨ੍ਹਾਂ ਵਿਚ ਜ਼ਰੂਰਤਮੰਦਾਂ ਨੂੰ ਵਿੱਤੀ ਮਦਦ, ਉਨ੍ਹਾਂ ਦੇ ਬੱਚਿਆਂ ਦੀ ਉੱਚ ਸਿੱਖਿਆ ਲਈ ਸਹਾਇਤਾ, ਲਾਇਬ੍ਰੇਰੀ, ਇਤਿਹਾਸਕ ਦਿਵਸ ਮੁਕਾਬਲੇ, ਕੰਪਿਊਟਰ ਲੈਬ ਰਾਹੀਂ ਆਈ.ਟੀ. ਟ੍ਰੇਨਿੰਗ, ਹੁਨਰ ਵਿਕਾਸ ਟ੍ਰੇਨਿੰਗ, ਮਿੱਟੀ ਟੈਸਟਿੰਗ, ਕਿਸਾਨਾਂ ਲਈ ਖੇਤੀ ਸਬਸਿਡੀਆਂ ਅਤੇ ਹੋਰ ਸੇਵਾਵਾਂ ਸ਼ਾਮਲ ਹਨ। ਐਨ.ਆਰ.ਆਈ. ਡਾਕਟਰ ਪਿੰਡ ਵਾਸੀਆਂ ਲਈ ਈ-ਕਲੀਨਿਕ ਚਲਾਉਂਦੇ ਹਨ, ਰਿਮੋਟ ਵੈਬਿਨਾਰ/ਸੈਮੀਨਾਰ ਅਤੇ ਸਾਰੀਆਂ ਸਰਕਾਰੀ ਸੇਵਾਵਾਂ ਪਿੰਡਾਂ ਵਿਚ ਹੀ ਦਿੱਤੀਆਂ ਜਾਂਦੀਆਂ ਹਨ। ਇਹ ਕੇਂਦਰ ਐਨ.ਆਰ.ਆਈ. ਭਰਾਵਾਂ ਵੱਲੋਂ ਆਪਣੇ ਬਜ਼ੁਰਗਾਂ ਦੇ ਖਾਲੀ ਪਏ ਘਰਾਂ ਵਿਚ ਖੋਲ੍ਹੇ ਗਏ ਹਨ। ਸ਼ਿਕਾਗੋ ਦੇ ਭੁਪਿੰਦਰ ਐਸ. ਹੁੰਦਲ (+1630-802-2179) ਇਸ ਕਾਰਜ ਦੀ ਅਗਵਾਈ ਕਰ ਰਹੇ ਹਨ।

# ਦਿੱਲੀ ਪੀਜੀ ਹਾਦਸੇ ਵਾਲੀ ਇਮਾਰਤ ਦੇ ਮਾਲਕ ਸਣੇ ਤਿੰਨ ਗ੍ਰਿਫ਼ਤਾਰ

**ਨਵੀਂ ਦਿੱਲੀ:** ਕੌਮੀ ਰਾਜਧਾਨੀ ਦੇ ਸੱਤਿਆ ਨਿਕੇਤਨ ਇਲਾਕੇ ਵਿਚ ਐਤਵਾਰ ਦੁਪਹਿਰ ਪੰਜ ਮੰਜ਼ਿਲਾ ਪੀਜੀ ਦੀ ਗ਼ੈਰ- ਕਾਨੂੰਨੀ ਇਮਾਰਤ ਡਿੱਗਣ ਦੇ ਮਾਮਲੇ ਵਿਚ ਮ੍ਰਿਤਕਾਂ ਦੀ ਗਿਣਤੀ ਵਧ ਕੇ ਸੱਤ ਹੋ ਗਈ ਹੈ। ਇਨ੍ਹਾਂ ਵਿਚ ਡੀਯੂ ਦੇ ਪੰਜ ਵਿਦਿਆਰਥੀ ਹਨ।ਪੰਜ ਲੋਕਾਂ ਦੀ ਮੌਤ ਦੀ ਪੁਸ਼ਟੀ ਹੋਈ ਸੀ। ਮਲਬੇ ਵਿਚੋਂ ਕੁੱਲ 12 ਲੋਕਾਂ ਨੂੰ ਕੱਢਿਆ ਗਿਆ। ਪੰਜ ਜ਼ਖ਼ਮੀਆਂ ਦਾ ਏਮਜ਼ ਅਤੇ ਸਫ਼ਦਰਜੰਗ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ। ਇਨ੍ਹਾਂ ਵਿਚ ਤਿੰਨ ਦੀ ਹਾਲਤ ਗੰਭੀਰ ਹੈ।ਹਾਦਸੇ ਲਈ ਦਿੱਲੀ ਪੁਲਿਸ ਨੇ ਇਮਾਰਤ ਦੇ ਮਾਲਕ ਹਰੀਰਾਮ ਗੁਪਤਾ ਨੂੰ ਭਿਵਾੜੀ ਤੋਂ ਗ੍ਰਿਫ਼ਤਾਰ ਕਰਨ ਤੋਂ ਬਾਅਦ ਉਸ ਦੀ ਪਤਨੀ ਉਰਮਿਲਾ ਗੁਪਤਾ ਅਤੇ ਪੁੱਤਰ ਮਹੇਸ਼ ਗੁਪਤਾ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਇਹ ਜਾਇਦਾਦ ਉਰਮਿਲਾ ਗੁਪਤਾ ਦੇ ਨਾਂ 'ਤੇ ਹੈ, ਜਦਕਿ ਦੋਵੇਂ ਇਸ ਦੀ ਦੇਖਭਾਲ ਕਰਦੇ ਸਨ। ਹੁਣ ਪੁਲਿਸ ਇਮਾਰਤ ਵਿਚ 'ਹਾਸਟਲ ਡੇਜ਼' ਨਾਂ ਨਾਲ ਪੀਜੀ ਚਲਾਉਣ ਵਾਲੇ ਸੁਧਾਂਸ਼ ਦੀ ਭਾਲ ਵਿਚ ਛਾਪੇਮਾਰੀ ਕਰ ਰਹੀ ਹੈ। ਕਰੀਬ ਦੋ ਸਾਲ ਪਹਿਲਾਂ ਉਸ ਨੇ ਹਰੀਰਾਮ ਗੁਪਤਾ ਦੀ ਖਸਤਾ ਇਮਾਰਤ ਲੀਜ਼ 'ਤੇ ਲੈ ਕੇ ਮਾਮੂਲੀ ਮੁਰੰਮਤ ਕਰਵਾਉਣ ਤੋਂ ਬਾਅਦ ਪੀਜੀ ਸ਼ੁਰੂ ਕੀਤਾ ਸੀ। ਮੁੱਖ ਮੰਤਰੀ ਰੇਖਾ ਗੁਪਤਾ ਦੇ ਨਿਰਦੇਸ਼ 'ਤੇ 24 ਘੰਟਿਆਂ ਦੇ ਅੰਦਰ ਲਾਪਰਵਾਹੀ ਲਈ ਜ਼ਿੰਮੇਵਾਰ ਐੱਮਸੀਡੀ ਦੇ ਦੱਖਣੀ ਜ਼ੋਨ ਦੇ ਡਿਪਟੀ ਕਮਿਸ਼ਨਰ ਰਾਕੇਸ਼ ਕੁਮਾਰ ਸਮੇਤ ਇਲਾਕੇ ਦੇ ਏਈ ਅਤੇ ਜੇਈ ਸਮੇਤ ਪੰਜ ਅਧਿਕਾਰੀਆਂ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਹੈ। ਐਤਵਾਰ ਨੂੰ ਹਾਦਸੇ ਤੋਂ ਬਾਅਦ ਸ਼ੁਰੂ ਹੋਈ ਬਚਾਅ ਮੁਹਿੰਮ 26 ਘੰਟਿਆਂ ਬਾਅਦ ਸਮਾਪਤ ਹੋ ਗਈ ਹੈ।ਘਟਨਾ ਸਥਾਨ ਤੋਂ ਮਲਬਾ ਹਟਾ ਦਿੱਤਾ ਗਿਆ ਹੈ। ਹੁਣ ਮਲਬੇ ਵਿਚ ਕਿਸੇ ਹੋਰ ਦੇ ਫਸੇ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। ਹਾਦਸੇ ਤੋਂ ਬਾਅਦ ਡਿੱਗੀ ਇਮਾਰਤ ਦੇ ਨਾਲ ਲੱਗਦੀਆਂ ਚਾਰ ਇਮਾਰਤਾਂ ਨੂੰ ਨਿਗਮ ਨੇ ਖਸਤਾ ਐਲਾਨ ਕੇ ਇਮਾਰਤ ਮਾਲਕਾਂ ਨੂੰ ਨੋਟਿਸ ਦਿੱਤਾ ਹੈ।ਇਸ ਵਿਚ ਕਿਹਾ ਗਿਆ ਹੈ ਕਿ ਤਿੰਨ ਦਿਨਾਂ ਵਿਚ ਖ਼ੁਦ ਇਮਾਰਤਾਂ ਨਾ ਢਾਹੁਣ 'ਤੇ ਤੈਅ ਸਮੇਂ ਤੋਂ ਬਾਅਦ ਨਿਗਮ ਵੱਲੋਂ ਇਨ੍ਹਾਂ ਨੂੰ ਢਾਹ ਦਿੱਤਾ ਜਾਵੇਗਾ। ਦਿੱਲੀ ਪੁਲਿਸ ਮੁਤਾਬਕ ਘਟਨਾ ਤੋਂ ਤੁਰੰਤ ਬਾਅਦ ਇਮਾਰਤ ਮਾਲਕ ਹਰੀਰਾਮ ਗੁਪਤਾ ਖ਼ਿਲਾਫ਼ ਲੁੱਕਆਊਟ ਸਰਕੂਲਰ ਨੋਟਿਸ ਜਾਰੀ ਕਰਵਾ ਦਿੱਤਾ ਲੁਕਆਊਟ ਗਿਆ ਸੀ, ਤਾਂ ਜੋ ਉਸ ਨੂੰ ਦਬੋਚਿਆ ਜਾ ਸਕੇ। ਹਾਦਸੇ ਤੋਂ ਬਾਅਦ ਉਹ ਗੁਰੂਗ੍ਰਾਮ ਦੇ ਸੈਕਟਰ-23 ਸਥਿਤ ਆਪਣੇ ਘਰ ਤੋਂ ਭੱਜ ਕੇ ਭਿਵਾੜੀ ਚਲਾ ਗਿਆ ਸੀ।



## ਜ਼ਿੰਮੇਵਾਰੀ ਤੋਂ ਪੱਲਾ ਨਹੀਂ ਝਾੜ ਸਕਦੀ ਸਰਕਾਰ -ਹਾਈ ਕੋਰਟ

**ਦਿੱਲੀ:** ਦਿੱਲੀ ਹਾਈ ਕੋਰਟ ਨੇ ਸੱਤਿਆ ਨਿਕੇਤਨ ਹਾਦਸੇ 'ਤੇ ਚਿੰਤਾ ਪ੍ਰਗਟ ਕੀਤੀ ਹੈ। ਅਦਾਲਤ ਨੇ ਕਿਹਾ ਕਿ ਸਰਕਾਰ ਇਸ ਹਾਦਸੇ ਦੀ ਜ਼ਿੰਮੇਵਾਰੀ ਤੋਂ ਨਹੀਂ ਬਚ ਸਕਦੀ। ਚੀਫ ਜਸਟਿਸ ਦੇਵੇਂਦਰ ਕੁਮਾਰ ਤੇ ਜਸਟਿਸ ਤੇਜਸ ਕਾਰੀਆ ਦੀ ਬੈਂਚ ਨੇ ਕਿਹਾ ਕਿ 50 ਨੌਜਵਾਨ ਵਿਦਿਆਰਥੀਆਂ 'ਚੋਂ ਜ਼ਿਆਦਾ ਦਾ ਮਲਬੇ ਹੇਠ ਦੱਬਿਆ ਹੋਣਾ ਬੇਹੱਦ ਦੁਖਦਾਈ ਹੈ। ਬਿਲਡਿੰਗ ਮਾਲਕ, ਡੀਯੂ ਤੇ ਸਰਕਾਰ ਨੇ ਵਿਦਿਆਰਥੀਆਂ ਦੀ ਸੁਰੱਖਿਆ ਲਈ ਕੋਈ ਪ੍ਰਬੰਧ ਨਹੀਂ ਕੀਤੇ ਹਨ। ਅਦਾਲਤ ਨੇ ਐੱਮਸੀਡੀ ਨੂੰ ਇੱਕ ਹਫ਼ਤੇ ਦੇ ਅੰਦਰ ਪੀਜੀ ਤੇ ਹੋਸਟਲਾਂ ਦਾ ਆਡਿਟ ਕਰਨ ਦਾ ਨਿਰਦੇਸ਼ ਦਿੱਤਾ। ਇਸ ਦੇ ਨਾਲ ਹੀ ਕੇਂਦਰ ਤੇ ਦਿੱਲੀ ਸਰਕਾਰ ਦੇ ਨਾਲ ਐੱਮਸੀਡੀ ਅਤੇ ਦਿੱਲੀ ਪੁਲਿਸ ਨੂੰ ਨੋਟਿਸ ਜਾਰੀ ਕਰਦਿਆਂ 10 ਦਿਨਾਂ ਦੇ ਅੰਦਰ ਹਲਫ਼ਨਾਮਾ ਦਾਖ਼ਲ ਕਰਨ ਦਾ ਹੁਕਮ ਦਿੱਤਾ। ਅਗਲੀ ਸੁਣਵਾਈ 25 ਸਤੰਬਰ ਨੂੰ ਹੋਵੇਗੀ।

# ਬੰਗਾਲ ਦੇ ਸਰਕਾਰੀ ਇਸ਼ਤਿਹਾਰ 'ਚ ਦੇਵੀ ਦਾ ਅਪਮਾਨ

**ਕੋਲਕਾਤਾ:** ਬੰਗਾਲ ਸਰਕਾਰ ਦੇ ਇਕ ਇਸ਼ਤਿਹਾਰ ਨੂੰ ਲੈ ਕੇ ਸਿਆਸਤ ਭਖੀ ਪਈ ਹੈ। ਤ੍ਰਿਣਮੂਲ ਕਾਂਗਰਸ ਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ (ਸੀਪੀਆਈਐੱਮ) ਨੇ ਭਾਜਪਾ ਸਰਕਾਰ 'ਤੇ ਸਰਕਾਰੀ ਇਸ਼ਤਿਹਾਰ ਵਿਚ ਦੇਵੀ ਦੁਰਗਾ ਦੇ 'ਵਿਕਰਿਤ' ਰੂਪ ਨੂੰ ਦਿਖਾਉਣ ਦਾ ਦੋਸ਼' ਲਾਇਆ ਹੈ। ਇਸ਼ਤਿਹਾਰ, ਵਿਚ ਮਾਂ ਦੁਰਗਾ ਦੀਆਂ' ਰਵਾਇਤੀ 10 ਦੀ ਥਾਂ 11 ਭੁਜਾਵਾਂ (ਬਾਹਾਂ) ਦਿਖਾਈਆਂ ਗਈਆਂ ਹਨ। ਇਹ ਇਸ਼ਤਿਹਾਰ ਸਥਾਨਕ ਪੂਜਾ ਕਮੇਟੀਆਂ ਨਾਲ ਸੋਮਵਾਰ ਨੂੰ ਹੋਈ ਸਹਿਯੋਗ ਬੈਠਕ ਦੇ ਸੰਦਰਭ ਵਿਚ ਜਾਰੀ ਕੀਤਾ ਗਿਆ ਸੀ। ਇਸ ਬੈਠਕ ਦੀ ਪ੍ਰਧਾਨਗੀ ਮੁੱਖ ਮੰਤਰੀ ਸ਼ੁਭੇਦੂ ਅਧਿਕਾਰੀ ਨੇ ਕੀਤੀ ਸੀ। ਇਸੇ ਦੌਰਾਨ ਤ੍ਰਿਣਮੂਲ ਕਾਂਗਰਸ ਦੇ ਬੁਲਾਰੇ ਅਤੇ ਵਿਧਾਇਕ ਕੁਣਾਲ ਘੋਸ਼ ਨੇ 'ਐਕਸ' 'ਤੇ ਮੁੱਖ ਮੰਤਰੀ 'ਤੇ ਤੰਜ ਕੱਸਦੇ ਹੋਏ ਕਾਰਵਾਈ ' ਦੀ ਮੰਗ ਕੀਤੀ ਹੈ।



# ਰੂਸੀ ਮਿਜ਼ਾਈਲਾਂ ਨਾਲ ਲੈਸ ਕੀਤੇ ਜਾਣਗੇ ਸੁਖੋਈ-30 ਜੰਗੀ ਜਹਾਜ਼



**ਨਵੀਂ ਦਿੱਲੀ:** ਭਾਰਤੀ ਹਵਾਈ ਫ਼ੌਜ ਦੀ ਹਵਾਈ ਜੰਗੀ ਸਮਰੱਥਾ ਨੂੰ ਹੋਰ ਮਜ਼ਬੂਤ ਕਰਨ ਦੀ ਕਵਾਇਦ ਤਹਿਤ ਰੱਖਿਆ ਮੰਤਰਾਲਾ ਲੜਾਕੂ ਜਹਾਜ਼ ਸੁਖੋਈ-30ਐੱਮਕੇਆਈ ਨੂੰ ਰੂਸ ਵਿਚ ਵਿਕਸਤ ਆਰਵੀਵੀ-ਬੀਡੀ ਏਅਰ-ਟੂ-ਏਅਰ ਮਿਜ਼ਾਈਲ ਨਾਲ ਲੈਸ ਕਰਨ ਦੇ ਪ੍ਰਸਤਾਵ 'ਤੇ ਵਿਚਾਰ ਕਰ ਰਿਹਾ ਹੈ। ਇਸ ਮਿਜ਼ਾਈਲ ਦੀ ਮਾਰੂ ਸਮਰੱਥਾ ਕਰੀਬ 300 ਕਿਲੋਮੀਟਰ ਤੱਕ ਹੈ। ਸੁਖੋਈ-30ਐੱਮਕੇਆਈ ਭਾਰਤੀ ਹਵਾਈ ਫ਼ੌਜ ਦੇ ਪ੍ਰਮੁੱਖ ਲੜਾਕੂ ਜਹਾਜ਼ਾਂ ਵਿਚ ਸ਼ਾਮਲ ਹੈ ਅਤੇ ਇਸ ਦੇ 260 ਤੋਂ ਵੱਧ ਜਹਾਜ਼ ਸੇਵਾ ਵਿਚ ਹਨ। ਪਿਛਲੇ ਸਾਲ 'ਆਪ੍ਰੇਸ਼ਨ ਸਿੰਧੂਰ' ਵਿਚ ਇਨ੍ਹਾਂ ਜਹਾਜ਼ਾਂ ਨੇ ਅਹਿਮ ਭੂਮਿਕਾ ਨਿਭਾਈ ਸੀ।

ਇਨ੍ਹਾਂ ਨੇ ਆਪਣੀਆਂ ਲੰਬੀ ਦੂਰੀ ਦੀਆਂ ਏਅਰ-ਟੂ-ਗਰਾਊਂਡ ਮਿਜ਼ਾਈਲਾਂ (ਜਿਵੇਂ ਬ੍ਰਹਮੋਸ ਏਅਰ-ਲਾਂਚ ਮਿਜ਼ਾਈਲ ਅਤੇ ਰੈਂਪੇਜ) ਨਾਲ ਪਾਕਿਸਤਾਨ ਦੇ ਕਈ ਏਅਰਬੇਸ ਤਬਾਹ ਕੀਤੇ ਸਨ। ਰੱਖਿਆ ਸੂਤਰਾਂ ਮੁਤਾਬਕ, ਸੁਖੋਈ-30ਐੱਮਕੇਆਈ ਜਹਾਜ਼ਾਂ ਵਿਚ ਲੜੀਂਦੇ ਬਦਲਾਅ ਕਰ ਕੇ ਉਨ੍ਹਾਂ ਨੂੰ ਆਰਵੀਵੀ-ਬੀਡੀ ਮਿਜ਼ਾਈਲਾਂ ਨਾਲ ਲੈਸ ਕਰਨ ਦੀ ਯੋਜਨਾ ਹੈ। ਬ੍ਰਿਕਸ ਸੰਮੇਲਨ ਲਈ ਰੂਸ ਦੇ ਰਾਸ਼ਟਰਪਤੀ ਵਲਾਦਿਮੀਰ ਪੁਤਿਨ ਦੇ ਭਾਰਤ ਦੌਰੇ ਦੌਰਾਨ ਇਸ ਸਬੰਧੀ ਸਮਝੌਤਾ ਹੋ ਸਕਦਾ ਹੈ। ਇਸ ਮਿਜ਼ਾਈਲ ਦੇ ਵੱਖ-ਵੱਖ ਐਡੀਸ਼ਨ ਲੰਬੀ ਦੂਰੀ 'ਤੇ ਹਵਾਈ ਟੀਚਿਆਂ ਨੂੰ ਨਿਸ਼ਾਨਾ ਬਣਾਉਣ ਲਈ ਵਿਕਸਤ ਕੀਤੇ ਗਏ ਹਨ। ਇਨ੍ਹਾਂ ਵਿਚ ਏਅਰਬੋਰਨ ਅਰਲੀ ਵਾਰਨਿੰਗ ਐਂਡ ਕੰਟਰੋਲ (ਏਈਡਬਲਯੂ ਐਂਡ ਸੀ) ਜਹਾਜ਼ਾਂ ਅਤੇ ਹੋਰ ਨਿਗਰਾਨੀ ਤੇ ਖ਼ੁਫ਼ੀਆ ਜਹਾਜ਼ਾਂ ਵਰਗੇ ਅਹਿਮ ਟੀਚਿਆਂ ਨੂੰ ਨਿਸ਼ਾਨਾ ਬਣਾਉਣ ਦੀ ਸਮਰੱਥਾ ਸ਼ਾਮਲ ਹੈ। ਇਹ ਮਿਜ਼ਾਈਲ ਕਰੀਬ ਮੈਕ ਛੇ ਦੀ ਹਾਈਪਰਸੋਨਿਕ ਗਤੀ ਨਾਲ ਟੀਚੇ ਨੂੰ ' ਨਿਸ਼ਾਨਾ ਬਣਾ ਸਕਦੀ ਹੈ।

# ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਯਾਦ ਵਿਚ ਵਿਸ਼ੇਸ਼ ਸਮਾਗਮ

**ਫਰਿਜ਼ਨੋ:** ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਪ੍ਰੋਗਰਾਮ 'ਗੁਰਦੁਆਰਾ ਅਨੰਦਗੜ੍ਹ ਸਾਹਿਬ' ਕਰਮਨ, ਕੈਲੇਫੋਰਨੀਆ ਵਿਖੇ ਕਰਵਾਏ ਗਏ। ਇਸ ਦੌਰਾਨ ਪਾਠ ਦੇ ਭੋਗ ਉਪਰੰਤ ਗੁਰਬਾਣੀ ਕੀਰਤਨ ਅਤੇ ਖਾਲੜਾ ਸਾਹਿਬ ਦੇ ਸੱਚੇ-ਸੁੱਚੇ ਨਿਧੜਕ ਕੁਰਬਾਨੀ ਵਾਲੇ ਜੀਵਨ ਬਾਰੇ ਵਿਚਾਰਾਂ ਹੋਈਆਂ। ਪ੍ਰੋਗਰਾਮ ਦੀ ਸ਼ੁਰੂਆਤ ਪਾਠ ਦੇ ਭੋਗ ਉਪਰੰਤ ਗੁਰੂਘਰ ਦੇ ਹਜ਼ੂਰੀ ਜੱਥੇ ਦੇ ਭਾਈ ਬਲਜਿੰਦਰ ਸਿੰਘ, ਭਾਈ ਸਤਿੰਦਰ ਸਿੰਘ ਅਤੇ ਭਾਈ ਨਰਿੰਦਰ ਸਿੰਘ ਨੇ ਨਿਰੋਲ ਗੁਰਬਾਣੀ ਕੀਰਤਨ ਦੀ ਸੇਵਾ ਨਿਭਾਉਂਦਿਆਂ ਕੀਤੀ। ਵਿਸ਼ੇਸ਼ ਤੌਰ 'ਤੇ ਪਹੁੰਚੇ ਭਾਈ ਮਹਿਲ ਸਿੰਘ ਚੰਡੀਗੜ੍ਹ ਵਾਲਿਆਂ ਦੇ ਕਵੀਸ਼ਰੀ ਜਥੇ ਨੇ ਭਾਈ ਖਾਲੜਾ ਦੀ ਜ਼ਿੰਦਗੀ ਅਤੇ ਹੋਰ ਸ਼ਹੀਦਾਂ ਦੀ ਜ਼ਿੰਦਗੀ ਬਾਰੇ ਇਤਿਹਾਸਕ ਵਾਰਾਂ ਦੇ ਕੁਰਬਾਨੀਆਂ ਭਰੇ ਇਤਿਹਾਸ ਨੂੰ ਸੰਗਤਾਂ ਨਾਲ ਸਾਂਝਾ ਕੀਤਾ।

ਸਟੇਜ ਦਾ ਸੰਚਾਲਨ ਕਰਦਿਆਂ ਸ. ਸਰਬਜੀਤ ਸਿੰਘ ਸਰਾਂ ਨੇ ਜਿੱਥੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਇਤਿਹਾਸਕ ਪੱਖਾਂ ਦੀ ਗੱਲ ਕੀਤੀ, ਉੱਥੇ ਨਵੀਂ ਪੀੜ੍ਹੀ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਣ ਤੋਂ ਇਲਾਵਾ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਲਈ ਅਜਿਹੇ ਉਪਰਾਲੇ ਕਰਨ ਦੀ ਅਪੀਲ ਕੀਤੀ। ਰੇਡੀਓ ਹੋਸਟ ਅਤੇ ਸੀਨੀਅਰ ਪੱਤਰਕਾਰ ਪਰਵੀਨ ਸ਼ਰਮਾ ਨੇ ਸਿੱਖ ਸ਼ਹੀਦਾਂ ਅਤੇ ਸਿੱਖ ਇਤਿਹਾਸ ਦੀ ਗੱਲ ਕਰਦਿਆਂ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕੀਤਾ। ਫਰਿਜ਼ਨੋ ਵਿਖੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਮ ਉੱਪਰ ਪਾਰਕ ਅਤੇ ਸਕੂਲ ਬਣਾਉਣ ਲਈ ਸਹਿਯੋਗੀਆਂ ਸਮੇਤ ਸੇਵਾਵਾਂ ਨਿਭਾਉਣ ਵਾਲੇ ਨੌਜਵਾਨ ਆਗੂ ਨੈਨਦੀਪ ਸਿੰਘ ਨੇ ਵੀ ਖਾਲੜਾ ਸਾਹਿਬ ਨੂੰ ਯਾਦ ਕੀਤਾ। ਕਰਮਨ ਯੂਨੀਫਾਈਡ ਸਕੂਲ ਡਿਸਟ੍ਰਿਕਟ ਲਈ ਉਮੀਦਵਾਰ ਡਾ. ਦਵਿੰਦਰ ਕੌਰ ਸਿੱਧੂ ਨੇ ਸਿੱਖ ਇਤਿਹਾਸ ਦੇ ਨਾਲ-ਨਾਲ ਸੰਗਤਾਂ ਨੂੰ ਵੋਟਾਂ ਪਾਉਣ



ਲਈ ਵੀ ਅਪੀਲ ਕੀਤੀ।

ਇਸ ਪ੍ਰੋਗਰਾਮ ਦੌਰਾਨ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਕੁਰਬਾਨੀ ਨੂੰ ਸਿਜਦਾ ਕਰਨ ਲਈ ਭਾਰੀ ਗਿਣਤੀ ਵਿਚ ਸਿੱਖ ਸੰਗਤਾਂ ਦੂਰ ਦੁਰਾਡੇ ਤੋਂ ਗੁਰੂਘਰ ਪਹੁੰਚੀਆਂ ਹੋਈਆਂ ਸਨ। ਇਸ ਪ੍ਰੋਗਰਾਮ ਦੇ ਇਤਿਹਾਸਕ ਪਲਾਂ ਨੂੰ ਲਾਈਵ ਅਤੇ ਕੈਮਰਾਬੰਧ ਕਰਨ ਦੀਆਂ ਸੇਵਾਵਾਂ ਭਾਈ ਬਲਵਿੰਦਰ ਸਿੰਘ 'ਸਿੰਘ ਪ੍ਰੋਡਕਸ਼ਨ ਯੂ.ਐਸ.ਏ.' ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਨਿਭਾਈਆਂ ਗਈਆਂ। ਅੰਤ ਸ. ਸਰਬਜੀਤ ਸਿੰਘ ਸਰਾਂ ਨੇ ਇਸ ਪ੍ਰੋਗਰਾਮ ਵਿਚ ਸੇਵਾਵਾਂ ਨਿਭਾਉਣ ਅਤੇ ਹਾਜ਼ਰ ਹੋਣ ਵਾਲੀਆਂ ਸੰਗਤਾਂ ਦਾ ਧੰਨਵਾਦ ਕੀਤਾ।

# ਡਾ. ਦਵਿੰਦਰ ਕੌਰ ਸਿੱਧੂ 'ਕਰਮਨ ਯੂਨੀਫਾਈਡ ਸਕੂਲ ਬੋਰਡ ਆਫ ਟਰੱਸਟੀਜ਼' ਲਈ ਉਮੀਦਵਾਰ

## ਭਾਈਚਾਰੇ ਦਾ ਸਹਿਯੋਗ ਮੰਗਿਆ

**ਫਰਿਜ਼ਨੋ (ਕੁਲਵੰਤ ਉੱਭੀ ਧਾਲੀਆਂ/ ਨੀਟਾ ਮਾਛੀਕੇ):** ਕਰਮਨ ਦੇ 'ਕਰਮਨ ਯੂਨੀਫਾਈਡ ਸਕੂਲ ਬੋਰਡ ਆਫ ਟਰੱਸਟੀਜ਼' ਦੀ ਚੋਣ ਲਈ ਡਾ. ਦਵਿੰਦਰ ਕੌਰ ਸਿੱਧੂ ਪੰਜਾਬੀ ਭਾਈਚਾਰੇ ਵਿਚੋਂ ਬਤੌਰ ਉਮੀਦਵਾਰ ਅੱਗੇ ਆਈ ਹੈ। ਡਾ. ਸਿੱਧੂ ਉੱਚ ਵਿਦਿਆ ਪ੍ਰਾਪਤ ਅਤੇ ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਸੋਚਣ ਵਾਲੀ ਉਮੀਦਵਾਰ ਹੈ। ਉਨ੍ਹਾਂ ਨੇ 33 ਸਾਲ ਪਹਿਲਾਂ ਕਰਮਨ ਯੂਨੀਫਾਈਡ ਸਕੂਲ ਡਿਸਟ੍ਰਿਕਟ ਵਿਚ ਬਤੌਰ ਅਧਿਆਪਕ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਉਨ੍ਹਾਂ ਦੇ ਦੋਵਾਂ ਪੁੱਤਰਾਂ ਨੇ ਕਰਮਨ ਸਕੂਲ ਤੋਂ ਪੜ੍ਹਾਈ ਕੀਤੀ ਅਤੇ ਹੁਣ ਉਨ੍ਹਾਂ ਦੀ ਪੋਤਰੀ ਵੀ ਇਸੇ ਸਕੂਲ ਦੀ ਵਿਦਿਆਰਥਣ ਹੈ। ਉਹ ਸਿੱਖਿਆ ਸ਼ਾਸਤਰੀ ਅਤੇ ਪ੍ਰਸ਼ਾਸਕ ਹਨ, ਜਿਨ੍ਹਾਂ ਕੋਲ ਵਿਦਿਆਰਥੀਆਂ ਅਤੇ ਪਰਿਵਾਰਾਂ ਦੀ ਸੇਵਾ ਕਰਨ ਦਾ 32 ਸਾਲਾਂ ਤੋਂ ਵੱਧ ਦਾ ਤਜਰਬਾ ਹੈ। ਉਨ੍ਹਾਂ ਦਾ ਅਧਿਆਪਕ ਤੋਂ ਸਹਾਇਕ ਸੁਪਰਡੈਂਟ ਤੱਕ ਦਾ ਕਰੀਅਰ ਸਫਲਤਾ ਪੂਰਵਕ ਰਿਹਾ ਅਤੇ ਹੁਣ ਟੁਲੈਰੀ ਕਾਉਂਟੀ ਆਫਿਸ ਆਫ਼ ਐਜੂਕੇਸ਼ਨ ਵਿਖੇ 'ਮਿਡ-ਸਟੇਟ ਕੋਲਾਬੋਰੇਟਿਵ ਜੀਓ ਲੀਡ ਏਜੰਸੀ' ਦੇ ਡਾਇਰੈਕਟਰ ਵਜੋਂ ਸੇਵਾ ਨਿਭਾ ਰਹੇ ਹਨ।

ਦਵਿੰਦਰ ਕੌਰ ਸਿੱਧੂ ਨੇ ਆਖਿਆ, 'ਮੈਂ ਇੱਕ ਟਰੱਸਟੀ ਵਜੋਂ ਆਪਣੀ 'ਸੇਵਾ-ਭਾਵੀ ਅਗਵਾਈ' ਨੂੰ ਜਾਰੀ ਰੱਖਣ ਲਈ ਚੋਣ ਲੜ ਰਹੀ ਹਾਂ, ਤਾਂ ਜੋ ਵਿਦਿਆਰਥੀਆਂ, ਮਾਪਿਆਂ, ਸਟਾਫ ਅਤੇ ਭਾਈਚਾਰੇ ਨਾਲ ਨਿਰੰਤਰ ਸਹਿਯੋਗ ਰਾਹੀਂ ਕਰਮਨ ਸਕੂਲ ਨੂੰ ਮਜ਼ਬੂਤ ਬਣਾਇਆ ਜਾ ਸਕੇ। ਮੈਂ ਸੁਰੱਖਿਅਤ ਅਤੇ ਮਜ਼ਬੂਤ ਸਕੂਲਾਂ ਦੀ ਮਹੱਤਤਾ



ਅਤੇ ਵਿਦਿਆਰਥੀਆਂ, ਪਰਿਵਾਰਾਂ ਅਤੇ ਸਾਡੇ ਭਵਿੱਖ 'ਤੇ ਉਨ੍ਹਾਂ ਦੇ ਡੂੰਘੇ ਪ੍ਰਭਾਵ ਨੂੰ ਸਮਝਦੀ ਹਾਂ।' ਸ੍ਰੀਮਤੀ ਸਿੱਧੂ ਨੇ ਹਮੇਸ਼ਾ ਹੀ ਚੰਗੇ ਵਿਦਿਅਕ ਸਿਸਟਮ ਨੂੰ ਚਲਾਉਣ ਲਈ ਉਪਰਾਲੇ ਕੀਤੇ ਹਨ। ਕਰਮਨ ਸ਼ਹਿਰ ਵਿਚ ਵਾਲੰਟੀਅਰ ਵਜੋਂ ਉਨ੍ਹਾਂ ਵੀਕਐਂਡ ਪੰਜਾਬੀ ਸਕੂਲ ਦੀ ਸ਼ੁਰੂਆਤ ਅਤੇ ਸੇਵਾਵਾਂ ਪ੍ਰਦਾਨ ਕੀਤੀਆਂ ਤਾਂ ਜੋ ਬੱਚਿਆਂ ਨੂੰ ਇੱਥੋਂ ਦੀ ਪੜ੍ਹਾਈ ਦੇ ਨਾਲ-ਨਾਲ ਆਪਣੇ ਧਰਮ ਅਤੇ ਸੱਭਿਆਚਾਰਕ ਵਿਰਸੇ ਨਾਲ ਜੋੜਿਆ ਜਾ ਸਕੇ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਬੱਚਿਆਂ ਦੇ ਸੁਨਹਿਰੇ ਭਵਿੱਖ ਅਤੇ ਆ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਹਰ ਸੰਭਵ ਯਤਨ ਕਰਨਗੇ। ਸੋ ਸਮੁੱਚੇ ਭਾਈਚਾਰੇ ਨੂੰ ਡਾ. ਸਿੱਧੂ ਨੂੰ ਵੋਟ ਪਾਉਣ ਲਈ ਅਪੀਲ ਕੀਤੀ ਗਈ ਹੈ।

# ਪੰਜਾਬੀ ਆਪਣੀ ਵਿਦਵਤਾ ਭਰਪੂਰ ਵਿਰਾਸਤ ਨੂੰ ਅਣਗੌਲਿਆ ਕਰ ਰਹੇ ਹਨ: ਹਰਪਾਲ ਸਿੰਘ ਪੰਨੂ

**ਪਟਿਆਲਾ:** ਭਾਸ਼ਾ ਵਿਭਾਗ ਪੰਜਾਬ ਵੱਲੋਂ ਆਪਣੇ ਅਧਿਕਾਰੀਆਂ ਤੇ ਕਰਮਚਾਰੀਆਂ 'ਚ ਪੁਸਤਕ ਰੁਚੀ ਪ੍ਰਫੁੱਲਿਤ ਕਰਨ ਹਿੱਤ ਚਲਾਈ

**ਪ੍ਰੋ. ਹਰਪਾਲ ਸਿੰਘ ਪੰਨੂ ਨੇ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਅਪੀਲ ਕੀਤੀ ਕਿ ਉਹ ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਲੋਕਾਂ ਅੱਗੇ ਖ਼ੁਦ ਮਿਸਾਲ ਬਣਨ।**

ਮੁਹਿੰਮ ਤਹਿਤ ਮਹੀਨਾਵਾਰ 'ਪੁਸਤਕ ਮਿਲਣੀ' ਕਰਵਾਈ ਗਈ। ਜਿਸ ਦੌਰਾਨ ਉੱਘੇ ਵਿਦਵਾਨ ਪ੍ਰੋ. ਹਰਪਾਲ ਸਿੰਘ ਪੰਨੂ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਡਾਇਰੈਕਟਰ ਭਾਸ਼ਾਵਾਂ ਸ. ਜਸਵੰਤ ਸਿੰਘ ਜ਼ਫ਼ਰ ਨੇ ਆਪਣੇ ਸਵਾਗਤੀ ਭਾਸ਼ਣ ਦੌਰਾਨ ਕਿਹਾ ਕਿ ਡਿਜੀਟਲ ਯੁੱਗ 'ਚ ਕਿਤਾਬਾਂ ਹਰ ਥਾਂ ਸਾਡੇ ਅੰਗ-ਸੰਗ ਰਹਿੰਦੀਆਂ ਹਨ ਜਿਸ ਕਰਕੇ ਪੜ੍ਹਨੀਆਂ ਬਹੁਤ ਸੌਖੀਆਂ ਹੋ ਗਈਆਂ ਹਨ। ਇਹਨਾਂ ਨੂੰ ਅਸੀਂ ਕਿਸੇ ਵੀ ਸਮੇਂ ਤੇ ਕਿਸੇ ਵੀ ਥਾਂ ਫੋਨ ਜਾਂ ਆਈਪੈਡ ਜ਼ਰੀਏ ਪੜ੍ਹ ਸਕਦੇ ਹਾਂ, ਲੋੜ ਹੈ ਸਿਰਫ਼ ਰੁਚੀ ਦੀ। ਪ੍ਰੋ. ਹਰਪਾਲ ਸਿੰਘ ਪੰਨੂ ਵਰਗੀਆਂ ਸ਼ਖ਼ਸੀਅਤਾਂ ਪੁਸਤਕਾਂ ਪੜ੍ਹ-ਪੜ੍ਹ ਕੇ ਖੁਦ ਗਿਆਨ ਦਾ ਸਮੁੰਦਰ ਬਣ ਗਈਆਂ ਹਨ। ਉਨ੍ਹਾਂ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਅਪੀਲ ਕੀਤੀ ਕਿ ਉਹ ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਲੋਕਾਂ ਅੱਗੇ ਖ਼ੁਦ ਮਿਸਾਲ ਬਣਨ।

ਪ੍ਰੋ. ਹਰਪਾਲ ਸਿੰਘ ਪੰਨੂ ਨੇ ਕਿਹਾ ਕਿ ਅਸੀਂ ਉਸ ਧਰਤੀ ਦੇ



**ਡਾਇਰੈਕਟਰ ਭਾਸ਼ਾਵਾਂ ਸ. ਜਸਵੰਤ ਸਿੰਘ ਜ਼ਫ਼ਰ, ਪ੍ਰੋ. ਹਰਪਾਲ ਸਿੰਘ ਪੰਨੂ ਦਾ ਸਨਮਾਨ ਕਰਦੇ ਹੋਏ।**

ਜਾਏ ਹਾਂ ਜਿੱਥੋਂ ਦੇ ਪੁਰਖਿਆਂ ਨੇ ਉਸ ਵੇਲੇ ਵੇਦਾਂ ਦੀ ਰਚਨਾ ਕਰ ਦਿੱਤੀ ਸੀ ਜਦੋਂ ਬਾਕੀ ਦੁਨੀਆ ਨੂੰ ਅਜੇ ਲਿਬਾਸ ਪਹਿਨਣ ਦੀ ਸੋਝੀ ਨਹੀਂ ਸੀ। ਪਰ ਅਸੀਂ ਆਪਣੀ ਵਿਦਵਤਾ ਭਰੀ ਬੌਧਿਕ ਵਿਰਾਸਤ 'ਤੇ ਹੱਕ ਜਿਤਾਉਣ ਤੋਂ ਵੀ ਗੁਰੇਜ਼ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਸਾਡੇ ਖ਼ਿੱਤੇ 'ਚ ਅਜਿਹੇ ਮਹਾਨ ਗ੍ਰੰਥ ਰਚੇ ਗਏ ਹਨ, ਜਿਨ੍ਹਾਂ ਤੋਂ ਅਨੇਕ ਗ੍ਰੰਥਾਂ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਅਸੀਂ ਆਪਣੇ ਬਹੁਤ ਸਾਰੇ ਅਜਿਹੇ ਗ੍ਰੰਥਾਂ ਤੋਂ ਅਣਜਾਣ ਹਾਂ, ਜਿਨ੍ਹਾਂ ਦਾ ਵਿਦੇਸ਼ੀ ਵਿਦਵਾਨਾਂ ਨੇ ਆਪਣੀਆਂ ਭਾਸ਼ਾਵਾਂ 'ਚ ਤਰਜਮਾ ਕਰਕੇ ਮੁੱਲ ਪਾਇਆ ਹੈ। ਉਨ੍ਹਾਂ ਕਿਹਾ ਕਿ ਅਸੀਂ ਗੁਰੂ ਨਾਨਕ ਦੇਵ ਜੀ ਵਰਗੇ ਦਾਨਿਸ਼ਵਰਾਂ ਦੇ ਵਾਰਿਸ ਹਾਂ ਜਿਨ੍ਹਾਂ ਨੇ ਹਮੇਸ਼ਾਂ ਆਪਣੇ ਨਾਲ ਕਲਮ, ਦਵਾਤ ਤੇ ਲਿਖਣ ਲਈ ਪੱਤਰੇ ਰੱਖੇ।

ਪੁਸਤਕਾਂ ਪੜ੍ਹਨ ਬਾਰੇ ਉਨ੍ਹਾਂ ਕਿਹਾ ਕਿ ਕਿਤਾਬ ਇੱਕ ਖਜ਼ਾਨਾ ਹੁੰਦੀ ਹੈ। ਚੰਗੇ ਗੀਤ ਵਾਂਗ ਚੰਗੀ ਪੁਸਤਕ ਵਾਰ-ਵਾਰ ਪੜ੍ਹਨੀ ਚਾਹੀਦੀ ਹੈ ਜੋ ਸਾਨੂੰ ਜੀਵਨ ਜਾਚ ਸਿਖਾਉਂਦੀ ਹੈ।ਅਖੀਰ 'ਚ ਪ੍ਰੋ. ਹਰਪਾਲ ਸਿੰਘ ਪੰਨੂ ਦਾ ਵਿਭਾਗੀ ਸ਼ਾਲ ਤੇ ਕਿਤਾਬਾਂ ਦੇ ਸੈੱਟ ਨਾਲ ਸਨਮਾਨ ਕੀਤਾ ਗਿਆ। ਮੰਚ ਸੰਚਾਲਨ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਕੀਤਾ। ਇਸ ਮੌਕੇ ਵਿਭਾਗ ਦੀ ਵਧੀਕ ਡਾਇਰੈਕਟਰ ਚੰਦਨਦੀਪ ਕੌਰ, ਡਿਪਟੀ ਡਾਇਰੈਕਟਰ ਆਲੋਕ ਚਾਵਲਾ, ਸਹਾਇਕ ਡਾਇਰੈਕਟਰ ਜਸਪ੍ਰੀਤ ਕੌਰ, ਸੁਰਿੰਦਰ ਕੌਰ, ਇਸ ਮੌਕੇ ਪਦਮਸ਼੍ਰੀ ਪ੍ਰਾਣ ਸੱਭਰਵਾਲ, ਇੰਜੀ. ਜੋਤਿੰਦਰ ਸਿੰਘ, ਡਾ. ਕੁਲਦੀਪ ਸਿੰਘ, ਡਾ. ਮੰਜੂ ਮਿੱਢਾ ਅਰੋੜਾ, ਸ਼ਾਇਰ ਅਵਤਾਰਜੀਤ ਸਿੰਘ, ਅੰਮ੍ਰਿਤਪਾਲ ਸ਼ੈਦਾ, ਗੁਰਮੀਤ ਸਿੰਘ ਤੇ ਗਾਇਕ ਨੀਲੇ ਖਾਂ ਸਮੇਤ ਵੱਡੀ ਗਿਣਤੀ 'ਚ ਸਰੋਤੇ ਹਾਜ਼ਰ ਸਨ।

# ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੋਣ 25 ਅਕਤੂਬਰ ਨੂੰ ਜਲੰਧਰ ਵਿਚ ਹੋਵੇਗੀ

## ਲਖਵਿੰਦਰ ਸਿੰਘ ਜੌਹਲ ਮੁੱਖ ਚੋਣ ਅਧਿਕਾਰੀ, ਸਤਨਾਮ ਸਿੰਘ ਮਾਣਕ ਅਤੇ ਤੇਜਿੰਦਰ ਵਿਰਲੀ ਸਹਾਇਕ ਚੋਣ ਅਧਿਕਾਰੀ ਨਿਯੁਕਤ

**ਚੰਡੀਗੜ੍ਹ:** ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੀ ਤਿੰਨ ਸਾਲਾ ਚੋਣ 25 ਅਕਤੂਬਰ 2026 ਨੂੰ ਜਲੰਧਰ ਦੇ ਦੇਸ਼ ਭਗਤ ਹਾਲ ਵਿਖੇ ਹੋਵੇਗੀ। ਇਸ ਤੋਂ ਪਹਿਲਾਂ ਸਭਾ ਦਾ ਤਿੰਨ ਸਾਲਾ ਇਜਲਾਸ 13 ਸਤੰਬਰ ਨੂੰ ਇਸੇ ਸਥਾਨ 'ਤੇ ਹੋਵੇਗਾ, ਜਿਸ ਵਿਚ ਸਭਾ ਦੀਆਂ ਪਿਛਲੇ ਤਿੰਨ ਸਾਲਾਂ ਦੀਆਂ ਜਥੇਬੰਦਕ ਤੇ ਸਾਹਿਤਕ ਸਰਗਰਮੀਆਂ ਦੀ ਰਿਪੋਰਟ ਅਤੇ ਵਿੱਤੀ ਰਿਪੋਰਟ ਪੇਸ਼ ਕੀਤੀ ਜਾਵੇਗੀ। ਇਜਲਾਸ ਵਿਚ ਸਮਕਾਲੀ ਦੌਰ ਵਿਚ ਲੇਖਕਾਂ ਅਤੇ ਚਿੰਤਕਾਂ ਦੀ ਭੂਮਿਕਾ ਬਾਰੇ ਪ੍ਰੋ. ਜੈਪਾਲ ਮੁੱਖ ਵਕਤਾ ਵਜੋਂ ਸੰਬੋਧਨ ਕਰਨਗੇ।

ਇੱਥੋਂ ਇਹ ਜਾਣਕਾਰੀ ਜਾਰੀ ਕਰਦਿਆਂ ਸਭਾ ਦੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ ਅਤੇ ਦਫ਼ਤਰ ਸਕੱਤਰ ਦੀਪ ਦੇਵਿੰਦਰ ਸਿੰਘ ਨੇ ਦੱਸਿਆ ਕਿ ਚੋਣ ਨੂੰ ਸੁਚੱਜੇ, ਨਿਰਪੱਖ ਅਤੇ ਜਮਹੂਰੀ ਢੰਗ ਨਾਲ ਕਰਵਾਉਣ ਲਈ ਡਾ. ਲਖਵਿੰਦਰ ਸਿੰਘ ਜੌਹਲ ਨੂੰ ਮੁੱਖ ਚੋਣ ਅਧਿਕਾਰੀ ਅਤੇ ਸਤਨਾਮ ਸਿੰਘ ਮਾਣਕ ਤੇ ਡਾ. ਤੇਜਿੰਦਰ ਵਿਰਲੀ ਨੂੰ ਸਹਾਇਕ ਚੋਣ







ਅਧਿਕਾਰੀ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਸਾਰੇ ਫ਼ੈਸਲੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੀ ਕਾਰਜਕਾਰਨੀ ਦੀ ਮੀਟਿੰਗ ਵਿਚ ਸਰਬਸੰਮਤੀ ਨਾਲ ਲਏ ਗਏ। ਮੀਟਿੰਗ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਅਤੇ ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਕੁਹਾੜ ਨੇ ਕੀਤੀ।

ਉਨ੍ਹਾਂ ਦੱਸਿਆ ਕਿ 13 ਸਤੰਬਰ ਨੂੰ ਹੋਣ ਵਾਲੇ ਤਿੰਨ ਸਾਲਾ ਇਜਲਾਸ ਵਿਚ ਪਿਛਲੇ ਤਿੰਨ ਸਾਲਾਂ ਦੌਰਾਨ ਸਭਾ ਵੱਲੋਂ ਕੀਤੀਆਂ ਗਈਆਂ ਜਥੇਬੰਦਕ ਅਤੇ ਸਾਹਿਤਕ ਸਰਗਰਮੀਆਂ ਦਾ ਵਿਸਥਾਰਤ ਲੇਖਾ-ਜੋਖਾ ਮੈਂਬਰਾਂ ਸਾਹਮਣੇ ਰੱਖਿਆ ਜਾਵੇਗਾ। ਇਸ ਦੇ ਨਾਲ ਸਭਾ ਦੀ ਵਿੱਤੀ ਸਥਿਤੀ ਅਤੇ ਇਸ ਸਮੇਂ ਦੌਰਾਨ ਹੋਏ ਆਮਦਨ-ਖ਼ਰਚ ਦਾ ਵੇਰਵਾ ਵੀ ਪੇਸ਼ ਕੀਤਾ ਜਾਵੇਗਾ। ਜਨਰਲ ਸਕੱਤਰ ਵੱਲੋਂ ਸਭਾ ਦੀਆਂ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਇਜਲਾਸ ਦਾ ਕੇਂਦਰੀ ਵਿਸ਼ਾ ਸਿਰਫ਼ ਸਭਾ ਦੀ ਪਿਛਲੀ ਕਾਰਗੁਜ਼ਾਰੀ ਦਾ ਮੁਲਾਂਕਣ ਨਹੀਂ ਹੋਵੇਗਾ, ਸਗੋਂ ਮੌਜੂਦਾ ਸਮਾਜਿਕ, ਰਾਜਨੀਤਕ ਅਤੇ ਸੱਭਿਆਚਾਰਕ ਪ੍ਰਸਥਿਤੀਆਂ ਵਿਚ ਲੇਖਕਾਂ ਅਤੇ ਚਿੰਤਕਾਂ ਦੀ ਭੂਮਿਕਾ ਬਾਰੇ ਵੀ ਵਿਚਾਰ-ਵਟਾਂਦਰਾ ਹੋਵੇਗਾ। ਇਸੇ ਸੰਦਰਭ ਵਿਚ ਪ੍ਰੋ. ਜੈਪਾਲ 'ਸਮਕਾਲ ਵਿਚ ਲੇਖਕਾਂ, ਚਿੰਤਕਾਂ ਦੀ ਜ਼ਿੰਮੇਵਾਰੀ' ਵਿਸ਼ੇ 'ਤੇ ਮੁੱਖ ਵਕਤਾ ਵਜੋਂ ਆਪਣੇ ਵਿਚਾਰ ਪੇਸ਼ ਕਰਨਗੇ।

ਸਭਾ ਦੇ ਆਗੂਆਂ ਨੇ ਦੱਸਿਆ ਕਿ 25 ਅਕਤੂਬਰ ਦੀ ਚੋਣ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਜਥੇਬੰਦਕ ਪ੍ਰਕਿਰਿਆ ਦਾ ਅਹਿਮ ਪੜਾਅ ਹੋਵੇਗੀ। ਦੇਸ਼-ਵਿਦੇਸ਼ ਦੀਆਂ ਸਬੰਧਿਤ ਸਾਹਿਤਕ ਸਭਾਵਾਂ ਅਤੇ ਉਨ੍ਹਾਂ ਦੇ ਨੁਮਾਇੰਦੇ ਇਸ ਚੋਣ ਪ੍ਰਕਿਰਿਆ ਵਿਚ ਹਿੱਸਾ ਲੈਣਗੇ। ਸਭਾ ਦੀ ਕਾਰਜਕਾਰਨੀ ਨੇ ਚੋਣ ਅਧਿਕਾਰੀਆਂ ਦੀ ਨਿਯੁਕਤੀ ਕਰਦਿਆਂ ਚੋਣ ਪ੍ਰਕਿਰਿਆ ਨੂੰ ਪਾਰਦਰਸ਼ੀ, ਨਿਰਪੱਖ ਅਤੇ ਜਮਹੂਰੀ ਢੰਗ ਨਾਲ ਨੇਪਰੇ ਚਾੜ੍ਹਨ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਹੈ।

# ਸਾਫ਼ ਹਵਾ ਦੇ ਮਾਮਲੇ 'ਚ ਪੰਜਾਬ ਫਾਡੀ ਅਤੇ ਚੰਡੀਗੜ੍ਹ ਸੱਤਵੇਂ ਨੰਬਰ 'ਤੇ

**ਨਵੀਂ ਦਿੱਲੀ:** ਹਵਾ ਨੂੰ ਸਾਫ਼ ਕਰਨ ਨਾਲ ਜੁੜੀਆਂ ਪਹਿਲਕਦਮੀਆਂ ਅਪਣਾਉਣ 'ਚ 10 ਲੱਖ ਤੋਂ ਵੱਧ ਆਬਾਦੀ ਵਾਲੇ ਸ਼ਹਿਰਾਂ 'ਚ ਲਖਨਊ ਨੇ ਇੰਦੌਰ ਨੂੰ ਪਛਾੜ ਕੇ ਸਿਖਰਲਾ ਸਥਾਨ ਹਾਸਲ ਕੀਤਾ ਹੈ। ਇਸ ਸ਼੍ਰੇਣੀ 'ਚ ਦੂਜੇ ਸਥਾਨ 'ਤੇ ਇੰਦੌਰ ਤੇ ਤੀਜੇ ਸਥਾਨ 'ਤੇ ਜਬਲਪੁਰ ਰਿਹਾ ਹੈ। ਇਸ ਦੇ ਨਾਲ ਹੀ ਇਨ੍ਹਾਂ ਸਾਰੇ ਸ਼ਹਿਰਾਂ ਦੀ ਹਵਾ 'ਚ ਕਾਫ਼ੀ ਸੁਧਾਰ ਵੀ ਦਰਜ ਕੀਤਾ ਗਿਆ ਹੈ। ਹਾਲਾਂਕਿ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਦਾ ਸੰਦੇਸ਼ ਵਾਲੀ ਧਰਤੀ ਪੰਜਾਬ ਦਾ ਕੋਈ ਵੀ ਸ਼ਹਿਰ ਇਸ ਸਰਵੇਖਣ 'ਚ ਟਾਪ 10 'ਚ ਨਹੀਂ ਆਇਆ। ਪੰਜਾਬ ਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਨੇ ਸੱਤਵਾਂ ਸਥਾਨ ਹਾਸਲ ਕੀਤਾ ਹੈ। ਇਸ ਸਰਵੇਖਣ 'ਚ ਪੰਜਾਬ ਦੇ ਡੇਰਾ ਬੱਸੀ, ਗੋਬਿੰਦਗੜ੍ਹ, ਜਲੰਧਰ, ਖੰਨਾ, ਲੁਧਿਆਣਾ, ਨਇਆ ਨੰਗਲ, ਪਟਿਆਲਾ, ਪਠਾਨਕੋਟ/ਡੇਰਾਬਾਬਾ ਨਾਨਕ ਤੇ ਅੰਮ੍ਰਿਤਸਰ ਸ਼ਾਮਲ ਸਨ। ਇਸ 'ਚ ਅੰਮ੍ਰਿਤਸਰ ਸ਼ਹਿਰ (163 ਅੰਕ) 25ਵੇਂ ਅਤੇ ਲੁਧਿਆਣਾ (1512 ਅੰਕ) 33ਵੇਂ ਸਥਾਨ 'ਤੇ ਰਿਹਾ। ਸਵੱਛ ਹਵਾ ਸਰਵੇਖਣ 2025 'ਚ ਇੰਦੌਰ ਸਿਖਰ 'ਤੇ ਸੀ, ਜਦਕਿ ਲਖਨਊ 22ਵੇਂ ਸਥਾਨ 'ਤੇ ਸੀ। ਉੱਥੇ ਦੂਜੇ ਸਥਾਨ 'ਤੇ ਜਬਲਪੁਰ ਤੇ ਤੀਜੇ ਸਥਾਨ 'ਤੇ ਆਗਰਾ ਸੀ। ਇਸ ਵਾਰ ਆਗਰਾ ਪੰਜਵੇਂ ਸਥਾਨ 'ਤੇ ਖਿਸਕ ਗਿਆ ਹੈ। ਸਵੱਛ ਹਵਾ ਸਰਵੇਖਣ 'ਚ ਇਸ ਵਾਰ ਨਗਰ ਨਿਕਾਏ ਦੇ ਵਾਰਡਾਂ ਨੂੰ ਵੀ ਸ਼ਾਮਲ ਕੀਤਾ ਗਿਆ ਸੀ।ਇਨ੍ਹਾਂ 'ਚ ਵੀ 30 ਹਜ਼ਾਰ ਤੋਂ ਵੱਧ ਆਬਾਦੀ ਵਾਲੇ ਵਾਰਡਾਂ 'ਚ ਲਖਨਊ ਦੇ ਵਾਰਡ ਨੰਬਰ-70 ਨੇ ਸਿਖਰਲਾ ਸਥਾਨ ਹਾਸਲ ਕੀਤਾ ਹੈ। ਵੱਡੇ ਸ਼ਹਿਰਾਂ 'ਚ ਦਿੱਲੀ 32ਵੇਂ ਸਥਾਨ ਤੋਂ 21ਵੇਂ ਸਥਾਨ 'ਤੇ ਆ ਗਈ ਹੈ।



ਜੰਗਲਾਤ ਤੇ ਵਾਤਾਵਰਨ ਮੰਤਰਾਲੇ ਨੇ ਸਵੱਛ ਹਵਾ ਦਿਵਸ ਮੌਕੇ ਰਾਸ਼ਟਰੀ ਸਵੱਛ ਹਵਾ ਪ੍ਰੋਗਰਾਮ (ਐੱਨਸੀਏਪੀ) 'ਚ ਸ਼ਾਮਲ ਦੇਸ਼ ਦੇ 130 ਸ਼ਹਿਰਾਂ 'ਚ ਹਵਾ ਦੀ ਗੁਣਵੱਤਾ 'ਚ ਸੁਧਾਰ ਲਈ ਚੁੱਕੇ ਗਏ ਕਦਮਾਂ ਤੇ ਪਿਛਲੇ ਸਾਲਾਂ 'ਚ ਹੋਏ ਸੁਧਾਰ ਨੂੰ ਲੈ ਕੇ ਸਵੱਛ ਹਵਾ ਸਰਵੇਖਣ-2026 ਦੀ ਰੈਂਕਿੰਗ ਜਾਰੀ ਕੀਤੀ। ਇਸ 'ਚ ਵੱਖ-ਵੱਖ ਸ਼੍ਰੇਣੀਆਂ 'ਚ ਸ਼ਾਮਲ 10 ਸ਼ਹਿਰਾਂ ਤੇ ਇੰਨੀ ਹੀ ਗਿਣਤੀ 'ਚ ਵਾਰਡਾਂ ਨੂੰ ਵੀ ਪੁਰਸਕਾਰ ਦਿੱਤੇ ਗਏ ਹਨ। ਸਰਵੇਖਣ 'ਚ ਐਨਸੀਏਪੀ 'ਚ ਸ਼ਾਮਲ ਤਿੰਨ ਤੋਂ 10 ਲੱਖ ਦੀ ਆਬਾਦੀ ਵਾਲੇ ਸ਼ਹਿਰਾਂ 'ਚ ਇਸ ਵਾਰ ਪਹਿਲੇ ਸਥਾਨ 'ਤੇ ਰਾਊਰਕੇਲਾ, ਦੂਜੇ ਸਥਾਨ 'ਤੇ ਫਿਰੋਜ਼ਾਬਾਦ ਤੇ ਗੁੰਟੂਰ ਰਹੇ, ਜਦਕਿ ਤੀਜੇ ਸਥਾਨ 'ਤੇ ਅਮਰਾਵਤੀ ਰਿਹਾ। ਉੱਥੇ, ਤਿੰਨ ਲੱਖ ਤੋਂ ਘੱਟ ਆਬਾਦੀ ਵਾਲੇ ਸ਼ਹਿਰਾਂ 'ਚ ਪਹਿਲੇ ਸਥਾਨ 'ਤੇ ਕਲਿੰਗ ਨਗਰ, ਦੂਜੇ ਸਥਾਨ 'ਤੇ ਅੰਗੁਲ ਤੇ ਤੀਜੇ ਸਥਾਨ 'ਤੇ ਤਾਲਚੇਰ ਰਿਹਾ।ਖ਼ਾਸ ਗੱਲ ਇਹ ਹੈ ਕਿ ਤਿੰਨੇ ਹੀ ਸ਼ਹਿਰ ਓਡੀਸ਼ਾ ਦੇ ਹਨ। ਜ਼ਿਕਰਯੋਗ ਹੈ ਕਿ ਰਾਸ਼ਟਰੀ ਸਵੱਛ ਹਵਾ ਪ੍ਰੋਗਰਾਮ ਤਹਿਤ ਦੇਸ਼ ਦੇ 130 ਸ਼ਹਿਰਾਂ 'ਤੇ ਹੁਣ ਤੱਕ ਕੇਂਦਰ ਸਰਕਾਰ 16 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਰਕਮ ਖ਼ਰਚ ਕਰ ਚੁੱਕੀ ਹੈ। ਐੱਨਸੀਏਪੀ 'ਚ ਸ਼ਾਮਲ 130 ਸ਼ਹਿਰਾਂ ਦੀ ਜਿਨ੍ਹਾਂ ਮਾਪਦੰਡਾਂ ਦੇ ਆਧਾਰ 'ਤੇ ਇਹ ਰੈਂਕਿੰਗ ਤਿਆਰ ਕੀਤੀ ਗਈ, ਉਨ੍ਹਾਂ 'ਚ ਕੂੜਾ ਸਾੜਨ ਤੋਂ ਰੋਕਣਾ, ਸੜਕਾਂ ਤੋਂ ਉੱਠਣ ਵਾਲੀ ਧੂੜ ਨੂੰ ਘਟਾਉਣਾ, ਉਸਾਰੀ ਕਾਰਜਾਂ ਤੋਂ ਉੱਠਣ ਵਾਲੀ ਧੂੜ ਅਤੇ ਕੂੜੇ ਦਾ ਪ੍ਰਬੰਧਨ, ਵਾਹਨਾਂ ਦੇ ਪ੍ਰਦੂਸ਼ਣ 'ਚ ਕਮੀ ਦੇ ਉਪਾਅ, ਉਦਯੋਗਾਂ ਤੋਂ ਹੋਣ ਵਾਲੇ ਪ੍ਰਦੂਸ਼ਣ ਦੀ ਰੋਕਥਾਮ ਅਤੇ ਪੀਐੱਮ-10 ਦੇ ਮਾਪਦੰਡਾਂ 'ਚ ਬਦਲਾਅ ਵਰਗੇ ਨੁਕਤੇ ਸ਼ਾਮਲ ਕੀਤੇ ਗਏ।

### ਜਲੰਧਰ ਤੇ ਪਟਿਆਲਾ ਨੇ ਜਿੱਤੇ ਖ਼ਿਤਾਬ, ਛੋਟੇ ਸ਼ਹਿਰਾਂ 'ਚ ਨਯਾ ਨੰਗਲ ਅੱਗੇ

3 ਲੱਖ ਤੋਂ 10 ਲੱਖ ਆਬਾਦੀ ਵਾਲੇ ਸ਼ਹਿਰਾਂ ਦੀ ਸ਼੍ਰੇਣੀ 'ਚ ਪਟਿਆਲਾ (165 ਅੰਕ) ਨੇ 25ਵਾਂ ਤੇ ਜਲੰਧਰ (124 ਅੰਕ) ਨੇ 37ਵਾਂ ਸਥਾਨ ਹਾਸਲ ਕੀਤਾ। 3 ਲੱਖ ਤੋਂ ਘੱਟ ਆਬਾਦੀ ਵਾਲੇ ਸ਼ਹਿਰਾਂ 'ਚ ਨਯਾ ਨੰਗਲ 179 ਅੰਕਾਂ ਨਾਲ ਦੇਸ਼ ਭਰ 'ਚ 19ਵੇਂ ਸਥਾਨ 'ਤੇ ਰਿਹਾ। ਖੰਨਾ (163.7 ਅੰਕ) 28ਵੇਂ, ਪਠਾਨਕੋਟ (155 ਅੰਕ) 32ਵੇਂ ਤੇ ਡੇਰਾਬੱਸੀ (110 ਅੰਕ) 37ਵੇਂ ਸਥਾਨ 'ਤੇ ਰਿਹਾ। ਵਾਰਡਾਂ ਦੀ ਸ਼੍ਰੇਣੀ 'ਚ ਅੰਮ੍ਰਿਤਸਰ ਦਾ ਵਾਰਡ ਨੰਬਰ 50 ਤੇ ਜਲੰਧਰ ਦਾ ਵਾਰਡ ਨੰਬਰ 32 ਜੇਤੂ ਰਿਹਾ। 10 ਹਜ਼ਾਰ ਤੋਂ ਘੱਟ ਆਬਾਦੀ ਵਾਲੇ ਵਾਰਡਾਂ ਦੀ ਸ਼੍ਰੇਣੀ 'ਚ ਪਟਿਆਲਾ ਦਾ ਵਾਰਡ ਨੰਬਰ 50 ਜੇਤੂ ਬਣਿਆ।

# ਗਲੇਸ਼ੀਅਰਾਂ ਦਾ ਪਿਘਲਣਾ ਪਹਾੜੀ ਸੂਬਿਆਂ ਲਈ ਵੱਡੀ ਚੁਣੌਤੀ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਸਕੱਤਰ ਦੀ ਅਗਵਾਈ ਹੇਠਾਂ ਪਹਾੜੀ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀ ਉਹ ਮੀਟਿੰਗ, ਜੋ ਗਲੇਸ਼ੀਅਰ ਝੀਲਾਂ ਦੇ ਫਟਣ ਤੇ ਪਹਾੜਾਂ ਦੇ ਖਿਸਕਣ ਦੇ ਖ਼ਤਰਿਆਂ ਨਾਲ ਨਜਿੱਠਣ ਲਈ ਤਿਆਰੀਆਂ ਦੀ ਸਮੀਖਿਆ ਕਰਨ ਲਈ ਕਰਵਾਈ ਗਈ, ਇਸ ਵੇਲੇ ਸਮੇਂ ਦੀ ਲੋੜ ਸੀ। ਨੇਪਾਲ 'ਚ ਗਲੇਸ਼ੀਅਰ ਫਟਣ ਕਾਰਨ ਆਏ ਤਬਾਹੀ ਵਾਲੇ ਹੜ੍ਹ ਤੋਂ ਬਾਅਦ ਇਹ ਜ਼ਰੂਰੀ ਹੋ ਗਿਆ ਸੀ ਕਿ ਪਹਾੜੀ ਖੇਤਰਾਂ ਦੇ ਸੂਬੇ ਅਜਿਹੀ ਕਿਸੇ ਵੀ ਆਫ਼ਤ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੋਣ। ਇਹ ਇਸ ਲਈ ਵੀ ਜ਼ਿਆਦਾ ਜ਼ਰੂਰੀ ਸੀ ਕਿਉਂਕਿ ਪਹਾੜੀ ਸੂਬੇ ਪਹਿਲਾਂ ਹੀ ਮੀਂਹ ਤੇ ਹੜ੍ਹਾਂ ਕਾਰਨ ਪੈਦਾ ਹੋਈਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਇਸ ਗੱਲ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਪਿਛਲੇ ਕੁਝ ਸਾਲਾਂ ਦੌਰਾਨ ਮੀਂਹ ਦੇ ਮੌਸਮ 'ਚ ਪਹਾੜੀ ਨਦੀਆਂ 'ਚ ਹੜ੍ਹ ਆਉਣ ਕਾਰਨ ਪਹਾੜੀ ਰਾਜਾਂ ਨੂੰ ਵੱਡੇ ਪੱਧਰ 'ਤੇ ਜਾਨੀ ਅਤੇ ਮਾਲੀ ਨੁਕਸਾਨ ਝੱਲਣਾ ਪਿਆ ਹੈ।

ਸਿਰਫ਼ ਇਸ ਗੱਲ ਨਾਲ ਸੰਤੁਸ਼ਟ ਨਹੀਂ ਹੋਇਆ ਜਾ ਸਕਦਾ ਕਿ ਗ੍ਰਹਿ ਸਕੱਤਰ ਵੱਲੋਂ ਬੁਲਾਈ ਗਈ ਮੀਟਿੰਗ 'ਚ ਪਹਾੜੀ ਖੇਤਰ ਦੇ ਰਾਜਾਂ ਅਤੇ ਯੂਟੀ ਨੇ ਹਿਮਨਦੀ ਝੀਲਾਂ ਦੀ ਨਿਗਰਾਨੀ ਤੇ ਸ਼ੁਰੂਆਤੀ ਚੇਤਾਵਨੀ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ ਸਬੰਧੀ ਆਪਣੀਆਂ-ਆਪਣੀਆਂ ਤਿਆਰੀਆਂ ਦਾ ਵੇਰਵਾ ਪੇਸ਼ ਕੀਤਾ, ਕਿਉਂਕਿ ਅਜੇ ਹੋਰ ਵੀ ਬਹੁਤ ਕੁਝ ਕਰਨ ਦੀ ਲੋੜ ਹੈ। ਸਭ ਤੋਂ ਪਹਿਲੀ ਲੋੜ ਸਾਰੇ ਗਲੇਸ਼ੀਅਰਾਂ ਦੀ ਲਗਾਤਾਰ ਨਿਗਰਾਨੀ ਦੀ ਹੈ। ਸਿਰਫ਼ ਇਹ ਕਾਫ਼ੀ ਨਹੀਂ ਕਿ ਭਾਰਤ ਆਪਣੇ ਹਿਮਾਲਿਆ ਖੇਤਰ ਦੇ ਗਲੇਸ਼ੀਅਰਾਂ ਦੀ ਨਿਗਰਾਨੀ ਕਰ ਰਿਹਾ ਹੈ, ਕਿਉਂਕਿ ਕਈ ਗਲੇਸ਼ੀਅਰ ਦੂਜੇ ਦੇਸ਼ਾਂ ਦੀਆਂ ਸਰਹੱਦਾਂ ਅੰਦਰ



ਅਜਿਹੀਆਂ ਥਾਵਾਂ 'ਤੇ ਸਥਿਤ ਹਨ ਕਿ ਉਨ੍ਹਾਂ ਦੇ ਫਟਣ ਨਾਲ ਭਾਰਤ ਦੇ ਪਹਾੜੀ ਰਾਜਾਂ ਨੂੰ ਵਧੇਰੇ ਖ਼ਤਰਾ ਹੋ ਸਕਦਾ ਹੈ। ਬਿਲਕੁਲ ਉਸੇ ਤਰ੍ਹਾਂ, ਜਿਵੇਂ ਨੇਪਾਲ ਦੀਆਂ ਨਦੀਆਂ 'ਚ ਆਇਆ ਹੜ੍ਹ ਤਿੱਬਤ ਦੇ ਹਿਮਾਲਿਆ ਖੇਤਰ 'ਚ ਗਲੇਸ਼ੀਅਰ ਫਟਣ ਕਾਰਨ ਆਇਆ ਸੀ। ਬਦਕਿਸਮਤੀ ਨਾਲ ਚੀਨ ਨੇ ਨੇਪਾਲ ਨੂੰ ਗਲੇਸ਼ੀਅਰ ਫਟਣ ਦੀ ਸਮੇਂ ਸਿਰ ਜਾਣਕਾਰੀ ਨਹੀਂ ਦਿੱਤੀ। ਚੀਨ ਇਸ ਮਾਮਲੇ 'ਚ ਪਹਿਲਾਂ ਵੀ ਸੁਸਤੀ ਅਤੇ ਉਦਾਸੀਨਤਾ ਦਾ ਪ੍ਰਗਟਾਵਾ ਕਰ ਚੁੱਕਾ ਹੈ। ਅਜਿਹੇ 'ਚ ਇਹ ਜ਼ਰੂਰੀ ਹੈ ਕਿ ਭਾਰਤ, ਨੇਪਾਲ ਅਤੇ ਭੂਟਾਨ ਮਿਲ ਕੇ ਚੀਨ 'ਤੇ ਇਸ ਗੱਲ ਲਈ ਦਬਾਅ ਬਣਾਉਣ ਕਿ ਗਲੇਸ਼ੀਅਰਾਂ ਦੀ ਨਿਗਰਾਨੀ ਲਈ ਕੋਈ ਸਾਂਝੀ ਵਿਵਸਥਾ ਕਾਇਮ ਕੀਤੀ ਜਾਵੇ। ਹੁਣ ਜਦੋਂ ਇਹ ਸਪੱਸ਼ਟ ਹੈ ਕਿ ਗਲੋਬਲ ਵਾਰਮਿੰਗ ਕਾਰਨ ਗਲੇਸ਼ੀਅਰ ਕਿਤੇ ਵੱਧ ਤੇਜ਼ੀ ਨਾਲ ਪਿਘਲ ਰਹੇ ਹਨ ਤਾਂ ਉਨ੍ਹਾਂ ਦੀ ਨਿਰੰਤਰ ਨਿਗਰਾਨੀ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਇਹ ਵੀ ਸਹੀ ਸਮਾਂ ਹੈ ਕਿ ਉੱਤਰਾਖੰਡ, ਹਿਮਾਚਲ ਪ੍ਰਦੇਸ਼, ਸਿੱਕਮ, ਅਰੁਣਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਨੂੰ ਧਿਆਨ 'ਚ ਰੱਖ ਕੇ ਸ਼ੁਰੂ ਕੀਤੀ ਗਈ ਗਲੇਸ਼ੀਅਲ ਲੇਕ ਆਊਟਬਰਸਟ ਫਲੱਡ ਸਬੰਧੀ ਯੋਜਨਾ ਦੀ ਸਮੀਖਿਆ ਕੀਤੀ ਜਾਵੇ। ਇਸ ਦੇ ਨਾਲ ਹੀ ਹਿਮਾਲਿਆ ਸੂਬਿਆਂ 'ਚ ਡੈਮਾਂ, ਬਿਜਲੀ ਪ੍ਰੋਜੈਕਟਾਂ, ਸੜਕਾਂ ਅਤੇ ਸੁਰੰਗਾਂ ਦੇ ਨਿਰਮਾਣ ਨਾਲ ਸਬੰਧਤ ਯੋਜਨਾਵਾਂ ਦਾ ਵੀ ਇਸ ਨਜ਼ਰੀਏ ਤੋਂ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ ਕਿ ਕਿਤੇ ਇਹ ਪਹਾੜੀ ਖੇਤਰ ਦੇ ਵਾਤਾਵਰਨਿਕ ਤੰਤਰ ਨੂੰ ਪ੍ਰਭਾਵਿਤ ਤਾਂ ਨਹੀਂ ਕਰ ਰਹੀਆਂ। ਇਸ ਦੇ ਨਾਲ ਹੀ ਹਿਮਾਲਿਆ ਵਾਲੇ ਸੂਬਿਆਂ 'ਚ ਨਦੀਆਂ ਦੇ ਕੰਢਿਆਂ 'ਤੇ ਹੋ ਰਹੀਆਂ ਬਸਤੀਆਂ ਨੂੰ ਲਾਜ਼ਮੀ ਤੌਰ 'ਤੇ ਰੋਕਿਆ ਜਾਣਾ ਚਾਹੀਦਾ ਹੈ। ਇਹ ਠੀਕ ਨਹੀਂ ਕਿ ਨਦੀਆਂ ਦੇ ਕੰਢਿਆਂ 'ਤੇ ਘਰਾਂ ਦੇ ਨਾਲ-ਨਾਲ ਹੋਟਲ ਅਤੇ ਰਿਜ਼ੋਰਟ ਆਦਿ ਵੀ ਬਣਾਏ ਜਾ ਰਹੇ ਹਨ।

# ਲਹਿੰਦੇ ਪੰਜਾਬ ਨੂੰ ਭਾਰਤ ਨਾਲੋਂ ਵੱਧ ਆਪਣੇ ਗੁਆਂਢੀ ਸੂਬਿਆਂ ਤੋਂ ਖ਼ਤਰਾ: ਮਰੀਅਮ ਨਵਾਜ਼

**ਲਹੌਰ:** ਲਹਿੰਦੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਦੇ ਇਕ ਬਿਆਨ ਨੇ ਪਾਕਿਸਤਾਨ ਦੇ ਸਿਆਸੀ ਗਲਿਆਰਿਆਂ 'ਚ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ ਹੈ। ਲਾਹੌਰ 'ਚ ਪ੍ਰੋਵਿੰਸ਼ੀਅਲ ਇੰਟੈਲੀਜੈਂਸ ਫਿਊਜ਼ਨ ਐਂਡ ਥ੍ਰੈਟ ਅਸੈਸਮੈਂਟ



ਸੈਂਟਰ ਦੇ ਉਦਘਾਟਨੀ ਸਮਾਗਮ ਦੌਰਾਨ ਉਨ੍ਹਾਂ ਦਾਅਵਾ ਕੀਤਾ ਕਿ ਪਾਕਿ ਦੇ ਪੰਜਾਬ ਸੂਬੇ ਨੂੰ ਗੁਆਂਢੀ ਦੇਸ਼ ਭਾਰਤ ਦੇ ਮੁਕਾਬਲੇ ਪਾਕਿਸਤਾਨ ਦੇ ਹੀ ਆਪਣੇ ਗੁਆਂਢੀ ਸੂਬਿਆਂ ਤੋਂ ਜ਼ਿਆਦਾ ਖ਼ਤਰਾ ਹੈ। ਮਰੀਅਮ ਨਵਾਜ਼ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਦਕਿਸਮਤੀ ਨਾਲ ਲਹਿੰਦੇ ਪੰਜਾਬ 'ਚ ਅੱਤਵਾਦ ਪਾਕਿ ਵਿਚਲੇ ਹੀ ਇਸ ਦੇ ਆਪਣੇ ਗੁਆਂਢੀ ਸੂਬਿਆਂ ਤੋਂ ਆਉਂਦਾ ਹੈ। ਜ਼ਿਕਰਯੋਗ ਕਿ ਲਹਿੰਦੇ ਪੰਜਾਬ ਦੀ ਪੂਰਬੀ ਸਰਹੱਦ ਭਾਰਤ ਨਾਲ ਲੱਗਦੀ ਹੈ, ਜਦਕਿ ਦੂਜੀਆਂ ਹੱਦਾਂ ਸਿੰਧ, ਬਲੋਚਿਸਤਾਨ ਅਤੇ ਖ਼ੈਬਰ . ਪਖ਼ਤੂਨਖ਼ਵਾ ਸੂਬਿਆਂ ਨਾਲ ਜੁੜਦੀਆਂ ਹਨ। ਇਸ ਦੌਰਾਨ ਹੈ

ਖ਼ੈਬਰ ਪਖ਼ਤੂਨਖ਼ਵਾ ਸੂਬੇ ਦੇ ਮੁੱਖ ਮੰਤਰੀ ਸੁਹੇਲ ਅਫ਼ਰੀਦੀ ਨੇ ਦੋਸ਼ ਲਗਾਇਆ ਹੈ ਕਿ ਮਰੀਅਮ ਨਵਾਜ਼ ਦੇ ਇਸ ਬਿਆਨ ਨੇ ਕੌਮਾਂਤਰੀ ਪੱਧਰ 'ਤੇ ਅੱਤਵਾਦ ਵਿਰੁੱਧ ਪਾਕਿ ਦੇ ਪੱਖ ਨੂੰ ਕਮਜ਼ੋਰ ਕੀਤਾ ਹੈ। ਨੈਸ਼ਨਲ ਅਸੈਂਬਲੀ ਦੇ ਸਾਬਕਾ ਸਪੀਕਰ ਅਸਦ ਕੈਸਰ ਨੇ ਕਿਹਾ ਕਿ ਖ਼ੈਬਰ ਪਖ਼ਤੂਨਖ਼ਵਾ ਦੇ ਲੋਕਾਂ ਤੇ ਪੁਲਿਸ ਨੇ ਦਹਾਕਿਆਂ ਤੋਂ ਅੱਤਵਾਦ ਖ਼ਿਲਾਫ਼ ਸਭ ਤੋਂ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ। ਸਾਬਕਾ ਸੰਸਦ ਮੈਂਬਰ ਮੋਹਸਿਨ ਡਾਵਰ ਨੇ ਇਲਜ਼ਾਮ ਲਗਾਇਆ ਕਿ ਅੱਤਵਾਦ ਪੰਜਾਬੀ ਉੱਚ-ਵਰਗ ਦੀਆਂ ਨੀਤੀਆਂ ਦੀ ਹੀ ਪੈਦਾਇਸ਼ ਹੈ। ਬਲੋਚਿਸਤਾਨ ਤੋਂ ਪੀ. ਪੀ. ਪੀ. (ਪਾਕਿਸਤਾਨ ਪੀਪਲਜ਼ ਪਾਰਟੀ) ਦੇ ਸੰਸਦੀ ਮੈਂਬਰ ਨਵਾਬਜ਼ਾਦਾ ਜਮਾਲ ਖ਼ਾਨ ਰਈਸਾਨੀ ਨੇ ਕਿਹਾ ਕਿ 'ਲਹਿੰਦੇ ਪੰਜਾਬ ਨੂੰ ਗੁਆਂਢੀ ਸੂਬਿਆਂ ਜਾਂ ਉੱਥੋਂ ਦੇ ਲੋਕਾਂ ਤੋਂ ਖ਼ਤਰਾ ਨਹੀਂ, ਸਗੋਂ ਮਰੀਅਮ ਨਵਾਜ਼ ਦੀ ਸੋਚ ਤੋਂ ਖ਼ਤਰਾ ਹੈ।

> **ਸੁਹੇਲ ਅਫ਼ਰੀਦੀ ਨੇ ਦੋਸ਼ ਲਗਾਇਆ ਹੈ ਕਿ ਮਰੀਅਮ ਨਵਾਜ਼ ਦੇ ਇਸ ਬਿਆਨ ਨੇ ਕੌਮਾਂਤਰੀ ਪੱਧਰ 'ਤੇ ਅੱਤਵਾਦ ਵਿਰੁੱਧ ਪਾਕਿ ਦੇ ਪੱਖ ਨੂੰ ਕਮਜ਼ੋਰ ਕੀਤਾ ਹੈ।**

# ਅੰਮ੍ਰਿਤਸਰ ਹਵਾਈ ਅੱਡੇ 'ਤੇ ਦਿਸੇ ਡ੍ਰੋਨ

## ਸੱਤ ਉਡਾਨਾਂ ਦੇ ਰਾਹ ਬਦਲੇ ਗਏ

**ਅੰਮ੍ਰਿਤਸਰ:** ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ 'ਤੇ ਐਤਵਾਰ ਰਾਤ 10 ਵਜੇ ਉਸ ਸਮੇਂ ਸੁਰੱਖਿਆ ਏਜੰਸੀਆਂ ਦੇ ਹੱਥ-ਪੈਰ ਫੁੱਲ ਗਏ ਜਦੋਂ ਹਵਾਈ ਅੱਡੇ ਦੇ ਆਪ੍ਰੇਸ਼ਨਲ ਇਲਾਕੇ 'ਚ ਦੋ ਤੋਂ ਚਾਰ ਸ਼ੱਕੀ ਡ੍ਰੋਨ ਦਿਖਾਈ ਦਿੱਤੇ। ਰਨਵੇ ਦੇ ਆਲੇ- ਦੁਆਲੇ ਸ਼ੱਕੀ ਗਤੀਵਿਧੀ ਦਿਖਾਈ ਦਿੰਦਿਆਂ ਹੀ ਏਅਰ ਟ੍ਰੈਫਿਕ ਕੰਟਰੋਲ (ਏਟੀਸੀ) ਨੇ ਅਲਰਟ ਜਾਰੀ ਕੀਤਾ ਅਤੇ ਸੁਰੱਖਿਆ ਦੇ ਮੱਦੇਨਜ਼ਰ ਅੰਮ੍ਰਿਤਸਰ ਆਉਣ ਵਾਲੀਆਂ ਸੱਤ ਉਡਾਣਾਂ ਨੂੰ ਦਿੱਲੀ ਤੇ ਚੰਡੀਗੜ੍ਹ ਲਈ ਡਾਇਵਰਟ ਕਰ ਦਿੱਤਾ।



ਮੁੱਢਲੀ ਜਾਣਕਾਰੀ ਮੁਤਾਬਕ ਸ਼ੱਕੀ ਡ੍ਰੋਨ/ਯੂਏਵੀ ਵਰਗੀਆਂ ਵਸਤੂਆਂ ਪਿੰਡ ਰੁੜਾਲਾ ਦੀ ਦਿਸ਼ਾ ਤੋਂ ਹਵਾਈ ਅੱਡੇ ਵੱਲ ਆਉਂਦੀਆਂ ਦਿਖਾਈ ਦਿੱਤੀਆਂ। ਡ੍ਰੋਨ ਕੁਝ ਮਿੰਟਾਂ ਤੱਕ ਰਨਵੇ ਅਤੇ ਇਸ ਦੇ ਆਲੇ-ਦੁਆਲੇ ਦੇ ਸੰਵੇਦਨਸ਼ੀਲ ਇਲਾਕੇ ਵਿਚ ਮੰਡਰਾਉਂਦੇ ਰਹੇ। ਸਰਹੱਦੀ ਜ਼ਿਲ੍ਹਾ ਹੋਣ ਕਾਰਨ ਇਸ ਨੂੰ ਗੰਭੀਰ ਸੁਰੱਖਿਆ ਚੂਕ ਮੰਨਦਿਆਂ ਸੀਆਈਐੱਸਐੱਫ, ਪੰਜਾਬ ਪੁਲਿਸ ਅਤੇ ਹੋਰ ਕੇਂਦਰੀ ਸੁਰੱਖਿਆ ਏਜੰਸੀਆਂ ਨੂੰ ਅਲਰਟ 'ਤੇ ਕਰ ਦਿੱਤਾ ਗਿਆ। ਘਟਨਾ ਤੋਂ ਬਾਅਦ ਸੁਰੱਖਿਆ ਬਲਾਂ ਨੇ ਰੁੜਾਲਾ ਪਿੰਡ ਅਤੇ ਹਵਾਈ ਅੱਡੇ ਨਾਲ ਲੱਗਦੇ ਸਰਹੱਦੀ ਇਲਾਕਿਆਂ ਵਿਚ ਸਰਚ ਆਪ੍ਰੇਸ਼ਨ ਸ਼ੁਰੂ ਕਰ ਦਿੱਤਾ ਹੈ। ਤਕਨੀਕੀ ਟੀਮਾਂ ਵੱਲੋਂ ਰਡਾਰ ਅਤੇ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ, ਤਾਂ ਜੋ ਡ੍ਰੋਨ ਦੇ ਆਪਰੇਟਰ ਅਤੇ ਉਨ੍ਹਾਂ ਦੇ ਸਹੀ ਰੂਟ ਦਾ ਪਤਾ ਲਾਇਆ ਜਾ ਸਕੇ। ਹਵਾਈ ਅੱਡਾ ਪ੍ਰਸ਼ਾਸਨ ਦਾ ਕਹਿਣਾ ਹੈ ਸਥਿਤੀ 'ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ ਅਤੇ ਸੁਰੱਖਿਆ ਏਜੰਸੀਆਂ ਨਾਲ ਤਾਲਮੇਲ ਬਣਾ ਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।


# ਚਰਨਜੀਤ ਚੰਨੀ ਨੂੰ ਦੂਜੀ ਵਾਰ ਸੰਸਦ ਰਤਨ ਐਵਾਰਡ

**ਜਲੰਧਰ:** ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਤੋਂ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੂੰ ਸਾਲ 2026 ਦੇ ਲਈ ਸੰਸਦ ਰਤਨ ਐਵਾਰਡ ਦੇਣ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਨੂੰ ਇਹ ਐਵਾਰਡ ਲਗਾਤਾਰ ਦੂਜੀ ਵਾਰ ਮਿਲ ਰਿਹਾ ਹੈ। ਚੰਨੀ ਨੂੰ ਖੇਤੀ, ਫੂਡ ਪ੍ਰੋਸੈਸਿੰਗ ਤੇ ਡੇਅਰੀ ਫਾਰਮਿੰਗ ਸਬੰਧੀ ਸੰਸਦ ਦੀ ਸਥਾਈ ਕਮੇਟੀ-ਖੇਤੀ ਅਤੇ ਕਿਸਾਨ ਭਲਾਈ ਕਮੇਟੀ ਦੇ ਪ੍ਰਧਾਨ ਦੇ ਰੂਪ 'ਚ ਬਿਹਤਰੀਨ ਕੰਮ ਤੇ ਕਿਸਾਨ ਤੇ ਖੇਤ ਮਜ਼ਦੂਰਾਂ ਦੇ ਮੁੱਦੇ ਚੁੱਕਣ ਲਈ ਚੁਣਿਆ ਗਿਆ ਹੈ।




# ਨਫ਼ਰਤ ਨਹੀਂ ਸਾਤਵਿਕ ਪਿਆਰ ਹੈ ਸਾਡੇ ਕੰਮ ਦਾ ਆਧਾਰ: ਮੋਹਨ ਭਾਗਵਤ

**ਲੰਡਨ:**ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਐਤਵਾਰ ਨੂੰ ਇਹ ਦਾਅਵੇ ਖਾਰਜ ਕਰ ਦਿੱਤੇ ਕਿ ਗਹਿਰੀ ਨਫਰਤ ਉਨ੍ਹਾਂ ਦੀਆਂ ਗਤੀਵਿਧੀਆਂ ਦਾ ਆਧਾਰ ਹਨ। ਉਨ੍ਹਾਂ ਕਿਹਾ ਕਿ 'ਸ਼ੁੱਧ ਸਾਥਵਿਕ ਪ੍ਰੇਮ ਹੀ ਸੰਸਥਾ ਦੇ ਕੰਮ ਦਾ ਆਧਾਰ ਹੈ ਅਤੇ 100 ਸਾਲਾਂ ਬਾਅਦ ਵੀ ਇਹ ਭਾਵਨਾ ਕਮਜ਼ੋਰ ਨਹੀਂ ਹੋਈ ਹੈ। ਤੁਸੀਂ ਸਵੈਮਸੇਵਕਾਂ ਦੇ ਵਿਵਹਾਰ ਅਤੇ ਸੰਘ ਦੇ ਮਾਹੌਲ ਵਿਚ ਉਹੀ ਸ਼ੁੱਧ ਸਾਤਵਿਕ ਪ੍ਰੇਮ ਦੇਖ ਸਕਦੇ ਹੋ।ਲੰਡਨ ਵਿਚ ਇਕ ਸੰਵਾਦ ਦੌਰਾਨ ਭਾਗਵਤ ਨੇ ਕਿਹਾ ਕਿ ਆਪਣਾਪਣ, ਜਿਸਦਾ ਮਤਲਬ ਹੈ ਇਕਤਾ ਅਤੇ ਜੁੜਾਅ ਦੀ ਭਾਵਨਾ, ਹਿੰਦੂ ਸੋਚ ਅਤੇ ਆਰਐੱਸਐੱਸ ਦੇ ਨਜ਼ਰੀਏ ਦਾ ਕੇਂਦਰ ਬਿੰਦੂ ਹੈ। ਉਨ੍ਹਾਂ ਕਿਹਾ ਕਿ ਆਪਣਾਪਣ ਦੀ ਭਾਵਨਾ ਵਿਅਕਤੀ ਤੋਂ ਸ਼ੁਰੂ ਹੋ ਕੇ ਪਰਿਵਾਰ, ਭਾਈਚਾਰੇ, ਸਮਾਜ ਅਤੇ ਪੂਰੀ ਮਨੁੱਖਤਾ ਤੱਕ ਫੈਲਦੀ ਹੈ। ਇਸ ਲਈ ਹਿੰਦੂ ਸਿਰਫ ਇਕ ਵਿਅਕਤੀ ਨਹੀਂ ਹੈ; ਉਹ ਪਰਿਵਾਰ, ਆਪਣਾ ਭਈਚਾਰਾ, ਆਪਣਾ ਸਮਾਜ ਅਤੇ ਮਨੁੱਖਤਾ ਵੀ ਹੈ। ਸਾਨੂੰ ਪਤਾ ਹੈ ਕਿ ਹਿੰਦੂ ਕੁਦਰਤ ਨਾਲ ਪਿਆਰ ਕਰਦੇ ਹਨ। ਇਸ ਦੌਰਾਨ ਮੋਹਨ ਭਾਗਵਤ ਨੇ ਲੰਡਨ ਵਿਚ ਇਤਿਹਾਸਕ ਖਾਲਸਾ ਜੱਥਾ ਬ੍ਰਿਟਿਸ਼ ਆਇਲਜ਼ ਗੁਰਦੁਆਰਾ ਸਾਹਿਬ ਦਾ ਦੌਰਾ ਕੀਤਾ। ਉਨ੍ਹਾਂ ਨੇ ਸ੍ਰੀ ਸਵਾਮੀਨਾਰਾਇਣ ਮੰਦਰ ਦਾ ਵੀ ਦੌਰਾ ਕੀਤਾ।



# ਟਰੰਪ ਨੇ ਅਮਰੀਕੀ ਸੂਬੇ ਨਿਊ ਮੈਕਸਿਕੋ ਦਾ ਨਾਂ ਬਦਲਿਆ!

**ਨਿਊਯਾਰਕ:**ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਕਸਰ ਆਪਣੇ ਫੈਸਲਿਆਂ ਨਾਲ ਹੈਰਾਨ ਕਰਦੇ ਰਹਿੰਦੇ ਹਨ। ਉਨ੍ਹਾਂ ਨੇ ਐਤਵਾਰ ਨੂੰ ਅਮਰੀਕਾ ਦੇ ਇਕ ਸੂਬੇ ਨਿਊ ਮੈਕਸੀਕੋ ਦਾ ਨਾਂ ਨਿਊ ਅਮਰੀਕਾ ਕਰਨ ਦੇ ਸੰਕੇਤ ਦਿੱਤੇ। ਉਨ੍ਹਾਂ ਨਿਊ ਮੈਕਸੀਕੋ ਦੇ ਨਵੇਂ ਨਾਂ ਵਾਲਾ ਨਕਸ਼ਾ ਸਾਂਝਾ ਕੀਤਾ। ਇਸ ਨਕਸ਼ੇ 'ਚ ਮੈਕਸੀਕੋ ਨੂੰ ਕੱਟ ਕੇ ਉਸ ਦੀ ਥਾਂ ਅਮਰੀਕਾ ਲਿਖਿਆ ਗਿਆ ਹੈ। ਇਸ ਤੋਂ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਨੇ ਲੇਕ ਓਂਟਾਰੀਓ ਦਾ ਨਾਂ ਬਦਲ ਕੇ 'ਲੇਕ ਅਮਰੀਕਾ' ਕਰਨ ਲਈ ਕਾਰਜਕਾਰੀ ਹੁਕਮ 'ਤੇ ਦਸਤਖ਼ਤ ਕੀਤੇ ਸਨ। ਟਰੰਪ ਨੇ ਨਿਊ ਮੈਕਸੀਕੋ ਦਾ ਨਕਸ਼ਾ ਟਰੁੱਥ ਸੋਸ਼ਲ 'ਤੇ ਪੋਸਟ ਕੀਤਾ। ਇਸ ਨੂੰ ਵ੍ਹਾਈਟ ਹਾਊਸ ਨੇ ਵੀ ਐਕਸ 'ਤੇ ਸਾਂਝਾ ਕੀਤਾ। ਨਕਸ਼ੇ 'ਚ ਸੂਬੇ ਦੀ ਆਊਟਲਾਈਨ ਦਿਖਾਈ ਗਈ ਹੈ ਜਿਸ 'ਚ 'ਮੈਕਸੀਕੋ' ਸ਼ਬਦ ਨੂੰ ਲਾਲ ਰੰਗ ਨਾਲ ਕੱਟ ਕੇ ਉਸ ਦੀ ਥਾਂ 'ਅਮਰੀਕਾ' ਲਿਖਿਆ ਗਿਆ ਹੈ। ਨਕਸ਼ੇ ਦੇ ਨਾਲ ਕੋਈ ਜਾਣਕਾਰੀ ਜਾਂ ਸਪੱਸ਼ਟੀਕਰਨ ਨਹੀਂ ਦਿੱਤਾ ਗਿਆ ਸੀ। ਹਾਲਾਂਕਿ ਵ੍ਹਾਈਟ ਹਾਊਸ ਨੇ ਨਿਊ ਮੈਕਸੀਕੋ ਦਾ ਨਾਂ ਬਦਲਣ ਦੀ ਕਿਸੇ ਯੋਜਨਾ ਦਾ ਐਲਾਨ ਨਹੀਂ ਕੀਤਾ ਹੈ।




ਟਰੰਪ ਕੋਲ ਜਿਓਗ੍ਰਾਫਿਕ ਨੇਮਜ਼ ਇਨਫਰਮੇਸ਼ਨ ਸਿਸਟਮ' ਵਿਚ ਝੀਲਾਂ ਵਰਗੇ ਪਾਣੀ ਦੇ ਸਰੋਤਾਂ ਸਮੇਤ ਭੂਗੋਲਿਕ ਥਾਵਾਂ ਦੇ ਨਾਂ ਬਦਲਣ ਦੀ ਤਾਕਤ ਹੈ ਪਰ ਉਨ੍ਹਾਂ ਕੋਲ ਸੂਬਿਆਂ ਦਾ ਕਾਨੂੰਨੀ ਤੌਰ 'ਤੇ ਨਾਂ ਬਦਲਣ ਦੀ ਸੰਵਿਧਾਨਕ ਤਾਕਤ ਨਹੀਂ ਹੈ। ਇਸ ਲਈ ਸੂਬੇ ਦੇ ਅੰਦਰ ਹੀ ਪ੍ਰਕਿਰਿਆ ਪੂਰੀ ਕਰਨੀ ਹੋਵੇਗੀ। ਪਿਛਲੇ ਮਹੀਨੇ ਦੇ ਅਖ਼ੀਰ 'ਚ ਟਰੰਪ ਨੇ ਲੇਕ ਓਂਟਾਰੀਓ ਦਾ ਨਾਂ ਬਦਲਿਆ ਸੀ। ਇਸ ਤੋਂ ਪਹਿਲਾਂ ਉਨ੍ਹਾਂ ਜਨਵਰੀ 2025 'ਚ ਕਾਰਜਭਾਰ ਸੰਭਾਲਣ ਦੇ ਪਹਿਲੇ ਦਿਨ ਕਾਰਜਕਾਰੀ ਹੁਕਮ ਜਾਰੀ ਕਰ ਕੇ ਗਲਫ ਆਫ ਮੈਕਸੀਕੋ ਦਾ ਨਾਂ ਬਦਲ ਕੇ ਗਲਫ ਆਫ ਅਮਰੀਕਾ ਕਰ ਦਿੱਤਾ ਸੀ।

ਨਿਊ ਮੈਕਸੀਕੋ ਦਾ ਨਾਂ ਬਦਲਣ ਦੀ ਕੋਸ਼ਿਸ਼ ਦਾ ਵਿਰੋਧ ਵੀ ਸ਼ੁਰੂ ਹੋ ਗਿਆ ਹੈ। ਨਿਊ ਮੈਕਸੀਕੋ ਦੀ ਡੈਮੋਕ੍ਰੈਟਿਕ ਗਵਰਨਰ ਮਿਸ਼ੇਲ ਲੁਜਨ ਗ੍ਰਿਸ਼ਮ ਨੇ ਟਰੰਪ 'ਤੇ ਅਮਰੀਕੀਆਂ ਦਾ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਐਤਵਾਰ ਨੂੰ ਐਕਸ 'ਤੇ ਪੋਸਟ ਕੀਤਾ ਕਿ ਇਸ ਸਮੇਂ ਜਦੋਂ ਈਰਾਨ 'ਚ ਤਬਾਹਕੁੰਨ ਜੰਗ ਕਾਰਨ ਗੈਸ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ, ਰਾਸ਼ਟਰਪਤੀ ਅਮਰੀਕੀਆਂ ਦਾ ਧਿਆਨ ਭਟਕਾਉਣ ਅਤੇ ਵ੍ਹਾਈਟ ਹਾਊਸ ਦੇ ਨਕਸ਼ਿਆਂ 'ਤੇ ਰੰਗ ਭਰਨ 'ਚ ਸਮਾਂ ਬਰਬਾਦ ਕਰ ਰਹੇ ਹਨ।

# ਜ਼ੇਲੈਂਸਕੀ ਨਾਲ ਅਮਰੀਕੀ ਦੂਤਾਂ ਦੀ ਮੁਲਾਕਾਤ

**ਕੀਵ:**ਮਾਸਕੋ ਵਿਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਸ਼ਨੀਵਾਰ ਰਾਤ ਤਿੰਨ ਘੰਟੇ ਦੀ ਗੱਲਬਾਤ ਦੇ ਬਾਅਦ ਅਮਰੀਕੀ ਦੂਤ ਸਟੀਵ ਵਿਟਕਾਫ ਅਤੇ ਜੇਰੇਡ ਕੁਸ਼ਨਰ ਯੂਕਰੇਨ ਦੀ ਰਾਜਧਾਨੀ ਕੀਵ ਪਹੁੰਚ ਗਏ। ਇਸ ਤੋਂ ਬਾਅਦ ਉਨ੍ਹਾਂ ਦੀ ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨਾਲ ਗੱਲਬਾਤ ਹੋਈ। ਪਹਿਲੇ ਦੌਰ ਦੀ ਗੱਲਬਾਤ ਦੇ ਬਾਅਦ ਜ਼ੇਲੈਂਸਕੀ ਅਤੇ ਅਮਰੀਕੀ ਸਫੀਰਾਂ ਨੇ ਇਸਨੂੰ ਸੰਤੋਸ਼ਜਨਕ ਦੱਸਿਆ ਹੈ। ਇਸ ਤੋਂ ਪਹਿਲਾਂ ਜੇਲੈਂਸਕੀ ਨੇ ਕਿਹਾ ਸੀ ਕਿ ਯੂਕਰੇਨ ਸ਼ਾਂਤੀ ਦੇ ਨਾਲ ਭਵਿੱਖ ਲਈ ਸੁਰੱਖਿਆ ਗਾਰੰਟੀ ਵੀ ਚਾਹੁੰਦਾ ਹੈ। ਜਦਕਿ ਰੂਸੀ ਰਾਸ਼ਟਰਪਤੀ ਦੇ ਦਫਤਰ ਕ੍ਰੇਮਲਿਨ ਨੇ ਕਿਹਾ ਹੈ ਕਿ ਅਮਰੀਕੀ ਸਫੀਰਾਂ ਨਾਲ ਗੱਲਬਾਤ ਲਾਭਦਾਇਕ ਰਹੀ ਪਰ ਸ਼ਰਤਾਂ ਨੂੰ ਲੈ ਕੇ ਬਣਿਆ ਤਣਾਅ ਖ਼ਤਮ ਨਹੀਂ ਹੋਇਆ ਹੈ। ਇਸ ਦੌਰਾਨ ਦੋਵਾਂ ਦੇਸ਼ਾਂ ਦੇ ਐਲਾਨ ਕਾਰਨ ਕੀਵ ਅਤੇ ਮਾਸਕੋ ਵਿਚ ਸ਼ਾਂਤੀ ਹੈ, ਉੱਥੇ ਕੋਈ ਹਮਲਾ ਨਹੀਂ ਹੋਇਆ ਹੈ। ਪਰ ਕਾਲੇ ਸਮੁੰਦਰ ਵਿਚ ਯੂਕਰੇਨ ਦੇ ਇਕ ਜਹਾਜ਼ 'ਤੇ ਰੂਸ ਨੇ ਹਮਲਾ ਕੀਤਾ ਹੈ।ਸਾਢੇ ਚਾਰ ਸਾਲਾਂ ਤੋਂ ਚੱਲ ਰਹੇ ਯੂਕਰੇਨ- ਰੂਸ ਯੁੱਧ ਦੌਰਾਨ ਵਿਟਕਾਫ ਅਤੇ ਕੁਸ਼ਨਰ ਪਹਿਲੀ ਵਾਰ ਕੀਵ ਪਹੁੰਚੇ ਹਨ। ਇਸ ਯੁੱਧ ਨੂੰ ਖ਼ਤਮ ਕਰਨ ਦੀ ਅਮਰੀਕੀ ਕੋਸ਼ਿਸ਼ ਕਰੀਬ ਛੇ ਮਹੀਨੇ ਬਾਅਦ ਈਰਾਨ ਯੁੱਧ ਦੇ ਕਾਫੀ ਹੱਦ ਤੱਕ ਰੁਕਣ 'ਤੇ ਸ਼ੁਰੂ ਹੋਈ ਹੈ।



## ਟਰੰਪ ਨੇ ਬਦਲ ਲਿਆ ਆਪਣੇ ਵਾਲਾਂ ਦਾ ਰੰਗ

ਨਿਊਜਰਸੀ ਏਅਰਪੋਰਟ ਤੇ ਟਰੰਪ ਦੇ ਵਾਲਾਂ ਦਾ ਰੰਗ ਬਦਲਿਆ ਹੋਇਆ ਦਿਖਾਈ ਦਿੱਤਾ।ਉਹ ਸੁਨਹਿਰੀ ਅਤੇ ਖਿੱਲਰੇ ਹੋਏ ਵਾਲਾਂ ਦੀ ਬਜਾਏ ਗੂੜ੍ਹੇ ਭੂਰੇ ਵਾਲਾਂ ਵਾਲੀ ਲੁੱਕ 'ਚ ਨਜ਼ਰ ਆਏ। ਨਵੇਂ ਹੇਅਰਸਟਾਈਲ ਕਾਰਨ ਛੇਤੀ ਹੀ ਸੋਸ਼ਲ ਮੀਡੀਆ 'ਤੇ ਟਰੰਪ ਦੇ ਵਾਲਾਂ ਦੇ ਰੰਗ ਦੀ ਚਰਚਾ ਹੋਣ ਲੱਗੀ। ਇਕ ਐਕਸ ਯੂਜ਼ਰ ਨੇ ਪੋਸਟ ਕੀਤਾ, 'ਟਰੰਪ ਸਵੇਰੇ ਉੱਠੇ ਅਤੇ ਬੋਲੇ, 'ਮੇਕ ਅਮਰੀਕਾ ਬਰੂਨੈੱਟ ਅਗੇਨ।' ਜ਼ਿਕਰਯੋਗ ਹੈ ਕਿ ਕੁਝ ਹੀ ਦਿਨ ਪਹਿਲਾਂ ਟਰੰਪ ਨੇ ਵਿਗ ਪਹਿਨਣ ਦੀਆਂ ਖ਼ਬਰਾਂ ਨੂੰ ਅਫ਼ਵਾਹ ਕਰਾਰ ਦਿੱਤਾ ਸੀ। 'ਦਿ ਹਿੱਲ' ਨੇ ਦਾਅਵਾ ਕੀਤਾ ਸੀ ਕਿ ਟਰੰਪ ਵਿਗ ਪਹਿਨਦੇ ਹਨ। ਟਰੰਪ ਨੇ ਵਿਗ ਪਹਿਨਣ ਨੂੰ ਲੈ ਕੇ ਲੰਬੇ ਸਮੇਂ ਤੋਂ ਚੱਲ ਰਹੀਆਂ ਖ਼ਬਰਾਂ ਬਾਰੇ ਬੁੱਧਵਾਰ ਨੂੰ ਕਿਹਾ ਸੀ, 'ਮੈਂ ਵਿਗ ਨਹੀਂ ਪਹਿਨਦਾ। ਜੇ ਮੈਂ ਵਿਗ ਪਹਿਨਦਾ, ਤਾਂ ਉਹ ਜ਼ਿਆਦਾ ਦੇਰ ਤੱਕ ਮੇਰੇ ਸਿਰ 'ਤੇ ਨਹੀਂ ਟਿਕਦਾ।' ਹਾਲਾਂਕਿ ਕੁਝ ਲੋਕ ਅਜੇ ਵੀ ਇਸ ਗੱਲ ਨਾਲ ਸਹਿਮਤ ਨਹੀਂ ਹਨ।



# ਇਸਰੋ ਨੂੰ ਨਿੱਜੀ ਹੱਥਾਂ 'ਚ ਨਹੀਂ ਦੇਵਾਂਗੇ ਪਰ ਸਾਥ ਲਵਾਂਗੇ

**ਬੈਂਗਲੁਰੂ:**ਇਸਰੋ (ਭਾਰਤੀ ਪੁਲਾੜ ਖੋਜ ਸੰਗਠਨ) ਦੇ ਮੁਖੀ ਵੀ.. ਨਾਰਾਇਣਨ ਨੇ ਸਪਸ਼ਟ ਕੀਤਾ ਹੈ ਕਿ ਇਸਰੋ ਸਰਕਾਰੀ ਸੰਗਠਨ ਬਣਿਆ ਰਹੇਗਾ ਅਤੇ ਇਸ ਦੇ ਨਿੱਜੀਕਰਨ ਨੂੰ ਲੈ ਕੇ ਪ੍ਰਗਟਾਈਆਂ ਜਾ ਰਹੀਆਂ ਚਿੰਤਾਵਾਂ ਪੂਰੀ ਤਰ੍ਹਾਂ ਬੇਬੁਨਿਆਦ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੇ ਪੁਲਾੜ ਈਕੋਸਿਸਟਮ ਅਤੇ ਅਰਥਚਾਰੇ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਲਈ ਨਿੱਜੀ ਕੰਪਨੀਆਂ ਅਤੇ ਸਟਾਰਟਅੱਪਸ ਦਾ ਸਾਥ ਲੈਣਾ ਸਮੇਂ ਦੀ ਜ਼ਰੂਰਤ ਹੈ।

ਬੈਂਗਲੁਰੂ ਬੀ.ਐੱਸ.ਐਕਸ. ਦੇ ਨੌਵੇਂ ਅਡੀਸ਼ਨ ਦੇ ਉਦਘਾਟਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਾਰਾਇਣਨ ਨੇ ਕਿਹਾ ਕਿ ਸਾਡਾ ਪੁਲਾੜ ਪ੍ਰੋਗਰਾਮ ਕਰੀਬ 64-65 ਸਾਲ ਪੁਰਾਣਾ ਹੈ। ਮੌਜੂਦਾ ਸਮੇਂ ਵਿਚ ਦੇਸ਼ ਦੀ ' ਸੇਵਾ ਲਈ ਪੁਲਾੜ ਵਿਚ 56 ਸੈਟਲਾਈਟ ਸਰਗਰਮ ਹਨ ਪਰ ਅੱਜ ਮੁਲਕ ਦੀਆਂ ਲੋੜਾਂ ਤੇ ਮੰਗਾਂ ਬਹੁਤ ਜ਼ਿਆਦਾ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਛੇ ਤੋਂ 7 ਸਾਲਾਂ ਵਿਚ ਘੱਟੋ- ਘੱਟ




200 ਤੋਂ 300 ਸੈਟਲਾਈਟ ਬਣਾ ਕੇ ਲਾਂਚ ਕਰਨ ਦੀ ਲੋੜ ਹੈ ਅਤੇ ਇਹ ਟੀਚਾ ਇਕੱਲੇ ਇਸਰੋ ਵੱਲੋਂ ਮੁਕੰਮਲ ਨਹੀਂ ਕੀਤਾ. ਜਾ ਸਕਦਾ। ਇਸ ਲਈ ਸਰਕਾਰ ਵੱਲੋਂ ਸ਼ੁਰੂ. ਕੀਤੇ ਗਏ ਸੁਧਾਰਾਂ ਤਹਿਤ ਨਿੱਜੀ ਖੇਤਰ ਅਤੇ ਸਟਾਰਟਅੱਪਸ ਨੂੰ ਮਾਰਗਦਰਸ਼ਨ ਤੇ ਸਹਿਯੋਗ ਦਿੱਤਾ ਜਾ ਰਿਹਾ ਹੈ। ਉਨ੍ਹਾਂ ਨੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਦੱਸਿਆ।

ਕਿ ਜਦੋਂ ਵੀ ਕੋਈ ਪੀਐੱਸਐੱਲਵੀ ਜਾਂ ਜੀਐੱਸਐੱਲਵੀ ਰਾਕੇਟ ਉੱਡਦਾ ਹੈ, ਤਾਂ ਇਸ ਦੇ ਬਜਟ ਦਾ ਕਰੀਬ 80 ਫ਼ੀਸਦ ਹਿੱਸਾ ਭਾਰਤੀ ਉਦਯੋਗਾਂ ਵਿਚ ਨਿਵੇਸ਼ ਹੁੰਦਾ ਹੈ। ਵਰਤਮਾਨ ਵਿਚ 450 ਤੋਂ ਵੱਧ ਉਦਯੋਗ ਇਸਰੋ ਨਾਲ ਮਿਲ ਕੇ ਕੰਮ ਕਰ ਰਹੇ ਹਨ। ਵੀ. ਨਾਰਾਇਣਨ ਨੇ ਕਿਹਾ ਕਿ ਉਨ੍ਹਾਂ ਦੇ ਸਾਥੀਆਂ ਦੀਆਂ ਚਿੰਤਾਵਾਂ ਕੁਦਰਤੀ ਤੇ ਜਾਇਜ਼ ਹਨ। ਉਨ੍ਹਾਂ ਕਿਹਾ ਕਿ ਇਸਰੋ ਦਾ ਨਿੱਜੀਕਰਨ ਨਹੀਂ ਕੀਤਾ ਗਿਆ ਤੇ ਇਹ ਪੂਰੀ ਤਰ੍ਹਾਂ ਸਰਕਾਰੀ ਸੰਗਠਨ ਹੈ ਪਰ ਪੁਲਾੜ ਅਰਥਚਾਰੇ ਨੂੰ ਵਿਸਥਾਰ ਦੇਣ ਲਈ ਸਾਨੂੰ ਆਪਣੀਆਂ ਸਰਗਰਮੀਆਂ ਦੇ ਦਾਇਰੇ ਨੂੰ ਹੁਣ ਹੋਰ ਵਿਸਥਾਰ ਦੇਣਾ ਪਵੇਗਾ।

# ਅਮਰਜੀਤ ਕੌਂਕੇ ਦੀ ਪੁਸਤਕ 'ਇਸ ਧਰਤੀ 'ਤੇ ਰਹਿੰਦਿਆਂ' ਉਤੇ ਵਿਚਾਰ-ਚਰਚਾ

**ਨੀਲੋਂ ਪੁਲ:**ਕਲਾ ਸੰਗਮ, ਨੀਲੋਂ ਪੁਲ ਦੀ ਮਹੀਨਾਵਾਰ ਇਕੱਤਰਤਾ ਸੰਤ ਕਿਰਪਾਲ ਸਿੰਘ ਸੇਵਾ ਪੰਥੀ ਪਬਲਿਕ ਹਾਇਰ ਸੈਕੰਡਰੀ ਸਕੂਲ ਵਿਖੇ ਉੱਘੇ ਸਾਹਿਤਕਾਰ ਸੁਰਿੰਦਰ ਰਾਮਪੁਰੀ ਦੀ ਪ੍ਰਧਾਨਗੀ ਹੇਠ ਸ਼ਾਨੋ-ਸ਼ੌਕਤ ਨਾਲ ਹੋਈ। ਇਸ ਸਮਾਗਮ ਦੌਰਾਨ ਪ੍ਰਸਿੱਧ ਸ਼ਾਇਰ ਡਾ. ਅਮਰਜੀਤ ਕੌਂਕੇ ਦੇ ਨਵੇਂ ਕਾਵਿ-ਸੰਗ੍ਰਹਿ 'ਇਸ ਧਰਤੀ 'ਤੇ ਰਹਿੰਦਿਆਂ' ਉੱਤੇ ਵਿਸ਼ੇਸ਼ ਅਤੇ ਗੰਭੀਰ ਵਿਚਾਰ-ਗੋਸ਼ਟੀ ਕਰਵਾਈ ਗਈ। ਸਭਾ ਦੀ ਸ਼ੁਰੂਆਤ ਵਿਚ ਜਨਰਲ ਸਕੱਤਰ ਬੁੱਧ ਸਿੰਘ ਨੀਲੋਂ ਨੇ ਆਏ ਹੋਏ ਸਮੂਹ ਸਾਹਿਤਕਾਰਾਂ ਨੂੰ ਨਿੱਘਾ ਜੀ ਆਇਆਂ ਆਖਿਆ ਅਤੇ ਡਾ. ਕੌਂਕੇ ਦੇ ਜੀਵਨ ਤੇ ਸਾਹਿਤਕ ਯਾਤਰਾ ਬਾਰੇ ਸੰਖੇਪ ਚਾਨਣਾ ਪਾਇਆ। ਉਹਨਾਂ ਕੌਂਕੇ ਦੀ ਕਵਿਤਾ ਬੁੱਧੀਜੀਵੀ ਦਾ ਸਾਹਿਤਕ ਮੁਲਾਂਕਣ ਕੀਤਾ।

ਹਾਜ਼ਰੀਨ ਦੇ ਰੂ-ਬ-ਰੂ ਹੁੰਦਿਆਂ ਡਾ. ਅਮਰਜੀਤ ਕੌਂਕੇ ਨੇ ਆਪਣੀ ਜ਼ਿੰਦਗੀ ਦੇ ਸੰਘਰਸ਼ਾਂ ਦੀ ਬਾਤ ਪਾਈ। ਉਨ੍ਹਾਂ ਦੱਸਿਆ ਕਿ 1947 ਦੀ ਵੰਡ ਦਾ ਦਰਦ ਹੰਢਾਉਂਦਿਆਂ ਉਨ੍ਹਾਂ ਦਾ ਪਰਿਵਾਰ ਪਾਕਿਸਤਾਨ ਤੋਂ ਆ ਕੇ ਜਗਰਾਉਂ ਨੇੜਲੇ ਪਿੰਡ ਕੌਂਕੇ ਕਲਾਂ ਵੱਸਿਆ ਸੀ। ਤੰਗੀਆਂ-ਤੁਰਸ਼ੀਆਂ ਵਿੱਚੋਂ ਲੰਘਦਿਆਂ ਉੱਚ ਵਿੱਦਿਆ ਹਾਸਲ ਕੀਤੀ ਅਤੇ ਸਾਹਿਤ ਦੇ ਖੇਤਰ ਵਿੱਚ ਆਪਣੀ ਨਿਵੇਕਲੀ ਪਛਾਣ ਬਣਾਈ। ਉਨ੍ਹਾਂ ਪੰਜਾਬ ਦੇ ਕਾਲੇ ਦਿਨਾਂ ਦੇ ਪ੍ਰਭਾਵ ਅਤੇ ਆਪਣੀ ਸਿਰਜਣਾ-ਪ੍ਰਕਿਰਿਆ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਉਹ ਹੁਣ ਤੱਕ ਕਵਿਤਾ ਦੀਆਂ ਅੱਠ ਪੁਸਤਕਾਂ ਲਿਖ ਚੁੱਕੇ ਹਨ। ਇਸ ਮੌਕੇ ਉਨ੍ਹਾਂ ਨੇ ਆਪਣੀ ਨਵੀਂ ਕਿਤਾਬ ਵਿੱਚੋਂ ਚੋਣਵੀਆਂ ਕਵਿਤਾਵਾਂ ਦਾ ਪ੍ਰਭਾਵਸ਼ਾਲੀ ਪਾਠ ਵੀ ਕੀਤਾ।



ਜਗਤ ਗੁਰੂ ਨਾਨਕ ਦੇਵ ਓਪਨ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਅਮਰਜੀਤ ਸਿੰਘ ਨੇ ਕਿਤਾਬ ਉੱਤੇ ਗੰਭੀਰ ਆਲੋਚਨਾਤਮਕ ਪਰਚਾ ਪੜ੍ਹਿਆ। ਉਨ੍ਹਾਂ ਕਿਹਾ ਕਿ ਡਾ. ਸੁਰਜੀਤ ਪਾਤਰ ਤੋਂ ਬਾਅਦ ਪੰਜਾਬੀ ਕਵਿਤਾ ਇੱਕ ਨਵੇਂ ਦੌਰ ਵਿੱਚ ਪਹੁੰਚੀ ਹੈ ਜਿੱਥੇ ਪੋਇਟ ਐਨਰਜੀ ਦੇ ਨਵੇਂ ਕੇਂਦਰ ਸਥਾਪਿਤ ਹੋ ਰਹੇ ਹਨ। ਇਸ ਪ੍ਰਸੰਗ ਵਿਚ ਡਾ. ਕੌਂਕੇ ਦੀ ਸ਼ਾਇਰੀ ਆਪਣਾ ਇਕ ਸਾਰਥਿਕ ਇਮੇਜ ਉਸਾਰਦੀ ਹੈ।ਵਿਚਾਰ-ਚਰਚਾ ਵਿਚ ਹਿੱਸਾ ਲੈਂਦਿਆਂ ਸ੍ਰੀ ਭੈਣੀ ਸਾਹਿਬ ਸਭਾ ਦੇ ਪ੍ਰਧਾਨ ਗੁਰਸੇਵਕ ਸਿੰਘ ਢਿੱਲੋਂ ਨੇ ਲਹਿੰਦੇ ਪੰਜਾਬ ਦੇ ਸ਼ਾਇਰ ਬਾਬਾ ਨਜਮੀ ਦੇ ਜਨਮਦਿਨ ਦੀ ਵਧਾਈ ਦਿੰਦਿਆਂ ਕਿਹਾ ਕਿ ਕੌਂਕੇ ਦੀ ਕਵਿਤਾ ਜੀਵਨ ਸੰਘਰਸ਼ ਵਿੱਚੋਂ ਉਪਜੀ ਹੋਣ ਕਰਕੇ ਅੱਗੇ ਵਧਣ ਦੀ ਪ੍ਰੇਰਨਾ ਦਿੰਦੀ ਹੈ। ਦੀਪ ਦਿਲਬਰ ਨੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਅਮਰਜੀਤ ਕੌਂਕੇ ਜ਼ਮੀਨੀ ਹਕੀਕਤਾਂ ਨਾਲ ਜੁੜੇ ਲੋਕਾਂ ਦੇ ਕਵੀ ਹਨ। ਹੋਰ ਦੋਸਤਾਂ ਨੇ ਵੀ ਇਸ ਕਵਿਤਾ ਦੇ ਵਿਭਿੰਨ ਪਹਿਲੂਆਂ ਬਾਰੇ ਚਰਚਾ ਕੀਤੀ। ਬੁੱਧ ਸਿੰਘ ਨੀਲੋਂ ਨੇ ਇਸ ਸੰਗ੍ਰਿਹ ਦੀ ਇਕ ਕਵਿਤਾ "ਇੱਕ ਕਾਮਯਾਬ ਆਦਮੀ" ਨੂੰ ਅਧਾਰ ਬਣਾ ਕੇ ਅਜੋਕੇ ਮਖੌਟਾਧਾਰੀ ਮਨੁੱਖ ਦੇ ਪ੍ਰਸੰਗ ਵਿੱਚ ਵਿਚਾਰ ਚਰਚਾ ਕੀਤੀ। ਪ੍ਰਧਾਨਗੀ ਭਾਸ਼ਣ ਵਿੱਚ ਸੁਰਿੰਦਰ ਰਾਮਪੁਰੀ ਨੇ ਕੌਂਕੇ ਦੀਆਂ ਕਵਿਤਾਵਾਂ ਦੇ ਧਰਤੀ ਨਾਲ ਜੁੜੇ ਹੋਣ ਅਤੇ ਇਨ੍ਹਾਂ ਵਿਚਲੀ ਮਾਨਵੀ ਸੰਵੇਦਨਾ ਨੂੰ ਇਸ ਪੁਸਤਕ ਦੀ ਅਹਿਮ ਪ੍ਰਾਪਤੀ ਦੱਸਿਆ। ਸਮਾਗਮ ਦੇ ਦੂਜੇ ਪੜਾਅ ਵਿੱਚ ਹੋਏ ਕਵੀ ਦਰਬਾਰ ਵਿੱਚ ਅਵਤਾਰ ਉਟਾਲ ਨੇ 'ਦਿਨ ਤੀਆਂ ਦੇ', ਮਨਜੀਤ ਘਣਗਸ ਨੇ 'ਗਊ ਰੱਖਿਅਕ ਜਿਹੜੇ ਬਣਦੇ', ਭੁਪਿੰਦਰ ਡਿਉਟਨੇ 'ਕੋਈ ਮੈਨੂੰ ਪਾਗਲ ਦੀਵਾਨਾ ਕਹਿੰਦਾ', ਬਿੱਟੂ ਮਾਨੂੰਪੁਰੀਆ ਨੇ 'ਰੁੱਖਾਂ ਦੀਆਂ ਜੜ੍ਹਾਂ', ਦੀਪ ਦਿਲਬਰ ਨੇ 'ਕਲਮ ਦੀਵਾ, ਕਲਮ ਜੁਗਨੂੰ' ਅਤੇ ਕਰਨੈਲ ਸਿਵੀਆ ਨੇ 'ਕਿਉਂ ਦੇਖ ਕੇ ਸੜਦਾ' ਗੀਤ ਸੁਣਾ ਕੇ ਖ਼ੂਬ ਰੰਗ ਬੰਨ੍ਹਿਆ। ਅੰਤ ਵਿੱਚ ਸਭਾ ਦੇ ਮੀਤ ਪ੍ਰਧਾਨ ਕਰਨੈਲ ਸਿਵੀਆ ਨੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।

# ਪੰਜਾਬ ਟਾਈਮਜ਼

12 ਸਤੰਬਰ, ਸ਼ਨਿਚਰਵਾਰ


## ਪ੍ਰਧਾਨ ਮੰਤਰੀ ਦੇ ਆਨੇ-ਬਹਾਨੇ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੋਧੀ ਪਾਰਟੀਆਂ ਬਾਰੇ ਜਦੋਂ ਵੀ ਬੋਲਦੇ ਹਨ ਕੌੜੀ ਅਤੇ ਬਦਲਾ-ਲਊ ਜਿਹੀ ਭਾਸ਼ਾ ਹੀ ਬੋਲਦੇ ਹਨ। ਕਦੇ ਅੰਦੋਲਨਜੀਵੀ, ਕਦੇ ਅਰਬਨ ਨਕਸਲੀ, ਕਦੇ ਦਿਮਾਗੀ ਨਕਸਲੀ ਅਤੇ ਕਦੇ ਇਹੋ ਜਿਹੀ ਹੀ ਕੋਈ ਹੋਰ ਸੰਗਿਆ ਉਹ ਵਿਰੋਧੀ ਧਿਰਾਂ ਅਤੇ ਸੰਘਰਸ਼ਸ਼ੀਲ ਕਾਰਕੁਨਾਂ ਨੂੰ ਪ੍ਰਦਾਨ ਕਰਦੇ ਰਹਿੰਦੇ ਹਨ। ਹੁਣ ਉਨ੍ਹਾਂ ਨੇ ਸ੍ਰੀਰਾਮ ਕਾਲਜ ਦਿੱਲੀ 'ਚ ਦਿੱਤੇ ਭਾਸ਼ਣ ਵਿਚ ਵਿਰੋਧੀ ਆਗੂ ਲਈ 'ਨਾਰਾਜ਼ ਫੁੱਫੜ' ਦਾ ਅਲੰਕਾਰ ਵਰਤਿਆ। ਉਨ੍ਹਾਂ ਦੇ ਕਹਿਣ ਦਾ ਭਾਵ ਸੀ ਕਿ ਜਿਵੇਂ ਘਰ ਪਰਿਵਾਰ 'ਚ ਫੁੱਫੜ ਕਿਸਮ ਦੇ ਲੋਕ ਹਮੇਸ਼ਾ ਨਾਰਾਜ਼ ਰਹਿੰਦੇ ਹਨ, ਇਸੇ ਤਰ੍ਹਾਂ ਦੇਸ਼ 'ਚ ਵੀ ਅਜਿਹੇ ਕੁਝ ਲੋਕ ਹਨ, ਜੋ ਕਦੇ ਖੁਸ਼ ਨਹੀਂ ਹੋ ਸਕਦੇ ਤੇ ਹਮੇਸ਼ਾ ਨਾਰਾਜ਼ ਰਹਿੰਦੇ ਹਨ। ਉਨ੍ਹਾਂ ਦਾ ਪ੍ਰਸੰਗ ਇਹ ਸੀ ਕਿ ਦੇਸ਼ ਦੀ ਅਰਥਵਿਵਸਥਾ 7.8 ਫ਼ੀਸਦੀ ਦੀ ਗਤੀ ਨਾਲ ਛਲਾਂਗਾਂ ਮਾਰ ਰਹੀ ਹੈ, ਫਿਰ ਵੀ ਕੁਝ ਲੋਕ ਉਸ ਤੋਂ ਖੁਸ਼ ਹੋਣ ਦੀ ਬਜਾਏ, ਨੁਕਸ ਕੱਢ ਰਹੇ ਹਨ। ਦਰਅਸਲ ਜਦੋਂ ਤੋਂ ਅਪਰੈਲ ਤੇ ਜੂਨ ਦੀ ਤਿਮਾਹੀ ਦੇ ਜੀ.ਡੀ.ਪੀ. ਦੇ ਅੰਕੜੇ ਆਏ ਹਨ, ਤਾਂ ਇਕ ਬਹਿਸ ਸ਼ੁਰੂ ਹੋ ਗਈ ਹੈ ਕਿ ਇਹ ਅੰਕੜੇ ਦੇਸ਼ ਦੀ ਅਰਥਵਿਵਸਥਾ ਦੀ ਸਹੀ ਤਸਵੀਰ ਪੇਸ਼ ਨਹੀਂ ਕਰਦੇ। ਮਤਲਬ ਅਸਲ ਜੀ.ਡੀ.ਪੀ. 7.8 ਫ਼ੀਸਦੀ ਤੋਂ ਘੱਟ ਹੈ ਤੇ ਇਹ ਅੰਕੜੇ ਅਸਲੀਅਤ ਨਹੀਂ ਪ੍ਰਗਟਾਉਂਦੇ। ਸਾਬਕਾ ਵਿੱਤ ਸਕੱਤਰ ਸੁਭਾਸ਼ ਚੰਦਰ ਗਰਗ ਨੇ ਇਕ ਟੀ.ਵੀ. ਪ੍ਰੋਗਰਾਮ ਵਿਚ ਦੱਸਿਆ ਸੀ ਕਿ ਸਰਕਾਰੀ ਅੰਕੜਿਆਂ ਦੇ ਹਿਸਾਬ ਨਾਲ ਅਸਲ ਜੀ.ਡੀ.ਪੀ. ਜ਼ੀਰੋ ਫ਼ੀਸਦੀ ਵੀ ਹੋ ਸਕਦੀ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਅਸਲ ਜੀ.ਡੀ.ਪੀ. 4-5 ਫ਼ੀਸਦੀ ਹੈ। ਸੁਭਾਸ਼ ਚੰਦਰ ਗਰਗ ਮੋਦੀ ਸਰਕਾਰ 'ਚ ਵਿੱਤ ਸਕੱਤਰ ਰਹੇ ਹਨ, ਜੋ 'ਵੀ.ਆਰ.ਐਸ.' ਲੈਣ ਬਾਅਦ ਕਈ ਕਿਤਾਬਾਂ ਲਿਖ ਚੁੱਕੇ ਹਨ। ਗਰਗ ਦੇ ਸਮਰਥਨ 'ਚ ਆਏ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਦਾ ਕਹਿਣਾ ਹੈ ਕਿ ਜੇਕਰ ਅਰਥਵਿਵਸਥਾ ਇੰਨੀ ਵਧੀਆ ਹੈ ਤਾਂ ਜ਼ਮੀਨੀ ਪੱਧਰ 'ਤੇ ਕਿਉਂ ਦਿਖਾਈ ਨਹੀਂ ਦੇ ਰਹੀ? ਲੋਕ ਖੁਸ਼ ਕਿਉਂ ਨਹੀਂ ਹਨ, ਬੇਰੁਜ਼ਗਾਰੀ ਕਿਉਂ ਵਧ ਰਹੀ ਹੈ ਤੇ ਨਿੱਜੀ ਨਿਵੇਸ਼ ਕਿਉਂ ਨਹੀਂ ਵਧ ਰਿਹਾ? ਭਾਰਤ ਸਰਕਾਰ 'ਚ ਮੁੱਖ ਆਰਥਿਕ ਸਲਾਹਕਾਰ ਰਹਿ ਚੁੱਕੇ ਕੌਸ਼ਿਕ ਬਸੂ ਵੀ ਕਾਫ਼ੀ ਹੱਦ ਤੱਕ ਗਰਗ ਦੀ ਰਾਇ ਨਾਲ ਸਹਿਮਤ ਜਾਪਦੇ ਹਨ, ਜਦਕਿ ਭਾਰਤ ਦੇ ਪਹਿਲੇ ਮੁੱਖ ਅੰਕੜਾ ਅਧਿਕਾਰੀ ਪ੍ਰਨਬ ਸੇਨ ਦਾ ਕਹਿਣਾ ਹੈ ਕਿ ਜੀ.ਡੀ.ਪੀ. ਦੇ ਅੰਕੜੇ ਦੇਸ਼ ਦੀ ਅਸਲੀ ਤਸਵੀਰ ਪੇਸ਼ ਨਹੀਂ ਕਰਦੇ। ਹਨ। ਜਦਕਿ ਮੋਦੀ ਸਰਕਾਰ ਦੇ ਮੁੱਖ ਆਰਥਿਕ ਸਲਾਹਕਾਰ ਰਹੇ ਅਰਵਿੰਦ ਸੁਬਰਾਮਨੀਅਮ ਦਾ ਕਹਿਣਾ ਹੈ ਕਿ ਅੰਕੜਿਆਂ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾ ਰਿਹਾ ਹੈ।

ਸੁਬਰਾਮਨੀਅਮ ਨੇ 7 ਸਤੰਬਰ ਨੂੰ ਇੰਡੀਅਨ ਐਕਸਪ੍ਰੈੱਸ 'ਚ ਲਿਖਿਆ ਹੈ ਕਿ ਸਵਾਲ ਜੀ.ਡੀ.ਪੀ. ਦਾ ਨਹੀਂ, ਸਗੋਂ ਸਰਕਾਰ 'ਤੇ ਭਰੋਸੇ ਦਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ 2016-17 'ਚ ਨੋਟਬੰਦੀ ਕੀਤੇ ਜਾਣ ਬਾਅਦ ਤੋਂ ਹੀ ਅੰਕੜਿਆਂ 'ਤੇ ਸਵਾਲ ਖੜ੍ਹੇ ਹੋਣ ਲੱਗੇ ਹਨ। ਜਦੋਂ 86 ਫ਼ੀਸਦੀ ਕਰੰਸੀ ਨੂੰ ਬਾਜ਼ਾਰ ਤੋਂ ਕੱਢ ਦਿੱਤਾ ਗਿਆ ਸੀ ਤਾਂ ਕੌਣ ਇਸ ਗੱਲ 'ਤੇ ਵਿਸ਼ਵਾਸ ਕਰੇਗਾ ਕਿ ਜੀ.ਡੀ.ਪੀ. 8.2 ਫ਼ੀਸਦੀ ਦੀ ਗਤੀ ਨਾਲ ਦੌੜ ਰਹੀ ਸੀ। ਪਿਛਲੇ ਕਈ ਸਾਲਾਂ ਤੋਂ ਦੇਸ਼ 'ਚ ਬੇਰੁਜ਼ਗਾਰੀ ਲਗਾਤਾਰ ਵਧ ਰਹੀ ਹੈ। ਇੰਡੀਆ ਟੂਡੇ ਦੇ ਤਾਜ਼ਾ ਸਰਵੇ 'ਚ 65 ਫ਼ੀਸਦੀ ਲੋਕਾਂ ਨੇ ਮੰਨਿਆ ਹੈ ਕਿ ਪਿਛਲੇ ਸਾਲ ਦੀ ਤੁਲਨਾ ਵਿਚ ਉਨ੍ਹਾਂ ਲਈ ਹੁਣ ਘਰ ਚਲਾਉਣਾ ਮੁਸ਼ਕਿਲ ਹੋ ਰਿਹਾ ਹੈ। ਆਮ ਚੀਜ਼ਾਂ ਦੇ ਭਾਅ ਆਸਮਾਨ ਨੂੰ ਛੂਹ ਰਹੇ ਹਨ, ਡਾਲਰ 100 ਰੁਪਏ ਤੋਂ ਪਾਰ ਜਾਣ ਲਈ ਕਾਹਲਾ ਹੈ ਤਾਂ ਪੈਟਰੋਲ-ਡੀਜ਼ਲ ਦੇ ਭਾਅ ਪਹਿਲਾਂ ਹੀ 100 ਰੁਪਏ ਨੂੰ ਟੱਪ ਚੁੱਕੇ ਹਨ। ਅਜਿਹੇ 'ਚ ਦਰਾਮਦ ਘਟਣ ਤੋਂ ਬਾਅਦ ਵੀ ਸਰਕਾਰ ਜੇ ਸਭ ਕੁਝ ਠੀਕ ਕਹੇ ਤਾਂ ਕੌਣ ਯਕੀਨ ਕਰੇਗਾ?

ਸਰਕਾਰ ਇਸ ਗੱਲ ਤੋਂ ਨਾਰਾਜ਼ ਹੈ ਕਿ ਲੋਕ ਜੀ.ਡੀ.ਪੀ. 'ਤੇ ਕਿਉਂ ਵਿਸ਼ਵਾਸ ਨਹੀਂ ਕਰ ਰਹੇ?

ਜਦੋਂ ਸਰਕਾਰ 12 ਸਾਲ ਦੇ ਕਾਰਜਕਾਲ ਬਾਅਦ ਵੀ ਵੱਡੇ ਸੰਕਟ ਨਾਲ ਜੂਝ ਰਹੀ ਹੋਵੇ ਤਾਂ ਲੋਕ ਇਹ ਸਵਾਲ ਕਰਨਗੇ ਹੀ ਕਿ ਨਿਰਾਸ਼ਾ ਦੇ ਇਸ ਮਾਹੌਲ 'ਚ ਅਚਾਨਕ ਅਰਥਵਿਵਸਥਾ ਇੰਨੀ ਤੇਜ਼ੀ ਨਾਲ ਕਿਵੇਂ ਦੌੜ ਰਹੀ ਹੈ? ਇਹ 'ਹੈਡਲਾਈਨ ਮੈਨੇਜਮੈਂਟ ਜਾਂ ਫੀਲ ਗੁੱਡ ਫੈਕਟਰ' ਦੱਸ ਕੇ ਕੋਈ ਨਵਾਂ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਤਾਂ ਨਹੀਂ? ਲੋਕ ਸਰਕਾਰ 'ਤੇ ਕਿਵੇਂ ਭਰੋਸਾ ਕਰਨਗੇ, ਜਦੋਂ ਪ੍ਰਧਾਨ ਮੰਤਰੀ ਖ਼ੁਦ ਸੋਨਾ ਨਾ ਖਰੀਦਣ ਤੇ ਵਿਦੇਸ਼ ਯਾਤਰਾ ਨਾ ਕਰਨ ਦੀਆਂ ਸਲਾਹਾਂ ਦੇ ਰਹੇ ਹੋਣ। ਫਿਰ ਅਰਥਵਿਵਸਥਾ ਦੀ ਹਾਲਤ ਚੰਗੀ ਕਿਵੇਂ ਹੋ ਸਕਦੀ ਹੈ? ਜਦੋਂ ਵਿਸ਼ਵ ਅਰਥ-ਵਿਵਸਥਾ ਇਕ ਪਾਸੇ ਈਰਾਨ ਯੁੱਧ ਕਾਰਨ ਤੇਲ ਸੰਕਟ ਨਾਲ ਤੇ ਦੂਜੇ ਪਾਸੇ ਡੋਨਾਲਡ ਟਰੰਪ ਦੀ ਟੈਰਿਫ ਵਾਰ ਕਾਰਨ ਡਾਵਾਂਡੋਲ ਹੋਵੇ ਤਾਂ ਫਿਰ ਲੋਕ ਇਨ੍ਹਾਂ ਅੰਕੜਿਆਂ ਨੂੰ ਕਿਵੇਂ ਸੱਚੇ ਮੰਨ ਸਕਦੇ ਹਨ? ਸਰਕਾਰ ਇਸ ਸਵਾਲ ਦਾ ਜਵਾਬ ਕਿਉਂ ਨਹੀਂ ਦਿੰਦੀ ਕਿ ਜੀ.ਡੀ.ਪੀ. ਦੇ ਅੰਕੜਿਆਂ ਦੇ ਆਉਣ ਬਾਅਦ ਵੀ ਸ਼ੇਅਰ ਬਾਜ਼ਾਰ 'ਚ ਉਤਸ਼ਾਹ ਕਿਉਂ ਨਹੀਂ ਹੈ? ਨੀਤੀ ਆਯੋਗ ਦੀ ਰਿਪੋਰਟ ਅਨੁਸਾਰ ਇਸ ਸਮੇਂ 8 ਕਰੋੜ ਨੌਜਵਾਨ ਨਾ ਪੜ੍ਹਾਈ ਕਰ ਰਹੇ ਹਨ ਤੇ ਨਾ ਹੀ ਕੋਈ ਕੰਮ ਕਰ ਰਹੇ ਹਨ। ਜਦੋਂ ਸਰਕਾਰ 80 ਕਰੋੜ ਲੋਕਾਂ ਨੂੰ ਮੁਫ਼ਤ ਖਾਣਾ ਵੰਡ ਰਹੀ ਹੋਵੇ ਤੇ ਦੇਸ਼ 'ਚ ਖੁਸ਼ਹਾਲੀ ਤੇ ਤਰੱਕੀ ਦੇ ਦਾਅਵੇ ਕੀਤੇ ਜਾਣ ਤਾਂ ਲੋਕਾਂ ਵਲੋਂ ਅੰਕੜਿਆਂ 'ਤੇ ਸ਼ੱਕ ਕਰਨ ਨੂੰ ਲੈ ਕੇ ਪ੍ਰਧਾਨ ਮੰਤਰੀ ਉਨ੍ਹਾਂ ਦਾ 'ਨਾਰਾਜ਼ ਫੁੱਫੜ' ਤੇ 'ਦਿਮਾਗੀ ਨਕਸਲ' ਕਹਿ ਕੇ ਮਜ਼ਾਕ ਉਡਾਉਂਦੇ ਹਨ। ਕੀ ਅਜੇਹੇ ਅਲੰਕਾਰ ਅਸਲ ਮੁੱਦੇ ਤੋਂ ਧਿਆਨ ਭਟਕਾਉਣ ਲਈ ਹਨ?

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਪ੍ਰਚਾਰ ਬੇਅਸਰ ਕਿਉਂ?

ਕਦੇ ਹੁੰਦਾ ਸੀ ਸ਼ਿਕਵਾ ਇਹ ਬਹੁਤ ਵੱਡਾ, ਹੁੰਦਾ ਗੁਰਮਤਿ ਦਾ ਨਹੀਂ ਪ੍ਰਚਾਰ ਭਾਈ।
ਜੇਬ੍ਹਾਂ ਵਿਚ ਮੋਬਾਈਲ ਹੁਣ ਸਾਰਿਆਂ ਦੇ, ਕਥਾ-ਕੀਰਤਨ ਦੇ ਭਰੇ 'ਭੰਡਾਰ' ਭਾਈ।
ਸਜਿਆ ਕਿਧਰੇ ਵੀ ਹੋਵੇ 'ਦੀਵਾਨ' ਭਾਵੇਂ, ਸੁਣਨ ਵਾਸਤੇ 'ਲਾਈਵ' ਦਰਕਾਰ ਭਾਈ।
ਹਰਿਕ ਪਿੰਡ ਤੇ ਸ਼ਹਿਰ ਵਿਚ ਸੁਬ੍ਹਾ ਸ਼ਾਮੀਂ, ਲਾਊਡ ਸਪੀਕਰ ਨੇ ਪਾਉਂਦੇ ਗੁੰਜਾਰ ਭਾਈ।
ਚਾਹੀਏ ਸੋਚਣਾ ਸਭਨਾਂ 'ਪਰਚਾਰਕਾਂ' ਨੂੰ, ਕਰ ਕੇ ਗ਼ਹਿਰ ਗੰਭੀਰ 'ਵਿਚਾਰ' ਭਾਈ।
ਹੋਵੇ ਭਾਵਨਾ 'ਸ਼ੋਹਰਤ-ਕਮਾਈ' ਦੀ ਜੇ, ਕਰਦਾ ਅਸਰ ਨਹੀਂ ਫੇਰ ਪ੍ਰਚਾਰ ਭਾਈ।

## ਰੱਖੜ ਪੁੰਨਿਆ ਦੇ ਮੌਕੇ 'ਤੇ ਸਿਆਸੀ ਕਾਨਫਰੰਸਾਂ:

# ਪੰਜਾਬ ਦੀ ਸੱਤਾ ਉਪਰ ਕਾਬਜ਼ ਹੋਣ ਲਈ ਮੁੱਦਿਆਂ ਦੀ ਥਾਂ ਗੈਰ-ਸਿਧਾਂਤਕ ਗੱਠਜੋੜ ਭਾਰੂ

ਪੰਜਾਬ ਵਿਧਾਨ ਸਭਾ ਚੋਣਾਂ ਵਿਚ ਲੱਗਭੱਗ 6 ਕੁ ਮਹੀਨੇ ਦਾ ਵਕਫਾ ਰਹਿੰਦਾ ਹੈ। ਜੇਕਰ ਚੋਣ ਜ਼ਾਬਤਾ ਲੱਗਣ ਤੱਕ ਦਾ ਜ਼ਿਕਰ ਕੀਤਾ ਜਾਵੇ ਤਾਂ ਇਹ ਵਕਫਾ ਇਸ ਤੋਂ ਵੀ ਘੱਟ ਹੈ। ਪੰਜਾਬ ਇਸ ਸਮੇਂ ਨਸ਼ੇ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਸਮੇਤ ਤਮਾਮ ਤਰ੍ਹਾਂ ਦੀਆਂ ਸਮੱਸਿਆਵਾਂ ਵਿਚ ਘਿਰਿਆ ਹੋਇਆ ਨਜ਼ਰ ਆ ਰਿਹਾ ਹੈ ਪਰ ਸੂਬੇ ਦੀਆਂ ਪ੍ਰਮੁੱਖ ਰਾਜਨੀਤਕ ਪਾਰਟੀਆਂ ਅਤੇ ਮੁੱਖ ਧਾਰਾ ਦੇ ਆਗੂ ਚੋਣਾਂ ਤੋਂ ਪਹਿਲਾਂ ਸੂਬੇ ਦੇ ਪ੍ਰਮੁੱਖ ਮੁੱਦਿਆਂ ਨੂੰ ਉਭਾਰਨ ਦੀ ਥਾਂ 'ਸੱਤਾ' ਉਪਰ ਕਾਬਜ਼ ਹੋਣ ਲਈ ਤਰਲੋਮੱਛੀ ਹੋ ਰਹੇ ਹਨ। ਅਗਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਰਾਜਨੀਤਕ ਦ੍ਰਿਸ਼ ਵਿਚ ਚਾਰੇ ਪਾਸੇ ਗੈਰ-ਸਿਧਾਂਤਕ ਗੱਠਜੋੜਾਂ ਦੀ ਭਰਮਾਰ ਹੈ।




ਨਵਕਿਰਨ ਸਿੰਘ ਪੱਤੀ
ਫੋਨ: 98885-44001


ਪਿਛਲੇ ਦਿਨੀਂ ਰਾਜਨੀਤਕ ਪਾਰਟੀਆਂ ਨੇ ਮਾਝੇ ਦੇ ਇਤਿਹਾਸਕ ਗੁਰਦੁਆਰਾ ਬਾਬਾ ਬਕਾਲਾ ਵਿਖੇ ਰੱਖੜ ਪੁੰਨਿਆ ਦੇ ਮੌਕੇ 'ਤੇ ਸਿਆਸੀ ਕਾਨਫਰੰਸਾਂ ਕਰਕੇ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਸਿਆਸੀ ਬਿਗੁਲ ਵਜਾ ਦਿੱਤਾ ਹੈ। ਸਿਆਸੀ ਕਾਨਫਰੰਸਾਂ ਦੌਰਾਨ ਸਾਰੀਆਂ ਹੀ ਧਿਰਾਂ ਤੋਂ ਸੰਕੇਤ ਮਿਲਿਆ ਹੈ ਕਿ 2027 ਦੀ ਵਿਧਾਨ ਸਭਾ ਚੋਣ ਦੇ ਮੱਦੇਨਜ਼ਰ ਸੂਬੇ ਦੀ ਰਾਜਨੀਤੀ ਵਿਚ ਮੁੱਦਿਆਂ ਦੀ ਥਾਂ ਮੌਕਾਪ੍ਰਸਤੀ ਭਾਰੂ ਰਹੇਗੀ।

ਪੰਜਾਬ ਦੀ 'ਸੱਤਾ' ਉਪਰ ਕਾਬਜ਼ ਆਮ ਆਦਮੀ ਪਾਰਟੀ ਦੀ ਸਿਆਸੀ ਕਾਨਫਰੰਸ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੇ ਹਮੇਸ਼ਾਂ ਦੀ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਖਾਸਕਰ ਬਾਦਲ-ਮਜੀਠੀਆ 'ਤੇ ਸਿਆਸੀ ਨਿਸ਼ਾਨਾ ਲਾਉਂਦਿਆਂ ਟੋਟਕੇ ਸੁਣਾਏ, ਹਾਲਾਂਕਿ ਉਨ੍ਹਾਂ ਕਾਂਗਰਸ ਦੀ ਅੰਦਰੂਨੀ ਧੜੇਬਾਜ਼ੀ ਬਾਰੇ ਵੀ ਕਮੇਡੀ ਅੰਦਾਜ਼ ਵਿਚ ਵਿਅੰਗ ਕਸੇ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਮੁੱਖ ਮੰਤਰੀ ਆਪਣੀ ਸਰਕਾਰ ਦੀ ਕਾਰਗੁਜ਼ਾਰੀ ਦੱਸਣ ਤੋਂ ਬਚਦੇ ਰਹੇ ਤੇ ਕਮੇਡੀ ਅੰਦਾਜ਼ ਵਿਚ ਟੋਟਕੇ ਸੁਣਾ ਕੇ ਚਲਦੇ ਬਣੇ। ਬਣਦਾ ਤਾਂ ਇਹ ਸੀ ਕਿ ਮੁੱਖ ਮੰਤਰੀ ਸਾਹਿਬ ਸਰਕਾਰ ਵੱਲੋਂ ਕੀਤੇ ਕੰਮਾਂ ਦਾ ਪਿਛਲੇ ਸਾਢੇ ਚਾਰ ਸਾਲ ਦਾ ਰਿਪੋਰਟ ਕਾਰਡ ਦਿਖਾਉਂਦੇ।

ਕਾਂਗਰਸ ਦੀ ਸਿਆਸੀ ਕਾਨਫਰੰਸ ਵਿਚ ਮੁੱਖ ਆਗੂ ਵਜੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਹੀ ਨਜ਼ਰ ਆ ਰਿਹਾ ਸੀ ਕਿਉਂਕਿ ਸਟੇਜ 'ਤੋਂ ਪਾਰਟੀ ਪ੍ਰਧਾਨ ਰਾਜਾ ਵੜਿੰਗ ਅਤੇ ਉਸਦਾ ਧੜਾ ਗਾਇਬ ਸਨ। ਜੇ ਕਾਂਗਰਸ ਹਾਈਕਮਾਂਡ ਦੀ ਗੈਰ ਮਜੂਦਗੀ ਵਾਲੀ ਇਸ ਰੈਲੀ ਨੂੰ ਕਾਂਗਰਸ ਦੀ ਰੈਲੀ ਕਹਿਣ ਦੀ ਬਜਾਏ ਚੰਨੀ ਧੜੇ ਦੀ ਰੈਲੀ ਕਹਿਣਾ ਸ਼ਾਇਦ ਜਿਆਦਾ ਠੀਕ ਰਹੇਗਾ, ਇਹ ਵੀ ਕਿਹਾ ਜਾ ਸਕਦਾ ਹੈ ਕਿ ਇਸ ਕਾਨਫਰੰਸ ਰਾਹੀਂ ਚੰਨੀ ਧੜੇ ਦੇ ਲੀਡਰਾਂ ਵੱਲੋਂ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ ਗਿਆ।

ਇਸ ਵਾਰ ਤਾਂ ਭਾਜਪਾ ਦੀ ਪੰਜਾਬ ਇਕਾਈ ਨੂੰ ਵੀ ਅਜਿਹਾ ਲੋਰ ਚੜ੍ਹਿਆ ਕਿ ਉਨ੍ਹਾਂ ਪਹਿਲੀ ਵਾਰ ਰੱਖੜ ਪੁੰਨਿਆ ਮੌਕੇ ਬਾਬਾ ਬਕਾਲਾ ਵਿਖੇ ਆਪਣੀ ਰੈਲੀ ਕੀਤੀ ਹੈ। ਬੀਜੇਪੀ ਦੀ ਰੈਲੀ ਵਿਚ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ, ਹਰਿਆਣਾ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਪ੍ਰਧਾਨ ਕੇਵਲ ਸਿੰਘ ਢਿੱਲੋਂ, ਮਨਪ੍ਰੀਤ ਬਾਦਲ ਵਰਗੇ ਆਗੂ ਮੌਜੂਦ ਰਹੇ। ਇਸ ਦੌਰਾਨ ਪੰਜਾਬ ਦੇ ਕਿਸੇ ਮੁੱਦੇ ਨੂੰ ਹੱਲ ਕਰਨ ਦਾ ਭਰੋਸਾ ਦੇਣ ਦੀ ਬਜਾਏ ਉਲਟਾ ਕੇਂਦਰੀ ਖੇਤੀਬਾੜੀ ਮੰਤਰੀ ਕਿਸਾਨਾਂ ਦੇ ਸੰਦਰਭ ਵਿਚ ਭਾਰਤ-ਅਮਰੀਕਾ ਟਰੇਡ ਡੀਲ ਦੇ ਪੱਖ ਵਿਚ ਬੋਲਦਾ ਨਜ਼ਰ ਆਇਆ। ਭਾਜਪਾ ਦੀ ਰੈਲੀ ਵਿਚ ਇਕੱਠ ਦੀ ਘਾਟ ਅਤੇ ਭਾਜਪਾ ਲੀਡਰਸ਼ਿਪ ਕੋਲ ਪੰਜਾਬ ਦੇ ਮੁੱਦਿਆਂ ਦੀ ਸਮਝ ਦੀ ਘਾਟ ਸਾਫ ਦਿਸ ਰਹੀ ਸੀ। ਭਾਜਪਾ ਕੇਂਦਰੀ ਸੱਤਾ ਵਿਚ ਹੈ ਤੇ ਉਹ ਪੰਜਾਬ ਸਿਰ ਚੜ੍ਹੇ 4 ਲੱਖ ਕਰੋੜ ਤੋਂ ਵੱਧ ਦੇ ਕਰਜ਼ੇ ਦੇ ਹੱਲ ਲਈ ਕੀ ਯਤਨ ਕਰ ਸਕਦੀ ਹੈ ਇਸ ਗੱਲ ਦਾ ਜ਼ਿਕਰ ਕਦੇ ਵੀ ਕਿਸੇ ਭਾਜਪਾ ਆਗੂ ਨੇ ਨਹੀਂ ਕੀਤਾ। ਕੇਂਦਰ ਸਰਕਾਰ ਪੰਜਾਬ ਦੇ ਦਿਹਾਤੀ ਵਿਕਾਸ ਫੰਡ (ਆਰ.ਡੀ.ਐਫ) ਸਮੇਤ ਕਈ ਤਰ੍ਹਾਂ ਦੇ ਫੰਡ ਕਿਉਂ ਰੋਕੀ ਬੈਠੀ ਹੈ, ਇਸਦਾ ਵੀ ਜ਼ਿਕਰ ਨਹੀਂ ਕੀਤਾ ਗਿਆ। ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਦਾ ਮਸਲਾ ਪੰਜਾਬ ਦਾ ਅਹਿਮ ਮੁੱਦਾ ਹੈ ਤੇ ਭਾਜਪਾ ਲੀਡਰਸ਼ਿਪ ਚਾਹੇ ਤਾਂ ਸਾਰੇ ਬੰਦੀ ਸਿੰਘ ਪੈਰੋਲ ਉਪਰ ਬਾਹਰ ਆ ਸਕਦੇ ਹਨ।

ਇਹ ਸਾਫ ਹੈ ਕਿ ਭਾਜਪਾ ਦੀ ਰਾਜਨੀਤੀ ਤਾਕਤਾਂ ਦੇ ਕੇਂਦਰੀਕਰਨ ਦੀ ਰਾਜਨੀਤੀ ਹੈ, ਉਨ੍ਹਾਂ ਨੇ ਸ਼ਿਵ ਸੈਨਾ ਵਰਗੀਆਂ ਦਰਜਨਾਂ ਪਾਰਟੀਆਂ ਨਾਲ ਗੱਠਜੋੜ ਕਰਕੇ ਉਨ੍ਹਾਂ ਪਾਰਟੀਆਂ ਨੂੰ ਸਿਆਸੀ ਖਾਤਮੇ ਵੱਲ ਧੱਕਿਆ ਹੈ। ਇਸ ਸਭ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਪੁਨਰ ਸੁਰਜੀਤ ਧੜਾ ਇਕ ਦੂਜੇ ਤੋਂ ਮੂਹਰੇ ਹੋ ਕੇ ਭਾਜਪਾ ਨਾਲ ਗੱਠਜੋੜ ਲਈ ਉਤਾਵਲੇ ਹੋ ਰਹੇ ਹਨ। ਕਿਸੇ ਵੀ ਸੂਬੇ ਦੀ ਖੇਤਰੀ ਪਾਰਟੀ ਤਾਂ ਹੀ ਸੂਬੇ ਦੀ ਭਲਾਈ ਕਰ ਸਕਦੀ ਹੈ ਜੇਕਰ ਉਹ ਫੈਡਰਲ ਢਾਂਚੇ ਦੀ ਗੱਲ ਕਰੇਗੀ ਪਰ ਪੰਥਕ ਹੋਣ ਦਾ ਦਾਅਵਾ ਕਰਨ ਵਾਲੀਆਂ ਪੰਜਾਬ ਦੀਆਂ ਖੇਤਰੀ ਪਾਰਟੀਆਂ ਭਾਜਪਾ ਅੱਗੇ ਗੋਡੇ ਟੇਕਣ ਲਈ ਤਿਆਰ ਹਨ। ਜਿਸਦੀ ਤਾਜ਼ਾ ਉਦਾਹਰਣ ਹੈ ਕਿ ਸਾਬਕਾ ਸੰਸਦ ਮੈਂਬਰ ਡਾ. ਰਤਨ ਸਿੰਘ ਅਜਨਾਲਾ ਵਰਗੇ ਕੁੱਝ ਅਕਾਲੀ ਲੀਡਰ ਤਾਂ ਭਾਜਪਾ ਨਾਲ ਸਾਂਝ ਲਈ ਇਸ ਕਦਰ ਉਤਾਵਲੇ ਹਨ ਕਿ ਅਜੇ ਗੱਠਜੋੜ ਦੀ ਚਰਚਾ ਚੱਲੀ ਹੈ ਕਿ ਉਨ੍ਹਾਂ ਪਹਿਲੀ ਸਤੰਬਰ ਨੂੰ ਪ੍ਰੈਸ ਕਾਨਫਰੰਸ ਦੌਰਾਨ ਆਪਣੇ ਪਿੱਛੇ ਭਾਜਪਾ ਦੇ ਲੋਗੋ ਵਾਲਾ ਬੈਨਰ ਵੀ ਲਗਾ ਲਿਆ ਅਤੇ ਦਾਅਵਾ ਕੀਤਾ ਕਿ ਗੱਠਜੋੜ ਵੀ ਤਹਿ ਹੈ ਤੇ ਉਨ੍ਹਾਂ ਦਾ ਅਜਨਾਲਾ ਤੋਂ ਅਕਾਲੀ-ਭਾਜਪਾ ਉਮੀਦਵਾਰ ਬਣਨਾ ਵੀ ਤਹਿ ਹੈ। ਪੁਨਰ ਸੁਰਜੀਤ ਧੜੇ ਦੇ ਪ੍ਰਮੁੱਖ ਆਗੂ ਅਜਨਾਲਾ ਸਾਹਿਬ ਨੇ ਤਾਂ ਇਹ ਵੀ ਕਹਿ ਦਿੱਤਾ ਕਿ ਉਹ 'ਕਮਲ' ਦੇ ਫੁੱਲ 'ਤੇ ਚੋਣ ਲੜਣ ਨੂੰ ਵੀ ਕੋਈ ਸੰਕੋਚ ਨਹੀਂ ਹੈ। ਇਸ ਸਭ ਤੋਂ ਇਨ੍ਹਾਂ ਅਕਾਲੀ ਆਗੂਆਂ ਦੀ ਮੌਕਾਪ੍ਰਸਤੀ ਜਾਹਿਰ ਹੁੰਦੀ ਹੈ ਕਿ ਇਨ੍ਹਾਂ ਦਾ ਕੋਈ ਸਿਧਾਂਤ ਨਹੀਂ ਹੈ ਅਤੇ ਇਹ 'ਸੱਤਾ' ਵਿਚ ਆਉਣ ਲਈ ਕੁੱਝ ਵੀ ਕਰ ਸਕਦੇ ਹਨ। ਇਸੇ ਤਰ੍ਹਾਂ ਪ੍ਰਧਾਨ ਮੰਤਰੀ ਦਫ਼ਤਰ ਨਾਲ ਆਪਣੀ ਨੇੜਤਾ ਦਿਖਾਉਣ ਦੇ ਲਈ ਪੁਨਰ ਸੁਰਜੀਤ ਧੜੇ ਦੇ ਆਗੂ ਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਚਿੱਠੀ ਭੇਜ ਕੇ ਜਗਤਾਰ ਸਿੰਘ ਹਵਾਰਾ ਦੀ ਮਾਤਾ ਦੀ ਨਾਜ਼ੁਕ ਹਾਲਤ ਦਾ ਹਵਾਲਾ ਦਿੰਦਿਆਂ ਉਨ੍ਹਾਂ ਦੀ ਪੈਰੋਲ ਦੀ ਮੰਗ ਕੀਤੀ ਹੈ। ਹੁਣ ਇਨ੍ਹਾਂ ਨੂੰ ਕੋਈ ਪੁੱਛੇ ਕਿ ਜਦੋਂ ਅਕਾਲੀ-ਭਾਜਪਾ ਗੱਠਜੋੜ ਦੀ ਪੰਜਾਬ ਅਤੇ ਕੇਂਦਰ ਵਿਚ ਸਰਕਾਰਾਂ ਰਹੀਆਂ ਸਨ ਤਾਂ ਉਦੋਂ ਤੁਹਾਨੂੰ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਕਿਉਂ ਨਹੀਂ ਦਿਸਿਆ ਸੀ। ਵੈਸੇ ਗਿਆਨੀ ਹਰਪ੍ਰੀਤ ਸਿੰਘ ਵੀ ਕਹਿ ਚੁੱਕੇ ਹਨ ਕਿ ਉਨ੍ਹਾਂ ਦੀ ਭਾਜਪਾ ਨਾਲ ਗੱਲਬਾਤ ਚੱਲ ਰਹੀ ਹੈ ਅਤੇ ਜੇਕਰ ਗਠਜੋੜ ਹੁੰਦਾ ਹੈ ਤਾਂ ਇਹ ਸਪੱਸ਼ਟ ਏਜੰਡੇ ਦੇ ਆਧਾਰ 'ਤੇ ਹੀ ਹੋਵੇਗਾ।

ਭਾਜਪਾ ਦੀ ਨੀਤੀ ਕਿਸੇ ਨਾ ਕਿਸੇ ਤਰ੍ਹਾਂ ਸੂਬਿਆਂ ਦੀ 'ਸੱਤਾ' ਹਾਸਲ ਕਰਨ ਦੀ ਹੈ ਅਤੇ ਇਸੇ ਦੇ ਚੱਲਦਿਆਂ 2024 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਭਾਜਪਾ ਨੇ ਹਰਿਆਣਾ, ਮਹਾਰਾਸ਼ਟਰ, ਦਿੱਲੀ, ਬਿਹਾਰ ਅਤੇ ਪੱਛਮੀ ਬੰਗਾਲ ਵਿਚ ਸਰਕਾਰਾਂ ਬਣਾਈਆਂ ਹਨ। ਇਸੇ ਨੀਤੀ 'ਤੇ ਚੱਲਦਿਆਂ ਹੁਣ ਭਾਜਪਾ ਨੇ 2027 ਲਈ ਪੰਜਾਬ ਦੇ ਨਾਲ-ਨਾਲ ਉੱਤਰ ਪ੍ਰਦੇਸ਼, ਗੋਆ, ਮਨੀਪੁਰ ਅਤੇ ਉਤਰਾਖੰਡ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਵੀ ਪ੍ਰਚਾਰ ਵਿੱਢਿਆ ਹੋਇਆ ਹੈ, ਪਰ ਪੰਜਾਬ ਦੀ ਸੱਤਾ ਹਾਸਲ ਕਰਨਾ ਉਨ੍ਹਾਂ ਲਈ ਹਮੇਸ਼ਾਂ ਹੀ ਏਜੰਡੇ ਉਪਰ ਰਿਹਾ ਹੈ। ਭਾਵ ਭਾਜਪਾ ਤਾਂ ਇਕ ਤਹਿ ਸ਼ੁਦਾ ਏਜੰਡੇ ਤਹਿਤ ਚੱਲ ਹੀ ਰਹੀ ਹੈ ਪਰ ਸਾਡੇ ਲਈ ਹੈਰਾਨੀਜਨਕ ਹੈ ਕਿ ਭਾਜਪਾ ਨਾਲ ਗੱਠਜੋੜ ਲਈ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਅਕਾਲੀ ਦਲ ਤੋਂ ਵੱਖ ਹੋਇਆ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲਾ ਪੁਨਰ ਸੁਰਜੀਤ ਇਕ-ਦੂਜੇ ਤੋਂ ਵੱਧ ਕਾਹਲੇ ਪਏ ਹੋਏ ਹਨ।

ਰੱਖੜ ਪੁੰਨਿਆ ਮੌਕੇ ਸ਼੍ਰੋਮਣੀ ਅਕਾਲੀ ਦਲ ਦੀ ਰੈਲੀ ਵਿਚ ਸੁਖਬੀਰ ਸਿੰਘ ਬਾਦਲ ਨੇ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੀ ਪਾਰਟੀ ਨੂੰ ਨਿਸ਼ਾਨੇ 'ਤੇ ਲਿਆ ਅਤੇ ਪੰਥਕ ਪਾਰਟੀ ਹੋਣ ਦੇ ਦਾਅਵਿਆਂ 'ਤੇ ਸਵਾਲ ਉਠਾਏ। ਸੁਖਬੀਰ ਸਿੰਘ ਬਾਦਲ ਨੇ ਭਾਜਪਾ ਖਿਲਾਫ ਤਾਂ ਕੀ ਬੋਲਣਾ ਸੀ ਬਲਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਭਾਜਪਾ ਦੇ ਵਿਦਿਆਰਥੀ ਵਿੰਗ ਦੀ ਹਮਾਇਤ ਕਰਕੇ ਇਕਪਾਸੜ ਗੱਠਜੋੜ ਦਾ ਤਰਲਾ ਮਾਰਿਆ ਹੈ। ਭਾਵ ਅੱਜ ਇਕ ਪਾਸੇ ਅਕਾਲੀ ਦਲ ਦੇ ਦੋਵੇਂ ਧੜੇ ਭਾਜਪਾ ਨਾਲ ਗੱਠਜੋੜ ਲਈ ਲੇਲੜੀਆਂ ਕੱਢਦੇ ਵਿਖਾਈ ਦੇ ਰਹੇ ਹਨ ਅਤੇ ਦੂਜੇ ਪਾਸੇ ਪੰਜਾਬ ਦੇ ਮੁੱਦਿਆਂ ਨਾਲ ਹੇਜ ਵਿਖਾ ਰਹੇ ਹਨ, ਪਰ ਜੇਕਰ ਇਹ ਪੰਜਾਬ ਪ੍ਰਤੀ ਥੋੜ੍ਹੇ-ਬਹੁਤੇ ਵੀ ਸੁਹਿਰਦ ਹੁੰਦੇ ਤਾਂ ਪੰਜਾਬ ਦੇ ਕਈ ਮੁੱਦੇ ਤਿੰਨ ਦਹਾਕੇ ਪਹਿਲਾਂ ਹੀ ਹੱਲ ਹੋਣ ਵੱਲ ਵਧ ਸਕਦੇ ਸਨ ਕਿਉਂਕਿ 1995-96 ਵਿਚ ਅਕਾਲੀ ਦਲ ਦੇ ਪ੍ਰਧਾਨ ਬਣੇ ਪ੍ਰਕਾਸ਼ ਸਿੰਘ ਬਾਦਲ ਨੇ ਭਾਜਪਾ ਨੂੰ ਬਿਨਾਂ ਸ਼ਰਤ ਹਮਾਇਤ ਦੇਣ ਦਾ ਐਲਾਨ ਕਰ ਦਿੱਤਾ ਸੀ ਅਤੇ ਫਰਵਰੀ 1997 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਅਕਾਲੀ-ਭਾਜਪਾ ਨੇ ਸਾਂਝੀਆ ਲੜ ਕੇ ਸਰਕਾਰ ਬਣਾਈ ਸੀ। ਫਿਰ 2007 ਤੋਂ ਲੈ ਕੇ 2017 ਤੱਕ ਅਕਾਲੀ-ਭਾਜਪਾ ਦੀ ਸਰਕਾਰ ਰਹੀ ਪਰ ਬੰਦੀ ਸਿੰਘਾਂ ਦੀ ਰਿਹਾਈ ਸਮੇਤ ਇਨ੍ਹਾਂ ਨੂੰ ਪੰਜਾਬ ਦਾ ਕੋਈ ਮੁੱਦਾ ਚੇਤੇ ਨਾ ਰਿਹਾ।

ਰੱਖੜ ਪੁੰਨਿਆ ਦੀ ਸਟੇਜ ਤੋਂ ਬਿਕਰਮਜੀਤ ਮਜੀਠੀਆ ਪੰਜਾਬੀਆਂ ਨੂੰ ਅਕਾਲੀ ਦਲ ਦੇ ਪੱਖ ਵਿਚ ਖੜ੍ਹਨ ਦੀ ਅਪੀਲ ਕਰ ਰਿਹਾ ਸੀ, ਪਰ ਪੰਜਾਬੀ ਕਿਵੇਂ ਭੁੱਲ ਜਾਣ ਕਿ 2007 ਤੋਂ 2017 ਦੇ ਕਾਰਜਕਾਲ ਦੌਰਾਨ ਸੁਖਬੀਰ-ਮਜੀਠੀਆ ਜੋੜੀ ਵੱਲੋਂ ਸੂਬੇ ਦੀ ਟਰਾਂਸਪੋਰਟ, ਕੇਬਲ ਸਨਅਤ, ਰੇਤ-ਬਜਰੀ ਕਾਰੋਬਾਰ, ਹੋਟਲਾਂ 'ਤੇ ਨਿੱਜੀ ਅਜਾਰੇਦਾਰੀ ਸਥਾਪਤ ਕਰਲੀ। ਇਹ ਛੋਟੀ ਗੱਲ ਨਹੀਂ ਸੀ ਕਿ ਇਸ ਪੰਥਕ ਪਾਰਟੀ ਦੇ ਕਿਸੇ ਸੀਨੀਅਰ ਆਗੂ 'ਤੇ ਨਸ਼ਿਆਂ ਦੇ ਮਾਮਲੇ ਵਿਚ ਇਲਜ਼ਾਮ ਲੱਗੇ ਹੋਣ। ਇਸੇ ਕਾਰਜਕਾਲ ਦੌਰਾਨ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ ਵਿਚ ਇਨਸਾਫ ਨਾ ਮਿਲਣਾ, ਕੋਟਕਪੂਰਾ ਗੋਲੀ ਕਾਂਡ ਮਾਮਲੇ ਵਿਚ ਪੁਲਿਸ ਅਫਸਰਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਨਾ, ਸੁਮੇਧ ਸੈਣੀ ਨੂੰ ਸੂਬੇ ਦਾ ਡੀਜੀਪੀ ਲਾਉਣਾ, ਡੇਰਾ ਸਿਰਸਾ ਮੁਖੀ ਨੂੰ ਦਿੱਤੀ ਗਈ ਮੁਆਫ਼ੀ ਅਜਿਹੀਆਂ ਘਟਨਾਵਾਂ ਸਨ।

ਅਕਾਲੀ ਦਲ (ਵਾਰਿਸ ਪੰਜਾਬ ਦੇ) ਵੱਲੋਂ ਕੀਤੀ ਗਈ ਸਿਆਸੀ ਕਾਨਫਰੰਸ ਵਿਚ ਮੁੱਖ ਬੁਲਾਰੇ ਵਜੋਂ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਅਤੇ ਮਨਪ੍ਰੀਤ ਸਿੰਘ ਇਯਾਲੀ ਨੇ ਸੰਬੋਧਨ ਕੀਤਾ। ਇਸ ਦੌਰਾਨ ਉਨ੍ਹਾਂ ਪੰਜਾਬ ਵਿਚ ਨਸ਼ੇ ਦੀ ਸਮੱਸਿਆ ਦਾ ਜ਼ਿਕਰ ਕਰਦਿਆਂ ਦਾਅਵਾ ਕੀਤਾ ਕਿ ਸੱਤਾ ਵਿਚ ਆਉਣ 'ਤੇ ਉਨ੍ਹਾਂ ਦੀ ਪਾਰਟੀ ਵੱਲੋਂ 1997 ਤੋਂ ਲੈ ਕੇ 2027 ਤੱਕ ਪੰਜਾਬ ਵਿਚ ਨਸ਼ੇ ਦੇ ਪਸਾਰ ਅਤੇ ਇਸ ਵਿਚ ਸ਼ਾਮਿਲ ਲੋਕਾਂ ਬਾਰੇ ਵ੍ਹਾਈਟ ਪੇਪਰ ਜਾਰੀ ਕੀਤਾ ਜਾਵੇਗਾ ਅਤੇ ਜਾਂਚ ਰਿਪੋਰਟਾਂ ਜਨਤਕ ਕਰਕੇ ਦੋਸ਼ੀਆਂ ਖਿਲਾਫ ਕਾਰਵਾਈ ਕੀਤੀ ਜਾਵੇਗੀ ਪਰ ਇਸ ਪਾਰਟੀ ਨੇ ਵੀ ਅਜੇ ਤੱਕ ਆਪਣਾ ਕੋਈ ਠੋਸ ਏਜੰਡਾ ਅਤੇ ਪੰਜਾਬ ਬਾਰੇ 'ਰੋਡ-ਮੈਪ' ਜਾਰੀ ਨਹੀਂ ਕੀਤਾ ਹੈ। ਇਸ ਪਾਰਟੀ ਵਿਚ ਸ਼ਾਮਲ ਹੋ ਰਹੇ ਇਯਾਲੀ, ਭੂੰਦੜ ਵਰਗੇ ਲੀਡਰ ਵੀ ਬਾਦਲਾਂ ਦੇ ਕਾਰਜਕਾਲ ਦੌਰਾਨ 'ਸੱਤਾ' ਵਿਚ ਬਰਾਬਰ ਦੇ ਹਿੱਸੇਦਾਰ ਰਹੇ ਹਨ। ਇਸ ਪਾਰਟੀ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਚੱਲ ਰਹੇ ਸੰਘਰਸ਼ ਵਿਚ ਤਾਂ ਇਕ-ਦੋ ਵਾਰ ਸ਼ਮੂਲੀਅਤ ਕੀਤੀ ਹੈ ਪਰ ਇਸਤੋਂ ਇਲਾਵਾ ਬੇਰੁਜ਼ਗਾਰੀ, ਨਸ਼ੇ, ਚੰਗੀਆਂ ਸਿਹਤ ਸਹੂਲਤਾਂ ਵਰਗੇ ਮੁੱਦੇ ਉਪਰ ਕਦੇ ਕੋਈ ਧਰਨਾ ਤੱਕ ਨਹੀਂ ਦਿੱਤਾ।

ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਚੋਣਾਂ ਤੋਂ ਪਹਿਲਾਂ ਸਾਰੀਆਂ ਹੀ ਪਾਰਟੀਆਂ 'ਸੱਤਾ' ਉਪਰ ਕਾਬਜ਼ ਹੋਣ ਲਈ ਜੋੜ-ਤੋੜ ਤਾਂ ਕਰ ਰਹੀਆਂ ਹਨ ਲੇਕਿਨ ਪੰਜਾਬ ਦੇ ਮੁੱਦਿਆਂ ਉਪਰ ਨਿੱਠ ਕੇ ਸੰਘਰਸ਼ ਕਰਨ ਜਾਂ ਉਨ੍ਹਾਂ ਦੇ ਹੱਲ ਲਈ ਕਿਸੇ ਯਤਨ ਤੋਂ ਟਾਲਾ ਵੱਟ ਰਹੀਆਂ ਹਨ।

# ਸਵਾਲਾਂ ਤੋਂ ਭੈਅਭੀਤ ਹਾਕਮ ਲੈ ਰਹੇ ਪੁਲਸੀ ਜਬਰ ਦਾ ਸਹਾਰਾ

2 ਸਤੰਬਰ ਨੂੰ ਸੰਗਰੂਰ ਜ਼ਿਲ੍ਹੇ ਦੇ ਪਿੰਡ ਸ਼ੇਰੋਂ ਦੇ ਨੌਜਵਾਨ ਮੋਹਨਜੀਤ ਨੂੰ ਪੁਲਿਸ ਅਧਿਕਾਰੀਆਂ ਨੇ ਕਰੂਰ ਤਸ਼ੱਦਦ ਕਰਕੇ ਅੱਧਮੋਇਆ ਕਰ ਦਿੱਤਾ। 3 ਸਤੰਬਰ ਨੂੰ ਦਿੱਲੀ ਵਿਚ ਦੋ ਪੱਤਰਕਾਰ ਕੁੜੀਆਂ ਸ਼ਾਹੀਨ ਖ਼ਾਨ ਅਤੇ ਨਾਫਿਸਾ ਖ਼ਾਨ ਦੀ ਦਿੱਲੀ ਪੁਲਿਸ ਵੱਲੋਂ ਬੇਕਿਰਕੀ ਨਾਲ ਕੁੱਟਮਾਰ ਕੀਤੀ ਗਈ।

ਮੋਹਨਜੀਤ ਸ਼ੇਰੋਂ ਭਗਵੰਤ ਮਾਨ ਸਰਕਾਰ ਦੀ ਨਖਿੱਧ ਕਾਰਗੁਜ਼ਾਰੀ ਬਾਰੇ ਸਵਾਲ ਚੁੱਕ ਰਿਹਾ ਸੀ ਅਤੇ ਉਸਨੇ ਆਪਣੇ ਹੀ ਘਰ ਦੀ ਛੱਤ ਉੱਪਰ

**ਬੂਟਾ ਸਿੰਘ ਮਹਿਮੂਦਪੁਰ**

ਚੜ੍ਹ ਕੇ ਮੁੱਖ ਮੰਤਰੀ ਨੂੰ ਕਾਲਾ ਝੰਡਾ ਦਿਖਾ ਕੇ ਰੋਸ ਪ੍ਰਗਟਾਇਆ, ਜੋ ਉਸ ਸਮੇਂ 'ਲੋਕ ਮਿਲਣੀ' ਦੇ ਤਹਿਤ ਉਸੇ ਪਿੰਡ ਵਿਚ ਆਇਆ ਹੋਇਆ ਸੀ। ਯੂਟਿਊਬ ਚੈਨਲ '4ਪੀਐੱਮ ਨਿਊਜ਼ ਨੈੱਟਵਰਕ' ਦੀਆਂ ਪੱਤਰਕਾਰ ਕੁੜੀਆਂ ਨੇ ਦਿੱਲੀ ਦੀ ਮੁੱਖ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਨੂੰ 'ਸਾਈਕਲ ਘੁਟਾਲੇ' ਬਾਰੇ ਸਵਾਲ ਪੁੱਛਣ ਦਾ 'ਅਪਰਾਧ' ਕੀਤਾ ਸੀ ਜੋ ਉੱਥੋਂ ਦੇ ਮੈਕਸ ਹਸਪਤਾਲ ਵਿਚ ਉਦਘਾਟਨੀਂ ਰਸਮ ਵਿਚ ਸ਼ਾਮਲ ਹੋਣ ਲਈ ਆਏ ਸਨ। ਦੋਵਾਂ ਮਿਸਾਲਾਂ ਵਿਚ ਚੱਲ ਰਹੇ ਸਮਾਗਮ ਵਿਚ ਹਿੰਸਾ ਦੀ ਤਾਂ ਗੱਲ ਛੱਡੋ, ਸਵਾਲ ਕਰਨ ਵਾਲਿਆਂ ਵੱਲੋਂ ਭੋਰਾ ਵੀ ਵਿਘਨ ਨਹੀਂ ਪਾਇਆ ਗਿਆ। ਫਿਰ ਵੀ ਵਰਦੀ ਦੀ ਤਾਕਤ ਨਾਲ ਅੰਨ੍ਹੇ ਹੋਏ ਪੁਲਿਸ ਅਧਿਕਾਰੀ ਉਨ੍ਹਾਂ ਨਾਲ ਇਸ ਤਰ੍ਹਾਂ ਪੇਸ਼ ਆਏ ਜਿਵੇਂ ਬਹੁਤ ਹੀ ਖ਼ਤਰਨਾਕ ਮੁਜਰਿਮਾਂ ਨਾਲ ਨਜਿੱਠ ਰਹੇ ਹੋਣ। ਉਨ੍ਹਾਂ ਨੂੰ ਧੂਹ ਕੇ ਥਾਣੇ 'ਚ ਲੈ ਗਏ ਅਤੇ ਉੱਥੇ ਉਨ੍ਹਾਂ ਉੱਪਰ ਵਹਿਸ਼ੀ ਤਸ਼ੱਦਦ ਕੀਤਾ ਗਿਆ। ਜਦੋਂ ਦਿੱਲੀ ਪੁਲਿਸ ਦੇ ਅਧਿਕਾਰੀਆਂ ਨੂੰ ਪੁੱਛਗਿੱਛ ਦੌਰਾਨ ਇਹ ਪਤਾ ਲੱਗਿਆ ਕਿ ਪੱਤਰਕਾਰ ਕੁੜੀਆਂ ਮੁਸਲਮਾਨ ਹਨ ਤਾਂ ਉਹ ਕੁੱਟਮਾਰ ਕਰਨ ਲਈ ਹੋਰ ਵੀ ਬੇਖ਼ੌਫ਼ ਅਤੇ ਵਹਿਸ਼ੀ ਹੋ ਗਏ। ਇਕ ਵਾਰ ਫਿਰ ਪੁਲਿਸ ਦੀ ਮੁਸਲਿਮ ਵਿਰੋਧੀ ਫਿਰਕੂ ਜ਼ਿਹਨੀਅਤ ਖੁੱਲ੍ਹ ਕੇ ਸਾਹਮਣੇ ਆ ਗਈ। ਮੋਹਨਜੀਤ ਸ਼ੇਰੋਂ ਦੇ ਦਾੜੀ-ਕੇਸ ਪੁੱਟੇ ਗਏ, ਕਰੰਟ ਲਾਇਆ ਗਿਆ ਅਤੇ ਪੱਟ ਛਿੱਲ ਕੇ ਉੱਥੇ ਨਮਕ ਮਲਿਆ ਗਿਆ।

'ਆਮ ਆਦਮੀ ਪਾਰਟੀ' ਦੇ ਆਗੂ ਕਹਿੰਦੇ ਹਨ ਕਿ ਉਨ੍ਹਾਂ ਦੀ ਪਾਰਟੀ ਸੰਘਰਸ਼ਾਂ ਚੋਂ ਨਿਕਲੀ ਹੈ, ਜਦੋਂ ਉਸ ਪਾਰਟੀ ਦਾ ਮੁੱਖ ਮੰਤਰੀ 'ਲੋਕ ਮਿਲਣੀ' ਮੁਹਿੰਮ ਦੇ ਤਹਿਤ ਪਿੰਡਾਂ ਵਿਚ ਜਾ ਕੇ ਇਕੱਠਾਂ ਨੂੰ ਸੰਬੋਧਨ ਕਰਨ ਜਾਂਦਾ ਹੈ, ਕੀ ਕਿਸੇ ਨਾਗਰਿਕ, ਪਿੰਡ ਦੇ ਕਿਸੇ ਬਾਸ਼ਿੰਦੇ ਦਾ ਮੁੱਖ ਮੰਤਰੀ ਨੂੰ ਸਵਾਲ ਕਰਨਾ ਗੁਨਾਹ ਹੈ? ਇਹੀ ਭਗਵੰਤ ਮਾਨ ਰੈਲੀਆਂ ਵਿਚ ਪੰਜਾਬ ਦੇ ਲੋਕਾਂ ਨੂੰ ਰਾਜਨੀਤਕ ਪਾਰਟੀਆਂ ਦੇ ਆਗੂਆਂ ਨੂੰ ਸਵਾਲ ਕਰਨ ਦੇ ਸੱਦੇ ਦਿੰਦਾ ਰਿਹਾ। ਪਰ ਜਦੋਂ ਖ਼ੁਦ ਸੱਤਾ ਵਿਚ ਆਇਆ ਤਾਂ ਸਵਾਲਾਂ ਅਤੇ ਰੋਸ ਪ੍ਰਦਰਸ਼ਨਾਂ ਨੂੰ ਦਬਾਉਣ ਲਈ ਪੁਲਿਸ ਤਾਕਤ ਵਰਤਣ ਪੱਖੋਂ ਪਿਛਲੀਆਂ ਸਰਕਾਰਾਂ ਨੂੰ ਮਾਤ ਪਾ ਰਿਹਾ ਹੈ।

ਇਸੇ ਤਰ੍ਹਾਂ, ਪੱਤਰਕਾਰ ਕੁੜੀਆਂ ਕੁਝ ਵੀ ਗ਼ੈਰਕਾਨੂੰਨੀ ਕਾਰਵਾਈ ਜਾਂ ਜੁਰਮ ਨਹੀਂ ਸੀ ਕਰ ਰਹੀਆਂ, ਉਹ ਬਤੌਰ ਪੱਤਰਕਾਰ ਆਪਣਾ ਫਰਜ਼ ਨਿਭਾ ਰਹੀਆਂ ਸਨ। ਕੀ ਸਵਾਲ ਪੁੱਛਣਾ ਜੁਰਮ ਹੈ? ਜੀ ਹਾਂ, ਸੰਘ ਬਰਗੇਡ ਅਨੁਸਾਰ ਸੱਤਾ ਨੂੰ ਸਵਾਲ ਕਰਨੇ, ਹੱਕਾਂ ਦੀ ਮੰਗ ਕਰਨਾ, ਅਨਿਆਂ ਅਤੇ ਧੱਕੇ-ਵਿਤਕਰੇ ਦਾ ਵਿਰੋਧ ਕਰਨਾ 'ਦਿਮਾਗੀ ਨਕਸਲੀ' ਹੋਣਾ ਹੈ ਅਤੇ ਇਹ ਸਭ ਤੋਂ ਖ਼ਤਰਨਾਕ ਹੈ। ਪੱਤਰਕਾਰ ਦਾ ਕੰਮ ਸਵਾਲ ਪੁੱਛਣਾ, ਸੱਚ ਸਾਹਮਣੇ ਲਿਆਉਣਾ ਅਤੇ ਆਵਾਮ ਦੀ ਆਵਾਜ਼ ਨੂੰ ਹਕੂਮਤ ਦੇ ਬੋਲੇ ਕੰਨਾਂ ਤੱਕ ਪਹੁੰਚਾਉਣਾ ਹੈ। ਕਿਸੇ ਵੀ ਪੱਤਰਕਾਰ ਨਾਲ ਉਸਦੇ ਧਰਮ, ਜਾਤ, ਲਿੰਗ ਜਾਂ ਵਿਚਾਰਧਾਰਾ ਦੇ ਆਧਾਰ 'ਤੇ ਭੇਦਭਾਵ ਜਾਂ ਹਿੰਸਕ ਵਿਹਾਰ ਲੋਕਤੰਤਰੀ ਮੁੱਲਾਂ ਅਤੇ ਪ੍ਰੈੱਸ ਦੀ ਆਜ਼ਾਦੀ ਉੱਪਰ ਸਿੱਧਾ ਹਮਲਾ ਹੈ।

ਦੋਵਾਂ ਘਟਨਾਵਾਂ ਵਿਚ ਪੁਲਿਸ ਅਧਿਕਾਰੀਆਂ ਦਾ ਪ੍ਰਤੀਕਰਮ ਬਿਲਕੁਲ ਆਪਹੁਦਰਾ ਨਹੀਂ, ਸਗੋਂ ਪੂਰੀ ਤਰ੍ਹਾਂ ਗਿਣਿਆ-ਮਿਥਿਆ ਸੀ: ਹਕੂਮਤ ਨੂੰ ਸਵਾਲ ਕਰਨ ਵਾਲਿਆਂ ਨੂੰ ਸਖ਼ਤੀ ਨਾਲ ਕੁਚਲਣਾ ਹੈ। ਬਾਕੀ ਪਾਰਟੀਆਂ ਦੀਆਂ ਸਰਕਾਰਾਂ ਵੀ ਸਵਾਲ ਕਰਨ ਵਾਲਿਆਂ ਅਤੇ ਅਨਿਆਂ ਵਿਰੁੱਧ ਆਵਾਜ਼ ਚੁੱਕਣ ਵਾਲਿਆਂ ਨੂੰ ਇਸੇ ਤਰ੍ਹਾਂ ਦਬਾਉਂਦੀਆਂ ਰਹੀਆਂ ਹਨ। ਅੱਜ ਜਦੋਂ ਕਾਂਗਰਸ, ਅਕਾਲੀ ਦਲ ਵਰਗੀਆਂ ਪਾਰਟੀਆਂ ਕੇਂਦਰ ਵਿਚ ਭਾਜਪਾ ਅਤੇ ਪੰਜਾਬ ਵਿਚ ਇਸਦੀ ਬੀ-ਟੀਮ 'ਆਪ' ਵੱਲੋਂ ਕੀਤੇ ਜਾ ਰਹੇ ਜਬਰ ਵਿਰੁੱਧ ਬਿਆਨਬਾਜ਼ੀ ਅਤੇ ਧਰਨੇ-ਮੁਜ਼ਾਹਰੇ ਕਰ ਰਹੀਆਂ ਹਨ ਤਾਂ ਇਨ੍ਹਾਂ ਦੀ ਮੌਕਾਪ੍ਰਸਤ ਖ਼ਸਲਤ ਨੂੰ ਚੇਤੇ ਰੱਖਣਾ ਬਹੁਤ ਜ਼ਰੂਰੀ ਹੈ ਕਿ ਸੱਤਾ 'ਚ ਹੋਣ ਸਮੇਂ ਇਨ੍ਹਾਂ ਪਾਰਟੀਆਂ ਦੀਆਂ ਸਰਕਾਰਾਂ ਸੰਘਰਸ਼ਸ਼ੀਲ ਹਿੱਸਿਆਂ ਅਤੇ ਆਮ ਲੋਕਾਂ ਨਾਲ ਕਿਵੇਂ ਪੇਸ਼ ਆਉਂਦੀਆਂ ਰਹੀਆਂ ਹਨ। ਇਹ ਲੋਕਤੰਤਰੀ ਮਖੌਟੇ ਵਾਲੇ ਭਾਰਤੀ ਰਾਜ ਦੀ ਮੂਲ਼ ਫ਼ਿਤਰਤ ਹੈ ਜਿੱਥੇ ਸੰਵਿਧਾਨਕ ਅਧਿਕਾਰ ਸਿਰਫ਼ ਕਾਗਜ਼ਾਂ ਦਾ ਸ਼ਿੰਗਾਰ ਹਨ। ਜਦੋਂ ਇਨ੍ਹਾਂ ਅਧਿਕਾਰਾਂ ਨੂੰ ਹਕੀਕੀ ਜ਼ਿੰਦਗੀ ਵਿਚ ਵਰਤਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਸੱਤਾ ਦਾ ਤਾਨਾਸ਼ਾਹ ਰੂਪ ਸਾਹਮਣੇ ਆ ਜਾਂਦਾ ਹੈ। ਸਰਕਾਰ ਚਾਹੇ ਕਿਸੇ ਵੀ ਪਾਰਟੀ ਦੀ ਹੋਵੇ।

ਬੇਲਗਾਮ ਤਾਕਤਾਂ ਨਾਲ ਲੈਸ ਪੁਲਿਸ ਹਮੇਸ਼ਾ ਵਿਵਾਦਾਂ 'ਚ ਘਿਰੀ ਰਹਿੰਦੀ ਹੈ। ਰਾਜ ਸੱਤਾ ਦੀ ਦਹਿਸ਼ਤ ਪਾਉਣ ਲਈ ਅੰਗਰੇਜ਼ੀ ਰਾਜ ਵੱਲੋਂ ਈਜਾਦ ਕੀਤੀ ਇਹ ਪੁਲਿਸ ਪ੍ਰਣਾਲੀ ਭਾਰਤੀ ਹਾਕਮ ਜਮਾਤ ਨੂੰ ਵਿਰਾਸਤ 'ਚ ਮਿਲੀ ਸੀ। ਉਸੇ ਨੂੰ ਕਾਲੇ ਕਾਨੂੰਨਾਂ ਅਤੇ ਹੋਰ ਤਰੀਕਿਆਂ ਨਾਲ ਬੇਲਗਾਮ ਤਾਨਾਸ਼ਾਹ ਤਾਕਤਾਂ ਜੋੜ ਕੇ ਹੋਰ ਜਾਬਰ ਬਣਾਇਆ ਗਿਆ। ਪੁਲਿਸ ਦੇ ਇਸ ਰਵੱਈਏ ਨੂੰ ਦੇਖਦਿਆਂ ਇਲਾਹਾਬਾਦ ਹਾਈਕੋਰਟ ਦੇ ਜਸਟਿਸ ਆਨੰਦ ਨਰਾਇਣ ਮੁੱਲਾ ਨੇ 1961 'ਚ ਆਪਣੇ ਇਕ ਪ੍ਰਸਿੱਧ ਫ਼ੈਸਲੇ ਵਿਚ ਇਹ ਸ਼ਬਦ ਕਹੇ ਸਨ: 'ਮੈਂ ਪੂਰੀ ਜ਼ਿੰਮੇਵਾਰੀ ਨਾਲ ਇਹ ਗੱਲ ਕਹਿੰਦਾ ਹਾਂ ਕਿ ਸਮੁੱਚੇ ਮੁਲਕ ਵਿਚ ਕੋਈ ਵੀ ਅਜਿਹਾ ਕਾਨੂੰਨ-ਵਿਹੂਣਾ ਗਰੋਹ



ਨਹੀਂ ਹੈ, ਜਿਸ ਦਾ ਅਪਰਾਧਿਕ ਰਿਕਾਰਡ ਉਸ ਸੰਗਠਿਤ ਇਕਾਈ ਦੇ ਅਪਰਾਧਿਕ ਰਿਕਾਰਡ ਦੇ ਨੇੜੇ ਵੀ ਪਹੁੰਚਦਾ ਹੋਵੇ, ਜਿਸ ਨੂੰ ਭਾਰਤੀ ਪੁਲਿਸ ਫੋਰਸ ਕਿਹਾ ਜਾਂਦਾ ਹੈ।...ਉੱਤਰ ਪ੍ਰਦੇਸ਼ ਦੀ ਪੁਲਿਸ ਫੋਰਸ ਅਪਰਾਧੀਆਂ ਦਾ ਇੱਕ ਸੰਗਠਿਤ ਗਰੋਹ ਹੈ...' ਸੱਤਾ ਵਿਚ ਆਉਣ ਵਾਲੀਆਂ ਰਾਜਸੀ ਪਾਰਟੀਆਂ ਲਈ ਉੱਚ ਅਦਾਲਤ ਦੀ ਇਹ ਟਿੱਪਣੀ ਕੋਈ ਮਾਇਨੇ ਨਹੀਂ ਰੱਖਦੀ। ਆਵਾਮ ਦੀ ਸੱਚੇ ਲੋਕਤੰਤਰ ਦੀ ਰੀਝ ਨੂੰ ਦਬਾ ਕੇ ਰੱਖਣ ਲਈ ਅਜਿਹੀ ਪੁਲਿਸ ਤਾਕਤ ਸਾਰੀਆਂ ਹਾਕਮ ਜਮਾਤੀ ਪਾਰਟੀਆਂ ਦੀ ਅਣਸਰਦੀ ਲੋੜ ਹੈ ਜੋ ਸੰਵਿਧਾਨਕ ਫਰਜ਼ਾਂ ਅਤੇ ਕਾਇਦੇ-ਕਾਨੂੰਨ ਦੀ ਬਜਾਏ ਸੱਤਾਧਾਰੀ ਧਿਰ ਦੇ ਦਾਬੇ ਦਾ ਸੰਦ ਬਣ ਕੇ ਕੰਮ ਕਰੇ। ਇਸੇ ਲਈ ਹਰ ਪਾਰਟੀ ਸੱਤਾ ਵਿਚ ਆ ਕੇ ਇਸ ਜਬਰ ਦੇ ਸੰਦ ਦੀਆਂ ਬੇਲਗਾਮ ਤਾਕਤਾਂ ਨੂੰ ਘਟਾਉਣ ਦੀ ਬਜਾਏ ਹੋਰ ਤਿੱਖਾ ਕਰਦੀ ਦੇਖੀ ਜਾ ਸਕਦੀ ਹੈ।

ਮੌਜੂਦਾ ਦੋਵਾਂ ਸਰਕਾਰਾਂ ਦੇ ਤਹਿਤ ਸਵਾਲਾਂ ਨੂੰ ਦਬਾਉਣ ਲਈ ਹਮਲਿਆਂ ਦੇ ਹੋਰ ਵੀ ਜ਼ਿਆਦਾ ਵਹਿਸ਼ੀ ਹੋਣ ਦੀ ਖ਼ਾਸ ਵਜ੍ਹਾ ਹੈ। ਭਾਜਪਾ ਕੇਂਦਰ ਵਿਚ ਸੱਤਾਧਾਰੀ ਕਾਂਗਰਸ ਦੇ ਭ੍ਰਿਸ਼ਟਾਚਾਰੀ ਜਾਬਰ ਰਾਜ ਤੋਂ ਅੱਕੀ ਲੋਕਾਈ ਦੀਆਂ ਸੱਤਾ ਵਿਰੋਧੀ ਭਾਵਨਾਵਾਂ ਨੂੰ ਪੌੜੀ ਬਣਾ ਕੇ ਅਤੇ ਵਿਕਾਸ ਤੇ ਤਰੱਕੀ ਦੇ ਵੱਡੇ-ਵੱਡੇ ਵਾਅਦੇ ਕਰਕੇ ਸੱਤਾ ਵਿਚ ਆਈ ਸੀ। ਸੱਤਾ ਵਿਚ ਆ ਕੇ ਸੰਘ ਬਰਗੇਡ ਨੇ ਭ੍ਰਿਸ਼ਟਾਚਾਰ ਤੇ ਹਕੂਮਤੀ ਦਹਿਸ਼ਤਗਰਦੀ ਦੇ ਪਿਛਲੇ ਸਾਰੇ ਰਿਕਾਰਡ ਮਾਤ ਪਾ ਦਿੱਤੇ। ਨਾਲ ਹੀ, ਇਸਨੇ ਆਪਣਾ ਹਿੰਦੂ ਰਾਸ਼ਟਰ ਦਾ ਫਿਰਕੂ ਫਾਸ਼ੀਵਾਦੀ ਪ੍ਰੋਜੈਕਟ ਲਾਗੂ ਕਰਨ ਲਈ ਮੁਸਲਮਾਨਾਂ, ਈਸਾਈਆਂ, ਕਸ਼ਮੀਰੀ ਲੋਕਾਂ, ਦਲਿਤਾਂ, ਸਮੇਤ ਹਾਸ਼ੀਏ 'ਤੇ ਧੱਕੀ ਲੋਕਾਈ ਅਤੇ ਉਨ੍ਹਾਂ ਦੇ ਹੱਕਾਂ ਲਈ ਆਵਾਜ਼ ਉਠਾਉਣ ਵਾਲੇ ਸੰਘਰਸ਼ਸ਼ੀਲ ਤੇ ਬੌਧਿਕ ਹਿੱਸਿਆਂ, ਮੀਡੀਆ ਅਤੇ ਬੌਧਿਕਤਾ ਦਾ ਸਰੋਤ ਯੂਨੀਵਰਸਿਟੀਆਂ ਅਤੇ ਹੋਰ




ਉੱਚ ਵਿਦਿਅਕ ਸੰਸਥਾਵਾਂ ਵਿਰੁੱਧ ਵਿਆਪਕ ਹਮਲਾ ਵਿੱਢ ਦਿੱਤਾ। ਜੋ ਦਿਨੋ-ਦਿਨ ਹੋਰ ਵੀ ਭਿਆਨਕ ਹੁੰਦਾ ਗਿਆ ਹੈ। ਅੰਧਰਾਸ਼ਟਰਵਾਦ ਅਤੇ ਫਿਰਕੂ ਪਾਲਾਬੰਦੀ ਦੀ ਸਿਆਸਤ ਆਮ ਲੋਕਾਂ ਦਾ ਅਸਲ ਮੁੱਦਿਆਂ ਤੋਂ ਭਟਕਾਉਣ ਅਤੇ ਝੂਠੇ ਗੌਰਵ, ਵਿਕਾਸ ਤੇ ਤਰੱਕੀ ਦੇ ਲਾਰਿਆਂ ਨਾਲ ਵਰਚਾ ਕੇ ਸੰਘ ਬਰਗੇਡ ਦਾ ਸੱਤਾ ਉੱਪਰ ਬਣੇ ਰਹਿਣਾ ਯਕੀਨੀਂ ਬਣਾਉਣ 'ਚ ਲੰਮਾ ਸਮਾਂ ਕਾਮਯਾਬ ਹੁੰਦੀ ਰਹੀ ਹੈ। ਹੁਣ 12 ਸਾਲ ਦੇ ਭਗਵਾ ਰਾਜ ਤੋਂ ਬਾਅਦ ਹਾਲਾਤ ਇਹ ਬਣ ਗਏ ਹਨ ਕਿ ਹਿੰਦੂ ਬਹੁਗਿਣਤੀ ਭਾਈਚਾਰੇ ਨੂੰ ਫਿਰਕੂ ਰਾਸ਼ਟਰਵਾਦ ਅਤੇ ਧਾਰਮਿਕ ਜਨੂੰਨ ਪਹਿਲਾਂ ਵਾਂਗ ਪ੍ਰਭਾਵਿਤ ਨਹੀਂ ਕਰ ਰਿਹਾ; ਵੱਖ-ਵੱਖ ਹਿੱਸਿਆਂ ਨੂੰ ਜ਼ਿੰਦਗੀ ਦੇ ਅਸਲ ਮੁੱਦਿਆਂ ਤੇ ਮਸਲਿਆਂ ਦੀ ਸਮਝ ਆ ਰਹੀ ਹੈ ਅਤੇ ਸੜਕਾਂ 'ਤੇ ਆ ਕੇ ਭਗਵਾ ਹਕੂਮਤ ਤੋਂ ਜਵਾਬਦੇਹੀ ਦੀ ਮੰਗ ਕਰਨ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਸਵਾਲ ਕਰਨ ਅਤੇ ਜਵਾਬਦੇਹੀ ਦੀ ਮੰਗ ਕਰਨ ਦੀ ਇਹ ਜਾਗਰੂਕਤਾ ਭਗਵਾ ਹਕੂਮਤ ਵੱਲੋਂ ਬੀਜੀ ਗਈ ਫਿਰਕੂ ਫ਼ਸਲ ਦੇ ਬਿਲਕੁਲ ਉਲਟ ਸਿੱਟਾ ਹੈ। 'ਜੈਨ-ਜ਼ੀ' ਅਤੇ ਉਨ੍ਹਾਂ ਤੋਂ ਛੋਟੀ ਉਮਰ ਦੇ ਬੱਚਿਆਂ 'ਜੈਨ-ਐਲਫਾ' ਦੇ ਸੜਕਾਂ 'ਤੇ ਆਉਣ ਨਾਲ ਹਕੂਮਤ ਦੀ ਘਬਰਾਹਟ ਸਪਸ਼ਟ ਦੇਖੀ ਜਾ ਸਕਦੀ ਹੈ। ਇਸੇ ਬੌਖਲਾਹਟ ਵਿਚੋਂ ਸਵਾਲ ਕਰਨ ਵਾਲਿਆਂ ਦੀ ਜ਼ਬਾਨਬੰਦੀ ਕਰਨ ਲਈ ਪੁਲਿਸ ਅਤੇ ਗੁੰਡਾ ਗਰੋਹਾਂ ਨੂੰ ਬਿਨਾਂ ਕਿਸੇ ਭੜਕਾਹਟ ਦੇ ਤਾਕਤ ਵਰਤਣ ਅਤੇ ਜਬਰ ਢਾਹੁਣ ਦੀ ਖੁੱਲ੍ਹ ਦਿੱਤੀ ਜਾਂਦੀ ਹੈ।

ਪਹਿਲਾਂ ਸ਼ਾਹੀਨ ਬਾਗ਼ ਮੋਰਚਿਆਂ, ਫਿਰ ਇਤਿਹਾਸਕ ਕਿਸਾਨ ਅੰਦੋਲਨ ਅਤੇ ਹਾਲ ਹੀ ਵਿਚ 'ਕਾਕਰੋਚ ਜਨਤਾ ਪਾਰਟੀ' ਦੇ ਅੰਦੋਲਨ ਵਰਗੇ ਸ਼ਾਂਤਮਈ ਅੰਦੋਲਨਾਂ ਨਾਲ ਨਜਿੱਠਣ ਸਮੇਂ ਪੁਲਿਸ ਦਾ ਇਹ ਕਰੂਰ ਚਿਹਰਾ ਵਾਰ-ਵਾਰ ਸਾਹਮਣੇ ਆਉਂਦਾ ਰਿਹਾ ਹੈ। ਇਹ ਦੇਖ ਕੇ ਹੁਣ ਜਸਟਿਸ ਭੂਈਆਂ ਵਰਗੇ ਉਦਾਰਵਾਦੀ ਜੱਜਾਂ ਨੂੰ ਵੀ ਜਨਤਕ ਤੌਰ 'ਤੇ ਇਹ ਕਹਿਣਾ ਪਿਆ ਹੈ ਕਿ 'ਸਾਨੂੰ ਸਾਰਿਆਂ ਨੂੰ ਦੁੱਖ ਹੁੰਦਾ ਹੈ ਜਦੋਂ ਅਸੀਂ ਇੰਡੀਅਨ ਪੁਲਿਸ ਸਰਵਿਸ ਦੇ ਨੌਜਵਾਨ ਅਧਿਕਾਰੀਆਂ ਨੂੰ ਵਿਅਕਤੀਗਤ ਰੂਪ 'ਚ ਜਾ ਕੇ ਪ੍ਰਦਰਸ਼ਨਕਾਰੀਆਂ ਅਤੇ ਅੰਦੋਲਨਕਾਰੀਆਂ ਦੀ ਕੁੱਟਮਾਰ ਕਰਦੇ ਹੋਏ ਦੇਖਦੇ ਹਾਂ। ਇਹ ਦੇਖਣਾ ਵਾਕਈ ਬਹੁਤ ਦੁਖਦਾਈ ਹੈ।' ਪਰ ਮਾਣਯੋਗ ਜਸਟਿਸ ਇਹ ਜ਼ਿਕਰ ਕਰਨੋਂ ਗੁਰੇਜ਼ ਕਰ ਗਏ ਕਿ ਅਜਿਹੇ ਮੌਕਿਆਂ 'ਤੇ ਆਰ.ਐੱਸ.ਐੱਸ.-ਭਾਜਪਾ ਵੱਲੋਂ ਆਪਣੇ ਨਿੱਜੀ ਗੁੰਡਾ ਗਰੋਹਾਂ ਨੂੰ ਵੀ ਪੁਲਿਸ/ਸੁਰੱਖਿਆ ਬਲਾਂ ਦੀ ਵਰਦੀ ਪੁਆ ਕੇ ਜਾਂ ਬਿਨਾਂ ਵਰਦੀ ਇਨ੍ਹਾਂ ਪੁਲਿਸ ਅਧਿਕਾਰੀਆਂ ਦੇ ਨਾਲ ਅੰਦੋਲਨਕਾਰੀਆਂ ਦੀ ਕੁੱਟਮਾਰ ਕਰਨ ਲਈ ਲਗਾਇਆ ਜਾਂਦਾ ਹੈ। ਇਕ ਭਗਵਾ ਗੁੰਡੇ ਸਵਤੰਤਰ ਭਾਰਦਵਾਜ ਵੱਲੋਂ ਪੌਡਕਾਸਟ ਕੈਮਰੇ ਅੱਗੇ ਕੀਤਾ ਹਾਲੀਆ ਖ਼ੁਲਾਸਾ ਇਸ ਘਿਣਾਉਣੀ ਖੇਡ ਦਾ ਜੱਗ ਜ਼ਾਹਿਰ ਸਬੂਤ ਹੈ। ਉਸਨੇ ਹੁੱਬ ਕੇ ਦੱਸਿਆ ਕਿ ਕਿਵੇਂ ਕਪਿਲ ਮਿਸ਼ਰੇ ਅਤੇ ਹੋਰ ਵੱਡੇ ਭਾਜਪਾਈ ਆਗੂਆਂ ਨੇ ਕਾਤਲਾਨਾ ਹਮਲੇ ਦਾ ਸੰਗੀਨ ਜੁਰਮ ਕਰਨ ਦੇ ਬਾਵਜੂਦ ਉਸਦਾ ਵਾਲ਼ ਵੀ ਵਿੰਗਾ ਨਹੀਂ ਹੋਣ ਦਿੱਤਾ। ਗੱਲ ਵਧਦੀ ਦੇਖ ਕੇ ਦਿੱਲੀ ਪੁਲਿਸ ਨੂੰ ਉਸ ਨੂੰ ਗ੍ਰਿਫ਼ਤਾਰ ਕਰਨਾ ਪਿਆ ਹੈ। ਗੁਜਰਾਤ ਕਤਲੇਆਮ ਦੇ ਇਕ ਘਿਣਾਉਣੇ ਚਿਹਰੇ ਬਾਬੂ ਬਜਰੰਗੀ ਨੇ ਵੀ ਕੈਮਰੇ ਅੱਗੇ ਇਸੇ ਤਰ੍ਹਾਂ ਦੇ ਖ਼ੁਲਾਸੇ ਕੀਤੇ ਸਨ। ਮੋਦੀ ਦੇ ਮੁੱਖ ਮੰਤਰੀ ਹੋਣ ਸਮੇਂ ਗੁਜਰਾਤ ਵਿਚ ਮਾਇਆ ਕੋਡਨਾਨੀ, ਬਾਬੂ ਬਜਰੰਗੀ, ਜੈਦੀਪ ਪਟੇਲ, ਪ੍ਰਹਲਾਦ ਗੋਸਾ, ਦਯਾਭਾਈ ਪਟੇਲ ਸਮੇਤ ਮੁਸਲਮਾਨਾਂ ਦੇ ਕਤਲੇਆਮ ਦੇ 67 ਮੁੱਖ ਦੋਸ਼ੀਆਂ ਨੂੰ ਸੱਤਾ ਦੇ ਜ਼ੋਰ ਇਸੇ ਤਰ੍ਹਾਂ ਬਚਾਇਆ ਗਿਆ। ਸਾਬਕਾ ਐੱਮ.ਪੀ. ਅਹਿਸਾਨ ਜਾਫ਼ਰੀ ਸਮੇਤ ਮੁਸਲਮਾਨਾਂ ਨੂੰ ਜ਼ਿੰਦਾ ਸਾੜਨ ਵਾਲੇ ਬਿਪਿਨ ਪਟੇਲ ਅਤੇ ਵੱਡੇ ਪੁਲਿਸ ਅਧਿਕਾਰੀ ਕੇ.ਜੀ. ਏਰਦਾ, ਬੈਸਟ ਬੇਕਰੀ ਵਿਚ ਮੁਸਲਮਾਨਾਂ ਨੂੰ ਜ਼ਿੰਦਾ ਸਾੜਨ ਵਾਲੇ, ਬਿਲਕੀਸ ਬਾਨੋ ਬਲਾਤਕਾਰ ਕੇਸ ਦੇ ਸਾਰੇ ਸਜ਼ਾਯਾਫ਼ਤਾ ਮੁਜਰਿਮ ਇਸੇ ਤਰ੍ਹਾਂ ਬਚਾਏ ਗਏ।

ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸੰਘਰਸ਼ਸ਼ੀਲ ਲੋਕਾਂ ਅਤੇ ਨਿਧੜਕ ਮੀਡੀਆ ਹਿੱਸਿਆਂ ਦੀ ਜ਼ਬਾਨਬੰਦੀ ਕਰਨ ਲਈ ਪੁਲਿਸ ਤਾਕਤ ਅਤੇ ਜਬਰ ਦੀ ਵਰਤੋਂ ਆਮ ਗੱਲ ਬਣੀ ਹੋਈ ਹੈ। ਜਿਉਂ-ਜਿਉਂ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਭਗਵੰਤ ਮਾਨ ਜੁੰਡਲੀ ਦੀ ਬੌਖਲਾਹਟ ਵਧਦੀ ਜਾਂਦੀ ਹੈ। ਭ੍ਰਿਸ਼ਟਾਚਾਰ ਨੂੰ ਖ਼ਤਮ ਕਰਕੇ ਪਾਰਦਰਸ਼ੀ ਪ੍ਰਸ਼ਾਸਨ ਮੁਹੱਈਆ ਕਰਨ, ਨੌਜਵਾਨਾਂ ਨੂੰ ਰੁਜਗਾਰ ਦੇਣ, ਖਾਲੀ ਅਸਾਮੀਆਂ ਭਰਨ, ਖੇਤੀ ਸੰਕਟ ਨੂੰ ਦੂਰ ਕਰਨ, ਰੇਤ-ਟਰਾਂਸਪੋਰਟ ਮਾਫ਼ੀਆ ਨੂੰ ਖ਼ਤਮ ਕਰਨ, ਨਸ਼ਾ ਮੁਕਤ 'ਰੰਗਲਾ ਪੰਜਾਬ' ਬਣਾਉਣ ਆਦਿ ਦੇ ਜੋ ਵੱਡੇ ਵੱਡੇ ਵਾਅਦੇ ਕੀਤੇ ਗਏ, ਉਹ ਪੂਰੀ ਤਰ੍ਹਾਂ ਝੂਠੇ ਸਾਬਤ ਹੋਏ ਹਨ। ਇਸਦੇ ਉਲਟ, ਇਹ ਸਾਰੇ ਮਸਲੇ ਹੋਰ ਗੰਭੀਰ ਹੋਏ ਹਨ। ਪੰਜਾਬ ਦੇ ਬਦਤਰ ਹੋਏ ਹਾਲਾਤਾਂ ਨੂੰ ਦੇਖ ਕੇ ਹੁਣ ਤਾਂ ਆਮ ਲੋਕ ਵੀ ਕਹਿੰਦੇ ਦੇਖੇ ਜਾ ਸਕਦੇ ਹਨ ਕਿ ਇਨ੍ਹਾਂ ਨਾਲੋਂ ਤਾਂ ਅਕਾਲੀ-ਕਾਂਗਰਸੀ ਚੰਗੇ ਸੀ!

ਭਗਵੰਤ ਮਾਨ ਸਟੇਜਾਂ 'ਤੋਂ ਅਕਾਲੀ-ਕਾਂਗਰਸੀ ਸਿਆਸਤਦਾਨਾਂ ਦੇ ਚੁਟਕਲੇ ਸੁਣਾ ਕੇ ਲੋਕਾਂ ਨੂੰ ਗੁੰਮਰਾਹ ਕਰਨ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਵੋਟਾਂ 'ਚ ਬਦਲਣ 'ਚ ਤਾਂ ਕਾਮਯਾਬ ਹੋ ਗਿਆ। ਹੁਣ ਜਦੋਂ ਆਪਣੀ ਸਰਕਾਰ ਦੀ ਵਾਅਦਾ ਖ਼ਿਲਾਫ਼ੀ ਅਤੇ ਘੋਰ ਨਖਿੱਧ ਕਾਰਗੁਜ਼ਾਰੀ ਉੱਪਰ ਸਵਾਲ ਉੱਠ ਰਹੇ ਹਨ, ਜਦੋਂ ਨਿਧੜਕ ਮੀਡੀਆ ਹਿੱਸੇ ਜ਼ਮੀਨੀਂ ਹਕੀਕਤ ਦੀ ਰਿਪੋਰਟ ਕਰਕੇ ਸੱਚ ਦਿਖਾਉਂਦੇ ਹਨ ਅਤੇ ਸਵਾਲ ਕਰਦੇ ਹਨ, ਜਦੋਂ ਜਾਗਰੂਕ ਹਿੱਸੇ ਜਵਾਬਦੇਹੀ ਦੀ ਮੰਗ ਕਰਨ ਲਈ ਸੰਗਰੂਰ ਜਾਂ ਚੰਡੀਗੜ੍ਹ ਵੱਲ ਵਧਦੇ



ਹਨ ਤਾਂ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਉਣ ਅਤੇ ਸ਼ਹੀਦ ਭਗਤ ਸਿੰਘ ਦੀ ਸਹੁੰ ਖਾਣ ਵਾਲੇ ਇਹ ਹੁਕਮਰਾਨ ਬੁਰੀ ਤਰ੍ਹਾਂ ਬੌਖਲਾ ਜਾਂਦੇ ਹਨ। ਇਨ੍ਹਾਂ ਦੀ ਸ਼ਿਸ਼ਕੇਰੀ ਪੁਲਿਸ ਪੰਜਾਬ ਦੇ ਲੋਕਾਂ ਨੂੰ ਸੜਕਾਂ ਉੱਪਰ ਭਜਾ-ਭਜਾ ਕੇ ਕੁੱਟਦੀ ਹੈ, ਪੱਗਾਂ ਤੇ ਚੁੰਨੀਆਂ ਪੁਲਸੀ ਬੂਟਾਂ ਹੇਠ ਰੋਲ਼ਦੀ ਹੈ। ਹਕੂਮਤੀ ਦਹਿਸ਼ਤ ਦਾ ਇਹ ਨੰਗਾ ਨਾਚ ਪੰਜਾਬ ਵਿਚ ਰੋਜ਼ ਕਿਤੇ ਨਾ ਕਿਤੇ ਹੋ ਰਿਹਾ। ਕਦੇ ਸੰਗਰੂਰ ਵਿਚ, ਕਦੇ ਮੁਹਾਲੀ ਅਤੇ ਕਦੇ ਕਿਤੇ ਹੋਰ। ਇਹ ਸਵਾਲਾਂ ਤੋਂ ਡਰੇ ਬੁਜ਼ਦਿਲ ਮੁੱਖ ਮੰਤਰੀ ਅਤੇ ਉਸਦੀ ਮਰੀ ਜ਼ਮੀਰ ਵਾਲੀ ਵਜ਼ਾਰਤ ਦਾ ਅਸਲ ਰੂਪ ਹੈ ਜੋ ਸੰਘਰਸ਼ਸ਼ੀਲ ਹਿੱਸਿਆਂ ਨੂੰ ਮੀਟਿੰਗਾਂ ਦਾ ਸਮਾਂ ਦੇ ਕੇ ਮੁੱਕਰਨ ਅਤੇ ਸਵਾਲਾਂ ਦਾ ਜਵਾਬ ਦੇਣ ਦੀ ਬਜਾਏ ਸਵਾਲ ਕਰਨ ਵਾਲਿਆਂ ਦੀ ਜ਼ਬਾਨ ਬੰਦ ਕਰਨ ਲਈ ਤਾਨਾਸ਼ਾਹ ਪੁਲਿਸ ਤਾਕਤ ਵਰਤਣ ਦੇ ਰੂਪ 'ਚ ਵਾਰ-ਵਾਰ ਸਾਹਮਣੇ ਆ ਰਿਹਾ ਹੈ। ਜਿਵੇਂ ਪੁਲਿਸ ਅਧਿਕਾਰੀ ਨੇ ਸ਼ੇਰੋਂ ਪਿੰਡ ਵਿਚ ਸਵਾਲ ਕਰਨ ਵਾਲੇ ਨੌਜਵਾਨ ਦੇ ਗ਼ਲੇ ਨੂੰ ਹੱਥ ਪਾਇਆ, ਪੁਲਿਸ ਦਾ ਇਹ ਖ਼ੂਨੀ ਪੰਜਾ ਸਿਰਫ਼ ਕਿਸੇ ਇਕ ਵਿਅਕਤੀ ਨੂੰ ਮੁੱਖ ਮੰਤਰੀ ਦੇ ਝੂਠ ਦਾ ਪਰਦਾਫਾਸ਼ ਕਰਨ 'ਤੋਂ ਰੋਕਣ ਲਈ ਨਹੀਂ, ਸਗੋਂ ਪੰਜਾਬ ਦੇ ਲੋਕਾਂ ਦੇ ਸਵਾਲ ਕਰਨ ਦੇ ਹੱਕ ਉੱਪਰ ਝਪਟਣ ਅਤੇ ਪੁਲਿਸ ਤਾਕਤ ਨਾਲ ਕੁਚਲਣ ਲਈ ਉਠਿਆ ਹੋਇਆ ਹੈ।

ਇਨ੍ਹਾਂ ਪਾਰਟੀਆਂ ਕੋਲ ਪੰਜਾਬ ਦੇ ਬਹੁਪਰਤੀ ਸੰਕਟ ਸਮੇਤ ਲੋਕਾਂ ਦੇ ਮਸਲਿਆਂ ਦਾ ਕੋਈ ਹੱਲ ਨਹੀਂ ਹੈ। ਇਸ ਲਈ, ਨਾਬਰਾਬਰੀ ਅਤੇ ਸਮਾਜਿਕ ਅਨਿਆਂ ਵਧਾਉਣ ਵਾਲੇ ਆਰਥਕ ਮਾਡਲ ਨੂੰ ਮੁੱਢੋਂ ਰੱਦ ਕਰਨਾ ਲਾਜ਼ਮੀ ਹੈ, ਜੋ ਇਹ ਪਾਰਟੀਆਂ ਕਰ ਨਹੀਂ ਸਕਦੀਆਂ। ਝੂਠੇ ਵਾਅਦੇ ਕਰਕੇ ਸੱਤਾ ਵਿਚ ਆਉਂਦੀਆਂ ਹਨ ਅਤੇ ਫਿਰ ਜਵਾਬਦੇਹੀ, ਸਵਾਲਾਂ ਅਤੇ ਜਨਤਕ ਵਿਰੋਧ ਨੂੰ ਦਬਾਉਣ ਲਈ ਪੁਲਿਸ-ਨੀਮ ਫ਼ੌਜੀ ਜਬਰ ਦਾ ਰਾਹ ਅਖ਼ਤਿਆਰ ਕਰਦੀਆਂ ਹਨ।

ਜਬਰ ਦੀਆਂ ਵੱਧ ਚੁਭਵੀਆਂ ਘਟਨਾਵਾਂ ਸਮੇਂ ਬੁੱਚੜ ਪੁਲਿਸ ਅਧਿਕਾਰੀਆਂ ਵਿਰੁੱਧ ਆਮ ਹੀ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਜਾਂਦੀ ਹੈ। ਇਹ ਮੰਗ ਕਰਨਾ ਕਾਫ਼ੀ ਨਹੀਂ ਹੈ। ਨਾਗਰਿਕ ਆਜ਼ਾਦੀਆਂ ਅਤੇ ਸੰਘਰਸ਼ ਦੇ ਹੱਕ ਉੱਪਰ ਝਪਟਣ ਦੀ ਹਰ ਘਟਨਾ ਪ੍ਰਤੀ ਸੰਵੇਦਨਸ਼ੀਲ ਹੋਣਾ ਅਤੇ ਉਸ ਦੇ ਵਿਰੁੱਧ ਆਵਾਜ਼ ਉਠਾਉਣ ਦੀ ਜਮਹੂਰੀ ਜਾਗਰੂਕਤਾ ਵਧਾਉਣੀ ਜ਼ਰੂਰੀ ਹੈ। ਜ਼ਿਆਦਾ ਜਨਤਕ ਦਬਾਅ ਪੈਣ 'ਤੇ ਸਰਕਾਰਾਂ ਇੱਕਾ-ਦੁੱਕਾ ਜ਼ਿਆਦਾ ਬਦਨਾਮ ਅਧਿਕਾਰੀ ਨੂੰ ਲਾਈਨ ਹਾਜ਼ਰ ਕਰਕੇ ਜਾਂ ਜਾਂਚ ਕਰਾਉਣ ਦੀ ਖ਼ਾਨਾ ਪੂਰਤੀ ਕਰਕੇ ਵਕਤ ਟਪਾ ਲੈਂਦੀਆਂ ਹਨ। ਸ਼ੇਰੋਂ ਕਾਂਡ 'ਚ ਪਹਿਲਾਂ ਜ਼ਿਲ੍ਹਾ ਪੁਲਿਸ ਅਧਿਕਾਰੀਆਂ ਵੱਲੋਂ ਮੋਹਨਜੀਤ ਸ਼ੇਰੋਂ ਦਾ ਕਥਿਤ ਅਪਰਾਧੀ ਰਿਕਾਰਡ ਦਰਸਾ ਕੇ ਅਤੇ ਝੂਠੇ ਡੋਪ ਟੈਸਟ ਰਾਹੀਂ ਉਸਨੂੰ ਨਸ਼ੇੜੀ ਦਿਖਾ ਕੇ ਜਬਰ ਉੱਪਰ ਪਰਦਾ ਪਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ। ਸੀਨੀਅਰ ਝਾੜੂ ਆਗੂ ਅਮਨ ਅਰੋੜਾ ਨੇ ਇੱਥੋਂ ਤੱਕ ਦਾਅਵਾ ਕੀਤਾ ਕਿ ਪੁਲਿਸ ਵਾਲੇ ਆਪਣੇ ਬੱਚਿਆਂ ਦੀ ਸਹੁੰ ਖਾ ਕੇ ਕਹਿੰਦੇ ਹਨ ਕਿ ਉਨ੍ਹਾਂ ਨੇ ਜਬਰ ਨਹੀਂ ਕੀਤਾ। ਜਦੋਂ ਇਹ ਕਵਾਇਦ ਪੁੱਠੀ ਪੈਂਦੀ ਦਿਸੀ ਤਾਂ ਜਬਰ ਢਾਹੁਣ ਵਾਲੇ ਡੀ.ਐੱਸ.ਪੀ. ਖਹਿਰੇ ਅਤੇ ਤਿੰਨ ਅਧਿਕਾਰੀਆਂ ਨੂੰ ਉੱਥੋਂ ਬਦਲਣ ਦਾ ਅੱਕ ਚੱਬਣਾ ਪਿਆ। ਕੋਈ ਪਰਚਾ ਦਰਜ ਨਹੀਂ, ਕੋਈ ਚਾਰਜਸ਼ੀਟ ਨਹੀਂ। ਸਖ਼ਤ ਕਾਨੂੰਨੀ ਕਾਰਵਾਈ ਉਹ ਕਰ ਨਹੀਂ ਸਕਦੀਆਂ। ਕਿਉਂਕਿ ਪੁਲਿਸ ਅਧਿਕਾਰੀਆਂ ਨੇ ਉਨ੍ਹਾਂ ਦੀ ਸ਼ਹਿ 'ਤੇ ਜਬਰ-ਤਸ਼ੱਦਦ ਕੀਤਾ ਹੁੰਦਾ ਹੈ ਅਤੇ ਸਖ਼ਤ ਕਾਰਵਾਈ ਕਰਕੇ ਹਾਕਮ ਪੁਲਿਸ ਅਧਿਕਾਰੀਆਂ ਦੀ ਨਾਰਾਜ਼ਗੀ ਮੁੱਲ ਲੈਣਾ ਨਹੀਂ ਚਾਹੁਣਗੇ।

ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਸੁਖਬੀਰ ਬਾਦਲ ਵਰਗੇ ਹਸਪਤਾਲ ਵਿਚ ਜਾ ਕੇ ਮੋਹਨਜੀਤ ਸ਼ੇਰੋਂ ਦਾ ਹਾਲ-ਚਾਲ ਪੁੱਛਣ ਦਾ ਨਾਟਕ ਕਰਕੇ ਝੂਠੀ ਹਮਦਰਦੀ ਦਿਖਾ ਰਹੇ ਹਨ। ਸੰਗਰੂਰ ਵਿਚ ਵੀ ਰਾਜਨੀਤਕ ਪਾਰਟੀਆਂ ਅਤੇ ਹੋਰ ਸੰਸਥਾਵਾਂ ਵੱਲੋਂ ਇਸ ਜਬਰ ਕਾਂਡ ਵਿਰੁੱਧ ਕਾਲੀਆਂ ਪੱਗਾਂ, ਕਾਲੀਆਂ ਪੱਟੀਆਂ ਅਤੇ ਕਾਲੇ ਝੰਡਿਆਂ ਨਾਲ ਸਾਂਝਾ ਧਰਨਾ ਦਿੱਤਾ ਗਿਆ ਹੈ। ਕਿਸੇ ਨੂੰ ਇਹ ਭਰਮ ਨਹੀਂ ਪਾਲਣਾ ਚਾਹੀਦਾ ਕਿ ਅਕਾਲੀ-ਕਾਂਗਰਸੀ ਜਾਂ ਅਜਿਹੇ ਹੋਰ ਮੌਕਾਪ੍ਰਸਤ ਸਿਆਸਤਦਾਨ ਵਿਅਕਤੀ ਦੀ ਪ੍ਰਗਟਾਵੇ ਦੀ ਆਜ਼ਾਦੀ ਜਾਂ ਪ੍ਰੈੱਸ ਦੀ ਆਜ਼ਾਦੀ ਜਾਂ ਜਮਹੂਰੀ ਸਪੇਸ ਦੀ ਰਾਖੀ ਲਈ ਸੁਹਿਰਦ ਲੜਾਈ ਲੜਨਗੇ। ਉਨ੍ਹਾਂ ਦਾ ਇੱਕੋ-ਇਕ ਮਨੋਰਥ ਸੱਤਾਧਾਰੀ ਧਿਰ ਦੇ ਜਬਰ ਨੂੰ ਮੁੱਦਾ ਬਣਾ ਕੇ ਰਾਜਨੀਤਕ ਲਾਹਾ ਲੈਣਾ ਹੈ। ਭਗਵੰਤ ਦਾ ਝਾੜੂ ਗੈਂਗ ਵੀ ਸੱਤਾ 'ਚ ਆਉਣ ਤੋਂ ਪਹਿਲਾਂ ਪਹਿਲੀਆਂ ਸਰਕਾਰਾਂ ਵਿਰੁੱਧ ਧਰਨੇ ਜਿਹੇ ਲਾਉਣ ਅਤੇ ਬਿਆਨਬਾਜ਼ੀ ਕਰਨ ਦੇ ਬਥੇਰੇ ਨਾਟਕ ਕਰਦਾ ਰਿਹਾ। ਪੰਜਾਬ ਦੇ ਆਵਾਮ ਅੰਦਰ ਜਮਹੂਰੀ ਹੱਕਾਂ ਦੀ ਚੇਤਨਾ ਜਗਾਉਣ ਦਾ ਸੱਚੇ ਮਾਇਨਿਆਂ 'ਚ ਕੰਮ ਲੋਕ ਜਮਹੂਰੀ ਜਥੇਬੰਦੀਆਂ ਹੀ ਕਰ ਸਕਦੀਆਂ ਹਨ। ਬਠਿੰਡੇ 'ਚ ਮੁੱਖ ਮੰਤਰੀ ਦੀ ਫੇਰੀ ਮੌਕੇ ਜੁਝਾਰੂ ਮੁਲਾਜ਼ਮਾਂ ਨੇ ਸੈਂਕੜੇ ਕਾਲੇ ਝੰਡਿਆਂ ਨਾਲ ਮੁਜ਼ਾਹਰਾ ਕਰਕੇ ਇਸਦਾ ਜਵਾਬ ਦਿੱਤਾ। ਇਹ ਆਵਾਜ਼ ਪੂਰੇ ਪੰਜਾਬ 'ਚੋਂ ਉੱਠਣੀ ਚਾਹੀਦੀ ਹੈ।

ਪੰਜਾਬ ਦੇ ਹਰ ਜਾਗਦੀ ਜ਼ਮੀਰ ਵਾਲੇ ਵਿਅਕਤੀ ਨੂੰ ਸਰਕਾਰ ਦੀ ਲੋਕ ਵਿਰੋਧੀ ਕਾਰਗੁਜ਼ਾਰੀ 'ਤੇ ਸਵਾਲ ਉਠਾਉਣ ਵਾਲਿਆਂ ਅਤੇ ਆਪਣੀਆਂ ਵਾਜਬ ਮੰਗਾਂ ਲਈ ਲੜਨ ਵਾਲਿਆਂ ਉੱਪਰ ਕੀਤੇ ਜਾ ਰਹੇ ਜਬਰ-ਤਸ਼ੱਦਦ ਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ। ਸੱਤਾ ਨੂੰ ਸਵਾਲ ਕਰਨ ਦੇ ਨਾਗਰਿਕਾਂ ਦੇ ਜਮਹੂਰੀ ਹੱਕ ਦੀ ਰਾਖੀ ਲਈ ਸਾਨੂੰ ਸਭ ਨੂੰ ਅੱਗੇ ਆ ਕੇ ਆਵਾਜ਼ ਬੁਲੰਦ ਕਰਨੀ ਹੋਵੇਗੀ।

## ਦਿੱਲੀ ਦੇ ਜੰਤਰ ਮੰਤਰ ਵਿਚ ਪੁਲਿਸ ਜਬਰ ਦਾ ਮਸਲਾ

# (ਲੋਕਤੰਤਰ ਵਿਚ ਨਾਗਰਿਕ ਦੀ ਆਜ਼ਾਦੀ ਬਨਾਮ ਸੱਤਾ ਦੀ ਨਿਗਰਾਨੀ)

ਨੀਟ ਪ੍ਰੀਖਿਆ ਪ੍ਰਬੰਧ ਵਿਚ ਕਥਿਤ ਬੇਨਿਯਮੀਆਂ ਅਤੇ ਪੇਪਰ ਲੀਕ ਹੋਣ ਦੇ ਮਾਮਲੇ ਸਬੰਧੀ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਜੰਤਰ-ਮੰਤਰ 'ਤੇ ਧਰਨਾ ਦੇ ਰਹੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੇ 20 ਜੁਲਾਈ ਨੂੰ ਸੰਸਦ ਵੱਲ ਮਾਰਚ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਦੌਰਾਨ ਦਿੱਲੀ ਪੁਲਿਸ ਅਤੇ ਰੈਪਿਡ ਐਕਸ਼ਨ ਫੋਰਸ ਨਾਲ ਟਕਰਾਅ ਹੋਇਆ। ਪੁਲਿਸ ਨੇ ਲਾਠੀਚਾਰਜ ਅਤੇ ਅੱਥਰੂ ਗੈਸ ਦੀ ਵਰਤੋਂ ਕਰਕੇ ਭੀੜ ਨੂੰ ਖਿੰਡਾਇਆ। ਪੈਲੇਟ ਗੰਨ ਦੀ ਵਰਤੋਂ ਦੇ ਦੋਸ਼ ਲੱਗੇ। ਪ੍ਰਦਰਸ਼ਨਕਾਰੀਆਂ ਨੇ ਬੇਲੋੜੀ ਅਤੇ



**ਹਰਜੀਤ ਸਿੰਘ ਗਿੱਲ**
ਫੋਨ: +1 647 542 0007 (ਕਨੇਡਾ)
+91 98889 45127 (ਭਾਰਤ)

ਬਹੁਤ ਜ਼ਿਆਦਾ ਪੁਲਿਸ ਤਾਕਤ ਵਰਤਣ ਦਾ ਦੋਸ਼ ਲਾਇਆ। ਵੀਡੀਓਜ਼ ਵਿਚ ਕੁਝ ਵਿਅਕਤੀ ਸਿਵਲ ਕੱਪੜਿਆਂ ਵਿਚ ਲਾਠੀਆਂ ਵਰਤਦੇ ਦਿਖਾਈ ਦਿੱਤੇ। ਇੱਕ ਵਾਇਰਲ ਵੀਡੀਓ ਵਿਚ ਇੱਕ ਸੀਨੀਅਰ ਪੁਲਿਸ ਅਧਿਕਾਰੀ ਵੱਲੋਂ ਮਹਿਲਾ ਪ੍ਰਦਰਸ਼ਨਕਾਰੀ ਨੂੰ ਥੱਪੜ ਮਾਰਨ ਦਾ ਦੋਸ਼ ਲੱਗਾ। ਦਿੱਲੀ ਹਾਈ ਕੋਰਟ ਵਿਚ ਪੁਲਿਸ ਵੱਲੋਂ ਪੈਲੇਟ ਗੰਨ, ਲਾਠੀਆਂ, ਬਿਜਲੀ ਦਾ ਝਟਕਾ ਦੇਣ ਵਾਲੇ ਜੰਤਰ ਅਤੇ ਕਿੱਲ ਲੱਗੀਆਂ ਲਾਠੀਆਂ ਦੀ ਵਰਤੋਂ ਸਬੰਧੀ ਸ਼ਿਕਾਇਤ ਵੀ ਉਠਾਈ ਗਈ। ਪੁਲਿਸ ਮੁਤਾਬਕ ਟਕਰਾਅ ਵਿਚ ਲਗਭਗ 120 ਪੁਲਿਸ ਕਰਮਚਾਰੀ, ਜਿਨ੍ਹਾਂ ਵਿਚ ਪੰਜ ਆਈ.ਪੀ.ਐਸ. ਅਧਿਕਾਰੀ ਵੀ ਸਨ, ਜ਼ਖ਼ਮੀ ਹੋਏ। ਦੂਜੇ ਪਾਸੇ ਪ੍ਰਦਰਸ਼ਨਕਾਰੀਆਂ ਨੇ ਵੱਡੀ ਗਿਣਤੀ ਵਿਦਿਆਰਥੀਆਂ ਦੇ ਜ਼ਖ਼ਮੀ ਹੋਣ ਦਾ ਦਾਅਵਾ ਕੀਤਾ, ਪਰ ਹਾਲੇ ਤਕ ਵੀ ਵਿਦਿਆਰਥੀਆਂ ਦੀਆਂ ਸੱਟਾਂ ਬਾਰੇ ਕੋਈ ਸਰਕਾਰੀ ਅੰਕੜਾ ਉਪਲਬਧ ਨਹੀਂ ਹੈ। ਹੈਰਾਨੀ-ਭਰੀ ਗੱਲ ਇਹ ਹੈ ਕਿ ਜ਼ਿੰਮੇਵਾਰ ਅਹੁਦਿਆਂ 'ਤੇ ਬੈਠੇ ਵੱਡੇ-ਵੱਡੇ ਲੋਕ ਅਤੇ ਖ਼ੁਦ ਮੰਤਰੀ ਪਾਰਲੀਮੈਂਟ ਵਿਚ ਲਗਾਤਾਰ ਝੂਠ ਬੋਲਦੇ ਰਹੇ। ਤੁਹਾਨੂੰ ਭਾਰਤ ਸਰਕਾਰ ਦੇ ਕੇਂਦਰੀ ਮੰਤਰੀ ਡਾ. ਜਤਿੰਦਰ ਸਿੰਘ ਕੇਂਦਰੀ ਵਿਗਿਆਨ ਤੇ ਤਕਨਾਲੋਜੀ ਰਾਜ ਮੰਤਰੀ ਅਤੇ ਪਰਸੋਨਲ, ਜਨਤਕ ਸ਼ਿਕਾਇਤਾਂ ਤੇ ਪੈਨਸ਼ਨ, ਦੇ ਨਾਲ-ਨਾਲ ਪਰਮਾਣੂ ਊਰਜਾ ਅਤੇ ਪੁਲਾੜ ਮੰਤਰੀ ਵੀ ਹਨ ਤੇ ਪ੍ਰਧਾਨ ਮੰਤਰੀ ਦਫ਼ਤਰ ਨਾਲ ਵੀ ਸਬੰਧਿਤ ਹਨ, ਦਾ ਬਿਆਨ ਯਾਦ ਹੋਵੇਗਾ ਕਿ ਕੋਈ ਗੋਲੀ ਚੱਲੀ ਹੀ ਨਹੀਂ। ਚੈਨਲਾਂ 'ਤੇ ਭਾਰਤੀ ਜਨਤਾ ਪਾਰਟੀ ਦੇ ਸਪੋਕਸਮੈਨ ਝੂਠ ਨੂੰ ਸੱਚ ਬਣਾ ਕੇ ਪੇਸ਼ ਕਰਨ, ਝੂਠ 'ਤੇ ਪੜ੍ਹਦੇ ਪਾਉਣ ਵਾਲੇ ਮਾਹਰ ਵਿਅਕਤੀ ਹਨ। ਜਦਕਿ 2 ਪੈਲੇਟ ਗੰਨ ਫਾਇਰ ਕਰਨ ਅਤੇ ਰੈਪਿਡ ਐਕਸ਼ਨ ਫੋਰਸ ਵੱਲੋਂ 7 ਪੈਲੇਟ ਗੰਨ ਫਾਇਰ ਕਰਨ ਦਾ ਰਿਕਾਰਡ ਖ਼ੁਦ ਪੁਲਿਸ ਡਾਇਰੀ ਵਿਚ ਦਰਜ ਹੈ। ਇੱਕ ਪੈਲੇਟ ਰੌਂਦ ਵਿਚ 200 ਤੋਂ 500 ਪਲਾਸਟਿਕ ਦੇ ਸ਼ੱਰੇ ਹੋ ਸਕਦੇ ਹਨ। ਇਸ ਝੂਠ ਤੋਂ ਬਚਣ ਲਈ ਦੇਸ਼ ਦਾ ਗ੍ਰਹਿ ਮੰਤਰੀ ਪਾਰਲੀਮੈਂਟ ਦਾ ਸਾਹਮਣਾ ਨਹੀਂ ਕਰ ਸਕਿਆ।

ਦਿੱਲੀ ਪੁਲਿਸ ਨੇ ਜੰਤਰ-ਮੰਤਰ ਦੇ ਪ੍ਰਦਰਸ਼ਨ ਦੌਰਾਨ ਮਸਨੂਈ ਬੁੱਧੀ ਨਾਲ ਸਮਰੱਥ ਇਕਸ਼ਾਨਾ ਨਾਮ ਦੀ ਨਿਗਰਾਨੀ ਵੈਨ ਅਤੇ ਹੋਰ ਨਿਗਰਾਨੀ ਪ੍ਰਣਾਲੀਆਂ ਦੀ ਬੇਤਹਾਸ਼ਾ ਗੈਰ-ਕਾਨੂੰਨੀ ਵਰਤੋਂ ਕੀਤੀ। ਇਨ੍ਹਾਂ ਵਿਚ 360 ਡਿਗਰੀ ਦੇ ਕੈਮਰੇ ਅਤੇ ਚਿਹਰੇ ਦੀ ਪਛਾਣ ਕਰਨ ਵਾਲੇ ਸਾਫ਼ਟਵੇਅਰ ਫਿੱਟ ਸਨ, ਜੋ ਲਾਈਵ ਸੀ.ਸੀ.ਟੀਵੀ ਫੁਟੇਜ ਵਿਚ ਚਿਹਰਿਆਂ ਨੂੰ ਪੁਲਿਸ ਦੇ ਡਾਟਾਬੇਸ ਨਾਲ ਮੈਚ ਕਰ ਰਿਹਾ ਸੀ। ਇਕਸ਼ਾਨਾ ਇੱਕ ਸੰਸਕ੍ਰਿਤ ਸ਼ਬਦ ਹੈ ਜਿਸ ਦਾ ਅਰਥ ਹੈ ਦ੍ਰਿਸ਼ਟੀ, ਦੇਖਣਾ, ਨਿਗਰਾਨੀ ਕਰਨਾ ਜਾਂ ਦੇਖਭਾਲ ਕਰਨਾ। ਪਹਿਲਾਂ ਸਰਕਾਰ ਨੇ ਇਹ ਸਿਸਟਮ ਇਹ ਕਹਿ ਕੇ ਤਾਇਨਾਤ ਕਰਨ ਦਾ ਫ਼ੈਸਲਾ ਲਿਆ ਸੀ ਕਿ ਇਹ ਦਿੱਲੀ ਵਿਚ ਲਾਪਤਾ ਅਤੇ ਅਗਵਾ ਕੀਤੇ ਬਚਿਆਂ ਨੂੰ ਲੱਭਣ ਵਿਚ ਮਦਦਗਾਰ ਹੋਵੇਗਾ। ਭਾਰਤ ਦੀ ਸੁਪਰੀਮ ਕੋਰਟ ਨੇ ਕੇ.ਐਸ. ਪੁੱਟਾਂ ਸਵਾਮੀ ਬਨਾਮ ਭਾਰਤ ਯੂਨੀਅਨ ਕੇਸ ਵਿਚ ਪ੍ਰਾਈਵੇਸੀ ਨੂੰ ਭਾਰਤੀ ਸੰਵਿਧਾਨ ਦੇ ਆਰਟੀਕਲ 21 ਦੇ ਤਹਿਤ ਮੌਲਿਕ ਅਧਿਕਾਰ ਕਿਹਾ ਅਤੇ ਮੰਨਿਆ ਹੋਇਆ ਹੈ। ਭਾਰਤੀ ਸੰਵਿਧਾਨ ਅਨੁਸਾਰ ਪੁਲੀਸ ਦੇ ਅਜਿਹੇ ਐਕਸ਼ਨ ਨਾਲ ਨਿੱਜਤਾ ਦੇ ਕਾਨੂੰਨ ਦੀ ਘੋਰ ਉਲੰਘਣਾ ਕੀਤੀ ਗਈ ਹੈ। ਸੰਵਿਧਾਨਕ ਪੱਖੋਂ ਇਹ ਕਹਿਣ ਲਈ ਮਜ਼ਬੂਤ ਆਧਾਰ ਹੈ ਕਿ ਜੰਤਰ-ਮੰਤਰ 'ਤੇ ਬਿਨਾਂ ਯੋਗ ਕਾਨੂੰਨੀ ਅਧਿਕਾਰ, ਲੋੜ ਅਤੇ ਅਨੁਪਾਤ ਦੇ ਅੰਦੋਲਨਕਾਰੀਆਂ ਦੇ ਚਿਹਰੇ ਪਛਾਣਨ ਰਾਹੀਂ ਬਾਇਓਮੀਟ੍ਰਿਕ ਪਛਾਣ ਕਰਨਾ ਨਿੱਜਤਾ ਦੇ ਮੌਲਿਕ ਅਧਿਕਾਰ ਨੂੰ ਗੰਭੀਰ ਤੌਰ 'ਤੇ ਪ੍ਰਭਾਵਿਤ ਕਰ ਸਕਦਾ ਹੈ। ਸੁਪਰੀਮ ਕੋਰਟ ਨੇ ਇਹ ਵੀ ਸਪਸ਼ਟ ਕੀਤਾ ਹੋਇਆ ਹੈ ਕਿ ਸਿਰਫ਼ ਕੋਈ ਕਾਰਜਕਾਰੀ ਹੁਕਮ (Executive Order) ਜਾਂ ਪ੍ਰਸ਼ਾਸਨਿਕ ਹਦਾਇਤ ਨਿੱਜਤਾ ਵਿਚ ਦਖ਼ਲ ਲਈ ਕਾਫ਼ੀ ਨਹੀਂ ਹੋ ਸਕਦੀ, ਕਾਨੂੰਨੀ ਆਧਾਰ ਅਤੇ ਇਸ ਲਈ ਢੁਕਵੇਂ ਸੁਰੱਖਿਆ ਉਪਾਅ ਦੀ ਵੀ ਲੋੜ ਹੁੰਦੀ ਹੈ। ਦਿੱਲੀ ਪੁਲਿਸ ਨੇ ਸੁਪਰੀਮ ਕੋਰਟ ਨੂੰ ਕਿਹਾ ਕਿ ਚਿਹਰਾ-ਪਛਾਣ ਪ੍ਰਣਾਲੀ ਦਾ ਮਕਸਦ ਆਮ ਪ੍ਰਦਰਸ਼ਨਕਾਰੀਆਂ ਦੀ ਪਛਾਣ ਕਰਨਾ ਨਹੀਂ, ਸਗੋਂ ਅਪਰਾਧਿਕ ਰਿਕਾਰਡ ਵਾਲੇ ਜਾਣੇ-ਪਛਾਣੇ ਅਪਰਾਧੀਆਂ ਨੂੰ ਪਛਾਣਨਾ ਸੀ।

ਦਿੱਲੀ ਪੁਲਿਸ ਦੇ ਇਸ ਸਿਸਟਮ ਨੇ 2,873 ਵਿਅਕਤੀਆਂ ਨੂੰ ਅਪਰਾਧਿਕ ਰਿਕਾਰਡ ਨਾਲ ਜੋੜਿਆ। ਇਸ ਸਬੰਧੀ ਹਲਫ਼ਨਾਮਾ ਵੀ ਅਦਾਲਤ ਵਿਚ ਪੇਸ਼ ਕਰ ਦਿੱਤਾ। ਪਰ ਇਸ ਦਾ ਭਾਂਡਾ ਚੌਰਾਹੇ ਵਿਚ ਉਸ ਸਮੇਂ ਭੱਜ ਗਿਆ ਜਦੋਂ 'ਇੰਡੀਅਨ ਐਕਸਪ੍ਰੈੱਸ' ਨੇ ਰਿਪੋਰਟ ਕੀਤਾ ਕਿ ਜਾਂਚ ਅਨੁਸਾਰ ਘੱਟੋ-ਘੱਟ 25 ਅਜਿਹੇ ਵਿਅਕਤੀ ਵੀ ਪਛਾਣ ਹੋਏ, ਜੋ ਉਸ ਸਮੇਂ ਤਿਹਾੜ ਜੇਲ੍ਹ ਵਿਚ ਸਨ ਅਤੇ ਉਹ ਜੰਤਰ-ਮੰਤਰ 'ਤੇ ਹੋ ਹੀ ਨਹੀਂ ਸਕਦੇ। ਇਹ ਸਭ ਕੁਝ ਪੁਲਿਸ ਦੇ ਆਪਣੇ ਹੀ ਰਿਕਾਰਡ ਨਾਲ ਮੇਲ ਨਹੀਂ ਖਾਂਦਾ। ਅਖ਼ਬਾਰ ਦੇ ਅਨੁਸਾਰ 18 ਨਵੰਬਰ 2014 ਨੂੰ, ਪੂਰਬੀ ਦਿੱਲੀ ਵਿਚ 13 ਸਾਲਾ ਉਤਕਰਸ਼ ਦੇ ਕਥਿਤ ਅਗਵਾ ਅਤੇ ਕਤਲ ਮਾਮਲੇ ਵਿਚ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਦਿੱਲੀ ਪੁਲਿਸ ਦੇ ਚਿਹਰੇ ਦੀ ਪਛਾਣ ਕਰਨ ਵਾਲੀ ਪ੍ਰਣਾਲੀ ਨੇ ਉਨ੍ਹਾਂ ਵਿਚੋਂ ਇੱਕ ਦੀ ਪਛਾਣ 20 ਤੋਂ 26 ਜੁਲਾਈ ਦੇ ਵਿਚਕਾਰ ਜੰਤਰ-ਮੰਤਰ ਵਿਖੇ 'ਕਾਕਰੋਚ ਜਨਤਾ ਪਾਰਟੀ' ਦੀ ਅਗਵਾਈ ਹੇਠ ਹੋਏ ਪ੍ਰਦਰਸ਼ਨ ਦੌਰਾਨ ਕੀਤੀ ਸੀ। ਪਰ ਇਸ ਵਿਚ ਇੱਕ ਅਜੀਬ ਮੋੜ ਹੈ, ਰਿਕਾਰਡ ਦੱਸਦੇ ਹਨ ਕਿ ਉਸ ਸਮੇਂ ਉਹ ਜੇਲ੍ਹ ਵਿਚ ਸੀ। ਪ੍ਰਤਾਪ ਸਿੰਘ ਸਿਸੋਦੀਆ ਉਨ੍ਹਾਂ 2,873 ਲੋਕਾਂ ਵਿਚ ਸ਼ਾਮਲ ਸੀ, ਜਿਨ੍ਹਾਂ ਦੇ ਅਪਰਾਧਿਕ ਰਿਕਾਰਡ ਦੀ ਪਛਾਣ ਜੰਤਰ-ਮੰਤਰ ਵਿਖੇ ਲੱਗੇ 'ਫੇਸ਼ੀਅਲ ਰਿਕੋਗਨੀਸ਼ਨ ਸਾਫ਼ਟਵੇਅਰ' ਦੁਆਰਾ ਕੀਤੀ ਸੀ। 'ਇੰਡੀਅਨ ਐਕਸਪ੍ਰੈੱਸ' ਨੇ ਰਿਪੋਰਟ ਦਿੱਤੀ ਕਿ ਇਨ੍ਹਾਂ ਵਿਚੋਂ ਘੱਟੋ-ਘੱਟ 25 ਵਿਅਕਤੀ ਜਿਨ੍ਹਾਂ 'ਤੇ ਕਤਲ, ਕਤਲ ਦੀ ਕੋਸ਼ਿਸ਼, ਬਲਾਤਕਾਰ ਅਤੇ ਬੱਚਿਆਂ ਦੇ ਸ਼ੋਸ਼ਣ ਵਰਗੇ ਗੰਭੀਰ ਅਪਰਾਧਾਂ ਦੇ ਦੋਸ਼ ਸਨ ਉਹ ਸਭ ਜੇਲ੍ਹ ਵਿਚ ਸਨ। ਪੁਲਿਸ, ਜੇਲ੍ਹ ਅਤੇ ਅਦਾਲਤੀ ਰਿਕਾਰਡਾਂ ਦੀ ਪੜਤਾਲ ਤੋਂ ਪਤਾ ਲੱਗਾ ਹੈ ਕਿ ਸਿਸੋਦੀਆ 2014 ਤੋਂ ਹਿਰਾਸਤ ਵਿਚ ਹੈ। ਰਿਕਾਰਡ ਦਰਸਾਉਂਦੇ ਹਨ ਕਿ ਉਸਨੂੰ ਪਹਿਲੀ ਵਾਰ 28 ਨਵੰਬਰ 2014 ਨੂੰ ਅਤੇ ਦੁਬਾਰਾ ਪਿਛਲੇ ਸਾਲ 3 ਮਾਰਚ ਨੂੰ ਜੇਲ੍ਹ ਭੇਜਿਆ ਗਿਆ ਸੀ। 13 ਸਾਲਾ ਉਤਕਰਸ਼ ਨੂੰ ਕਥਿਤ ਤੌਰ 'ਤੇ ਅਗਵਾ ਕਰਨ ਅਤੇ ਉਸ ਦੀ ਹੱਤਿਆ ਕਰਨ ਦੇ ਦੋਸ਼ ਵਿਚ ਸਿਸੋਦੀਆ ਨੂੰ 18 ਨਵੰਬਰ 2014 ਨੂੰ ਉਸ ਦੇ ਸਾਥੀ ਸਿਧਾਰਥ ਸ਼ਰਮਾ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲਿਸ ਨੇ ਦੱਸਿਆ ਕਿ ਮੁਲਜ਼ਮ ਪੀੜਤ ਬੱਚੇ ਦੇ ਗੁਆਂਢੀ ਸਨ ਅਤੇ ਉਸ ਦੇ ਪਰਿਵਾਰ ਨੂੰ ਜਾਣਦੇ ਸਨ। ਅਧਿਕਾਰੀਆਂ ਅਨੁਸਾਰ, ਉਨ੍ਹਾਂ ਦਾ ਕਥਿਤ ਮਕਸਦ ਜਲਦੀ ਪੈਸਾ ਕਮਾਉਣਾ ਸੀ। ਪੁਲਿਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ, ਉਨ੍ਹਾਂ ਦੀ ਯੋਜਨਾ ਉਦੋਂ ਬੁਰੀ ਤਰ੍ਹਾਂ ਅਸਫਲ ਹੋ ਗਈ, ਜਦੋਂ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਫਿਰੌਤੀ ਮਿਲਣ ਤੋਂ ਬਾਅਦ ਰਿਹਾਅ ਹੋਣ 'ਤੇ, ਲੜਕਾ ਪੁਲਿਸ ਨੂੰ ਅਗਵਾਕਾਰਾਂ ਦੀ ਪਛਾਣ ਦੱਸ ਦੇਵੇਗਾ। ਪੁਲਿਸ ਨੇ ਦੱਸਿਆ ਕਿ ਸਿਸੋਦੀਆ ਨੇ ਮੁੰਬਈ ਵਿਚ ਅਦਾਕਾਰੀ ਦਾ ਕੋਰਸ ਪੂਰਾ ਕੀਤਾ ਸੀ ਅਤੇ ਬਾਅਦ ਵਿਚ ਨੋਇਡਾ ਵਿਚ ਇੱਕ ਕਾਲ ਸੈਂਟਰ ਖੋਲ੍ਹਿਆ ਸੀ। ਸ਼ਰਮਾ, ਜੋ ਕਿ ਮੋਬਾਈਲ ਫ਼ੋਨ ਦਾ ਮਕੈਨਿਕ ਸੀ, ਕਥਿਤ ਤੌਰ 'ਤੇ ਕਾਰੋਬਾਰ ਸ਼ੁਰੂ ਕਰਨ ਲਈ ਪੈਸੇ ਚਾਹੁੰਦਾ ਸੀ। ਸਿਰਫ਼ ਉਹੀ ਇੱਕ ਨਹੀਂ 'ਇੰਡੀਅਨ ਐਕਸਪ੍ਰੈਸ' ਦੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਦਿੱਲੀ ਪੁਲਿਸ ਦੇ ਸਾਫ਼ਟਵੇਅਰ ਨੇ ਜੰਤਰ-ਮੰਤਰ ਵਿਖੇ ਗੈਂਗਸਟਰ ਲਾਰੰਸ ਬਿਸ਼ਨੋਈ ਦੇ ਇੱਕ ਸਾਥੀ ਦੀ ਵੀ ਪਛਾਣ ਕੀਤੀ ਸੀ। ਬਿਸ਼ਨੋਈ ਖ਼ੁਦ ਇੱਕ ਹਾਈ-ਪ੍ਰੋਫਾਈਲ ਕਤਲ ਕੇਸ ਦੇ ਸਬੰਧ ਵਿਚ ਜੇਲ੍ਹ ਵਿਚ ਬੰਦ ਹੈ। ਉੱਤਰ ਪ੍ਰਦੇਸ਼ ਦੇ ਬਦਾਯੂੰ ਦਾ ਰਹਿਣ ਵਾਲਾ ਯੋਗੇਸ਼, 2024 ਵਿਚ ਦੱਖਣੀ ਦਿੱਲੀ ਦੇ ਗ੍ਰੇਟਰ ਕੈਲਾਸ਼-1 ਇਲਾਕੇ ਵਿਚ 34 ਸਾਲਾ ਜਿਮ ਮਾਲਕ ਨਾਦਰ ਸ਼ਾਹ ਦੇ ਕਤਲ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਅਫ਼ਗਾਨ ਨਾਗਰਿਕ ਨਾਦਰ ਸ਼ਾਹ ਨੂੰ 12 ਸਤੰਬਰ ਦੀ ਰਾਤ ਨੂੰ ਦੱਖਣੀ ਦਿੱਲੀ ਦੇ ਪੋਸ਼ ਇਲਾਕੇ ਗ੍ਰੇਟਰ ਕੈਲਾਸ਼-1 ਵਿਚ ਉਸ ਦੇ ਜਿਮ ਦੇ ਬਾਹਰ ਗੋਲੀ ਮਾਰ ਕੇ ਕਤਲ



ਕਰ ਦਿੱਤਾ ਗਿਆ ਸੀ। ਦਿੱਲੀ ਪੁਲਿਸ ਅਤੇ ਉੱਤਰ ਪ੍ਰਦੇਸ਼ ਪੁਲਿਸ ਦੇ ਸਾਂਝੇ ਆਪ੍ਰੇਸ਼ਨ ਦੌਰਾਨ, ਮਥੁਰਾ ਹਾਈਵੇਅ 'ਤੇ ਸਵੇਰ ਵੇਲੇ ਹੋਏ ਇੱਕ ਸੰਖੇਪ ਮੁਕਾਬਲੇ ਤੋਂ ਬਾਅਦ ਪੁਲਿਸ ਨੇ ਉਸ ਨੂੰ 17 ਅਕਤੂਬਰ 2024 ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਿਸ ਨੇ ਦੱਸਿਆ ਕਿ ਗੋਲੀਬਾਰੀ ਦੌਰਾਨ ਉਸ ਦੀ ਖੱਬੀ ਲੱਤ 'ਤੇ ਗੋਲੀ ਲੱਗੀ ਸੀ। ਹੁਣ ਨਮੋਸ਼ੀ ਭਰੀ ਜ਼ਿਲਤ ਤੋਂ ਬਾਅਦ ਦਿੱਲੀ ਪੁਲਿਸ ਕਹਿ ਰਹੀ ਹੈ ਕਿ ਚਿਹਰੇ ਦੀ ਪਛਾਣ ਕਰਨ ਵਾਲੇ ਸਾਫ਼ਟਵੇਅਰ ਰਾਹੀਂ ਪਛਾਣੇ ਗਏ ਵਿਅਕਤੀਆਂ ਵਿਰੁੱਧ ਕੋਈ ਵੀ ਕਾਰਵਾਈ ਸਿਰਫ਼ ਜ਼ਮੀਨੀ ਪੱਧਰ 'ਤੇ ਤਸਦੀਕ (Field Verification) ਕਰਨ ਤੋਂ ਬਾਅਦ ਹੀ ਕੀਤੀ ਜਾਵੇਗੀ।

ਇਹ ਪਹਿਲੀ ਵਾਰ ਨਹੀਂ ਹੋਇਆ। ਇਸ ਤੋਂ ਪਹਿਲਾਂ ਇਜ਼ਰਾਇਲ ਤੋਂ ਅਤਿਵਾਦੀ ਫੜਨ ਲਈ ਲਿਆਂਦਾ ਯੰਤਰ ਇਜ਼ਰਾਇਲੀ ਕੰਪਨੀ NSO Group ਦਾ ਪੈਗਾਸਸ ਨਿਗਰਾਨੀ ਸਪਾਈ ਵੇਅਰ ਵੀ ਵਿਰੋਧੀ ਪਾਰਟੀਆਂ ਦੇ ਲੀਡਰਾਂ ਦੇ ਫ਼ੋਨ ਟੈਪ ਕਰਨ ਅਤੇ ਅਤੇ ਉਨ੍ਹਾਂ ਦੀ ਨਿਗਰਾਨੀ ਲਈ ਵਰਤਿਆ ਜਾ ਚੁੱਕਾ ਹੈ। 2021 ਦੇ ਪੈਗਾਸਸ ਪ੍ਰੋਜੈਕਟ ਖੁਲਾਸਿਆਂ ਵਿਚ ਭਾਰਤ ਦੇ ਸੈਂਕੜੇ ਫ਼ੋਨ ਨੰਬਰ ਉਸ ਦੇ ਡਾਟਾਬੇਸ ਵਿਚ ਮਿਲੇ ਸਨ। ਜੋ NSO ਦੇ ਸਰਕਾਰੀ ਗਾਹਕ ਭਾਰਤ ਸਰਕਾਰ ਵੱਲੋਂ ਨਿਗਰਾਨੀ ਲਈ ਚੁਣੇ ਗਏ ਨੰਬਰਾਂ ਨਾਲ ਜੁੜਿਆ ਸੀ। ਇਨ੍ਹਾਂ ਵਿਚ ਰਾਹੁਲ ਗਾਂਧੀ ਸਮੇਤ ਵਿਰੋਧੀ ਆਗੂ, ਪੱਤਰਕਾਰ, ਸਿਆਸੀ ਅਤੇ ਸਮਾਜਿਕ ਕਾਰਕੁਨ ਅਤੇ ਹੋਰ ਜਨਤਕ ਹਸਤੀਆਂ ਦੇ ਨੰਬਰ ਸ਼ਾਮਲ ਸਨ। ਪੈਗਾਸਸ ਸਿਸਟਮ ਆਮ ਫ਼ੋਨ ਟੈਪਿੰਗ ਨਾਲੋਂ ਕਾਫ਼ੀ ਵੱਧ ਸ਼ਕਤੀਸ਼ਾਲੀ ਹੈ। ਸੁਪਰੀਮ ਕੋਰਟ ਦੇ ਰਿਕਾਰਡ ਵਿਚ ਦਰਜ ਤਕਨੀਕੀ ਵੇਰਵਿਆਂ ਅਨੁਸਾਰ ਇਹ ਯੰਤਰ ਤੁਹਾਡੇ ਨਿੱਜ ਵਿਚ ਦਾਖ਼ਲ ਹੋ ਕੇ ਤੁਹਾਡੀਆਂ ਈਮੇਲਾਂ, ਮੈਸੇਜਿਜ਼, ਕਾਲਾਂ, ਕੈਮਰਾ ਅਤੇ ਮਾਈਕ੍ਰੋਫ਼ੋਨ ਤੱਕ ਪਹੁੰਚ ਕਰ ਸਕਦਾ ਹੈ। ਇੱਕ ਪਾਸੇ ਤੁਹਾਡੇ ਨਿੱਜੀ ਫ਼ੋਨ ਦੇ ਅੰਦਰ ਤੱਕ ਪਹੁੰਚਣ ਵਾਲੀ ਸਪਾਈਵੇਅਰ ਤਕਨਾਲੋਜੀ ਅਤੇ ਦੂਜੇ ਪਾਸੇ ਸੜਕ 'ਤੇ ਪ੍ਰਦਰਸ਼ਨ ਕਰ ਰਹੇ ਨਾਗਰਿਕਾਂ ਦੀ ਬਾਇਓਮੀਟ੍ਰਿਕ ਵਾਲੇ ਢੰਗ ਨਾਲ ਚਿਹਰਿਆਂ ਦੀ ਨਿਗਰਾਨੀ, ਦੋਵੇਂ ਮਾਮਲਿਆਂ ਵਿਚ ਕਿਸੇ ਡੈਮੋਕ੍ਰੇਟਿਕ ਦੇਸ਼ ਦੀ ਸਰਕਾਰ ਵੱਲੋਂ ਨਾਗਰਿਕਾਂ ਦੀ ਨਿਗਰਾਨੀ ਕਰਨ ਸ਼ਕਤੀ ਅਤੇ ਨਾਗਰਿਕ ਦੀ ਪ੍ਰਾਈਵੇਸੀ ਵਿਚਕਾਰ ਸੰਤੁਲਨ ਦਾ ਸਵਾਲ ਖੜ੍ਹਾ ਹੁੰਦਾ ਹੈ। ਇਹ ਮਾਮਲਾ ਫੰਕਸ਼ਨ ਕ੍ਰੀਪ (Function creep) ਦਾ ਵੀ ਬਣਦਾ ਹੈ। ਭਾਵ ਕਿਸੇ ਤਕਨਾਲੋਜੀ, ਪ੍ਰਣਾਲੀ ਜਾਂ ਡਾਟਾਬੇਸ ਦਾ ਹੌਲੀ-ਹੌਲੀ ਆਪਣੀ ਮੂਲ ਸੀਮਾ ਤੋਂ ਅੱਗੇ ਵਧ ਕੇ ਅਜਿਹਾ ਵਿਸਥਾਰ ਕਰ ਲੈਣਾ, ਜਿਸ ਤਹਿਤ ਡਾਟਾ ਜਾਂ ਸਮਰੱਥਾਵਾਂ ਦੀ ਵਰਤੋਂ ਉਨ੍ਹਾਂ ਮਕਸਦਾਂ ਲਈ ਕੀਤੀ ਜਾਂਦੀ ਹੈ ਜੋ ਅਸਲ ਵਿਚ ਤੈਅ ਕੀਤੇ ਗਏ ਨਿਯਮਾਂ ਜਾਂ ਸਹਿਮਤੀ ਪ੍ਰਾਪਤ ਕੰਮਾਂ ਤੋਂ ਵੱਖਰੇ ਸਿਆਸੀ ਮਕਸਦਾਂ ਦੀ ਪੂਰਤੀ ਹੁੰਦੇ ਹਨ।

ਮਨੁੱਖ ਦੀ ਸਹੂਲਤ ਅਤੇ ਸੇਵਾ ਲਈ ਬਣਾਈ ਗਈ ਟੈਕਨਾਲੋਜੀ ਦੀ ਸਟੇਟ ਅਤੇ ਸਰਕਾਰ ਵੱਲੋਂ ਦੁਰਵਰਤੋਂ ਦਾ ਵੱਡਾ ਮਸਲਾ ਬਣਦਾ ਜਾ ਰਿਹਾ ਹੈ। ਮਨੁੱਖ ਦੀ ਸਹੂਲਤ ਲਈ ਬਣੀ ਟੈਕਨਾਲੋਜੀ ਜਦੋਂ ਸੱਤਾ ਦੀ ਨਿਗਰਾਨੀ ਦਾ ਹਥਿਆਰ ਬਣ ਜਾਵੇ, ਤਾਂ ਇਹ ਸਿਰਫ਼ ਨਿੱਜਤਾ ਦਾ ਨਹੀਂ, ਸਗੋਂ ਲੋਕਤੰਤਰ ਦੀ ਆਜ਼ਾਦੀ ਦਾ ਸਵਾਲ ਬਣ ਜਾਂਦਾ ਹੈ। ਇਹ ਅੱਜ ਦੇ ਸਮੇਂ ਦਾ ਬਹੁਤ ਗੰਭੀਰ ਅਤੇ ਵਿਆਪਕ ਮਸਲਾ ਹੈ। ਟੈਕਨਾਲੋਜੀ ਆਪਣੇ ਆਪ ਵਿਚ ਨਾ ਚੰਗੀ ਹੁੰਦੀ ਹੈ ਨਾ ਹੀ ਮਾੜੀ, ਮਸਲਾ ਇਹ ਹੈ ਕਿ ਉਸ ਦੀ ਤਾਕਤ ਕਿਸਦੇ ਹੱਥ ਵਿਚ ਹੈ ਅਤੇ ਉਸ ਉੱਤੇ ਕਾਨੂੰਨੀ ਤੇ ਲੋਕਤੰਤਰਿਕ ਨਿਗਰਾਨੀ ਕਿੰਨੀ ਕੁ ਹੈ। ਭਾਰਤ ਵਿਚ ਇਸ ਵੇਲੇ ਤਕ ਪੁਲਿਸ ਵੱਲੋਂ ਜਨਤਕ ਥਾਵਾਂ 'ਤੇ ਚਿਹਰਾ ਪਛਾਣਨ ਵਾਲੀ ਤਕਨੀਕ ਰਾਹੀਂ ਲੋਕਾਂ ਦੀ ਰੀਅਲ-ਟਾਈਮ ਬਾਇਓਮੀਟ੍ਰਿਕ ਪਛਾਣ ਕਰਨ ਲਈ ਕੋਈ ਸਪਸ਼ਟ ਕਾਨੂੰਨੀ ਢਾਂਚਾ ਨਹੀਂ ਹੈ। ਇਸ ਦੇ ਬਾਵਜੂਦ ਅਜਿਹੀ ਤਕਨਾਲੋਜੀ ਦੀ ਧੜੱਲੇ ਨਾਲ ਵਰਤੋਂ ਹੋ ਰਹੀ ਹੈ। ਇਸ ਲਈ ਸਵਾਲ ਸਿਰਫ਼ ਟੈਕਨਾਲੋਜੀ ਦੀ ਵਰਤੋਂ ਦਾ ਨਹੀਂ, ਸਗੋਂ ਇਹ ਹੈ ਕਿ ਸੰਵਿਧਾਨਕ ਅਧਿਕਾਰਾਂ ਨੂੰ ਪ੍ਰਭਾਵਿਤ ਕਰਨ ਵਾਲੀ ਅਜਿਹੀ ਨਿਗਰਾਨੀ ਨੂੰ ਕਾਨੂੰਨੀ ਅਧਿਕਾਰ, ਹੱਦਾਂ ਅਤੇ ਜਵਾਬਦੇਹੀ ਕੌਣ ਤੈਅ ਕਰਦਾ ਹੈ? ਇਹ ਵੇਖਣਾ ਜ਼ਰੂਰੀ ਹੈ। ਭਵਿੱਖ ਵਿਚ ਇਹ ਯੰਤਰ ਸਾਰੇ ਭਾਰਤੀ ਏਅਰਪੋਰਟ 'ਤੇ ਲਗਾਏ ਜਾਣ ਦੀ ਸੰਭਾਵਨਾ ਹੈ। 'ਫੇਸ਼ੀਅਲ ਰਿਕੋਗਨੀਸ਼ਨ ਸਾਫਟਵੇਅਰ' ਟੈਕਨਾਲੋਜੀ ਵਿਚ ਗ਼ਲਤੀ ਦੀ ਸੰਭਾਵਨਾ ਇੱਕ ਵੱਡੀ ਸਮੱਸਿਆ ਉਸ ਸਮੇਂ ਬਣ ਜਾਂਦੀ ਹੈ, ਖ਼ਾਸ ਕਰਕੇ ਜਦੋਂ ਇਸ ਨੂੰ ਭੀੜ ਵਿਚੋਂ ਕਿਸੇ ਵਿਅਕਤੀ ਦੀ ਪਛਾਣ ਕਰਕੇ ਪੁਲਿਸ ਦੀ ਕਾਰਵਾਈ ਲਈ ਵਰਤਿਆ ਜਾਵੇ। ਸਿਸਟਮ ਕਿਸੇ ਬੇਕਸੂਰ ਵਿਅਕਤੀ ਨੂੰ ਕਿਸੇ ਹੋਰ ਵਿਅਕਤੀ ਨਾਲ ਮਿਲਾ ਦਿੰਦਾ ਹੈ। National Institute of Standards and Technology ਦੀਆਂ ਕਈ ਜਾਂਚਾਂ ਨੇ ਸਿੱਧ ਕੀਤਾ ਹੈ ਕਿ ਅਜਿਹੀਆਂ ਗ਼ਲਤ ਪਛਾਣਾਂ ਐਲਗੋਰਿਧਮ, ਚਿੱਤਰ ਗੁਣਵੱਤਾ, ਉਮਰ, ਲਿੰਗ ਅਤੇ ਧਇਮੋਗਰਅਪਹਚਿ ਭਅਚਕ-ਗਰੁੋਨਦ ਅਨੁਸਾਰ ਕਾਫ਼ੀ ਵਾਰ ਬਦਲ ਸਕਦੀਆਂ ਹਨ। ਜਿਸ ਕਾਰਨ ਮਨੁੱਖ ਦੀ ਸਹੀ ਪਛਾਣ ਨਹੀਂ ਹੁੰਦੀ ਅਤੇ ਕੋਈ ਦੂਸਰਾ ਬੇਕਸੂਰ ਵਿਅਕਤੀ ਕਿਸੇ ਹੋਰ ਦੇ ਅਪਰਾਧ ਵਿਚ ਫਸ ਜਾਂਦਾ ਹੈ।

ਜੰਤਰ-ਮੰਤਰ ਵਿਚ ਪੁਲਿਸ ਕਾਰਵਾਈ ਦੀ ਹੱਦ ਇੱਥੋਂ ਤੱਕ ਪਹੁੰਚ ਗਈ ਕਿ ਲਾਠੀਆਂ, ਹੰਝੂ ਜਾਂ ਅੱਥਰੂ ਗੈਸ ਅਤੇ ਪੈਲੇਟ ਗੰਨਾਂ ਦੇ ਨਾਲ ਇਲੈਕਟ੍ਰਿਕ ਸ਼ੌਕ ਦੇਣ ਵਾਲੇ ਹਥਿਆਰਾਂ ਦੀ ਵਰਤੋਂ ਦੇ ਵੀ ਦੋਸ਼ ਲੱਗੇ। ਇੱਕ ਲੋਕਤੰਤਰਿਕ ਦੇਸ਼ ਵਿਚ ਸ਼ਾਂਤਮਈ ਪ੍ਰਦਰਸ਼ਨਕਾਰੀਆਂ ਨਾਲ ਇਹ ਕਿਹੋ ਜਿਹਾ ਭੀੜ ਨੂੰ ਕਾਬੂ ਕਰਨ ਦਾ ਢੰਗ ਹੈ? ਗਲਵਾਨ ਘਾਟੀ ਵਿਚ 15 ਜੂਨ 2020 ਨੂੰ ਭਾਰਤੀ ਜਵਾਨਾਂ 'ਤੇ ਕਿੱਲਾਂ ਜੜੇ ਡੰਡਿਆਂ ਦੀ ਵਰਤੋਂ ਦੀਆਂ ਤਸਵੀਰਾਂ ਨੇ ਦੇਸ਼ ਨੂੰ ਹਿਲਾ ਦਿੱਤਾ ਸੀ। ਇਸ ਝੜਪ ਵਿਚ 20 ਭਾਰਤੀ ਸੈਨਿਕ ਮਾਰੇ ਗਏ ਸਨ। ਹੁਣ ਜੇ ਲੋਕਤੰਤਰਿਕ ਦੇਸ਼ ਵਿਚ ਆਪਣੇ ਹੀ ਨਾਗਰਿਕਾਂ ਦੇ ਪ੍ਰਦਰਸ਼ਨ ਨੂੰ ਦਬਾਉਣ ਲਈ ਵੀ ਅਜਿਹੇ ਹਥਿਆਰ ਵਰਤੇ ਜਾਣ ਦੀ ਪੁਸ਼ਟੀ ਹੋਵੇ, ਤਾਂ ਇਹ ਬੇਹੱਦ ਗੰਭੀਰ ਸਵਾਲ ਖੜ੍ਹਾ ਕਰਦਾ ਹੈ। ਹੋਰ ਤਾਂ ਹੋਰ ਪੁਲਿਸ ਤੰਤਰ ਵੱਲੋਂ ਇਸ ਪ੍ਰਦਰਸ਼ਨ ਨੂੰ ਹਿੰਸਕ ਸਾਬਤ ਕਰਨ ਦੀ ਮਨਸ਼ਾ ਨਾਲ ਕਰਨ ਪੱਥਰਾਂ ਦੇ ਟਰੱਕ ਖੜ੍ਹੇ ਕਰਨਾ ਅਤੇ ਗੁੰਡਾ ਅਨਸਰਾਂ ਨੂੰ ਅੰਦੋਲਨ ਵਿਚ ਸ਼ਾਮਲ ਕਰਨਾ, ਇਸ ਪੂਰੇ ਮਾਮਲੇ ਦਾ ਇੱਕ ਹੋਰ ਗੰਭੀਰ ਪੱਖ ਹੈ। ਇਹ ਸਵਾਲ ਹੈ ਕਿ ਕੀ ਪ੍ਰਦਰਸ਼ਨ ਨੂੰ ਹਿੰਸਕ ਸਾਬਤ ਕਰਨ ਲਈ ਮਾਹੌਲ ਪਹਿਲਾਂ ਹੀ ਤਿਆਰ ਕੀਤਾ ਗਿਆ ਸੀ? ਜੰਤਰ-ਮੰਤਰ ਦੇ ਨੇੜੇ ਪੱਥਰਾਂ ਨਾਲ ਭਰੇ ਇੱਕ ਟਰੱਕ ਦੀ ਮੌਜੂਦਗੀ, ਸਾਦੇ ਕੱਪੜਿਆਂ ਵਿਚ ਲਾਠੀਆਂ ਫੜੇ ਵਿਅਕਤੀਆਂ ਦੀ ਮੌਜੂਦਗੀ ਅਤੇ ਪੁਲਿਸ ਵੱਲੋਂ ਹੀ ਪੱਥਰ ਸੁੱਟਣ ਦੇ ਦੋਸ਼ ਇਹ ਸਾਰੇ ਤੱਥ ਨਿਰਪੱਖ ਜਾਂਚ ਦੀ ਮੰਗ ਕਰਦੇ ਹਨ। ਜੇ ਕਿਸੇ ਸਾਜ਼ਿਸ਼ ਤਹਿਤ ਅੰਦੋਲਨ ਵਿਚ ਅਸਮਾਜਿਕ ਜਾਂ ਹਿੰਸਕ ਤੱਤ ਸ਼ਾਮਲ ਕੀਤੇ ਗਏ ਸਨ ਤਾਂ ਇਹ ਸਿਰਫ਼ ਪ੍ਰਦਰਸ਼ਨਕਾਰੀਆਂ ਨਾਲ ਨਹੀਂ, ਸਗੋਂ ਲੋਕਤੰਤਰਿਕ ਦੇਸ਼ ਵਿਚ ਵਿਰੋਧ ਦੇ ਅਧਿਕਾਰ ਨਾਲ ਧੋਖਾ ਹੋਵੇਗਾ। ਤਾਜ਼ਾ ਘਟਨਾਕ੍ਰਮ ਨੇ ਜੰਤਰ-ਮੰਤਰ ਦੇ ਪੂਰੇ ਮਾਮਲੇ ਨੂੰ ਹੋਰ ਵੀ ਖ਼ਤਰਨਾਕ ਹੱਦ ਤਕ ਗੰਭੀਰ ਬਣਾ ਦਿੱਤਾ ਹੈ। ਸੁਤੰਤਰ ਭਾਰਦਵਾਜ ਨਾਮਕ ਵਿਅਕਤੀ, ਜਿਸ 'ਤੇ ਪ੍ਰਦਰਸ਼ਨ ਦੌਰਾਨ ਇੱਕ ਪ੍ਰਦਰਸ਼ਨਕਾਰੀ ਨਿਸ਼ੂ ਨਾਮ ਦੀ 15 ਵਰ੍ਹਿਆਂ ਦੀ ਛੋਟੀ ਉਮਰ ਦੀ ਨਾਬਾਲਗ ਦਲਿਤ ਲੜਕੀ ਦੇ ਪਿਤਾ 'ਤੇ ਕੀਤੇ ਹਮਲੇ ਦਾ ਮਾਮਲਾ ਦਰਜ ਹੈ, ਉਸ ਦੀਆਂ ਵਾਇਰਲ ਹੋਈਆਂ ਵੀਡੀਓਜ਼ ਵਿਚ ਕੀਤੇ ਦਾਅਵਿਆਂ ਨੇ ਕਈ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਖ਼ਾਸ ਕਰਕੇ ਇਹ ਸਵਾਲ ਕਿ ਕੀ ਅਜਿਹੇ ਹਿੰਸਕ ਤੱਤ ਪ੍ਰਦਰਸ਼ਨ ਨੂੰ ਬਦਨਾਮ ਕਰਨ ਜਾਂ ਉਸ ਨੂੰ ਹਿੰਸਕ ਰੂਪ ਦੇਣ ਵਿਚ ਵਰਤੇ ਗਏ ਸਨ। ਇਸ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਉਸ ਦੀ ਬੀਜੇਪੀ ਲੀਡਰਾਂ ਨਾਲ ਨੇੜਤਾ ਅਤੇ ਅਜਿਹੇ ਗੁੰਡਾ ਪ੍ਰਵਿਰਤੀ ਦੇ ਨੌਜਵਾਨ ਨੂੰ ਸਰਕਾਰੀ ਪ੍ਰੋਗਰਾਮਾਂ ਵਿਚ ਵੀ.ਆਈ.ਪੀ. ਵੱਜੋਂ ਸੱਦਾ ਪੱਤਰ ਦੇਣੇ, ਰਾਸ਼ਟਰੀ ਚੈਨਲ ਅਤੇ ANI ਵਰਗੇ ਅਦਾਰਿਆਂ ਵੱਲੋਂ ਇੰਟਰਵਿਊ ਕਰਨਾ ਕੀ, ਸੰਕੇਤ ਕਰਦਾ ਹੈ? ਸੁਤੰਤਰ ਭਾਰਦਵਾਜ ਦੀ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨਾਲ ਨੇੜਤਾ, ਉਸ ਵੱਲੋਂ ਖ਼ੁਦ ਸਿਆਸੀ ਪਹੁੰਚ ਅਤੇ ਹਮਾਇਤ ਦੇ ਕੀਤੇ ਜਨਤਕ ਦਾਅਵੇ, ਸੱਤਾ ਨਾਲ ਜੁੜੇ ਸਮਾਗਮਾਂ ਵਿਚ ਉਸ ਦੀ ਮੌਜੂਦਗੀ ਅਤੇ ਵਿਵਾਦਿਤ ਘਟਨਾ ਤੋਂ ਬਾਅਦ ਰਾਸ਼ਟਰੀ ਮੀਡੀਆ ਵੱਲੋਂ ਉਸ ਨੂੰ ਦਿੱਤਾ ਗਿਆ ਵੱਡਾ ਮੰਚ ਇਹ ਸਭ ਗੱਲਾਂ ਮਿਲ ਕੇ ਇੱਕ ਬੁਨਿਆਦੀ ਸਵਾਲ ਖੜ੍ਹਾ ਕਰਦੇ ਹਨ। ਕੀ ਸੱਤਾ ਦੇ ਨੇੜੇ ਰਹਿਣ ਵਾਲੇ ਅਜਿਹੇ ਨੌਜਵਾਨਾਂ ਨੂੰ ਸਿਆਸੀ ਅਤੇ ਸਮਾਜਿਕ ਪਨਾਹ ਅਤੇ ਮਾਨਤਾ-ਪ੍ਰਾਪਤ, ਸਵੀਕਾਰ ਯੋਗ ਕਾਨੂੰਨੀ ਜਾਇਜ਼ਤਾ (legitimacy) ਮਿਲੀ ਹੋਈ ਹੈ? ਭਾਵੇਂ ਉਨ੍ਹਾਂ ਦਾ ਵਿਵਹਾਰ ਕਿੰਨਾ ਵੀ ਉਤੇਜਕ ਜਾਂ ਹਿੰਸਕ ਕਿਉਂ ਨਾ ਹੋਵੇ? ਇਹ ਤਾਂ ਸਪਸ਼ਟ ਹੀ ਹੈ ਕਿ ਭਾਰਤ ਦੀ ਸਿਆਸਤ ਵਿਚ ਸਾਰੀਆਂ ਹੀ ਰਾਜਨੀਤਕ ਪਾਰਟੀਆਂ, ਸਰਕਾਰ, ਪ੍ਰਸ਼ਾਸਨ ਅਤੇ ਪੁਲੀਸ ਤੰਤਰ ਦੀ ਹੀ ਇਹ ਲੰਪਟ ਗੁੰਡਾ ਅਨਸਰ ਖ਼ੁਦ ਦੀ ਪੈਦਾਵਾਰ ਹਨ ਅਤੇ ਰਾਜ ਕਰਨ ਲਈ ਇੱਕ ਅਣ ਸਰਦੀ ਜ਼ਰੂਰਤ ਬਣ ਚੁੱਕੇ ਹਨ? ਪੱਛਮੀ ਬੰਗਾਲ, ਗੁਜਰਾਤ, ਉੱਤਰ ਪ੍ਰਦੇਸ਼ ਅਤੇ ਬਿਹਾਰ ਵਿਚ ਦਹਾਕਿਆਂ ਤੋਂ ਚਲਦਾ ਇਹ ਧੰਦਾ ਹੁਣ ਦੇਸ਼ ਦੀ ਰਾਜਧਾਨੀ ਦਿੱਲੀ ਵੀ ਪਹੁੰਚ ਚੁੱਕਾ ਹੈ। ਜੇ ਕੋਈ ਵਿਅਕਤੀ ਖ਼ੁਦ ਦਾਅਵਾ ਕਰਦਾ ਹੈ ਕਿ ਸਿਆਸੀ ਸਬੰਧਾਂ ਅਤੇ ਸੰਪਰਕਾਂ ਨੇ ਉਸ ਨੂੰ ਕਾਨੂੰਨੀ ਕਾਰਵਾਈ ਤੋਂ ਬਚਾਇਆ, ਤਾਂ ਉਸ ਦਾਅਵੇ ਦੀ ਨਿਰਪੱਖ ਜਾਂਚ ਹੋਣੀ ਹੀ ਚਾਹੀਦੀ ਹੈ, ਨਾ ਕਿ ਉਸ ਨੂੰ ਸਿਰਫ਼ ਰਾਜਨੀਤਿਕ ਬਿਆਨਬਾਜ਼ੀ ਸਮਝ ਕੇ ਛੱਡ ਦਿੱਤਾ ਜਾਵੇ। ਹਿੰਦੂ ਸੰਗਠਨਾਂ ਵੱਲੋਂ ਇਸ ਸੁਤੰਤਰ ਭਾਰਦਵਾਜ ਨੂੰ ਬਚਾਉਣ ਲਈ, ਪਾਰਲੀਮੈਂਟ ਪੁਲਿਸ ਸਟੇਸ਼ਨ 'ਤੇ ਵਿਖਾਵਾ ਕਰਨਾ ਵੀ ਸੁਆਲ ਖੜ੍ਹੇ ਕਰਦਾ ਹੈ ਕਿ ਕੀ ਹਿੰਦੂਤਵ, ਸਨਾਤਨ ਜਾਂ ਧਰਮ ਦਾ ਪ੍ਰਚਾਰ ਪਸਾਰ ਵੀ ਹੁਣ ਇਨ੍ਹਾਂ ਗੁੰਡਾ ਲੋਕਾਂ ਦੁਆਰਾ ਹੋਇਆ ਕਰੇਗਾ? ਕੀ ਭਾਰਤ ਦੇ ਲੋਕ ਭਵਿੱਖ ਵਿਚ ਇਸ ਤਰ੍ਹਾਂ ਦੇ ਕਾਰਨਾਮਿਆਂ ਨਾਲ ਇਨ੍ਹਾਂ ਸਨਾਤਨੀ ਕਹਾਉਂਦੇ ਉੱਚ ਵਰਗ ਅਤੇ ਦਲਿਤ ਗ਼ਰੀਬ ਅਤੇ ਦੱਬੇ ਕੁਚਲੇ ਲੋਕਾਂ, ਜੋ ਪਹਿਲਾਂ ਹੀ ਹਾਸ਼ੀਏ 'ਤੇ ਧੱਕੇ ਹੋਏ ਹਨ, ਦਰਮਿਆਨ ਇੱਕ ਯੁੱਧ ਵੇਖਣ ਜਾ ਰਹੇ ਹਨ? ਨਿਆਂਪਾਲਿਕਾ ਅਤੇ ਪੁਲਿਸ ਦੀ ਕਾਰਵਾਈ ਹੁਣ ਵੀ ਏਨਾ ਕੁਝ ਵਾਪਰ ਜਾਣ ਬਾਅਦ ਵੀ ਉੱਥੇ ਹੀ ਖੜ੍ਹੀ ਸਾਫ਼ ਨਜ਼ਰ ਆਉਂਦੀ ਹੈ। ਸਿਰਫ਼ ਇਹ ਹੀ ਨਹੀਂ ਸਗੋਂ ਇਸ ਤਰ੍ਹਾਂ ਦੇ ਗਰਮ ਮਹੌਲ 'ਤੇ ਘਿਓ ਪਾਉਣ ਲਈ ਹਾਲ ਵਿਚ ਹੀ ਪਿਛਲੇ ਦਿਨੀਂ ਦੋ ਨੌਜਵਾਨ ਮਹਿਲਾ ਮੁਸਲਿਮ ਪੱਤਰਕਾਰਾਂ ਨਾਲ ਦਿੱਲੀ ਪੁਲਿਸ ਦਾ ਵਿਵਹਾਰ ਸਾਨੂੰ ਕੀ ਸੁਨੇਹਾ ਦਿੰਦਾ ਹੈ? ਦਰਅਸਲ 1975 ਦੀ ਐਮਰਜੈਂਸੀ ਤੋਂ ਵੀ ਵੱਧ ਬੁਰਾ ਹਾਲ ਹੈ। ਹਰ ਕੋਈ ਡਰ ਦੇ ਪਰਛਾਵੇਂ ਵਿਚ ਦਿਨ ਕੱਟੀ ਕਰ ਰਿਹਾ ਹੈ। ਸੰਵਿਧਾਨਕ ਸੰਸਥਾਵਾਂ ਖ਼ਤਮ ਕਰ ਦਿੱਤੀਆਂ ਗਈਆਂ ਹਨ। ਨਿਆਂਪਾਲਿਕਾ ਵਿਚ ਵੀ ਬਹੁਤਾਤ ਲੋਕ ਸਰਕਾਰ ਦੀ ਬੋਲੀ ਬੋਲਦੇ ਹਨ। ਕਦੀ ਕਦਾਈਂ ਕੋਈ ਅਜਿਹਾ ਫ਼ੈਸਲਾ ਆਉਂਦਾ ਹੈ ਕਿ ਲੱਗਣ ਲੱਗਦਾ ਹੈ ਕਿ ਫ਼ਿਲਹਾਲ ਸਭ ਕੁਝ ਖ਼ਤਮ ਨਹੀਂ ਹੋਇਆ। ਪਰ ਅਗਲੇ ਦਿਨਾਂ ਵਿਚ ਕੋਈ ਨਾ ਕੋਈ ਜੱਜ ਨਿਆਂ ਦਾ ਦੀਵਾਲ਼ਾ ਕੱਢ ਦਿੰਦਾ ਹੈ। ਮੌਜੂਦਾ ਸੰਕਟ ਵੀ ਤਾਂ ਭਾਰਤ ਦੀ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਵੱਲੋਂ ਸਰਕਾਰ ਦੀ ਖ਼ੁਸ਼ਾਮਦ ਕਰਨ ਦੀਆਂ ਹੱਦਾਂ ਬੰਨ੍ਹੇ ਟੱਪਣ ਅਤੇ ਹਿੰਦੀ ਭਾਸ਼ਾ ਵਾਲਿਆਂ ਦੀ ਜ਼ੁਬਾਨ ਦੇ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਸੱਤਾ ਦੀ ਚਾਟੂਕਾਰੀ ਕਰਨ ਕਰਕੇ ਹੀ ਪੈਦਾ ਕੀਤਾ ਹੋਇਆ ਹੈ।

# ਵੋਟ, ਸਰਕਾਰ ਜਾਂ ਨਾਗਰਿਕ: ਕਿਸ ਦੀ ਜ਼ਿੰਮੇਵਾਰੀ?

ਦੇਸ਼ ਵਿਚ ਇਸ ਵੇਲੇ ਕੁੱਲ 98 ਕਰੋੜ ਤੋਂ ਵੱਧ (ਲਗਭਗ 97.97 ਕਰੋੜ) ਰਜਿਸਟਰਡ ਵੋਟਰ ਹਨ। ਦੇਸ਼ ਦੇ ਲਗਭਗ ਸਾਰੇ ਸੂਬਿਆਂ ਵਿਚ ਐਸ.ਆਈ.ਆਰ. (ਵੋਟਰ ਸੂਚੀ ਦੀ ਸ਼ੁੱਧਤਾ ਪ੍ਰਕਿਰਿਆ) ਪੂਰੀ ਹੋ ਚੁੱਕੀ ਹੈ। ਹੁਣ ਤੱਕ ਦੀਆਂ ਰਿਪੋਰਟਾਂ ਅਨੁਸਾਰ ਇਸ ਪ੍ਰਕਿਰਿਆ ਦੌਰਾਨ ਲਗਭਗ 13 ਕਰੋੜ ਵੋਟਾਂ ਕੱਟੀਆਂ ਜਾ ਚੁੱਕੀਆਂ ਹਨ, ਜੋ ਕਿ ਦੇਸ਼ ਦੀਆਂ ਕੁੱਲ ਵੋਟਾਂ ਦਾ ਲਗਭਗ 14 ਫ਼ੀਸਦੀ ਬਣਦਾ ਹੈ। ਦੇਸ਼ ਦੇ ਚੋਣ ਕਮਿਸ਼ਨ ਅਨੁਸਾਰ ਇਹ ਅਭਿਆਸ ਵੋਟਰ ਸੂਚੀ ਨੂੰ ਸਾਫ਼-ਸੁਥਰਾ ਅਤੇ ਨਿਰਪੱਖ ਬਣਾਉਣ ਲਈ ਕੀਤਾ ਗਿਆ ਸੀ, ਪਰ ਜਿਸ ਤਰੀਕੇ ਨਾਲ ਇਸ ਨੂੰ ਅਮਲ ਵਿਚ ਲਿਆਂਦਾ ਗਿਆ ਹੈ, ਉਸ ਨਾਲ ਕੀ ਆਮ ਨਾਗਰਿਕਾਂ ਲਈ ਵੱਡੀਆਂ ਮੁਸ਼ਕਲਾਂ ਖੜ੍ਹੀਆਂ ਨਹੀਂ ਹੋ ਗਈਆਂ?



ਦਿੱਲੀ ਵਿਚ ਇਸ ਪ੍ਰਕਿਰਿਆ ਦਾ ਸਭ ਤੋਂ ਵੱਡਾ ਅਤੇ ਪ੍ਰਤੱਖ ਪ੍ਰਭਾਵ ਦੇਖਣ ਨੂੰ ਮਿਲਿਆ ਹੈ, ਜਿੱਥੇ ਪਹਿਲਾਂ ਕੁੱਲ ਇੱਕ

**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਕਰੋੜ ਪੰਜਤਾਲੀ ਲੱਖ ਵੋਟਰ ਸਨ, ਪਰ ਹੁਣ ਇਹ ਗਿਣਤੀ ਘੱਟ ਕੇ ਕੇਵਲ 99.53 ਲੱਖ ਰਹਿ ਗਈ ਹੈ। ਇਸੇ ਤਰ੍ਹਾਂ ਬਿਹਾਰ ਵਿਚ 65 ਲੱਖ ਵੋਟਰਾਂ ਦੇ ਨਾਂ ਵੋਟਰ ਸੂਚੀ 'ਤੋਂ ਬਾਹਰ ਕਰ ਦਿੱਤੇ ਗਏ। ਛੱਤੀਸਗੜ੍ਹ, ਗੋਆ, ਗੁਜਰਾਤ, ਕੇਰਲ, ਮੱਧ ਪ੍ਰਦੇਸ਼, ਰਾਜਸਥਾਨ, ਤਾਮਿਲਨਾਡੂ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਹਰਿਆਣਾ, ਕਰਨਾਟਕ, ਮਹਾਰਾਸ਼ਟਰ, ਓਡੀਸ਼ਾ, ਉੱਤਰਾਖੰਡ, ਤੇਲੰਗਾਨਾ, ਝਾਰਖੰਡ, ਹਿਮਾਚਲ ਪ੍ਰਦੇਸ਼, ਅਸਾਮ ਅਤੇ ਪੰਜਾਬ ਵਰਗੇ ਦੇਸ਼ ਦੇ ਸਾਰੇ 28 ਰਾਜਾਂ ਅਤੇ 8 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਵੀ ਵੱਖ-ਵੱਖ ਚਰਣਾਂ ਵਿਚ ਐਸ.ਆਈ.ਆਰ. ਦੀ ਪ੍ਰਕਿਰਿਆ ਲਾਗੂ ਹੋ ਚੁੱਕੀ ਹੈ, ਜਿੱਥੇ ਲੱਖਾਂ ਹੀ ਨਾਗਰਿਕ ਵੋਟਰ ਸੂਚੀਆਂ ਤੋਂ ਬਾਹਰ ਕਰ ਦਿੱਤੇ ਗਏ ਹਨ। ਇਸ ਪ੍ਰਕਿਰਿਆ ਨਾਲ ਇਹ ਗੰਭੀਰ ਸਵਾਲ ਪੈਦਾ ਹੁੰਦਾ ਹੈ ਕਿ ਕੀ ਵੋਟਰ ਸੂਚੀ ਦੀ ਸ਼ੁੱਧਤਾ ਦੇ ਨਾਂ 'ਤੇ ਲੋਕਤੰਤਰ ਦੇ ਦਾਇਰੇ ਵਿਚੋਂ ਕਰੋੜਾਂ ਅਸਲੀ ਵੋਟਰਾਂ ਨੂੰ ਹਾਸ਼ੀਏ 'ਤੇ ਤਾਂ ਨਹੀਂ ਧੱਕ ਦਿੱਤਾ ਗਿਆ?

ਇਸ ਸਮੁੱਚੇ ਮਾਮਲੇ ਵਿਚ ਇੱਕ ਵੱਡਾ ਸਿਆਸੀ ਵਿਵਾਦ ਇਹ ਖੜ੍ਹਾ ਹੋਇਆ ਹੈ ਕਿ ਕੇਂਦਰ ਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸਰਕਾਰ 'ਤੇ ਇਹ ਗੰਭੀਰ ਇਲਜ਼ਾਮ ਲੱਗ ਰਿਹਾ ਹੈ ਕਿ ਉਸ ਨੇ ਸੰਵਿਧਾਨਕ ਸੰਸਥਾ ਚੋਣ ਕਮਿਸ਼ਨ ਨੂੰ ਪ੍ਰਭਾਵਿਤ ਕਰਕੇ ਅਤੇ ਆਪਣੇ ਰਾਜਨੀਤਿਕ ਲਾਹੇ ਲਈ ਐਸ.ਆਈ.ਆਰ. ਦੀ ਕਵਾਇਦ ਸ਼ੁਰੂ ਕਰਵਾਈ ਹੈ। ਵਿਰੋਧੀ ਧਿਰਾਂ ਦਾ ਇਲਜ਼ਾਮ ਹੈ ਕਿ ਇਸ ਰਾਹੀਂ ਖਾਸ ਭਾਈਚਾਰਿਆਂ ਜਾਂ ਵਿਰੋਧੀ ਧਿਰ ਦੇ ਸਮਰਥਕਾਂ ਦੀਆਂ ਵੋਟਾਂ ਨਿਸ਼ਾਨਾ ਬਣਾ ਕੇ ਕੱਟੀਆਂ ਜਾ ਰਹੀਆਂ ਹਨ। ਹਾਲਾਂਕਿ, ਭਾਜਪਾ ਅਤੇ ਚੋਣ ਕਮਿਸ਼ਨ ਦੋਵਾਂ ਨੇ ਹੀ ਇਨ੍ਹਾਂ ਦੋਸ਼ਾਂ ਨੂੰ ਨਕਾਰਦਿਆਂ ਇਸ ਨੂੰ ਵੋਟਰ ਸੂਚੀਆਂ ਦੀ ਸ਼ੁੱਧਤਾ ਅਤੇ ਨਿਰਪੱਖ ਚੋਣਾਂ ਯਕੀਨੀ ਬਣਾਉਣ ਲਈ ਜ਼ਰੂਰੀ ਕਦਮ ਦੱਸਿਆ ਹੈ।

ਪੰਜਾਬ ਦੇ ਸੰਦਰਭ ਵਿਚ ਦੇਖੀਏ ਤਾਂ ਇੱਥੇ ਚੱਲ ਰਹੀ ਐਸ.ਆਈ.ਆਰ. ਪ੍ਰਕਿਰਿਆ ਦਾ ਸਭ ਤੋਂ ਵੱਡਾ ਅਸਰ ਐਨ.ਆਰ.ਆਈ. (ਗੈਰ-ਰਿਹਾਇਸ਼ੀ ਭਾਰਤੀ) ਭਾਈਚਾਰੇ ਉੱਤੇ ਪੈਣ ਦਾ ਖਦਸ਼ਾ ਹੈ। ਪੰਜਾਬ ਦੇ ਲੱਖਾਂ ਲੋਕ ਰੋਜ਼ਗਾਰ ਅਤੇ ਬਿਹਤਰ ਭਵਿੱਖ ਲਈ ਵਿਦੇਸ਼ਾਂ ਵਿਚ ਰਹਿੰਦੇ ਹਨ। ਐਸ.ਆਈ.ਆਰ. ਅਧੀਨ ਜਦੋਂ ਬੂਥ ਲੈਵਲ ਅਧਿਕਾਰੀ (ਬੀਐੱਲਓ) ਘਰ-ਘਰ ਜਾਂਚ ਕਰਨ ਪਹੁੰਚਦੇ ਹਨ ਤਾਂ ਜੋ ਐਨ.ਆਰ.ਆਈ. ਲੰਬੇ ਸਮੇਂ ਤੋਂ ਘਰ ਵਿਚ ਮੌਜੂਦ ਨਹੀਂ ਹੁੰਦੇ, ਉਨ੍ਹਾਂ ਦੇ ਨਾਂ 'ਗੈਰ-ਹਾਜ਼ਰ' ਜਾਂ 'ਸ਼ਿਫਟਿਡ' ਲਿਖ ਕੇ ਵੋਟਰ ਸੂਚੀ ਵਿਚੋਂ ਖਾਰਜ ਕੀਤੇ ਜਾਣ ਦਾ ਡਰ ਬਣਿਆ ਹੋਇਆ ਹੈ। ਹਾਲਾਂਕਿ ਕਾਨੂੰਨ ਮੁਤਾਬਕ ਭਾਰਤੀ ਨਾਗਰਿਕਤਾ ਰੱਖਣ ਵਾਲੇ ਐਨ.ਆਰ.ਆਈ. ਫਾਰਮ 6-ਏ ਰਾਹੀਂ ਆਪਣੀ ਵੋਟ ਬਣਾ ਸਕਦੇ ਹਨ, ਪਰ ਜਾਣਕਾਰੀ ਦੀ ਘਾਟ ਅਤੇ ਜਟਿਲ ਦਸਤਾਵੇਜ਼ੀ ਪ੍ਰਕਿਰਿਆ ਕਾਰਨ ਲੱਖਾਂ ਐਨ.ਆਰ.ਆਈ.ਪੰਜਾਬੀ ਆਪਣੀ ਵੋਟ ਦੇ ਬੁਨਿਆਦੀ ਅਧਿਕਾਰ ਤੋਂ ਵਾਂਝੇ ਹੋ ਸਕਦੇ ਹਨ।

ਇਸ ਤੋਂ ਇਲਾਵਾ, ਪੰਜਾਬ ਵਿਚ ਰਾਜਨੀਤਿਕ ਤੌਰ 'ਤੇ ਵੀ ਐਸ.ਆਈ.ਆਰ. ਪ੍ਰਕਿਰਿਆ ਨੂੰ ਲੈ ਕੇ ਸਰਗਰਮੀ ਵਧ ਗਈ ਹੈ। ਪੰਜਾਬ ਦੀਆਂ ਪ੍ਰਮੁੱਖ ਰਾਜਨੀਤਿਕ ਧਿਰਾਂ, ਜਿਨ੍ਹਾਂ ਵਿਚ ਆਮ ਆਦਮੀ ਪਾਰਟੀ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਸ਼ਾਮਲ ਹਨ, ਆਪਣੇ ਬੂਥ ਲੈਵਲ ਏਜੰਟਾਂ ਰਾਹੀਂ ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਵਿਚ ਵੋਟਰਾਂ ਦੀ ਵੈਰੀਫਿਕੇਸ਼ਨ 'ਤੇ ਨਜ਼ਰ ਰੱਖ ਰਹੀਆਂ ਹਨ। ਇਨ੍ਹਾਂ ਪਾਰਟੀਆਂ ਦਾ ਮੰਨਣਾ ਹੈ ਕਿ ਪੰਜਾਬ ਦੀ ਖੇਤੀਬਾੜੀ ਅਤੇ ਉਦਯੋਗਿਕ ਆਰਥਿਕਤਾ ਕਾਰਨ ਵੱਡੀ ਗਿਣਤੀ ਵਿਚ ਪਰਵਾਸੀ ਮਜ਼ਦੂਰ ਵੀ ਰਾਜ ਵਿਚ ਰਹਿੰਦੇ ਹਨ, ਜਿਨ੍ਹਾਂ ਦੀਆਂ ਵੋਟਾਂ ਕੱਟਣ ਜਾਂ ਦੋਹਰੀਆਂ ਵੋਟਾਂ ਦੇ ਮੁੱਦੇ ਸਥਾਨਕ ਚੋਣ ਸਮੀਕਰਨਾਂ ਨੂੰ ਸਿੱਧਾ ਪ੍ਰਭਾਵਿਤ ਕਰ ਸਕਦੇ ਹਨ। ਇਸ ਲਈ ਪੰਜਾਬ ਵਿਚ ਹਰ ਇੱਕ ਪਾਰਟੀ ਵੋਟਰ ਸੂਚੀਆਂ ਦੇ ਸੁਧਾਰ ਨੂੰ ਇੱਕ ਵੱਡਾ ਰਾਜਨੀਤਿਕ ਹਥਿਆਰ ਮੰਨ ਕੇ ਦੇਖ ਰਹੀ ਹੈ।

ਜੇਕਰ ਅਸੀਂ ਦੁਨੀਆ ਦੇ ਪ੍ਰਮੁੱਖ ਅਤੇ ਸਥਿਰ ਲੋਕਤੰਤਰੀ ਦੇਸ਼ਾਂ ਦੇ ਇਤਿਹਾਸ ਅਤੇ ਪ੍ਰਣਾਲੀ 'ਤੇ ਨਜ਼ਰ ਮਾਰੀਏ ਤਾਂ ਉੱਥੇ ਵੋਟਰ ਸੂਚੀ ਨੂੰ ਦਰੁਸਤ ਅਤੇ ਅਪਡੇਟ ਰੱਖਣ ਦੀ ਮੁੱਖ ਜ਼ਿੰਮੇਵਾਰੀ ਸਰਕਾਰੀ ਤੰਤਰ ਦੀ ਹੁੰਦੀ ਹੈ, ਨਾ ਕਿ ਆਮ ਨਾਗਰਿਕ ਉੱਤੇ ਇਸ ਦਾ ਬੋਝ ਪਾਇਆ ਜਾਂਦਾ ਹੈ। ਅਜਿਹੇ ਦੇਸ਼ਾਂ ਵਿਚ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਕਿਸੇ ਦਸਤਾਵੇਜ਼ ਦੀ ਮਾਮੂਲੀ ਘਾਟ ਜਾਂ ਰਿਹਾਇਸ਼ੀ ਪਤੇ ਵਿਚ ਛੋਟੀ-ਮੋਟੀ ਗੜਬੜੀ ਕਾਰਨ ਕੋਈ ਵੀ ਨਾਗਰਿਕ ਆਪਣੇ ਮੌਲਿਕ ਅਤੇ ਸੰਵਿਧਾਨਕ ਵੋਟ ਅਧਿਕਾਰ ਤੋਂ ਵਾਂਝਾ ਨਾ ਹੋ ਜਾਵੇ।

ਦੁਨੀਆ ਭਰ ਵਿਚ ਵੋਟਰ ਰਜਿਸਟ੍ਰੇਸ਼ਨ ਦੇ ਮੁੱਖ ਤੌਰ 'ਤੇ ਦੋ ਮਾਡਲ ਅਪਣਾਏ ਜਾਂਦੇ ਹਨ। ਪਹਿਲਾ ਸਵੈ-ਚਾਲਿਤ (ਆਟੋਮੈਟਿਕ) ਸਰਕਾਰੀ ਮਾਡਲ ਹੈ, ਜੋ ਜਰਮਨੀ, ਸਵੀਡਨ ਅਤੇ ਡੈਨਮਾਰਕ ਵਰਗੇ ਦੇਸ਼ਾਂ ਵਿਚ ਲਾਗੂ ਹੈ। ਇਨ੍ਹਾਂ ਦੇਸ਼ਾਂ ਵਿਚ ਸਥਾਨਕ ਨਾਗਰਿਕ ਰਜਿਸਟਰੀ ਪਹਿਲਾਂ ਤੋਂ ਹੀ ਮੌਜੂਦ ਹੁੰਦੀ ਹੈ। ਜਿਵੇਂ ਹੀ ਕੋਈ ਨਾਗਰਿਕ 18 ਸਾਲ ਦੀ ਉਮਰ ਪੂਰੀ ਕਰਦਾ ਹੈ, ਚੋਣ ਅਧਿਕਾਰੀ ਆਪਣੇ ਆਪ ਉਸ ਦਾ ਨਾਂ ਵੋਟਰ ਸੂਚੀ ਵਿਚ ਦਰਜ ਕਰ ਲੈਂਦੇ ਹਨ। ਨਾਗਰਿਕ ਨੂੰ ਵੋਟ ਬਣਾਉਣ



ਲਈ ਦਫ਼ਤਰਾਂ ਦੇ ਗੇੜੇ ਨਹੀਂ ਮਾਰਨੇ ਪੈਂਦੇ। ਦੂਜਾ ਮਾਡਲ ਸਵੈ-ਇੱਛੁਕ ਜਾਂ ਨਾਗਰਿਕ ਪਹਿਲ ਵਾਲਾ ਹੈ, ਜੋ ਅਮਰੀਕਾ, ਬਰਤਾਨੀਆ, ਕੈਨੇਡਾ ਅਤੇ ਆਸਟ੍ਰੇਲੀਆ ਵਿਚ ਚੱਲਦਾ ਹੈ। ਇਸ ਮਾਡਲ ਵਿਚ ਨਾਗਰਿਕ ਨੂੰ ਖ਼ੁਦ ਪਹਿਲ ਕਰਕੇ ਵੋਟ ਬਣਾਉਣ ਲਈ ਅਰਜ਼ੀ ਦੇਣੀ ਪੈਂਦੀ ਹੈ। ਪਰ ਇਸ ਜਟਿਲ ਅਤੇ ਨੌਕਰਸ਼ਾਹੀ ਪ੍ਰਕਿਰਿਆ ਦਾ ਨਤੀਜਾ ਇਹ ਨਿਕਲਦਾ ਹੈ ਕਿ ਬਰਤਾਨੀਆ ਵਿਚ ਲਗਭਗ 82 ਲੱਖ ਨਾਗਰਿਕ ਵੋਟਾਂ ਬਣਾਉਣ ਤੋਂ ਰਹਿ ਜਾਂਦੇ ਹਨ ਅਤੇ ਅਮਰੀਕਾ ਵਿਚ ਵੀ ਲੱਖਾਂ ਯੋਗ ਨਾਗਰਿਕ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝੇ ਰਹਿ ਜਾਂਦੇ ਹਨ।

ਭਾਰਤ ਵਿਚ ਅਪਣਾਈ ਗਈ ਐਸ.ਆਈ.ਆਰ. ਪ੍ਰਕਿਰਿਆ ਬਿਲਕੁਲ ਇਸੇ ਜਟਿਲ ਅਤੇ ਦਸਤਾਵੇਜ਼-ਅਧਾਰਤ ਢਾਂਚੇ 'ਤੇ ਟੇਕ ਰੱਖਦੀ ਹੈ। ਇੱਥੇ ਆਪਣੀ ਵੋਟ ਦਾ ਦਾਅਵਾ ਸਿੱਧ ਕਰਨ ਲਈ ਸਾਰਾ ਬੋਝ ਨਾਗਰਿਕਾਂ ਦੇ ਮੋਢਿਆਂ 'ਤੇ ਸੁੱਟ ਦਿੱਤਾ ਗਿਆ ਹੈ। ਭਾਰਤੀ ਚੋਣ ਕਮਿਸ਼ਨ ਇਸ ਪ੍ਰਕਿਰਿਆ ਨੂੰ ਵੋਟਰ ਸੂਚੀ ਦੀ ਸ਼ੁੱਧਤਾ ਲਈ ਜ਼ਰੂਰੀ ਦੱਸਦਾ ਹੈ, ਪਰ ਦੂਜੇ ਪਾਸੇ ਸਮਾਜਿਕ ਅਤੇ ਸਿਆਸੀ ਵਿਸ਼ਲੇਸ਼ਕ ਇਸ ਨੂੰ ਲੱਖਾਂ ਹੀ ਅਸਲੀ ਵੋਟਰਾਂ ਲਈ ਇੱਕ ਨਵੀਂ ਅਤੇ ਮੁਸ਼ਕਲ ਰੁਕਾਵਟ ਕਰਾਰ ਦਿੰਦੇ ਹਨ। ਜਿਸ ਤਰ੍ਹਾਂ ਦੀਆਂ ਸ਼ਰਤਾਂ ਅਤੇ ਰੁਕਾਵਟਾਂ ਪੈਦਾ ਕਰਕੇ ਲੋਕਾਂ ਦੇ ਨਾਂ ਵੋਟਰ ਸੂਚੀਆਂ ਵਿਚੋਂ ਖਾਰਜ ਕੀਤੇ ਜਾ ਰਹੇ ਹਨ, ਉਸ ਨਾਲ ਇਹ ਡਰ ਪੈਦਾ ਹੁੰਦਾ ਹੈ ਕਿ ਆਮ ਲੋਕ ਭਾਰਤੀ ਲੋਕਤੰਤਰ ਦੀ ਹਿੱਸੇਦਾਰੀ ਤੋਂ ਹੋਰ ਦੂਰ ਹੋ ਜਾਣਗੇ।

ਭਾਰਤ ਵਿਚ ਪਹਿਲਾਂ ਹੀ ਕਈ ਹਾਲਾਤਾਂ ਕਾਰਨ ਲੋਕ ਵੋਟਿੰਗ ਵਾਲੇ ਦਿਨ ਪੋਲਿੰਗ ਬੂਥਾਂ ਤੱਕ ਨਹੀਂ ਪਹੁੰਚਦੇ। ਇੱਕ ਸਰਵੇਖਣ ਅਨੁਸਾਰ ਦੇਸ਼ ਦੇ ਲਗਭਗ 33 ਫ਼ੀਸਦੀ ਲੋਕ ਪਹਿਲਾਂ ਹੀ ਚੋਣਾਂ ਸਮੇਂ ਆਪਣੀ ਵੋਟ ਦੀ ਵਰਤੋਂ ਨਹੀਂ ਕਰਦੇ। ਜੇਕਰ ਵੋਟਰ ਸੂਚੀ ਵਿਚ ਨਾਂ ਦਰਜ ਕਰਵਾਉਣਾ ਹੀ ਇੱਕ ਔਖੀ ਪ੍ਰੀਖਿਆ ਬਣ ਜਾਵੇਗਾ, ਤਾਂ ਇਸ ਨਾਲ ਲੋਕਾਂ ਦਾ ਲੋਕਤੰਤਰ ਤੋਂ ਮੋਹ ਹੋਰ ਭੰਗ ਹੋਵੇਗਾ।

ਇਸ ਪ੍ਰਕਿਰਿਆ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਬਿਹਾਰ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਹੋਈ ਸੀ। ਉਸ ਸਮੇਂ ਅਧਿਕਾਰੀਆਂ ਨੇ ਦਾਅਵਾ ਕੀਤਾ ਸੀ ਕਿ ਜ਼ਮੀਨੀ ਪੱਧਰ 'ਤੇ ਜਾਂਚ ਦੌਰਾਨ ਬੰਗਲਾਦੇਸ਼ੀ, ਨੇਪਾਲੀ ਅਤੇ ਮਿਆਂਮਾਰ ਦੇ ਨਾਗਰਿਕ ਵੋਟਰ ਸੂਚੀਆਂ ਵਿਚ ਸ਼ਾਮਲ ਪਾਏ ਗਏ ਹਨ। ਪਰ ਚੋਣ ਕਮਿਸ਼ਨ ਨੇ ਕਦੇ ਵੀ ਅਜਿਹੇ ਗੈਰ-ਕਾਨੂੰਨੀ ਵੋਟਰਾਂ ਦੇ ਠੋਸ ਅੰਕੜੇ ਜਾਂ ਸਬੂਤ ਜਨਤਕ ਨਹੀਂ ਕੀਤੇ। ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਘੁਸਪੈਠੀਆਂ ਦਾ ਮੁੱਦਾ ਚੁੱਕਿਆ ਗਿਆ, ਇਸ ਮੁੱਦੇ ਨੇ ਬਿਹਾਰ ਚੋਣਾਂ ਨੂੰ ਪ੍ਰਭਾਵਿਤ ਕੀਤਾ, ਹਾਲਾਂਕਿ ਸਰਕਾਰ ਕੋਲ ਵੀ ਇਨ੍ਹਾਂ ਦਾ ਕੋਈ ਪੁਖ਼ਤਾ ਰਿਕਾਰਡ ਨਹੀਂ ਸੀ।

ਇਸ ਤੋਂ ਬਾਅਦ ਇਹ ਮੁੱਦਾ ਪੱਛਮੀ ਬੰਗਾਲ ਵਿਚ ਵੀ ਬਹੁਤ ਗਰਮਾਇਆ ਅਤੇ ਮਾਮਲਾ ਸੁਪਰੀਮ ਕੋਰਟ ਤੱਕ ਪਹੁੰਚਿਆ। ਪੱਛਮੀ ਬੰਗਾਲ ਵਿਚ ਐਸ.ਆਈ.ਆਰ. ਵੱਡਾ ਸਿਆਸੀ ਅਤੇ ਕਾਨੂੰਨੀ ਵਿਵਾਦ ਬਣ ਗਿਆ। ਤ੍ਰਿਣਮੂਲ ਕਾਂਗਰਸ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਦੋਸ਼ ਲਾਇਆ ਕਿ 145 ਵਿਧਾਨ ਸਭਾ ਹਲਕਿਆਂ ਵਿਚ ਜਿੱਤ-ਹਾਰ ਦਾ ਅੰਤਰ ਬਹੁਤ ਘੱਟ ਸੀ, ਪਰ ਉੱਥੇ ਐਸ.ਆਈ.ਆਰ. ਪ੍ਰਕਿਰਿਆ ਰਾਹੀਂ ਹਾਰ ਦੇ ਅੰਤਰ ਨਾਲੋਂ ਕਿਤੇ ਵੱਧ ਵੋਟਾਂ ਕੱਟ ਦਿੱਤੀਆਂ ਗਈਆਂ। ਬੰਗਾਲ ਵਿਚ ਇਸ ਦਾ ਸਭ ਤੋਂ ਵੱਡਾ ਬੋਝ ਨਿਆਂਪਾਲਿਕਾ 'ਤੇ ਵੀ ਪਿਆ। ਲਗਭਗ 19 ਅਦਾਲਤੀ ਅਪੀਲਾਂ ਬਣਾਈਆਂ ਗਈਆਂ, ਜਿਨ੍ਹਾਂ ਵਿਚ ਆਈਆਂ 38.10 ਲੱਖ ਅਪੀਲਾਂ ਵਿਚੋਂ ਕੇਵਲ 82,782 ਦਾ ਹੀ ਨਿਪਟਾਰਾ ਹੋ ਸਕਿਆ, ਜਦਕਿ 97.8 ਫ਼ੀਸਦੀ ਅਪੀਲਾਂ ਅਜੇ ਵੀ ਲਟਕ ਰਹੀਆਂ ਹਨ।

ਸਭ ਤੋਂ ਬੁਨਿਆਦੀ ਸਵਾਲ ਇਹ ਹੈ ਕਿ ਕੀ ਐਸ.ਆਈ.ਆਰ. ਵਰਗੀ ਪ੍ਰਕਿਰਿਆ ਸਿਰਫ਼ ਫ਼ਰਜ਼ੀ ਜਾਂ ਮਰ ਚੁੱਕੇ ਵੋਟਰਾਂ ਦੇ ਨਾਂ ਹਟਾਉਣ ਤੱਕ ਸੀਮਤ ਹੈ, ਜਾਂ ਇਸ ਦਾ ਖਮਿਆਜ਼ਾ ਉਨ੍ਹਾਂ ਲੱਖਾਂ ਗਰੀਬ ਅਤੇ ਸਾਧਨਹੀਣ ਨਾਗਰਿਕਾਂ ਨੂੰ ਭੁਗਤਣਾ ਪੈ ਰਿਹਾ ਹੈ ਜਿਨ੍ਹਾਂ ਕੋਲ ਐਨ ਸਮੇਂ 'ਤੇ ਲੋੜੀਂਦੇ ਦਸਤਾਵੇਜ਼ ਪੇਸ਼ ਕਰਨ ਦੀ ਜਾਣਕਾਰੀ ਜਾਂ ਸਾਧਨ ਨਹੀਂ ਸਨ? ਲੋਕਾਂ ਕੋਲੋਂ ਉਨ੍ਹਾਂ ਦੇ ਮਾਪਿਆਂ ਦੇ ਜਨਮ ਸਰਟੀਫਿਕੇਟ, ਰਿਹਾਇਸ਼ੀ ਸਬੂਤ, ਮੌਤ ਦੇ ਸਰਟੀਫਿਕੇਟ ਅਤੇ ਜਾਤੀ ਸਰਟੀਫਿਕੇਟ ਮੰਗੇ ਜਾ ਰਹੇ ਹਨ। ਇਸ ਪ੍ਰਕਿਰਿਆ ਦੌਰਾਨ ਨਾਗਰਿਕਤਾ 'ਤੇ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ, ਜਿਸ ਨਾਲ ਪ੍ਰਸਿੱਧ ਅਤੇ ਜਾਣੀਆਂ-ਪਛਾਣੀਆਂ ਸ਼ਖ਼ਸੀਅਤਾਂ ਦੀਆਂ ਵੋਟਾਂ ਵੀ ਕੱਟੀਆਂ ਗਈਆਂ ਹਨ।

ਇਸ ਤੋਂ ਇਲਾਵਾ, ਚੋਣ ਪ੍ਰਸ਼ਾਸਨ ਅਤੇ ਸਰਕਾਰੀ ਮਸ਼ੀਨਰੀ ਦੀਆਂ ਤਕਨੀਕੀ ਤੇ ਪ੍ਰਸ਼ਾਸਨਿਕ ਨਾਕਾਮੀਆਂ ਕਾਰਨ ਵੀ ਆਮ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਵਾਰ ਡਿਜੀਟਲ ਪੋਰਟਲਾਂ ਦੇ ਸਹੀ ਢੰਗ ਨਾਲ ਕੰਮ ਨਾ ਕਰਨ ਜਾਂ ਬੂਥ ਲੈਵਲ ਅਧਿਕਾਰੀਆਂ ਕੋਲ ਪੂਰੇ ਸਾਧਨ ਨਾ ਹੋਣ ਕਰਕੇ ਵੀ ਵੋਟਰਾਂ ਦੇ ਫਾਰਮ ਸਮੇਂ ਸਿਰ ਅਪਲੋਡ ਨਹੀਂ ਹੁੰਦੇ। ਇਸ ਦੇ ਨਾਲ ਹੀ, ਆਮ ਨਾਗਰਿਕਾਂ ਵਿਚ ਵੋਟ ਨਾਲ ਜੁੜੇ ਵੱਖ-ਵੱਖ ਫਾਰਮਾਂ (ਜਿਵੇਂ ਕਿ ਨਵੇਂ ਵੋਟਰ ਲਈ ਫਾਰਮ 6, ਵੋਟ ਕਟਵਾਉਣ ਲਈ ਫਾਰਮ 7 ਅਤੇ ਵੇਰਵੇ ਬਦਲਣ ਲਈ ਫਾਰਮ 8) ਬਾਰੇ ਜਾਗਰੂਕਤਾ ਦੀ ਭਾਰੀ ਘਾਟ ਹੈ। ਚੋਣ ਕਮਿਸ਼ਨ ਦਾ ਇਹ ਫ਼ਰਜ਼ ਬਣਦਾ ਸੀ ਕਿ ਅਜਿਹੇ ਵੱਡੇ ਅਭਿਆਸ ਨੂੰ ਲਾਗੂ ਕਰਨ ਤੋਂ ਪਹਿਲਾਂ ਨਾਗਰਿਕਾਂ ਨੂੰ ਜਾਗਰੂਕ ਕਰਨ ਲਈ ਇੱਕ ਵਿਆਪਕ ਮੁਹਿੰਮ ਚਲਾਈ ਜਾਂਦੀ, ਤਾਂ ਜੋ ਕੋਈ ਵੀ ਯੋਗ ਵੋਟਰ ਦਸਤਾਵੇਜ਼ੀ ਉਲਝਣਾਂ ਕਾਰਨ ਬਾਹਰ ਨਾ ਰਹਿ ਜਾਂਦਾ।

ਸਰਕਾਰ ਅਤੇ ਸੰਵਿਧਾਨਕ ਸੰਸਥਾਵਾਂ ਇਹ ਤਰਕ ਦਿੰਦੀਆਂ ਹਨ ਕਿ ਉਹ ਜੋ ਵੀ ਕਰ ਰਹੀਆਂ ਹਨ, ਉਹ ਕਾਨੂੰਨ ਦੇ ਅਨੁਸਾਰ ਹੈ। ਪਰ ਸਵਾਲ ਇਹ ਹੈ ਕਿ ਕੀ ਇਹ ਪ੍ਰਕਿਰਿਆ ਨਿਆਂਸੰਗਤ ਹੈ? ਕੀ ਭਾਰਤ ਵਰਗੇ ਵਿਸ਼ਾਲ, ਗਰੀਬੀ ਅਤੇ ਅਨਪੜ੍ਹਤਾ ਨਾਲ ਜੂਝ ਰਹੇ ਦੇਸ਼ ਵਿਚ ਆਮ ਲੋਕਾਂ 'ਤੇ ਅਜਿਹਾ ਦਸਤਾਵੇਜ਼ੀ ਬੋਝ ਪਾਉਣਾ ਵਾਜਬ ਹੈ? ਅੱਜ ਵੈਧਾਨਿਕ ਸੰਸਥਾਵਾਂ ਨੂੰ ਇਹ ਗੰਭੀਰਤਾ ਨਾਲ ਸੋਚਣਾ ਪਵੇਗਾ ਕਿ ਜੋ ਨਿਯਮ ਉਹ ਬਣਾ ਰਹੇ ਹਨ, ਉਨ੍ਹਾਂ ਨਾਲ ਆਮ ਨਾਗਰਿਕਾਂ 'ਤੇ ਕੀ ਬੀਤ ਰਹੀ ਹੈ।

ਅਸਲ ਵਿਚ, ਵੋਟ ਬਣਾਉਣ ਅਤੇ ਵੋਟਰ ਸੂਚੀ ਨੂੰ ਦਰੁਸਤ ਰੱਖਣ ਦੀ ਪੂਰੀ ਜ਼ਿੰਮੇਵਾਰੀ ਸਰਕਾਰ ਅਤੇ ਚੋਣ ਪ੍ਰਸ਼ਾਸਨ ਦੀ ਹੋਣੀ ਚਾਹੀਦੀ ਹੈ। ਆਮ ਨਾਗਰਿਕ ਨੂੰ ਇੱਕ-ਇੱਕ ਦਸਤਾਵੇਜ਼ ਲਈ ਦਫ਼ਤਰਾਂ ਦੇ ਚੱਕਰ ਕੱਟਣ, ਗਲੀਆਂ ਦੀ ਖ਼ਾਕ ਛਾਣਨ ਅਤੇ ਖ਼ੁਆਰ ਹੋਣ ਲਈ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ। ਸੁਪਰੀਮ ਕੋਰਟ ਦੀ ਨਿਗਰਾਨੀ, ਅੰਕੜਿਆਂ ਦੀ ਪਾਰਦਰਸ਼ਤਾ ਅਤੇ ਆਉਣ ਵਾਲੀਆਂ ਚੋਣਾਂ ਦਾ ਦਬਾਅ ਹੀ ਇਹ ਤੈਅ ਕਰੇਗਾ ਕਿ ਭਾਰਤ ਦਾ ਲੋਕਤੰਤਰ ਇਸ ਕਵਾਇਦ ਨਾਲ ਮਜ਼ਬੂਤ ਹੋਵੇਗਾ ਜਾਂ ਆਮ ਨਾਗਰਿਕ ਨੂੰ ਆਪਣੇ ਹੀ ਦੇਸ਼ ਦੇ ਲੋਕਤੰਤਰੀ ਢਾਂਚੇ ਤੋਂ ਦੂਰ ਕਰ ਦੇਵੇਗਾ। ਸਰਕਾਰਾਂ ਦਾ ਫ਼ਰਜ਼ ਨਾਗਰਿਕਾਂ ਦੇ ਅਧਿਕਾਰਾਂ ਦੀ ਰਾਖੀ ਕਰਨਾ ਅਤੇ ਉਨ੍ਹਾਂ ਲਈ ਸੁਖਾਲਾ ਮਾਹੌਲ ਸਿਰਜਣਾ ਹੈ, ਨਾ ਕਿ ਉਨ੍ਹਾਂ ਨੂੰ ਸਰਕਾਰੀ ਉਲਝਣਾਂ ਵਿਚ ਫਸਾ ਕੇ ਉਨ੍ਹਾਂ ਦੇ ਬੁਨਿਆਦੀ ਵੋਟ ਅਧਿਕਾਰ ਤੋਂ ਵਾਂਝਾ ਕਰਨਾ।

# ਮਹਾਨ ਚਿੱਤਰਕਾਰ, ਨਿਮਰ, ਸਾਦੇ, ਮਿਲਣਸਾਰ ਅਤੇ ਸੰਵੇਦਨਸ਼ੀਲ ਇਨਸਾਨ ਸਨ - ਜਰਨੈਲ ਸਿੰਘ ਆਰਟਿਸਟ

## ਵੈਨਕੂਵਰ ਵਿਚਾਰ ਮੰਚ ਵੱਲੋਂ 'ਜਰਨੈਲ ਸਿੰਘ ਆਰਟਿਸਟ ਸਿਮਰਤੀ ਗਰੰਥ' ਲੋਕ ਅਰਪਣ

**ਸਰੀ, (ਹਰਦਮ ਮਾਨ):** ਵੈਨਕੂਵਰ ਵਿਚਾਰ ਮੰਚ ਵੱਲੋਂ ਬੀਤੇ ਦਿਨੀਂ ਪ੍ਰਸਿੱਧ ਚਿੱਤਰਕਾਰ ਜਰਨੈਲ ਸਿੰਘ ਆਰਟਿਸਟ ਦੀ ਯਾਦ ਨੂੰ ਸਮਰਪਿਤ ਸਿਮਰਤੀ ਗਰੰਥ ਰਿਲੀਜ਼ ਸਮਾਗਮ ਗਰੈਂਡ ਤਾਜ ਬੈਂਕੁਇਟ ਹਾਲ ਸਰੀ ਵਿਖੇ ਕਰਵਾਇਆ ਗਿਆ। ਸਮਾਗਮ ਦੌਰਾਨ ਜਰਨੈਲ ਸਿੰਘ ਆਰਟਿਸਟ ਦੇ ਜੀਵਨ, ਕਲਾ, ਸਾਹਿਤਕ-ਸੱਭਿਆਚਾਰਕ ਸਰੋਕਾਰਾਂ ਅਤੇ ਉਨ੍ਹਾਂ ਦੀ ਨਿੱਘੀ ਸ਼ਖ਼ਸੀਅਤ ਨਾਲ ਜੁੜੀਆਂ ਯਾਦਾਂ ਨੂੰ ਵੱਖ-ਵੱਖ ਬੁਲਾਰਿਆਂ ਨੇ ਸਾਂਝਾ ਕੀਤਾ। ਇਸ ਮੌਕੇ 'ਜਰਨੈਲ ਸਿੰਘ ਆਰਟਿਸਟ ਸਿਮਰਤੀ ਗ੍ਰੰਥ' ਵੀ ਰਿਲੀਜ਼ ਕੀਤਾ ਗਿਆ।

ਸਮਾਗਮ ਦੀ ਸ਼ੁਰੂਆਤ ਕਰਦਿਆਂ ਵੈਨਕੂਵਰ ਵਿਚਾਰ ਮੰਚ ਦੇ ਬੁਲਾਰੇ ਅੰਗਰੇਜ਼ ਬਰਾੜ ਨੇ ਹਾਜ਼ਰੀਨ ਦਾ ਸਵਾਗਤ ਕੀਤਾ। ਉਨ੍ਹਾਂ ਨੇ ਜਰਨੈਲ ਸਿੰਘ ਆਰਟਿਸਟ ਨਾਲ ਆਪਣੀ ਲੰਮੀ ਸਾਂਝ ਅਤੇ ਦੋਸਤੀ ਨੂੰ ਯਾਦ ਕਰਦਿਆਂ ਉਨ੍ਹਾਂ ਨਾਲ ਆਖਰੀ ਸਮੇਂ ਤੱਕ ਹੋਈ ਗੱਲਬਾਤ ਅਤੇ ਵਿਚਾਰ-ਵਟਾਂਦਰੇ ਬਾਰੇ ਭਾਵਪੂਰਨ ਢੰਗ ਨਾਲ ਗੱਲ ਕੀਤੀ। ਉਨ੍ਹਾਂ ਕਿਹਾ ਕਿ ਜਰਨੈਲ ਸਿੰਘ ਆਰਟਿਸਟ ਦੀ ਯਾਦ ਉਨ੍ਹਾਂ ਨਾਲ ਜੁੜੇ ਲੋਕਾਂ ਦੇ ਦਿਲਾਂ ਵਿਚ ਹਮੇਸ਼ਾ ਜਿਉਂਦੀ ਰਹੇਗੀ।

ਉਪਰੰਤ ਵੈਨਕੂਵਰ ਵਿਚਾਰ ਮੰਚ ਦੇ ਸਰਪ੍ਰਸਤ ਅਤੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਜਰਨੈਲ ਸਿੰਘ ਆਰਟਿਸਟ ਨਾਲ ਆਪਣੀ ਲੰਮੀ ਸਾਂਝ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਕਲਾ ਦੇ ਵੱਖ-ਵੱਖ ਪੱਖਾਂ ਬਾਰੇ ਵਿਸਥਾਰ ਨਾਲ ਵਿਚਾਰ ਸਾਂਝੇ ਕੀਤੇ। ਉਨ੍ਹਾਂ



ਨੇ ਸਿਮਰਤੀ ਗ੍ਰੰਥ ਦੀ ਤਿਆਰੀ, ਇਸ ਦੇ ਮਕਸਦ ਅਤੇ ਜਰਨੈਲ ਸਿੰਘ ਆਰਟਿਸਟ ਦੀਆਂ ਯਾਦਾਂ ਨੂੰ ਸਾਂਭਣ ਲਈ ਕੀਤੇ ਇਸ ਉਪਰਾਲੇ ਬਾਰੇ ਵੀ ਜਾਣਕਾਰੀ ਦਿੱਤੀ।

ਮੰਚ ਦੇ ਬੁਲਾਰੇ ਮੋਹਨ ਗਿੱਲ ਨੇ ਸਟੇਜ ਦੀ ਕਾਰਵਾਈ ਸੰਭਾਲਦਿਆਂ ਵੱਖ-ਵੱਖ ਬੁਲਾਰਿਆਂ ਨੂੰ ਜਰਨੈਲ ਸਿੰਘ ਆਰਟਿਸਟ ਨਾਲ ਆਪਣੀ ਸਾਂਝ ਅਤੇ ਉਨ੍ਹਾਂ ਦੀ ਕਲਾ ਤੇ ਸ਼ਖ਼ਸੀਅਤ ਬਾਰੇ ਵਿਚਾਰ ਸਾਂਝੇ ਕਰਨ ਲਈ ਸੱਦਾ ਦਿੱਤਾ। ਇਸ ਮੌਕੇ ਮੀਰਾ ਗਿੱਲ, ਕੁਲਜੀਤ ਕੌਰ, ਆਸ਼ਿਆਨਾ, ਸ਼ਾਇਰ ਜਸਵਿੰਦਰ, ਡਾ. ਅਮਰਜੀਤ ਭੁੱਲਰ, ਗੁਰਦੀਪ ਭੁੱਲਰ, ਡਾ. ਗੁਲਜ਼ਾਰ ਸਿੰਘ ਵਿਲਿੰਗ, ਅਜਮੇਰ ਰੋਡੇ, ਬਲਦੇਵ ਬਾਠ, ਇੰਦਰਜੀਤ ਧਾਮੀ, ਡਾ. ਗੁਰਵਿੰਦਰ ਧਾਲੀਵਾਲ, ਡਾ. ਗੁਰਮਿੰਦਰ ਸਿੱਧੂ, ਅਮਰਜੀਤ ਖਹਿਰਾ, ਸਤੀਸ਼ ਗੁਲਾਟੀ, ਜਰਨੈਲ ਸਿੰਘ ਆਰਟਿਸਟ ਦੀ ਬੇਟੀ ਨੀਤੀ ਸਿੰਘ, ਅਮਰੀਕ ਪਲਾਹੀ, ਕਵਿੰਦਰ ਚਾਂਦ, ਗੁਲਸ਼ਨ ਦਿਆਲ, ਸੁਰਜੀਤ ਕਲਸੀ, ਹਰਕੀਰਤ ਚਾਹਲ, ਬਲਰਾਜ ਬਾਸੀ, ਕੇਸਰ ਸਿੰਘ ਕੂਨਰ, ਮਹਿੰਦਰਪਾਲ ਸਿੰਘ ਪਾਲ, ਗੁਰਦੇਵ ਸਿੰਘ ਦਰਦੀ, ਬਖ਼ਸ਼ਿੰਦਰ, ਨਵਲਪ੍ਰੀਤ ਰੰਗੀ, ਅਸ਼ੋਕ ਭਾਰਗਵ, ਕ੍ਰਿਸ਼ਨ ਬੈਕਟਰ ਅਤੇ ਪ੍ਰਿਅੰਕਾ ਨਿੰਝਰ ਸਮੇਤ ਹੋਰ ਸ਼ਖ਼ਸੀਅਤਾਂ ਨੇ ਵਿਚਾਰ ਪੇਸ਼ ਕੀਤੇ।

ਬੁਲਾਰਿਆਂ ਨੇ ਜਰਨੈਲ ਸਿੰਘ ਆਰਟਿਸਟ ਨਾਲ ਜੁੜੀਆਂ ਆਪਣੀਆਂ ਨਿੱਜੀ ਯਾਦਾਂ ਸਾਂਝੀਆਂ ਕਰਦਿਆਂ ਉਨ੍ਹਾਂ ਨੂੰ ਇੱਕ ਬਿਹਤਰੀਨ ਚਿੱਤਰਕਾਰ ਦੇ ਨਾਲ-ਨਾਲ ਬੇਹੱਦ ਨਿਮਰ, ਸਾਦੇ, ਮਿਲਣਸਾਰ ਅਤੇ ਸੰਵੇਦਨਸ਼ੀਲ ਇਨਸਾਨ ਵਜੋਂ ਯਾਦ ਕੀਤਾ। ਉਨ੍ਹਾਂ ਦੀ ਚਿੱਤਰਕਲਾ ਵਿਚ ਮੌਜੂਦ ਸੁਹਜ, ਡੂੰਘੀ ਸੋਚ, ਪੰਜਾਬੀਅਤ ਅਤੇ ਮਨੁੱਖੀ ਸੰਵੇਦਨਾ ਬਾਰੇ ਵੀ ਵਿਚਾਰ ਪ੍ਰਗਟ ਕੀਤੇ ਗਏ। ਕਈ ਬੁਲਾਰਿਆਂ ਨੇ ਉਨ੍ਹਾਂ ਦੀ ਸ਼ਖ਼ਸੀਅਤ ਦੇ ਅਜਿਹੇ ਪੱਖ ਸਾਹਮਣੇ ਲਿਆਂਦੇ, ਜਿਨ੍ਹਾਂ ਨੇ ਸਮਾਗਮ ਨੂੰ ਹੋਰ ਵੀ ਭਾਵਪੂਰਨ ਬਣਾ ਦਿੱਤਾ। ਬੁਲਾਰਿਆਂ ਨੇ ਵੈਨਕੂਵਰ ਵਿਚਾਰ ਮੰਚ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇੱਕ ਕਲਾਕਾਰ ਦੇ ਜੀਵਨ, ਕਲਾ ਅਤੇ ਸ਼ਖ਼ਸੀਅਤ ਨਾਲ ਜੁੜੀਆਂ ਯਾਦਾਂ ਨੂੰ ਪੁਸਤਕ ਦੇ ਰੂਪ ਵਿਚ ਸਾਂਭਣਾ ਆਉਣ ਵਾਲੀਆਂ ਪੀੜ੍ਹੀਆਂ ਲਈ ਮਹੱਤਵਪੂਰਨ ਦਸਤਾਵੇਜ਼ ਸਾਬਤ ਹੋਵੇਗਾ।

ਸਮਾਗਮ ਦੌਰਾਨ ਗੁਰਦੀਪ ਭੁੱਲਰ ਵੱਲੋਂ ਜਰਨੈਲ ਸਿੰਘ ਆਰਟਿਸਟ ਦੇ ਜੀਵਨ ਅਤੇ ਕਲਾ ਸੰਬੰਧੀ ਤਿਆਰ ਕੀਤੀ ਗਈ ਖ਼ੂਬਸੂਰਤ ਡਾਕੂਮੈਂਟਰੀ ਫ਼ਿਲਮ ਵੀ ਪ੍ਰਦਰਸ਼ਿਤ ਕੀਤੀ ਗਈ। ਜਰਨੈਲ ਸਿੰਘ ਆਰਟਿਸਟ ਦੀ ਬੇਟੀ ਨੀਤੀ ਸਿੰਘ ਵੱਲੋਂ ਉਨ੍ਹਾਂ ਦੀ ਕਲਾ ਨਾਲ ਸਬੰਧਤ ਕੁਝ ਚਿੱਤਰਾਂ ਦੀ ਵਿਸ਼ੇਸ਼ ਪ੍ਰਦਰਸ਼ਨੀ ਵੀ ਲਾਈ ਗਈ। ਇਸੇ ਦੌਰਾਨ ਗੁਲਾਟੀ ਪਬਲਿਸ਼ਰਜ਼ ਲਿਮਿਟਡ, ਸਰੀ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਾਈ ਗਈ, ਜਿਸ ਵਿਚ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਨਾਲ ਸਬੰਧਤ ਵੱਖ-ਵੱਖ ਪੁਸਤਕਾਂ ਪ੍ਰਦਰਸ਼ਿਤ ਕੀਤੀਆਂ ਗਈਆਂ। ਅੰਤ ਵਿਚ ਵੈਨਕੂਵਰ ਵਿਚਾਰ ਮੰਚ ਦੇ ਬੁਲਾਰੇ ਹਰਦਮ ਮਾਨ ਨੇ ਸਮਾਗਮ ਵਿਚ ਸ਼ਾਮਲ ਹੋਏ ਸਾਰੇ ਬੁਲਾਰਿਆਂ, ਸਹਿਯੋਗੀਆਂ, ਕਲਾ ਅਤੇ ਸਾਹਿਤ ਨਾਲ ਜੁੜੀਆਂ ਸ਼ਖ਼ਸੀਅਤਾਂ, ਜਰਨੈਲ ਸਿੰਘ ਆਰਟਿਸਟ ਦੇ ਪਰਿਵਾਰਕ ਮੈਂਬਰਾਂ, ਪ੍ਰਸ਼ੰਸਕਾਂ ਅਤੇ ਸਮਾਗਮ ਦੀ ਸਫ਼ਲਤਾ ਲਈ ਸਹਿਯੋਗ ਦੇਣ ਵਾਲੇ ਸਮੂਹ ਸੱਜਣਾਂ ਦਾ ਧੰਨਵਾਦ ਕੀਤਾ। ਉਨ੍ਹਾਂ ਸਿਮਰਤੀ ਗ੍ਰੰਥ ਦੀ ਤਿਆਰੀ ਅਤੇ ਸਮਾਗਮ ਦੇ ਪ੍ਰਬੰਧਾਂ ਵਿਚ ਸਹਿਯੋਗ ਦੇਣ ਵਾਲਿਆਂ ਦਾ ਵੀ ਧੰਨਵਾਦ ਕੀਤਾ।

# ਕੀ ਸਰਕਾਰ ਨੂੰ ਪੈਲੇਟ ਗੰਨ ਨਾਲ ਲੋਕਾਂ ਨੂੰ ਅਪੰਗ ਬਣਾਉਣ ਦਾ ਅਧਿਕਾਰ ਹੈ?

ਇਤਿਹਾਸ ਦੇ ਹਰੇਕ ਦੌਰ 'ਚ ਸਰਕਾਰਾਂ ਨੇ ਸਜ਼ਾ ਦੇਣ ਅਤੇ ਸਿਆਸੀ ਕੰਟਰੋਲ ਬਣਾਈ ਰੱਖਣ ਲਈ ਲੋਕਾਂ ਨੂੰ ਅਪੰਗ ਬਣਾਉਣ ਦਾ ਤਰੀਕਾ ਅਪਣਾਇਆ ਹੈ। ਦੁਨੀਆ ਭਰ ਵਿਚ ਮੱਧਕਾਲੀ ਕਾਨੂੰਨੀ ਪ੍ਰਣਾਲੀਆਂ ਵਿਚ ਚੋਰੀ ਅਤੇ ਬਗ਼ਾਵਤ ਤੋਂ ਲੈ ਕੇ ਵਿਭਚਾਰ ਅਤੇ ਦੇਸ਼ਧ੍ਰੋਹ ਤੱਕ ਵੱਖ-ਵੱਖ ਅਪਰਾਧਾਂ ਲਈ, ਅੱਖਾਂ ਅੰਨ੍ਹੀਆਂ ਕਰਨ, ਹੱਥ-ਪੈਰ ਜਾਂ ਕੰਨ-ਨੱਕ ਵੱਢਣ ਅਤੇ ਸਰੀਰ ਨੂੰ ਬਦਸੂਰਤ ਬਣਾਉਣ ਵਰਗੀਆਂ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਅਜਿਹੀਆਂ ਸਜ਼ਾਵਾਂ ਸਭ ਦੇ ਸਾਹਮਣੇ ਅਤੇ ਵੱਡੇ ਪੱਧਰ 'ਤੇ ਦਿੱਤੀਆਂ ਜਾਂਦੀਆਂ ਸਨ। ਇਨ੍ਹਾਂ ਦਾ ਮਕਸਦ ਸਿਰਫ਼ ਦਰਦ ਪਹੁੰਚਾਉਣਾ ਨਹੀਂ ਬਲਕਿ

**ਮੁਰਲੀਧਰਨ**
**ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ**

ਸਰੀਰ 'ਤੇ ਅਜਿਹਾ ਸਥਾਈ ਨਿਸ਼ਾਨ ਛੱਡਣਾ ਹੁੰਦਾ ਸੀ, ਜੋ ਖੁਦਮੁਖਤਿਆਰ ਸੱਤਾ ਦੀ ਨਿਸ਼ਾਨੀ ਦੇ ਤੌਰ 'ਤੇ ਹਮੇਸ਼ਾ ਦਿਖਾਈ ਦੇਵੇ। ਅੱਖਾਂ ਗੁਆਉਣ ਵਾਲਾ ਵਿਰੋਧੀ ਦੁਬਾਰਾ ਹਕੂਮਤ ਨਹੀਂ ਕਰ ਸਕਦਾ ਸੀ। ਕੱਟਿਆ ਹੋਇਆ ਹੱਥ ਜਾਂ ਕਰੂਪ ਕੀਤਾ ਚਿਹਰਾ ਹੁਕਮਰਾਨ ਦੀ ਤਾਕਤ ਦੀ ਜੀਵਨ ਭਰ ਨਿਸ਼ਾਨੀ ਬਣਿਆ ਰਹਿੰਦਾ ਸੀ।

ਮਿਸ਼ੇਲ ਫੂਕੋ ਨੇ ਆਪਣੀ ਕਿਤਾਬ ਡਿਸਿਪਲਿਨ ਐਂਡ ਪਨਿਸ਼ (ਅਨੁਸ਼ਾਸਨ ਅਤੇ ਸਜ਼ਾ) ਵਿਚ ਦਲੀਲ ਦਿੱਤੀ ਹੈ ਕਿ ਆਧੁਨਿਕ ਰਾਜ ਦੇ ਉਭਾਰ ਨੇ ਇਨ੍ਹਾਂ ਢੰਗ-ਤਰੀਕਿਆਂ ਨੂੰ ਬਦਲ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਪਹੁਦਰੇ ਹੁਕਮਰਾਨ ਦੀ ਜਗ੍ਹਾ ਹੌਲੀ-ਹੌਲੀ ਅਨੁਸ਼ਾਸਨਾਤਮਕ ਤਾਕਤਾਂ ਨੇ ਲੈ ਲਈ ਹੈ। ਮੁੱਖ ਤੌਰ 'ਤੇ ਸਰੀਰ ਨੂੰ ਸਖ਼ਤ ਸਜ਼ਾ ਦੇਣ ਦੀ ਬਜਾਏ ਆਧੁਨਿਕ ਰਾਜ ਨਿਗਰਾਨੀ, ਸੰਸਥਾਵਾਂ, ਨਿਯਮਾਂ ਅਤੇ ਅਨੁਸ਼ਾਸਨ ਨੂੰ ਦਿਮਾਗ ਵਿਚ ਬਿਠਾਉਣ ਜ਼ਰੀਏ ਹਕੂਮਤ ਕਰਨ ਲੱਗੇ ਹਨ। ਇੰਝ ਲੱਗਦਾ ਹੈ ਕਿ ਉਦਾਰਵਾਦੀ ਸੰਵਿਧਾਨਕ ਵਿਵਸਥਾ ਨੇ ਅਤੀਤ ਦੀਆਂ ਸਖ਼ਤ ਸਰੀਰਕ ਸਜ਼ਾਵਾਂ ਤੋਂ ਇੱਕ ਨਿਰਣਾਇਕ ਫ਼ਾਸਲਾ ਬਣਾ ਲਿਆ ਹੈ।

### ਅਪੰਗ ਬਣਾਉਣ ਦਾ ਅਧਿਕਾਰ

ਐਪਰ, ਜਿਵੇਂ ਕਿ ਜਸਬੀਰ ਕੇ ਪੁਆਰ ਆਪਣੀ ਕਿਤਾਬ 'ਦ ਰਾਈਟ ਟੂ ਮੇਮ' (ਅਪੰਗ ਬਣਾਉਣ ਦਾ ਅਧਿਕਾਰ) ਵਿਚ ਦੱਸਦੀ ਹੈ, ਰਾਜ ਦੀ ਤਾਕਤ ਦਾ ਪ੍ਰਦਰਸ਼ਨ ਕਰਨ ਦੇ ਇੱਕ ਢੰਗ ਵਜੋਂ ਲੋਕਾਂ ਨੂੰ ਅਪੰਗ ਬਣਾਉਣ ਦਾ ਰਿਵਾਜ ਖ਼ਤਮ ਨਹੀਂ ਹੋਇਆ। ਬਲਕਿ ਇਸ ਨੇ ਨਵੇਂ ਰੂਪ ਧਾਰ ਲਏ ਹਨ। ਆਧੁਨਿਕ ਰਾਜ ਸ਼ਾਇਦ ਹੀ ਕਦੇ ਅਦਾਲਤੀ ਹੁਕਮ ਨਾਲ ਲੋਕਾਂ ਦੇ ਸਰੀਰ ਨੂੰ ਅੰਗ-ਭੰਗ ਕਰਨ ਦੀ ਸਜ਼ਾ ਦਿੰਦੇ ਹੋਣ। ਇਸ ਦੀ ਬਜਾਏ ਅਕਸਰ ਸੁਰੱਖਿਆ ਕਾਨੂੰਨ ਵਿਵਸਥਾ ਜਾਂ 'ਘੱਟ ਜਾਨ ਲੇਵਾ' ਬਲ ਦੇ ਨਾਮ 'ਤੇ ਪੁਲਿਸਿੰਗ, ਕਬਜ਼ੇ ਅਤੇ ਜੰਗ ਦੇ ਜ਼ਰੀਏ ਲੋਕਾਂ ਨੂੰ ਪੱਕੇ ਤੌਰ 'ਤੇ ਜ਼ਖ਼ਮੀ ਕੀਤਾ ਜਾਂਦਾ ਹੈ। ਇਸ ਦਾ ਮਕਸਦ ਹੁਣ ਸਜ਼ਾ ਦਾ ਜਨਤਕ ਤਮਾਸ਼ਾ ਦਿਖਾਉਣਾ ਨਹੀਂ ਸਗੋਂ ਸਰੀਰ ਨੂੰ ਇਸ ਤਰ੍ਹਾਂ ਕਮਜ਼ੋਰ ਕਰਨਾ ਹੈ ਜੋ ਜ਼ਿੰਦਾ ਤਾਂ ਰਹਿੰਦੇ ਹਨ, ਪਰ ਤਾਉਮਰ ਸਰਕਾਰ ਦੀ ਹਿੰਸਾ ਦੇ ਨਤੀਜਿਆਂ ਨੂੰ ਸਹਿਣ ਕਰਦੇ ਰਹਿੰਦੇ ਹਨ। ਜਿਸ ਤਰ੍ਹਾਂ ਕਿ ਪੁਆਰ ਕਹਿੰਦੀ ਹੈ ਕਿ ਅਜੋਕੀ ਸਰਕਾਰ ਤੇਜ਼ੀ ਨਾਲ ਨਾ ਸਿਰਫ਼ 'ਮਾਰਨ ਦਾ ਅਧਿਕਾਰ' ਸਗੋਂ ਅਪੰਗ ਬਣਾਉਣ ਦੇ ਅਧਿਕਾਰ ਦੀ ਵੀ ਵਰਤੋਂ ਕਰ ਰਹੀ ਹੈ। ਕਬਜ਼ਾ ਕਰਨ ਵਾਲੇ ਇਜ਼ਰਾਇਲੀ ਫ਼ੌਜੀਆਂ ਦਾ ਜ਼ਿਕਰ ਕਰਦਿਆਂ ਉਹ ਲਿਖਦੀ ਹੈ: 'ਇਜ਼ਰਾਇਲ ਦੀ ਫੌਜ ਦੀ ਤਾਕਤ - ਜੋ ਦੁਨੀਆਂ ਦੀਆਂ ਸਭ ਤੋਂ ਸ਼ਕਤੀਸ਼ਾਲੀ ਫੌਜਾਂ 'ਚੋਂ ਇੱਕ ਹੈ ਇਤਿਹਾਸ, -ਜ਼ਮੀਨੀ-ਸਿਆਸਤ ਅਤੇ ਧਰਤੀ ਨਾਲ ਜੁੜੀ ਉਸ ਧਾਰਨਾ 'ਤੇ ਟਿਕੀ ਹੈ ਕਿ ਉਸਦੀ ਹੋਂਦ ਹਮੇਸ਼ਾ ਕਮਜ਼ੋਰ ਅਤੇ ਬੇਯਕੀਨੀ ਰਹੀ ਹੈ। 'ਮਾਰਨ ਦਾ ਅਧਿਕਾਰ' ਦੇ ਨਾਲ-ਨਾਲ ਮੈਂ ਬਸਤੀਆਂ ਵਸਾ ਕੇ ਰਾਜ ਕਰਨ ਦੀ ਇਜ਼ਰਾਈਲ ਦੀ ਯੁੱਧਨੀਤੀ 'ਚ ਇੱਕ ਹੋਰ ਸੋਚ ਦੇਖੀ ਹੈ, ਉਹ ਹੈ ਫ਼ਲਸਤੀਨੀ ਆਬਾਦੀ ਨੂੰ ਜ਼ਖ਼ਮ ਦੇਣਾ ਅਤੇ ਉਨ੍ਹਾਂ ਨੂੰ ਹਮੇਸ਼ਾ ਕਮਜ਼ੋਰ ਬਣਾਈ ਰੱਖਣਾ ਤਾਂ ਕਿ ਉਨ੍ਹਾਂ 'ਤੇ ਕੰਟਰੋਲ ਰੱਖਿਆ ਜਾ ਸਕੇ, ਭਾਵੇਂ ਉਹ ਜ਼ਿੰਦਾ ਰਹਿਣ। ਇਜ਼ਰਾਇਲੀ ਸੁਰੱਖਿਆ ਫੌਜਾਂ ਨੇ ਦਹਾਕਿਆ ਤੋਂ ਇਹ ਦਿਖਾਇਆ ਹੈ ਕਿ ਉਹ ਜਾਨ ਲੈਣ ਦੀ ਬਜਾਏ ਅਕਸਰ ਲੋਕਾਂ ਨੂੰ ਅਪੰਗ ਬਣਾਉਣ ਦੇ ਇਰਾਦੇ ਨਾਲ ਗੋਲੀ ਚਲਾਉਂਦੇ ਹਨ।'

7 ਅਕਤੂਬਰ 2023 ਦੀ ਘਟਨਾ ਅਤੇ ਗਾਜ਼ਾ ਵਿਚ ਇਜ਼ਰਾਈਲ ਵੱਲੋਂ ਕੀਤੇ ਜਾ ਰਹੇ ਕਤਲੇਆਮ ਤੋਂ ਕਾਫ਼ੀ ਪਹਿਲਾਂ, 2017 ਵਿਚ, ਪੁਆਰ ਨੇ ਤਰਕ ਦਿੱਤਾ ਸੀ ਕਿ ਜਾਨੋਂ ਮਾਰਨ ਦੀ ਬਜਾਏ ਅਪੰਗ ਬਣਾਉਣ ਦੇ ਇਰਾਦੇ ਨਾਲ ਗੋਲੀ ਚਲਾਉਣਾ ਜਾਨ ਲੈਣ ਦੀ ਨੀਅਤ ਨਾਲ ਗੋਲੀ ਚਲਾਉਣ ਦੀ ਪ੍ਰਵਿਰਤੀ ਨੂੰ ਦੇਖਦੇ ਹੋਏ, ਇੱਕ ਮਾਮੂਲੀ ਰਾਹਤ ਲੱਗ ਸਕਦੀ ਹੈ ਪਰ ਜਾਨ ਲੈਣ ਦੇ ਅਧਿਕਾਰ ਅਤੇ ਅਪੰਗ ਬਣਾਉਣ ਦੇ ਅਧਿਕਾਰ ਵਿਚਕਾਰ ਦਾ ਉਹ ਉਤਰਾਅ-ਚੜ੍ਹਾਅ ਕੋਈ ਬੇਤਰਤੀਬ ਜਾਂ ਮਨਮਾਨਾ ਕੰਮ ਨਹੀਂ ਹੈ ਉਹ ਦੋਵੇਂ ਹੀ ਕਿਸੇ ਆਬਾਦੀ ਨੂੰ ਜਾਣ-ਬੁੱਝ ਕੇ ਕਮਜ਼ੋਰ ਕਰਨ ਦੇ ਹਿੱਸੇ ਹਨ, ਚਾਹੇ ਉਹ ਜਾਨ ਲੈਣ ਦੇ ਆਪਹੁਦਰੇ ਅਧਿਕਾਰ ਰਾਹੀਂ ਹੋਵੇ ਜਾਂ ਉਸਦੇ ਨਾਲ ਜੁੜੇ ਲੁਕਵੇਂ ਅਧਿਕਾਰ ਯਾਨੀ ਅਪੰਗ ਬਣਾਉਣ ਦੇ ਅਧਿਕਾਰ ਰਾਹੀਂ ਅਤੇ ਇਹ ਸੁਰੱਖਿਆ ਦੇ ਨਸਲਵਾਦੀ ਜੈਵ-ਰਾਜਨੀਤਿਕ ਤਰਕ ਦੇ ਅਹਿਮ ਤੱਤ ਹਨ। ਅੱਜ ਗਾਜ਼ਾ ਵਿਚ ਦੁਨੀਆ ਵਿਚੋਂ ਸਭ ਤੋਂ ਵੱਧ ਅਜਿਹੇ ਬੱਚੇ ਹਨ, ਜੋ ਅੰਗ-ਭੰਗ ਦਾ ਸ਼ਿਕਾਰ ਹਨ।

ਪੁਆਰ ਦਾ ਵਿਸ਼ਲੇਸ਼ਣ ਫ਼ਲਸਤੀਨ ਤੋਂ ਅੱਗੇ ਤੱਕ ਜਾਂਦਾ ਹੈ। ਇਹ ਸਾਨੂੰ ਇਹ ਸੋਚਣ ਲਈ ਪ੍ਰੇਰਿਤ ਕਰਦਾ ਹੈ ਕਿ ਕੀ ਆਧੁਨਿਕ ਹੁਕਮਰਾਨ, ਕੰਟਰੋਲ ਦੇ ਤਰੀਕੇ ਦੇ ਸਿਰ 'ਤੇ ਨਾ ਸਿਰਫ਼ ਘਾਤਕ ਤਾਕਤ ਦਾ, ਬਲਕਿ ਜਾਣ-ਬੁੱਝ ਕੇ ਸਥਾਈ ਜ਼ਖ਼ਮ ਦੇਣ ਦਾ ਵੀ ਤੇਜ਼ੀ ਨਾਲ ਸਹਾਰਾ ਲੈ ਰਹੇ ਹਨ।

### ਰਾਜ ਦੀ ਸੱਤਾ ਦੇ ਸਾਧਨ ਦੇ ਤੌਰ 'ਤੇ ਅਪੰਗਤਾ ਦਾ ਇਸਤੇਮਾਲ

ਇਸ ਲਈ ਰਾਜ ਦੀ ਸੱਤਾ ਦੇ ਸਾਧਨ ਵਜੋਂ ਅਪੰਗਤਾ ਦਾ ਇਸਤੇਮਾਲ ਨਾ ਤਾਂ ਨਵਾਂ ਹੈ ਅਤੇ ਨਾ ਹੀ ਕਿਸੇ ਇੱਕ ਮੁਲਕ ਤੱਕ ਸੀਮਿਤ ਹੈ। ਸਾਮਰਾਜਵਾਦੀ ਸੱਤਾ ਨੇ ਕਈ ਪੀੜ੍ਹੀਆਂ ਨੂੰ ਅਪੰਗਤਾ ਨਾਲ ਜੀਣ ਲਈ ਮਜਬੂਰ ਕੀਤਾ ਹੈ। ਵੀਅਤਨਾਮ ਯੁੱਧ ਦੌਰਾਨ ਵਰਤਿਆ ਗਿਆ 'ਏਜੰਟ ਔਰੈਂਜ' ਪੀੜ੍ਹੀਆਂ ਤੱਕ ਜਨਮਜਾਤ ਵਿਗਾੜਾਂ ਅਤੇ ਅਪੰਗਤਾਵਾਂ ਦਾ ਕਾਰਨ ਬਣਿਆ, ਜਦਕਿ ਵੀਅਤਨਾਮ, ਕੰਬੋਡੀਆ, ਅਫ਼ਗਾਨਿਸਤਾਨ ਅਤੇ ਅੰਗੋਲਾ ਵਿਚ ਬਾਰੂਦੀ ਸੁਰੰਗਾਂ ਨੇ ਯੁੱਧ ਖ਼ਤਮ ਹੋਣ ਦੇ ਲੰਮੇ ਸਮੇਂ ਬਾਅਦ ਵੀ ਲੱਖਾਂ ਨਾਗਰਿਕਾਂ ਨੂੰ ਹਮੇਸ਼ਾ ਲਈ ਅਪੰਗ ਬਣਾ ਦਿੱਤਾ। ਇਨ੍ਹਾਂ ਅਤੇ ਹੋਰ ਦੂਸਰੇ ਤਜਰਬਿਆਂ ਦੇ ਸਿੱਟੇ ਵਜੋਂ ਕੌਮਾਂਤਰੀ ਪੱਧਰ 'ਤੇ ਯਤਨ ਹੋਏ, ਜਿਨ੍ਹਾਂ ਦਾ ਸਾਰ ਐਂਟੀ-ਪਰਸਨਲ ਮਾਈਨ ਉੱਪਰ ਪਾਬੰਦੀ ਲਾਏ ਜਾਣ ਦੀ ਕਨਵੈਨਸ਼ਨ ਦੇ ਰੂਪ 'ਚ ਸਾਹਮਣੇ ਆਇਆ।

ਇਹ ਕਨਵੈਨਸ਼ਨ ਇਸ ਗੱਲ ਨੂੰ ਮਾਨਤਾ ਦਿੰਦੀ ਹੈ ਕਿ ਅਜਿਹੇ ਹਥਿਆਰ ਜਿਨ੍ਹਾਂ ਦਾ ਸੰਭਵ ਤੌਰ 'ਤੇ ਨਤੀਜਾ ਵੱਡੇ ਪੱਧਰ 'ਤੇ ਅਪੰਗਤਾ ਪੈਦਾ ਕਰਨਾ ਹੈ, ਮਨੁੱਖੀ ਸਿਧਾਂਤਾਂ ਦੇ ਮੁੱਢਲੇ ਤੌਰ 'ਤੇ ਉਲਟ ਹਨ। ਇਹ ਵੱਖਰੀ ਗੱਲ ਹੈ ਕਿ ਭਾਰਤ ਸਮੇਤ ਕਈ ਮੁੱਖ ਮੁਲਕਾਂ ਨੇ ਅਜੇ ਤੱਕ ਇਸ ਕਨਵੈਨਸ਼ਨ 'ਤੇ ਦਸਤਖ਼ਤ ਨਹੀਂ ਕੀਤੇ ਹਨ।

ਖ਼ੈਰ, ਜੋ ਗੱਲ ਅੱਜ ਸਭ ਤੋਂ ਜ਼ਿਆਦਾ ਚਿੰਤਾਜਨਕ ਹੈ, ਉਹ ਹੈ ਪੁਲੀਸਿੰਗ ਅਤੇ ਸੁਰੱਖਿਆ ਦੇ ਅਜਿਹੇ ਤੌਰ ਤਰੀਕਿਆਂ ਦਾ ਸਾਹਮਣੇ ਆਉਣਾ, ਜਿਨ੍ਹਾਂ 'ਚ ਹਮੇਸ਼ਾ ਲਈ ਅਪੰਗ ਹੋ ਜਾਣਾ ਸਿਰਫ਼ ਅਣਜਾਣੇ ਵਿਚ ਹੋਇਆ ਨੁਕਸਾਨ ਨਹੀਂ, ਸਗੋਂ ਰਾਜ ਦੀ ਕਾਰਵਾਈ ਦਾ ਪ੍ਰਵਾਨਿਤ ਅਤੇ ਕਈ ਵਾਰ ਸਾਫ਼ ਤੌਰ 'ਤੇ ਜਾਣ-ਬੁੱਝ ਕੇ ਕੀਤਾ ਗਿਆ ਨਤੀਜਾ ਹੁੰਦਾ ਹੈ। ਗਾਜ਼ਾ ਵਿਚ 'ਗਰੇਟ ਮਾਰਚ ਆਫ ਰਿਟਰਨ ਇਨ ਗਾਜ਼ਾ' ਦੌਰਾਨ, ਇਜ਼ਰਾਇਲੀ ਫ਼ੌਜਾਂ ਦੀ ਗੋਲੀਬਾਰੀ ਵਿਚ ਹਜ਼ਾਰਾਂ ਪ੍ਰਦਰਸ਼ਨਕਾਰੀਆਂ ਨੂੰ ਗੰਭੀਰ ਸੱਟਾਂ ਲੱਗੀਆਂ, ਉਨ੍ਹਾਂ ਦੇ ਅੰਗ-ਭੰਗ ਹੋਏ, ਅਤੇ ਉਹ ਹਮੇਸ਼ਾ ਲਈ ਅਪੰਗ ਹੋ ਗਏ। ਇਹ ਸਿਲਸਿਲਾ ਇੱਥੇ ਹਾਲ ਹੀ ਵਿਚ ਹੋਏ ਕਤਲੇਆਮ ਦੌਰਾਨ ਵੀ ਜਾਰੀ ਰਿਹਾ।

### ਅਪੰਗਤਾ: ਸਵੀਕਾਰਨ ਯੋਗ ਮੰਨੀ ਗਈ ਸਜ਼ਾ

ਭਾਰਤ ਵਿਚ, ਕਸ਼ਮੀਰ 'ਚ ਪੈਲੇਟ ਫਾਇਰਿੰਗ ਸ਼ਾਟਗਨ ਦੀ ਵਰਤੋਂ ਨਾਲ ਹਜ਼ਾਰਾਂ ਲੋਕ ਅੰਨ੍ਹੇ ਹੋ ਗਏ ਹਨ, ਉੱਥੇ ਉੱਤਰ ਪ੍ਰਦੇਸ਼ ਦੇ ਓਪਰੇਸ਼ਨ ਲੰਗੜਾ ਨੇ ਸ਼ੱਕੀ ਵਿਅਕਤੀਆਂ ਦੀਆਂ ਲੱਤਾਂ ਵਿਚ ਗੋਲੀ ਮਾਰਨ ਨੂੰ ਆਮ ਗੱਲ ਬਣਾ ਦਿੱਤਾ ਹੈ, ਜਿਸ ਕਾਰਨ ਹਜ਼ਾਰਾਂ ਲੋਕ ਅਪੰਗ ਹੋ ਗਏ ਹਨ। ਉੱਤਰ ਪ੍ਰਦੇਸ਼ ਪੁਲਿਸ ਦੇ ਅਨੁਸਾਰ 2017 ਤੋਂ ਹੁਣ ਤੱਕ 14,973 ਮੁਕਾਬਲੇ ਹੋਏ ਹਨ, ਜਿਨ੍ਹਾਂ ਵਿਚ 2238 ਅਖੌਤੀ ਅਪਰਾਧੀ ਮਾਰੇ ਗਏ ਅਤੇ 9,467 ਦੀਆਂ ਲੱਤਾਂ ਵਿਚ ਗੋਲੀ ਲੱਗੀ ਹੈ।

ਹਾਲਾਂਕਿ ਇਹ ਪ੍ਰਸੰਗ ਸਿਆਸੀ ਅਤੇ ਕਾਨੂੰਨੀ ਤੌਰ 'ਤੇ ਵੱਖ-ਵੱਖ ਹਨ। ਪਰ ਇਨ੍ਹਾਂ ਵਿਚ ਇੱਕ ਚਿੰਤਾਜਨਕ ਸਮਾਨਤਾ ਨਜ਼ਰ ਆਉਂਦੀ ਹੈ - ਕੰਟਰੋਲ ਬਣਾਉਣ ਦੀ ਸਜ਼ਾ ਨੂੰ ਡਰਾਉਣ-ਧਮਕਾਉਣ ਅਤੇ ਸਮਾਜਿਕ ਕੰਟਰੋਲ ਦੇ ਇੱਕ ਪ੍ਰਵਾਨਤ ਤਰੀਕੇ ਵਜੋਂ ਜ਼ਿਆਦਾ ਦੇਖਿਆ ਜਾਣ ਲੱਗਾ ਹੈ। ਅਫਸੋਸ ਦੀ ਗੱਲ ਹੈ ਕਿ ਨਿਆਂਪਾਲਿਕਾ ਦੇ ਕੁਝ ਹਿੱਸਿਆਂ ਵਿਚ ਵੀ ਇਸਨੂੰ ਸਵੀਕਾਰ ਕੀਤਾ ਜਾਂਦਾ ਹੈ। ਹਾਲ ਹੀ ਵਿਚ, ਕਰਨਾਟਕ ਹਾਈ ਕੋਰਟ ਦੇ ਜਸਟਿਸ ਆਰ. ਨਟਰਾਜ ਨੇ ਕਥਿਤ ਤੌਰ 'ਤੇ ਕਿਹਾ ਹੈ ਕਿ ਲੋਕਾਂ ਤੋਂ ਕਾਨੂੰਨ ਦੀ ਪਾਲਣਾ ਕਰਵਾਉਣ ਦਾ ਇੱਕੋ-ਇੱਕ ਤਰੀਕਾ, ਹੱਥ ਜਾਂ ਪੈਰ ਕੱਟਣਾ ਹੋ ਸਕਦਾ ਹੈ।

### ਅਪੰਗ ਬਣਾਉਣ ਵਾਲੇ ਹਥਿਆਰਾਂ ਦਾ ਇਸਤੇਮਾਲ

ਇਸੇ ਪ੍ਰਸੰਗ 'ਚ 20 ਜੁਲਾਈ ਦੀਆਂ ਘਟਨਾਵਾਂ ਬਹੁਤ ਮਹੱਤਵਪੂਰਨ ਹੋ ਜਾਂਦੀਆਂ ਹਨ। ਇਹ ਸਾਨੂੰ ਇੱਕ ਅਜਿਹੇ ਸਵਾਲ ਬਾਰੇ ਸੋਚਣ ਲਈ ਮਜਬੂਰ ਕਰਦੀਆਂ ਹਨ, ਜੋ ਜਨਤਕ ਬਹਿਸ ਤੋਂ ਗਾਇਬ ਹੈ। ਭਾਰਤ ਵਿਚ ਪੈਲੇਟ ਗੰਨ ਦੇ ਇਸਤੇਮਾਲ ਦੇ ਬਾਵਜੂਦ ਜਦ ਸਰਕਾਰ ਅਜਿਹੇ ਹਥਿਆਰਾਂ ਦੀ ਵਰਤੋਂ ਕਰਦੀ ਹੈ, ਜਿਨ੍ਹਾਂ ਨਾਲ ਸਥਾਈ ਤੌਰ 'ਤੇ ਅਪੰਗ ਹੋਣ ਦਾ ਖ਼ਦਸ਼ਾ ਹੁੰਦਾ ਹੈ, ਤਾਂ ਇਸ ਦਾ ਕੀ ਮਤਲਬ ਹੈ? 'ਨੈਸ਼ਨਲ ਪਲੈਟਫਾਰਮ ਫਾਰ ਦ ਰਾਈਟਸ ਆਫ ਦ ਡਿਸਏਬਲਡ' ਯਾਨੀ (ਅਪਾਹਜਾਂ ਦੇ ਅਧਿਕਾਰ ਲਈ ਕੌਮੀ ਮੰਚ) ਨੇ 447 ਤੋਂ ਵੱਧ ਵਿਕਲਾਂਗਤਾ ਅਧਿਕਾਰ ਸੰਗਠਨਾਂ, ਕਾਰਕੁਨਾਂ, ਜਨਤਕ ਸਿਹਤ ਮਾਹਿਰਾਂ ਅਤੇ ਅਕਾਦਮਿਕਾਂ ਦੁਆਰਾ ਤਜਵੀਜ਼ਤ ਇੱਕ ਬਿਆਨ ਵਿਚ, ਪੈਲੇਟ ਗੰਨ ਅਤੇ ਇਲੈਕਟ੍ਰਿਕ ਸ਼ਾਕ ਬੈਟਨ ਦੇ ਇਸਤੇਮਾਲ ਦੀ ਸਪਸ਼ਟ ਤੌਰ 'ਤੇ ਨਿੰਦਾ ਕੀਤੀ ਹੈ। ਉਨ੍ਹਾਂ ਦਾ ਇਹ ਕਦਮ ਇਸ ਲਈ ਅਹਿਮ ਹੈ, ਕਿਉਂਕਿ ਇਹ ਬਹਿਸ ਨੂੰ ਲੋੜ ਤੋਂ ਵੱਧ ਤਾਕਤ ਵਰਤਣ ਅਤੇ ਨਾਗਰਿਕ ਆਜ਼ਾਦੀ ਦੇ ਅਧਿਕਾਰ ਦੇ ਮੁੱਦੇ ਨੂੰ ਸਾਹਮਣੇ ਲਿਆਉਂਦਾ ਹੈ।

ਭਾਰਤ ਦਾ 'ਵਿਕਲਾਂਗ ਅਧਿਕਾਰ ਅਧਿਨਿਯਮ, 2016 ਅਤੇ 'ਵਿਕਲਾਂਗਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਕਨਵੈਨਸ਼ਨ (ਯੂ.ਐੱਨ.ਸੀ.ਆਰ.ਪੀ.ਡੀ.) ਜਿਸ ਦਾ ਭਾਰਤ ਮੈਂਬਰ ਮੁਲਕ ਹੈ - ਅਪਾਹਜਾਂ ਨੂੰ ਅਧਿਕਾਰ, ਸਮਾਨਤਾ ਅਤੇ ਸਨਮਾਨ ਦੇ ਸਵਾਲ ਦੇ ਰੂਪ ਵਿਚ ਮਾਨਤਾ ਦੇਣ ਦੇ ਨਜ਼ਰੀਏ ਨਾਲ ਦੇਖਦੇ ਹਨ। ਇਹ ਕਾਨੂੰਨ ਸਰਕਾਰਾਂ ਤੋਂ ਉਮੀਦ ਕਰਦੇ ਹਨ ਕਿ ਅਪੰਗਤਾ ਰੋਕਣ ਦੇ ਨਾਲ-ਨਾਲ ਰੁਕਾਵਟਾਂ ਨੂੰ ਦੂਰ ਕਰਨ, ਭੇਦਭਾਵ ਵਿਰੁੱਧ ਲੜਨ ਅਤੇ ਵਿਕਲਾਂਗਾਂ ਦੀ ਪੂਰੀ ਹਿੱਸੇਦਾਰੀ ਨੂੰ ਉਤਸ਼ਾਹਿਤ ਕਰਨ।

### ਰਾਜ: ਅਪੰਗਤਾ ਪੈਦਾ ਕਰਨ ਵਾਲਾ ਸਰਗਰਮ ਕਾਰਕ

ਪੈਲੇਟ ਗੰਨ ਦਾ ਇਸਤੇਮਾਲ ਇਨ੍ਹਾਂ ਵਿਵਾਦਾਂ ਦੇ ਮੁੱਢ ਵਿਚ ਮੌਜੂਦ ਡੂੰਘੀ ਵਿਰੋਧਤਾਈ ਨੂੰ ਉਜਾਗਰ ਕਰਦਾ ਹੈ। ਉਨ੍ਹਾਂ ਰੁਕਾਵਟਾਂ ਨੂੰ ਦੂਰ ਕਰਨ ਦੀ ਬਜਾਏ, ਜੋ ਲੋਕਾਂ ਨੂੰ ਅਪੰਗ ਬਣਾ ਦਿੰਦੀਆਂ ਹਨ, ਰਾਜ ਖੁਦ ਅਪੰਗਤਾ ਪੈਦਾ ਕਰਨ ਵਾਲਾ ਸਰਗਰਮ ਕਾਰਕ ਬਣ ਜਾਂਦਾ ਹੈ।

ਛਰਿਆਂ ਨਾਲ ਹੋਣ ਵਾਲਾ ਹਰ ਅੰਨ੍ਹਾਪਣ, ਖ਼ਰਾਬ ਰੈਟਿਨਾ, ਚਿਹਰੇ 'ਤੇ ਕਦੇ ਨਾ ਸਾਫ਼ ਹੋਣ ਵਾਲੇ ਦਾਗ ਜਾਂ ਤੰਤੂ ਪ੍ਰਣਾਲੀ ਦੇ ਨੁਕਸਾਨ - ਭੀੜ ਤੰਤਰ ਦਾ ਮਹਿਜ਼ ਇੱਕ ਮੰਦਭਾਗਾ ਨਤੀਜਾ ਨਹੀਂ ਹੈ, ਸਗੋਂ ਇਹ ਉਸ ਹਥਿਆਰ ਦੇ ਇਸਤੇਮਾਲ ਦਾ ਅਨੁਮਾਨਿਤ ਨਤੀਜਾ ਹੈ, ਜਿਸ ਦੇ ਪ੍ਰਭਾਵਾਂ ਦਾ ਦਸਤਾਵੇਜ਼ੀਕਰਨ ਇੱਕ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਕੀਤਾ ਜਾ ਰਿਹਾ ਹੈ। ਹਮਲਾਵਰ ਸੱਟਾਂ ਦੇ ਉਲਟ, ਸੱਤਾ ਉਸ ਹਥਿਆਰ ਦੀ ਸੁਚੇਤ ਵਰਤੋਂ ਦੇ ਨਤੀਜੇ ਵਜੋਂ ਲੱਗਦੀਆਂ ਹਨ, ਜਿਨ੍ਹਾਂ ਬਾਰੇ ਇਹ ਪਤਾ ਹੈ ਕਿ ਇਸ ਨਾਲ ਅਪੰਗ ਹੋਣ ਦਾ ਕਾਫੀ ਖ਼ਤਰਾ ਹੈ।

ਸਰਕਾਰੀ ਨੀਤੀਆਂ ਵਿਚ ਟੀਕਾਕਰਨ, ਕੰਮਕਾਜ ਵਾਲੀ ਥਾਂ 'ਤੇ ਸੁਰੱਖਿਆ, ਸੜਕ ਸੁਰੱਖਿਆ ਅਤੇ ਜਨ ਸਿਹਤ ਲਈ ਅਜਿਹੀ ਅਪੰਗਤਾ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ ਹੈ, ਜਿਸਨੂੰ ਟਾਲਿਆ ਜਾ ਸਕਦਾ ਹੈ। ਪੈਲੇਟ ਇਸਦੇ ਠੀਕ ਉਲਟ ਸਿਧਾਂਤ 'ਤੇ ਕੰਮ ਕਰਦੀ ਹੈ। ਇਸ ਵਿਚ ਸਰਕਾਰ ਜਾਣ-ਬੁੱਝ ਕੇ ਅਜਿਹੇ ਹਥਿਆਰ ਦਾ ਇਸਤੇਮਾਲ ਕਰਦੀ ਹੈ, ਜਿਸਦੀ ਮੁੱਖ ਵਿਸ਼ੇਸ਼ਤਾ ਹੀ ਅਜਿਹੀ ਸੱਟ ਮਾਰਨਾ ਹੈ, ਜਿਸ ਨਾਲ ਹੋਣ ਵਾਲੀ ਅਪੰਗਤਾ ਨੂੰ ਠੀਕ ਨਹੀਂ ਕੀਤਾ ਜਾ ਸਕਦਾ।

ਇਸ ਲਈ ਹੁਣ ਸਵਾਲ ਇਹ ਨਹੀਂ ਹੈ ਕਿ ਦਿੱਲੀ ਵਿਚ ਕਿਸੇ ਖ਼ਾਸ ਦਿਨ ਲੋੜ ਤੋਂ ਜ਼ਿਆਦਾ ਪੁਲਿਸ ਤਾਕਤ ਦੀ ਵਰਤੋਂ ਕੀਤੀ ਗਈ ਸੀ ਜਾਂ ਨਹੀਂ। ਸਵਾਲ ਇਹ ਹੈ ਕਿ ਕੀ ਸਮਾਨਤਾ, ਸਨਮਾਨ ਅਤੇ ਸਭ ਨੂੰ ਨਾਲ ਲੈ ਕੇ ਚੱਲਣ ਦੀ ਵਚਨਬੱਧਤਾ ਵਾਲੇ ਸੰਵਿਧਾਨਕ ਲੋਕਤੰਤਰ ਵਿਚ ਪੁਲਿਸਿੰਗ ਦੇ ਅਜਿਹੇ ਤਰੀਕਿਆਂ ਨੂੰ ਜਾਇਜ਼ ਮੰਨਿਆ ਜਾ ਸਕਦਾ ਹੈ, ਜਿਨ੍ਹਾਂ ਨਾਲ ਅਪੰਗਤਾ ਪੈਦਾ ਹੋਣ ਦਾ ਡਰ ਹੋਵੇ।

### ਸੰਵਿਧਾਨਕ ਵਿਰੋਧਤਾਈ

ਸੰਵਿਧਾਨ ਦੇ ਨਜ਼ਰੀਏ ਤੋਂ ਦੇਖਿਆਂ ਇਹ ਵਿਰੋਧਤਾਈ ਹੋਰ ਵੀ ਡੂੰਘੀ ਹੋ ਜਾਂਦੀ ਹੈ। ਆਰਟੀਕਲ 21 ਨਾ ਸਿਰਫ਼ ਜ਼ਿੰਦਗੀ ਦੇ ਅਧਿਕਾਰ ਦੀ ਗਾਰੰਟੀ ਦਿੰਦਾ ਹੈ, ਸਗੋਂ ਸਨਮਾਨ ਨਾਲ ਜੀਊਣ ਦੇ ਅਧਿਕਾਰ



ਦੀ ਵੀ ਗਾਰੰਟੀ ਦਿੰਦਾ ਹੈ। ਆਰਟੀਕਲ 14 ਅਤੇ 19 ਕਾਨੂੰਨ ਦੇ ਸਾਹਮਣੇ ਸਮਾਨਤਾ, ਪ੍ਰਗਟਾਵੇ ਅਤੇ ਸ਼ਾਂਤਮਈ ਇਕੱਠ ਦੀ ਆਜ਼ਾਦੀ ਦੀ ਰੱਖਿਆ ਕਰਦੇ ਹਨ। ਇਹ ਗਾਰੰਟੀਆਂ ਮੁਅੱਤਲ ਨਹੀਂ ਹਨ, ਕਿਉਂਕਿ ਨਾਗਰਿਕ ਇਸਦਾ ਵਿਰੋਧ ਕਰਨਗੇ ਜਦਕਿ ਰਾਜ ਕੋਲ ਜਨਤਕ ਵਿਵਸਥਾ ਕਾਇਮ ਰੱਖਣ ਦਾ ਅਧਿਕਾਰ ਅਤੇ ਜ਼ਿੰਮੇਵਾਰੀ ਦੋਵੇਂ ਹਨ। ਸੰਵਿਧਾਨਕ ਸ਼ਾਸਨ ਦੀ ਮੰਗ ਹੈ ਕਿ ਤਾਕਤ ਦੀ ਕੋਈ ਵੀ ਵਰਤੋਂ ਵਾਜਬੀਅਤ, ਲੋੜ ਅਤੇ ਅਨੁਪਾਤਕਤਾ ਦੀਆਂ ਕਸੌਟੀਆਂ 'ਤੇ ਖ਼ਰੀ ਉਤਰੇ। ਪੁਲਿਸ ਦੀ ਵਰਤੋਂ ਹਮੇਸ਼ਾ ਘੱਟ ਤੋਂ ਘੱਟ ਨੁਕਸਾਨ ਪਹੁੰਚਾਉਣ ਵਾਲੇ ਤਰੀਕੇ ਨਾਲ ਹੀ ਕੀਤੀ ਜਾਣੀ ਚਾਹੀਦੀ ਹੈ। ਅਜਿਹੇ ਹਥਿਆਰ, ਜਿਨ੍ਹਾਂ ਨਾਲ ਹਮੇਸ਼ਾ ਲਈ ਅੰਨ੍ਹਾਪਣ ਜਾਂ ਤਾਉਮਰ ਦੀ ਅਪੰਗਤਾ ਹੋਣ ਦੀ ਸ਼ੰਕਾ ਹੋਵੇ, ਉਹ ਇਸ ਸੰਵਿਧਾਨਕ ਢਾਂਚੇ ਦੇ ਹਿਸਾਬ ਨਾਲ ਠੀਕ ਨਹੀਂ ਬੈਠਦਾ।

ਇਹ ਵਿਰੋਧਤਾਈ ਘਰੇਲੂ ਕਾਨੂੰਨ ਤੋਂ ਵੀ ਅੱਗੇ ਤੱਕ ਫੈਲੀ ਹੋਈ ਹੈ। ਯੂ.ਐੱਨ.ਸੀ.ਪੀ. ਆਰ.ਡੀ. ਦੀ ਤਾਈਦ ਕਰਕੇ, ਭਾਰਤ ਨੇ ਅਪਾਹਜਾਂ ਲਈ ਸਨਮਾਨ, ਬਰਾਬਰੀ ਨੂੰ ਉਤਸ਼ਾਹਿਤ ਕਰਨ ਦਾ ਵਾਅਦਾ ਕੀਤਾ ਹੈ। ਕੰਟਰੋਲ ਅਧਿਕਾਰ ਅਧਿਨਿਯਮ, 2016 ਇਨ੍ਹਾਂ ਵਚਨਬੱਧਤਾਵਾਂ ਦਾ ਪ੍ਰਤੀਕ ਹੈ। ਫਿਰ ਵੀ ਇਹ ਵਾਅਦੇ ਖੋਖਲੇ ਸਾਬਤ ਹੋ ਰਹੇ ਹਨ। ਜੇ ਉਹ ਹੀ ਰਾਜ ਅਜਿਹੇ ਹਥਿਆਰਾਂ ਨੂੰ ਬਰਕਰਾਰ ਰੱਖਦਾ ਹੈ ਅਤੇ ਤਾਇਨਾਤ ਕਰਦਾ ਹੈ, ਜਿਸ ਦਾ ਅਨੁਮਾਨਤ ਨਤੀਜਾ ਨਵੀਂ ਅਪੰਗਤਾ ਪੈਦਾ ਕਰਨਾ ਹੁੰਦਾ ਹੈ ਤਾਂ ਇਹ ਮਹਿਜ਼ ਇਕ ਨੀਤੀਗਤ ਕੁਜੋੜਤਾ ਨਹੀਂ ਹੈ, ਇਹ ਸੰਵਿਧਾਨਕ ਵਿਰੋਧਤਾਈ ਹੈ।

### ਉਹ ਸਬਕ, ਜੋ ਅਸੀਂ ਸਿੱਖਣਾ ਨਹੀਂ ਚਾਹੁੰਦੇ

ਭਾਰਤ ਵਿਚ ਪੈਲੇਟ ਫਾਇਰ ਕਰਨ ਵਾਲੀਆਂ ਸ਼ਾਟ ਗੰਨਾਂ ਦੀ ਵਰਤੋਂ ਕਸ਼ਮੀਰ ਘਾਟੀ ਵਿਚ 2010 ਦੇ ਵਿਰੋਧ-ਪ੍ਰਦਰਸ਼ਨਾਂ ਤੋਂ ਬਾਅਦ ਸ਼ੁਰੂ ਹੋਈ। ਇਨ੍ਹਾਂ ਨੂੰ ਅਸਲੀ ਗੋਲੀਆਂ ਦੇ 'ਗ਼ੈਰ-ਘਾਤਕ' ਬਦਲ ਵਜੋਂ ਪੇਸ਼ ਕੀਤਾ ਗਿਆ ਅਤੇ ਭੀੜ ਨੂੰ ਕਾਬੂ ਕਰਨ ਦਾ ਵਧੇਰੇ ਮਨੁੱਖੀ ਤਰੀਕਾ ਦੱਸਿਆ ਗਿਆ। ਇਨ੍ਹਾਂ ਦੇ ਬੇਹੱਦ ਭਿਆਨਕ ਨਤੀਜਿਆਂ ਅਤੇ ਇਨ੍ਹਾਂ ਉੱਤੇ ਪਾਬੰਦੀ ਲਾਉਣ ਦੀਆਂ ਮੰਗਾਂ ਦੇ ਬਾਵਜੂਦ, ਇਨ੍ਹਾਂ ਦੀ ਵਾਰ-ਵਾਰ ਵਰਤੋਂ ਕੀਤੀ ਗਈ।

ਛੇਤੀ ਹੀ ਪੂਰੀ ਘਾਟੀ ਦੇ ਹਸਪਤਾਲਾਂ ਵਿਚ ਅੱਖਾਂ ਦੀਆਂ ਗੰਭੀਰ ਸੱਟਾਂ ਦੇ ਸੈਂਕੜੇ ਮਾਮਲੇ ਦਰਜ ਹੋਣ ਲੱਗੇ। ਸ੍ਰੀਨਗਰ ਦੇ ਸ੍ਰੀ ਮਹਾਰਾਜਾ ਹਰੀ ਸਿੰਘ ਹਸਪਤਾਲ ਦੇ ਅੱਖਾਂ ਦੇ ਮਾਹਿਰਾਂ ਨੇ ਅੱਖਾਂ ਦੇ ਡੇਲੇ ਫਟਣ, ਰੈਟਿਨਾ ਦੇ ਵੱਖ ਹੋ ਜਾਣ, ਦ੍ਰਿਸ਼ਟੀ ਤੰਤੂ ਨੂੰ ਨੁਕਸਾਨ ਪਹੁੰਚਣ ਅਤੇ ਕੌਰਨੀਆ ਦੇ ਬੁਰੀ ਤਰ੍ਹਾਂ ਨੁਕਸਾਨੇ ਜਾਣ ਵਰਗੇ ਮਾਮਲੇ ਦਰਜ ਕੀਤੇ; ਅਜਿਹੀਆਂ ਸੱਟਾਂ ਆਧੁਨਿਕ ਨੇਤਰ-ਚਿਕਿਤਸਾ ਦੇ ਦੌਰ ਵਿਚ ਸ਼ਾਇਦ ਹੀ ਕਦੇ ਦੇਖੀਆਂ ਗਈਆਂ ਹੋਣ। ਬਹੁਤ ਸਾਰੇ ਪੀੜਤਾਂ ਦੀਆਂ ਵਾਰ-ਵਾਰ ਸਰਜਰੀਆਂ ਕਰਨੀਆਂ ਪਈਆਂ। ਜਨਵਰੀ 2018 ਵਿਚ ਜੰਮੂ-ਕਸ਼ਮੀਰ ਦੀ ਤਤਕਾਲੀ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਰਾਜ ਵਿਧਾਨ ਸਭਾ ਵਿਚ ਦੱਸਿਆ ਕਿ 8 ਜੁਲਾਈ 2016 ਤੋਂ 27 ਫਰਵਰੀ 2017 ਦਰਮਿਆਨ ਕਸ਼ਮੀਰ ਵਿਚ ਪੈਲੇਟ ਗੰਨਾਂ ਨਾਲ 6,221 ਲੋਕ ਜ਼ਖ਼ਮੀ ਹੋਏ ਸਨ। ਇਨ੍ਹਾਂ ਵਿਚੋਂ 728 ਲੋਕਾਂ ਦੀਆਂ ਅੱਖਾਂ ਉੱਤੇ ਸੱਟਾਂ ਲੱਗੀਆਂ ਅਤੇ 54 ਲੋਕ ਪੈਲੇਟਾਂ ਦੀਆਂ ਸੱਟਾਂ ਕਾਰਨ ਕਿਸੇ ਨਾ ਕਿਸੇ ਕਿਸਮ ਦੀ ਦ੍ਰਿਸ਼ਟੀ-ਸਬੰਧੀ ਅਪੰਗਤਾ ਦਾ ਸ਼ਿਕਾਰ ਹੋਏ।

ਪੈਲੇਟ ਗੰਨਾਂ ਨਾਲ ਲੱਗੀਆਂ ਸੱਟਾਂ ਦੇ ਹਰੇਕ ਅੰਕੜੇ ਪਿੱਛੇ ਇੱਕ ਅਜਿਹੀ ਜ਼ਿੰਦਗੀ ਲੁਕੀ ਹੋਈ ਹੈ, ਜਿਹੜੀ ਹਮੇਸ਼ਾ ਲਈ ਬਦਲ ਗਈ। ਜੁਲਾਈ 2016 ਵਿਚ ਸ਼ੋਪੀਆਂ ਦੀ ਰਹਿਣ ਵਾਲੀ ਚੌਦਾਂ ਸਾਲਾ ਇੰਸ਼ਾ ਮੁਸ਼ਤਾਕ ਆਪਣੇ ਘਰ ਦੀ ਖਿੜਕੀ ਵਿਚੋਂ ਬਾਹਰ ਹੋ ਰਿਹਾ ਵਿਰੋਧ-ਪ੍ਰਦਰਸ਼ਨ ਦੇਖ ਰਹੀ ਸੀ। ਪੈਲੇਟਾਂ ਦੀ ਵਾਛੜ ਨੇ ਖਿੜਕੀ ਦਾ ਸ਼ੀਸ਼ਾ ਤੋੜ ਦਿੱਤਾ ਅਤੇ ਉਸ ਦੀਆਂ ਦੋਵਾਂ ਅੱਖਾਂ ਵਿਚ ਜਾ ਵੱਜਾ, ਜਿਸ ਕਾਰਨ ਉਹ ਹਮੇਸ਼ਾ ਲਈ ਅੰਨ੍ਹੀ ਹੋ ਗਈ। ਡਾਕਟਰ ਬਣਨ ਦਾ ਸੁਪਨਾ ਦੇਖਣ ਵਾਲੀ ਹੋਣਹਾਰ ਵਿਦਿਆਰਥਣ ਇੰਸ਼ਾ ਨੂੰ ਅਚਾਨਕ ਸਕੂਲ ਛੱਡਣਾ ਪਿਆ, ਬ੍ਰੇਲ ਅਤੇ ਲਗਾਤਾਰ ਸਹਾਇਤਾ ਰਾਹੀਂ ਰੋਜ਼ਮਰ੍ਹਾ ਦੇ ਕੰਮ ਮੁੜ ਸਿੱਖਣੇ ਪਏ ਅਤੇ ਅਜਿਹੇ ਭਵਿੱਖ ਨੂੰ ਅਪਣਾਉਣਾ ਪਿਆ, ਜਿਸ ਦੀ ਉਸ ਨੇ ਕਦੇ ਚੋਣ ਨਹੀਂ ਕੀਤੀ ਸੀ। ਦਸ ਸਾਲਾਂ ਦੀ ਲੰਮੀ ਉਡੀਕ ਤੋਂ ਬਾਅਦ ਇੰਸ਼ਾ ਮੁਸ਼ਤਾਕ ਨੂੰ ਹਾਲ ਹੀ ਵਿਚ 41.16 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਗਿਆ ਹੈ।

### ਪੈਲੇਟ ਕਿਸੇ ਵਿਚ ਫ਼ਰਕ ਨਹੀਂ ਕਰਦੇ

ਆਮ ਗੋਲੀ ਦੇ ਉਲਟ, ਪੈਲੇਟ ਕਾਰਤੂਸ ਵਿਚੋਂ ਧਾਤ ਦੇ ਸੈਂਕੜੇ ਛੋਟੇ ਟੁਕੜੇ ਨਿਕਲਦੇ ਹਨ, ਜਿਹੜੇ ਵੱਡੇ ਇਲਾਕੇ ਵਿਚ ਬੇਤਰਤੀਬ ਢੰਗ ਨਾਲ ਫੈਲ ਜਾਂਦੇ ਹਨ। ਇੱਕ ਵਾਰ ਫਾਇਰ ਕੀਤੇ ਜਾਣ ਤੋਂ ਬਾਅਦ ਨਾ ਤਾਂ ਗੋਲੀ ਚਲਾਉਣ ਵਾਲਾ ਅਤੇ ਨਾ ਹੀ ਕਮਾਂਡਿੰਗ ਅਫ਼ਸਰ ਇਹ ਤੈਅ ਕਰ ਸਕਦਾ ਹੈ ਕਿ ਕਿਹੜਾ ਪੈਲੇਟ ਕਿਸ ਵਿਅਕਤੀ ਨੂੰ ਜਾਂ ਉਸ ਦੇ ਸਰੀਰ ਦੇ ਕਿਹੜੇ ਹਿੱਸੇ ਉੱਤੇ ਲੱਗੇਗਾ। ਇਹ ਹਥਿਆਰ ਪ੍ਰਦਰਸ਼ਨਕਾਰੀ ਅਤੇ ਰਾਹਗੀਰ, ਬਾਲਗ ਅਤੇ ਬੱਚੇ ਜਾਂ ਮੋਢੇ ਅਤੇ ਅੱਖ ਵਿਚ ਕੋਈ ਫ਼ਰਕ ਨਹੀਂ ਕਰ ਸਕਦਾ। ਮੁਸ਼ਤਾਕ ਵੀ ਅਜਿਹੇ ਪੀੜਤਾਂ ਵਿਚੋਂ ਇੱਕ ਸੀ।

ਅਠਾਰਾਂ ਮਹੀਨਿਆਂ ਦੀ ਹਿਬਾ ਨਿਸਾਰ ਦੀ ਕਹਾਣੀ ਵੱਖਰੀ ਹੈ। 23 ਨਵੰਬਰ 2018 ਨੂੰ ਉਹ ਕਸ਼ਮੀਰ ਦੇ ਸ਼ੋਪੀਆਂ ਜ਼ਿਲ੍ਹੇ ਦੇ ਕਪਰਾਨ ਵਿਚ ਆਪਣੇ ਘਰ ਅੰਦਰ ਸੀ। 'ਨਿਊਜ਼ਕਲਿੱਕ' ਦੀ ਰਿਪੋਰਟ ਅਨੁਸਾਰ, 'ਬੱਚੀ ਆਪਣੀ ਮਾਂ ਦੀ ਗੋਦ ਵਿਚ ਸੀ, ਜਦੋਂ ਸੜਕ ਉੱਤੇ ਪ੍ਰਦਰਸ਼ਨਕਾਰੀਆਂ ਨੂੰ ਹਟਾਉਣ ਲਈ ਛੱਡੇ ਗਏ ਅੱਥਰੂ ਗੈਸ ਦੇ ਗੋਲਿਆਂ ਦਾ ਧੂੰਆਂ ਉਨ੍ਹਾਂ ਦੇ ਘਰ ਅੰਦਰ ਭਰ ਗਿਆ, ਜਿਸ ਕਾਰਨ ਘਰ ਅੰਦਰ ਰਹਿਣਾ ਮੁਸ਼ਕਲ ਹੋ ਗਿਆ। ਉਸ ਦੀ 32 ਸਾਲਾ ਮਾਂ ਮਾਰਸਾਲਾ ਨੇ ਬੱਚੀ ਨੂੰ ਬਾਹਰ ਲਿਜਾਣ ਦੀ ਕੋਸ਼ਿਸ਼ ਕੀਤੀ, ਪਰ ਜਿਉਂ ਹੀ ਉਸ ਨੇ ਦਰਵਾਜ਼ਾ ਖੋਲ੍ਹਿਆ, ਇੱਕ ਫ਼ੌਜੀ ਨੇ ਉਨ੍ਹਾਂ ਵੱਲ ਪੈਲੇਟ ਚਲਾ ਦਿੱਤੇ, ਜਿਸ ਕਾਰਨ ਹਿਬਾ ਦੀ ਸੱਜੀ ਅੱਖ ਜ਼ਖ਼ਮੀ ਹੋ ਗਈ। ਪੈਲੇਟ ਉਸ ਦੀ ਅੱਖ ਨੂੰ ਵਿੰਨ੍ਹਦਾ ਹੋਇਆ ਅੰਦਰ ਡੂੰਘਾਈ ਤੱਕ ਚਲਾ ਗਿਆ ਅਤੇ ਅੱਖ ਦੇ ਉਨ੍ਹਾਂ ਹਿੱਸਿਆਂ ਨੂੰ ਨੁਕਸਾਨ ਪਹੁੰਚਾਇਆ, ਜਿਹੜੇ ਦੇਖਣ ਲਈ ਜ਼ਰੂਰੀ ਹੁੰਦੇ ਹਨ।' ਉਸ ਦੀ ਮਾਂ ਨੇ ਕਿਹਾ ਕਿ ਕਾਸ਼ ਪੈਲੇਟ ਉਸ ਨੂੰ ਲੱਗੇ ਹੁੰਦੇ; ਇਹ ਸੋਚ ਕੇ ਉਸ ਨੂੰ ਦੁੱਖ ਹੋ ਰਿਹਾ ਸੀ ਕਿ ਉਸ ਦੀ ਧੀ ਸਾਰੀ ਜ਼ਿੰਦਗੀ ਅਪੰਗਤਾ ਨਾਲ ਕਿਵੇਂ ਜੀਵੇਗੀ।

ਦਿੱਲੀ ਵਿਚ ਹੋਈ ਕਾਰਵਾਈ ਦੌਰਾਨ ਪੈਲੇਟ ਲੱਗਣ ਕਾਰਨ ਜ਼ਖ਼ਮੀ ਹੋਏ ਪੰਜ ਵਿਅਕਤੀਆਂ ਵਿਚ ਸ਼ਾਮਲ ਸਾਹਿਲ ਲੋਚਬ ਦੀ ਅੱਖ ਦੀ ਰੌਸ਼ਨੀ ਹਮੇਸ਼ਾ ਲਈ ਜਾ ਸਕਦੀ ਹੈ। ਉਸ ਨੇ ਕਿਹਾ, 'ਮੈਨੂੰ ਇਨਸਾਫ਼ ਚਾਹੀਦਾ ਹੈ। ਜਿਸ ਕਿਸੇ ਨੇ ਵੀ ਮੇਰੇ ਨਾਲ ਅਜਿਹਾ ਕੀਤਾ ਹੈ, ਉਸ ਨੂੰ ਸੱਤਾ ਵਿਚ ਰਹਿਣ ਦਾ ਕੋਈ ਹੱਕ ਨਹੀਂ ਹੈ।' ਨੂਤਨ ਟੋਪੋ, ਜਿਸ ਦੇ ਸੱਜੇ ਕੰਨ ਉੱਤੇ ਪੈਲੇਟ ਲੱਗਣ ਕਾਰਨ ਸੱਟ ਲੱਗੀ ਸੀ, ਨੂੰ ਸੁਣਨ ਵਿਚ ਮੁਸ਼ਕਲ ਆ ਰਹੀ ਹੈ।

ਇਹ ਘਟਨਾਵਾਂ ਉਸ ਝੂਠ ਦਾ ਪਰਦਾਫ਼ਾਸ਼ ਕਰਦੀਆਂ ਹਨ ਕਿ ਪੈਲੇਟ ਗੰਨਾਂ ਭੀੜ ਨੂੰ ਕਾਬੂ ਕਰਨ ਵਾਲੇ 'ਗ਼ੈਰ-ਜਾਨਲੇਵਾ' ਜਾਂ 'ਸੁਰੱਖਿਅਤ' ਹਥਿਆਰ ਹਨ। ਇਹ ਸਿਰਫ਼ ਭੀੜ ਨੂੰ ਖਿੰਡਾਉਂਦੀਆਂ ਹੀ ਨਹੀਂ, ਸਗੋਂ ਲੋਕਾਂ ਦੀ ਜ਼ਿੰਦਗੀ ਹਮੇਸ਼ਾ ਲਈ ਬਦਲ ਦਿੰਦੀਆਂ ਹਨ—ਅਕਸਰ ਉਨ੍ਹਾਂ ਲੋਕਾਂ ਦੀ, ਜਿਹੜੇ ਨਾ ਤਾਂ ਕਿਸੇ ਵਿਰੋਧ-ਪ੍ਰਦਰਸ਼ਨ ਵਿਚ ਸ਼ਾਮਲ ਹੁੰਦੇ ਹਨ ਅਤੇ ਨਾ ਹੀ ਕੋਈ ਖ਼ਤਰਾ ਬਣ ਰਹੇ ਹੁੰਦੇ ਹਨ।

### ਉਨ੍ਹਾਂ ਨੇ ਮੇਰਾ ਭਵਿੱਖ ਬਰਬਾਦ ਕਿਉਂ ਕੀਤਾ?

ਇਸ ਦੇ ਨਤੀਜੇ ਸਿਰਫ਼ ਸਰੀਰਕ ਨੁਕਸਾਨ

*(ਬਾਕੀ ਅਗਲੇ ਸਫੇ 'ਤੇ)*

# ਭਾਰਤੀ ਨਿਆਂ ਵਿਵਸਥਾ ਨਿਘਾਰ ਵੱਲ

ਡਾ. ਅਨੂਪ ਸਿੰਘ
ਫੋਨ: 98768-01268

ਦੇਸ਼ ਵਿਚ ਇਕ ਪਾਸੇ ਆਰਥਿਕ-ਰਾਜਨੀਤਕ ਅਤੇ ਸਮਾਜਿਕ-ਸੱਭਿਆਚਾਰਕ ਸੰਕਟ ਦੇ ਸੰਕੇਤ ਸਪੱਸ਼ਟ ਦਿਖਾਈ ਦੇ ਰਹੇ ਹਨ, ਉੱਥੇ ਦੂਜੇ ਪਾਸੇ ਗਰੀਬਾਂ, ਦਲਿਤਾਂ, ਔਰਤਾਂ, ਆਦਿਵਾਸੀਆਂ ਤੇ ਘੱਟ-ਗਿਣਤੀਆਂ 'ਤੇ ਵਧੀਕੀਆਂ ਲਗਾਤਾਰ ਵਧ ਰਹੀਆਂ ਹਨ। ਇਨ੍ਹਾਂ ਵਰਗਾਂ ਦੀ ਰਾਖੀ ਕਰਨ ਲਈ ਕਾਨੂੰਨ ਤਾਂ ਹਨ, ਪਰ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨ ਦੀ ਡੋਰ ਬਹੁਗਿਣਤੀ ਭਾਈਚਾਰੇ ਦੇ ਰਾਜਨੀਤਕ ਆਗੂਆਂ ਧਨ-ਕੁਬੇਰਾਂ ਤੇ ਉੱਚ ਅਫਸਰਸ਼ਾਹੀ ਦੇ ਹੱਥਾਂ 'ਚ ਹੈ।

ਦੇਸ਼ ਵਿਚ ਔਰਤਾਂ ਸੁਰੱਖਿਅਤ ਨਹੀਂ। ਗਰੀਬਾਂ, ਦਲਿਤਾਂ, ਆਦਿਵਾਸੀਆਂ ਤੇ ਘੱਟ ਗਿਣਤੀਆਂ ਨਾਲ ਸੰਬੰਧਤ ਔਰਤਾਂ ਦੀ ਇੱਜ਼ਤ-ਆਬਰੂ ਨੂੰ ਸਭ ਤੋਂ ਵੱਧ ਖ਼ਤਰਾ ਹੈ। ਦੇਸ਼ ਵਿਚ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਆਏ ਦਿਨ ਸੀਮਤ ਹੁੰਦੀ ਜਾ ਰਹੀ ਹੈ। ਭਾਰਤੀ ਨਿਆਂ ਪਾਲਿਕਾ ਲੋਕਾਂ ਦੀ ਇੱਕੋ-ਇੱਕ ਆਸ ਸੀ ਅਤੇ ਸ਼ਾਇਦ ਕੁਝ ਹੱਦ ਤੱਕ ਹੁਣ ਵੀ ਹੈ, ਪਰ 2019 ਤੋਂ ਬਾਅਦ ਕੇਂਦਰ ਸਰਕਾਰ ਦੇ ਸਿੱਧੇ-ਅਸਿੱਧੇ ਦਖ਼ਲ ਤੇ ਪ੍ਰਭਾਵ ਕਾਰਨ ਇਹ ਆਸ ਨਿਰੰਤਰ ਖੀਣ ਹੋ ਰਹੀ ਹੈ। ਸਰਕਾਰੀ ਦਖ਼ਲ ਤੋਂ ਛੁੱਟ ਨਿਆਂ ਪਾਲਿਕਾ ਦੀ ਬਣਤਰ ਤੇ ਬੁਣਤੀ : ਨਿਆਂ ਪਾਲਿਕਾ ਦੀ ਕਾਰਜ ਵਿਧੀ, ਨਿਆਂ ਉਡੀਕਦੇ ਕੇਸਾਂ ਦੇ ਅੰਬਾਰ ਆਦਿ ਸਾਰਥਿਕ ਨਿਆਂ ਨੂੰ ਮਿਗ ਤ੍ਰਿਸ਼ਨਾ 'ਚ ਬਦਲ ਦਿੰਦੇ ਹਨ। ਜ਼ਰਾ ਪੈਂਡਿੰਗ ਕੇਸਾਂ ਦੇ ਅੰਬਾਰ ਵੱਲ ਝਾਤੀ ਮਾਰੋ। ਤਹਿਸੀਲ ਤੇ ਜ਼ਿਲ੍ਹਾ ਪੱਧਰੀ ਅਦਾਲਤਾਂ ਵਿਚ 5.41 ਕਰੋੜ; ਹਾਈ ਕੋਰਟਾਂ 'ਚ 64 ਲੱਖ ਅਤੇ ਸੁਪਰੀਮ ਕੋਰਟ ਵਿਚ 92,000 ਕੇਸ ਫ਼ੈਸਲਿਆਂ ਦੀ ਉਡੀਕ ਵਿਚ ਹਨ। ਪੈਂਡਿੰਗ ਕੇਸਾਂ ਦਾ ਇਕ ਵੱਡਾ ਕਾਰਨ ਜੱਜਾਂ ਦੀ ਗਿਣਤੀ ਦਾ ਵਿਸ਼ਵ ਪੱਧਰੀ ਮਿਆਰਾਂ ਤੋਂ ਘੱਟ ਹੋਣਾ ਅਤੇ ਜੱਜਾਂ ਦੀਆਂ ਪੋਸਟਾਂ ਦਾ ਵਰ੍ਹਿਆਂਬੱਧੀ ਖਾਲੀ ਰਹਿਣਾ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਜੱਜਾਂ ਦੀਆਂ ਤੀਜਾ ਹਿੱਸਾ ਅਸਾਮੀਆਂ ਖਾਲੀ ਪਈਆਂ ਹਨ।

ਪੈਂਡਿੰਗ ਕੇਸਾਂ ਦੀ ਗਿਣਤੀ ਅਤੇ ਨਵੇਂ ਕੇਸਾਂ ਦੇ ਦਰਜ ਹੋਣ ਦੀ ਰਫ਼ਤਾਰ ਏਨੀ ਜ਼ਿਆਦਾ ਹੈ ਕਿ ਕੇਸਾਂ ਦੇ ਨਿਪਟਾਰੇ ਦੀ ਮੌਜੂਦਾ ਦਰ ਨਾਲ ਸਥਿਤੀ ਹੋਰ ਭਿਆਨਕ ਹੋਣ ਦਾ ਖ਼ਦਸ਼ਾ ਹਕੀਕੀ ਹੈ। ਇਸ ਸਮੇਂ ਪੈਂਡਿੰਗ 5.4 ਕਰੋੜ ਕੇਸਾਂ 'ਚੋਂ 1.8 ਲੱਖ/ਪੌਣੇ ਦੋ ਲੱਖ ਤੋਂ ਵੱਧ ਕੇਸ ਤਿੰਨ ਦਹਾਕੇ ਪਹਿਲਾਂ ਦੇ ਹਨ। ਕਾਨੂੰਨ ਤੇ ਨਿਆਂ ਮੰਤਰਾਲੇ ਦੀ 2 ਅਪ੍ਰੈਲ 2026 ਦੀ ਰਿਪੋਰਟ ਅਨੁਸਾਰ ਦੇਸ਼ ਦੀਆਂ ਜ਼ਿਲ੍ਹਾ ਤੇ ਅਧੀਨ ਅਦਾਲਤਾਂ ਵਿਚ 52,56,293 ਅਜਿਹੇ ਕੇਸ ਹਨ, ਜੋ ਬੀਤੇ 10 ਸਾਲਾਂ ਤੋਂ ਵੱਧ ਸਮੇਂ ਤੋਂ ਬਕਾਇਆ ਪਏ ਹਨ। ਇਹ ਅੰਕੜਾ 27 ਮਾਰਚ 2026 ਤੱਕ ਨੈਸ਼ਨਲ ਜੁਡੀਸ਼ੀਅਲ ਡੇਟਾ ਗਰਿੱਡ ਦੇ ਆਧਾਰ 'ਤੇ ਹੈ। ਉੱਕਤ ਕੇਸਾਂ ਵਿਚ 22,37,931 ਭਾਵ 42 ਫੀਸਦੀ ਕੇਸ ਇਕੱਲੇ ਯੂ.ਪੀ. ਤੋਂ ਹਨ। ਪੈਂਡਿੰਗ ਕੇਸਾਂ ਦੀ ਗਿਣਤੀ ਪੱਖੋਂ ਬਿਹਾਰ, ਪੱਛਮੀ ਬੰਗਾਲ, ਮਹਾਰਾਸ਼ਟਰ ਅਤੇ ਉੜੀਸਾ ਅਗਲੇ ਨੰਬਰਾਂ 'ਤੇ ਹਨ।

ਉੱਕਤ ਸਥਿਤੀ ਦੇ ਸਨਮੁੱਖ 'ਵਿਸ਼ਵ ਨਿਆਂ ਪ੍ਰਾਜੈਕਟ ਰਿਪੋਰਟ ਅਨੁਸਾਰ ਕਾਨੂੰਨ ਦੇ ਰਾਜ ਦੇ ਮਾਮਲੇ 'ਚ ਸਾਡਾ ਦੇਸ਼ ਸਾਲ 2025 ਵਿਚ 143 ਦੇਸ਼ਾਂ ਵਿਚੋਂ 86ਵੇਂ ਸਥਾਨ 'ਤੇ ਹੈ। ਸਾਲ 2014 ਵਿਚ ਭਾਰਤ ਦਾ ਸਥਾਨ 66ਵਾਂ ਸੀ। ਸਪੱਸ਼ਟ ਹੈ ਕਿ 2014 ਤੋਂ ਬਾਅਦ ਕਾਨੂੰਨ ਦੇ ਰਾਜ ਦੇ ਮਾਮਲੇ 'ਚ ਭਾਰਤ ਨੇ ਹੇਠਾਂ ਵੱਲ ਖਿਸਕਣਾ ਸ਼ੁਰੂ ਕੀਤਾ ਹੈ। ਸਪੱਸ਼ਟ ਹੈ ਕਿ ਦੇਸ਼ ਦੀ ਨਿਆਂ ਪਾਲਿਕਾ ਦੀ ਸੁਤੰਤਰਤਾ, ਗੁਣਵਤਾ ਤੇ ਗੌਰਵ ਤੇਜ਼ੀ ਨਾਲ ਹੇਠਾਂ ਵੱਲ ਸਰਕ ਰਿਹਾ ਹੈ। ਇਸ ਸਭ ਕਾਸੇ ਦਾ ਸਭ ਤੋਂ ਵੱਡਾ ਕਾਰਨ ਯੋਗ ਜੱਜਾਂ ਦੀ ਵੱਡੇ ਪੱਧਰ 'ਤੇ ਘਾਟ ਹੈ। ਸਾਡੇ ਦੇਸ਼ ਵਿਚ 10 ਲੱਖ ਦੀ ਵਸੋਂ ਪਿੱਛੇ 15 ਜੱਜ ਹਨ। ਵਿਕਸਤ ਦੇਸ਼ਾਂ ਵਿਚ 10 ਲੱਖ ਦੀ ਵੱਸੋਂ ਪਿੱਛੇ 150 ਤੋਂ 200 ਜੱਜ ਹਨ। ਚੀਨ 'ਚ ਇਹ ਗਿਣਤੀ 300 ਹੈ। ਦੂਜਾ ਮਸਲਾ ਭ੍ਰਿਸ਼ਟਾਚਾਰ ਦਾ ਹੈ। ਭਾਰਤ ਦੇ ਕੇਵਲ 12 ਫੀਸਦੀ ਜੱਜਾਂ ਨੇ ਹੀ ਆਪਣੀ ਜਾਇਦਾਦ ਸਾਂਝੀ/ਜਨਤਕ ਕੀਤੀ ਹੈ। ਭ੍ਰਿਸ਼ਟ ਜੱਜ ਵੀ ਭਾਰਤ ਵਿਚ ਆਮ ਪਾਏ ਜਾਂਦੇ ਹਨ।

ਅਗਲਾ ਦੁਖਦਾਈ ਪਹਿਲੂ ਇਹ ਹੈ ਕਿ ਕੁਝ ਕਾਨੂੰਨਾਂ ਦੀ ਵੱਡੇ ਪੱਧਰ 'ਤੇ ਦੁਰਵਰਤੋਂ ਹੋ ਰਹੀ ਹੈ। ਗ਼ੈਰ-ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ ਤਹਿਤ ਦਰਜ ਕੇਸਾਂ 'ਚ 2019 ਤੋਂ 2023 ਤੱਕ ਸਜ਼ਾ ਦੀ ਦਰ 2 ਤੋਂ 6 ਫੀਸਦੀ ਹੈ। ਸਪੱਸ਼ਟ ਹੈ ਕਿ ਸਮੁੱਚੇ ਭਾਰਤ 'ਚ 94 ਤੋਂ 98 ਫੀਸਦੀ ਕੇਸਾਂ ਵਿਚ ਨਾਗਰਿਕਾਂ ਨੂੰ ਬੇਬੁਨਿਆਦ ਦੋਸ਼ਾਂ ਹੇਠ ਫਸਾਇਆ ਗਿਆ ਹੈ।

ਇਕ ਹੋਰ ਅਧਿਐਨ ਅਨੁਸਾਰ ਸਾਲ 2019 ਅਤੇ 2023 ਦਰਮਿਆਨ ਉਕਤ ਦਮਨਕਾਰੀ ਕਾਨੂੰਨ ਅਨੁਸਾਰ ਦੇਸ਼ ਦੇ 28 ਰਾਜਾਂ ਵਿਚ 5960 ਗ੍ਰਿਫ਼ਤਾਰੀਆਂ ਕੀਤੀਆਂ ਗਈਆਂ, ਪਰ ਕੇਵਲ 268 ਕੇਸਾਂ ਵਿਚ ਸਜ਼ਾ ਸੁਣਾਈ ਗਈ। ਸਪੱਸ਼ਟ ਹੈ ਕਿ ਸਜ਼ਾ ਦੀ ਦਰ ਕੇਵਲ 5 ਫੀਸਦੀ ਰਹੀ। ਸਾਲ 2023 ਵਿਚ ਯੂ.ਏ.ਪੀ.ਏ. ਐਕਟ ਤਹਿਤ 1686 ਵਿਅਕਤੀ ਗ੍ਰਿਫ਼ਤਾਰ ਕੀਤੇ ਗਏ, ਪਰ ਸਜ਼ਾ ਕੇਵਲ 84 ਵਿਅਕਤੀਆਂ ਨੂੰ ਹੋਈ, ਭਾਵ ਸਜ਼ਾ ਦੀ ਦਰ ਕੇਵਲ 4.98 ਫੀਸਦੀ ਰਹੀ। ਯਾਦ ਰਹੇ ਕਿ ਯੂ.ਏ.ਪੀ.ਏ. ਅਤੇ ਐਨ.ਐਸ.ਏ. ਤਹਿਤ ਦਰਜ ਕੇਸਾਂ ਵਿਚ ਤਾਂ ਵਰ੍ਹਿਆਂ ਤੱਕ ਵੀ ਜ਼ਮਾਨਤ ਨਹੀਂ ਮਿਲਦੀ। ਉਮਰ ਖ਼ਾਲਿਦ ਅਤੇ ਸਰਜ਼ੀਲ ਇਮਾਮ ਦਾ ਕੇਸ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਹੀ ਹਾਲ ਭੀਮਾ-ਕੋਰੇਗਾਓਂ ਕੇਸ ਨਾਲ ਸੰਬੰਧਤ ਚਿੰਤਕਾਂ, ਬੁੱਧੀਜੀਵੀਆਂ, ਸਮਾਜਿਕ ਕਾਰਕੁਨਾਂ ਤੇ ਲੇਖਕਾਂ ਦਾ ਹੈ। ਯੂ.ਏ.ਪੀ.ਏ. ਤਹਿਤ ਦਰਜ ਕੇਸਾਂ ਵਿਚ ਦੋ ਰਾਜਾਂ ਦਾ ਵਿਸ਼ੇਸ਼ ਜ਼ਿਕਰ ਕਰਨਾ ਬਣਦਾ ਹੈ। ਸਾਲ 2019 ਤੋਂ 2023 ਤੱਕ ਸਾਲ ਵਾਰ ਹੇਠ ਲਿਖੇ ਅਨੁਸਾਰ ਗ੍ਰਿਫ਼ਤਾਰੀਆਂ ਹੋਈਆਂ। ਪਹਿਲਾਂ ਜੰਮੂ-ਕਸ਼ਮੀਰ:

| ਸਾਲ | ਗ੍ਰਿਫ਼ਤਾਰੀਆਂ | ਸਜ਼ਾ |
|---|---|---|
| 2019 | 227 | 0 |
| 2020 | 346 | 2 |
| 2021 | 645 | 0 |
| 2022 | 1238 | 11 |
| 2023 | 1206 | 10 |

ਪੰਜ ਸਾਲਾਂ 'ਚ 3662 ਗ੍ਰਿਫ਼ਤਾਰੀਆਂ ਹੋਈਆਂ ਅਤੇ ਸਜ਼ਾ ਕੇਵਲ 23 ਵਿਅਕਤੀਆਂ ਨੂੰ। ਬਾਕੀ 3639 ਬੇਕਸੂਰਾਂ ਨੇ ਕਈ-ਕਈ ਵਰ੍ਹੇ ਜੇਲ੍ਹਾਂ 'ਚ ਬਿਤਾਏ।

ਜੰਮੂ ਕਸ਼ਮੀਰ 'ਚ 2019 ਤੋਂ 2023 ਤੱਕ 3662 ਵਿਅਕਤੀਆਂ ਨੂੰ ਯੂ.ਏ.ਪੀ.ਏ. ਤਹਿਤ ਜੇਲ੍ਹਾਂ ਵਿਚ ਬੰਦ ਕੀਤਾ ਗਿਆ ਅਤੇ ਭਾਰਤੀ ਸਟੇਟ ਕੇਵਲ 0.6 ਫੀਸਦੀ ਕੇਸਾਂ 'ਚ ਸਜ਼ਾ ਦਿਵਾ ਸਕੀ। ਸਪੱਸ਼ਟ ਹੈ ਕਿ 99 ਫੀਸਦੀ ਤੋਂ ਵੱਧ ਕਸ਼ਮੀਰੀਆਂ ਨੂੰ ਨਾਜਾਇਜ਼ ਜੇਲ੍ਹਾਂ 'ਚ ਰੱਖਿਆ ਗਿਆ। ਆਓ ਹੁਣ ਪੰਜਾਬ ਦੀ ਗੱਲ ਕਰੀਏ:

| ਸਾਲ | ਗ੍ਰਿਫ਼ਤਾਰੀਆਂ |
|---|---|
| 2019 | 30 |
| 2020 | 44 |
| 2021 | 49 |
| 2022 | 80 |
| 2023 | 50 |

ਇਸ ਤਰ੍ਹਾਂ ਪੰਜਾਬ ਵਿਚ ਯੂ.ਏ.ਪੀ.ਏ. ਤਹਿਤ ਪੰਜ ਸਾਲਾਂ 'ਚ 259 ਗ੍ਰਿਫ਼ਤਾਰੀਆਂ ਹੋਈਆਂ, ਪਰ ਸਜ਼ਾ ਕਿਸੇ ਇਕ ਨੂੰ ਵੀ ਨਹੀਂ ਹੋਈ। ਕੁਝ ਦੂਜੇ ਭਾਰਤੀ ਰਾਜਾਂ 'ਚ ਯੂ.ਏ.ਪੀ.ਏ. ਤਹਿਤ ਦਰਜ ਕੇਸਾਂ ਤੇ ਸਜ਼ਾ ਦੀ ਗਿਣਤੀ ਨੂੰ ਵੇਖੀਏ:

| ਰਾਜ | ਗ੍ਰਿਫ਼ਤਾਰੀਆਂ | ਸਜ਼ਾ |
|---|---|---|
| ਯੂ.ਪੀ. | 1122 | 76 |
| ਅਸਾਮ | 154 | 1 |
| ਮਨੀਪੁਰ | 130 | 0 |
| ਮੇਘਾਲਿਆ | 71 | 0 |

ਉੱਕਤ ਸਮੁੱਚੀ ਸੂਚਨਾ ਕੇਂਦਰੀ ਗ੍ਰਹਿ ਮੰਤਰਾਲੇ ਨੇ ਸੰਸਦ ਵਿਚ ਸਾਂਝੀ ਕੀਤੀ ਹੈ।

ਆਓ, ਹੁਣ ਆਰਥਿਕ ਅਪਰਾਧਾਂ ਬਾਰੇ ਇਕ ਦਮਨਕਾਰੀ ਕਾਨੂੰਨੀ ਸੰਸਥਾ ਈ.ਡੀ. ਦੀ ਦੁਰਵਰਤੋਂ ਬਾਰੇ ਕੁਝ ਤੱਥ ਜਾਣੀਏ। ਸਾਲ 2005-06 ਤੋਂ 2025-26 ਦੇ 20 ਸਾਲਾਂ 'ਚ 2396 ਕੇਸਾਂ, ਜਿਨ੍ਹਾਂ 'ਚ ਚਾਰਜਸ਼ੀਟ ਅਦਾਲਤ 'ਚ ਪੇਸ਼ ਕੀਤੀ ਗਈ, ਕੇਵਲ 56 ਮਾਮਲਿਆਂ 'ਚ ਹੀ ਦੋਸ਼ੀਆਂ ਨੂੰ ਸਜ਼ਾ ਸੁਣਾਈ ਗਈ - ਭਾਵ ਸਜ਼ਾ ਦੀ ਦਰ ਕੇਵਲ 2.33 ਫੀਸਦੀ ਸੀ। ਇਹ ਜਾਣਕਾਰੀ 2025-26 ਦੀ ਸਾਲਾਨਾ ਰਿਪੋਰਟ 'ਚ ਪਹਿਲੀ ਮਈ 2026 ਨੂੰ ਦਿੱਤੀ ਗਈ। ਘੱਟ ਸਜ਼ਾ ਦੇ ਦੋ ਪ੍ਰਮੁੱਖ ਕਾਰਨ ਹਨ। (ੳ) ਸੱਤਾਧਾਰੀ ਧਿਰ ਦੀ ਦਖਲ ਅੰਦਾਜ਼ੀ (ਅ) ਗਲ-ਗਲ ਤੱਕ ਧਸਿਆ ਭ੍ਰਿਸ਼ਟਾਚਾਰ ਅਤੇ ਅਫਸਰਸ਼ਾਹ ਦਖ਼ਲ ਅੰਦਾਜ਼ੀ। ਈ.ਡੀ. ਨੂੰ ਕੰਮ ਕਰਦਿਆਂ 70 ਸਾਲ ਹੋ ਗਏ ਹਨ। ਨਾ ਸਾਡੇ ਰਾਜਨੀਤਕ ਮਚਿਓਰ ਹੋਏ ਹਨ ਅਤੇ ਨਾ ਹੀ ਸਾਡੀਆਂ ਸੰਸਥਾਵਾਂ ਸੁਤੰਤਰ ਤੇ ਨਿਰਪੱਖ ਰਹਿ ਕੇ ਕਾਰਜ ਕਰਨ ਦੇ ਸਮਰੱਥ ਹੋ ਸਕੀਆਂ ਹਨ। ਸਿੱਟਾ ਇਹ ਹੈ ਕਿ ਜਨਵਰੀ 2016 ਤੋਂ ਦਸੰਬਰ 2025 ਤੱਕ ਈ.ਡੀ. ਨੇ 193 ਸਿਆਸਤਦਾਨਾਂ ਵਿਰੁੱਧ ਕੇਸ ਦਰਜ ਕੀਤੇ, ਪਰ ਇਸ ਦਹਾਕੇ ਵਿਚ ਸਜ਼ਾ ਕੇਵਲ ਦੋ ਨੂੰ ਹੀ ਦਿਵਾਈ ਜਾ ਸਕੀ। ਕਾਰਨ? 95 ਫੀਸਦੀ ਤੋਂ ਵੱਧ ਕੇਸ ਰਾਜਨੀਤਕ ਬਦਲਾਖੋਰੀ ਤਹਿਤ ਵਿਰੋਧੀ ਧਿਰਾਂ ਦੇ ਆਗੂਆਂ ਵਿਰੁੱਧ ਦਰਜ ਕੀਤੇ ਗਏ ਸਨ। ਵਿਰੋਧੀ ਧਿਰ ਦੇ ਆਗੂਆਂ ਵਿਰੁੱਧ ਵੱਖ-ਵੱਖ ਧਾਰਾਵਾਂ ਦੇ ਤਹਿਤ 2024-25 ਵਿਚ 1491 ਕੇਸ ਦਰਜ ਕੀਤੇ ਗਏ ਅਤੇ 2025-26 ਇਹ ਗਿਣਤੀ ਵਧ ਕੇ 2989 ਹੋ ਗਈ। ਇਹ ਗਿਣਤੀ 100 ਫੀਸਦੀ ਤੋਂ ਵੀ ਵੱਧ ਹੈ।

ਕੌਮੀ ਅਪਰਾਧ ਰਿਕਾਰਡ ਬਿਊਰੋ ਵੱਲੋਂ ਸਾਲ 1999 ਵਿਚ ਜਾਰੀ ਅੰਕੜਿਆਂ ਅਨੁਸਾਰ ਇਸ ਸਾਲ ਤੱਕ ਦੇਸ਼ ਵਿਚ 1116 ਜੇਲ੍ਹਾਂ ਸਨ ਅਤੇ ਇਨ੍ਹਾਂ 'ਚ 2,81,380 ਕੈਦੀ ਸਨ। ਸਪਸ਼ਟ ਹੈ ਕਿ ਔਸਤਨ ਹਰ ਜੇਲ੍ਹ ਵਿਚ 252 ਕੈਦੀ ਸਨ। ਸਾਲ 2022 ਵਿਚ ਜੇਲ੍ਹਾਂ ਦੀ ਗਿਣਤੀ ਵਧ ਕੇ 1330 ਹੋ ਗਈ ਅਤੇ ਕੈਦੀ ਵਧ ਕੇ 5,73,220 ਹੋ ਗਏ। ਕੈਦੀਆਂ ਦੀ ਗਿਣਤੀ ਦੁੱਗਣੀ ਹੋ ਗਈ। ਇਸੇ ਤਰ੍ਹਾਂ ਬੀਤੇ ਲਗਭਗ 25 ਸਾਲਾਂ 'ਚ ਜੇਲ੍ਹਾਂ ਦੀ ਗਿਣਤੀ 'ਚ 20 ਫੀਸਦੀ ਵਾਧਾ ਹੋਇਆ। ਦੂਜੇ ਪਾਸੇ ਕੌਮੀ ਅਪਰਾਧ ਰਿਕਾਰਡ ਬਿਊਰੋ ਅਨੁਸਾਰ 31 ਦਸੰਬਰ 2022 ਤੱਕ ਭਾਰਤੀ ਜੇਲ੍ਹਾਂ ਦੀ ਕੈਦੀ ਰੱਖਣ ਦੀ ਸਮਰੱਥਾ 4,36.266 ਸੀ ਪਰ ਜ਼ਿਲ੍ਹੇ 'ਚ ਬੰਦ ਕੈਦੀ ਸਮਰੱਥਾ ਤੋਂ ਕਿਤੇ ਵੱਧ 5,73,220 ਸਨ। ਭਾਵ ਕੁੱਲ ਸਮਰੱਥਾ ਤੋਂ 31 ਫੀਸਦੀ ਵੱਧ। ਅਗਲਾ ਦੁੱਖਦਾਈ ਪੱਖ ਇਹ ਹੈ ਕਿ ਇਨ੍ਹਾਂ 'ਚ 75 ਫੀਸਦੀ ਕੈਦੀ ਉਹ ਹਨ, ਜਿਨ੍ਹਾਂ ਦੇ ਮੁਕੱਦਮੇ ਅਜੇ ਸੁਣਵਾਈ ਅਧੀਨ ਹਨ। ਸਭ ਤੋਂ ਦੁੱਖਦਾਈ ਸਥਿਤੀ ਇਹ ਹੈ ਕਿ ਵੱਡੀ ਗਿਣਤੀ 'ਚ ਹਵਾਲਾਤੀਆਂ ਨੇ ਆਪਣੀ ਸੰਭਾਵੀ (ਵੱਧ ਤੋਂ ਵੱਧ) ਸਜ਼ਾ ਨਾਲੋਂ ਵੱਧ ਕੈਦ ਕੱਟ ਲਈ ਹੈ। ਇਨ੍ਹਾਂ ਦੀ ਵੱਡੀ ਗਿਣਤੀ ਦਲਿਤਾਂ, ਗਰੀਬਾਂ ਤੇ ਘੱਟ-ਗਿਣਤੀਆਂ ਨਾਲ ਸੰਬੰਧਤ ਹੈ। ਇਕ ਹੋਰ ਹਿਕਾਰਤ ਯੋਗ ਪੱਖ ਇਹ ਹੈ ਕਿ ਵੱਡੀ ਗਿਣਤੀ 'ਚ ਕੈਦੀਆਂ ਨੇ ਵੀ ਅਦਾਲਤਾਂ ਵੱਲੋਂ ਸੁਣਾਈ ਸਜ਼ਾ ਨਾਲੋਂ ਕਿਤੇ ਵੱਧ ਸਜ਼ਾ ਕੱਟ ਲਈ ਹੈ। ਜੇਲ੍ਹਾਂ 'ਚ ਕੈਦੀਆਂ ਦੇ ਧੜਿਆਂ ਦੇ ਲੜਾਈ-ਝਗੜੇ, ਪੁਲਸ ਦਾ ਅੰਨ੍ਹਾ ਜਬਰ ਅਤੇ ਕੁਝ ਗੈਂਗਸਟਰ ਬੰਦੀਆਂ ਵੱਲੋਂ ਅਪਰਾਧੀ ਸਰਗਣਿਆਂ ਨਾਲ ਤਾਲਮੇਲ ਅਤੇ ਅਪਰਾਧਿਕ ਗਤੀਵਿਧੀਆਂ ਆਮ ਵਰਤਾਰਾ ਹੈ। ਜੇਲ੍ਹਾਂ 'ਚ ਨਸ਼ੇ ਤਾਂ ਸ਼ਰ੍ਹੇਆਮ ਵੇਚੇ-ਵਰਤੇ ਜਾਂਦੇ ਹਨ।



---

*(ਪਿਛਲੇ ਸਫੇ ਦਾ ਬਾਕੀ)*

ਤੱਕ ਹੀ ਸੀਮਤ ਨਹੀਂ ਰਹੇ। ਦਾਨਿਸ਼ ਰਜਬ, ਜਿਸ ਦੇ ਚਿਹਰੇ ਅਤੇ ਸਿਰ ਵਿਚ ਲਗਭਗ ਸੌ ਪੈਲੇਟ ਧਸਣ ਕਾਰਨ ਇੱਕ ਅੱਖ ਦੀ ਰੌਸ਼ਨੀ ਚਲੀ ਗਈ ਅਤੇ ਦੂਜੀ ਅੱਖ ਦੀ ਰੌਸ਼ਨੀ ਵੀ ਬਹੁਤ ਘਟ ਗਈ, ਸਮਾਜਿਕ ਜ਼ਿੰਦਗੀ ਤੋਂ ਦੂਰ ਹੋ ਗਿਆ; ਉਸ ਦੀ ਪੜ੍ਹਾਈ ਅਤੇ ਕਰੀਅਰ ਅਚਾਨਕ ਖ਼ਤਮ ਹੋ ਗਏ। ਇੱਕ ਹੋਰ ਨੌਜਵਾਨ ਪੀੜਤ, ਫ਼ੈਲ ਫਿਰਦੌਸੀ ਨੇ ਨਾ ਸਿਰਫ਼ ਆਪਣੀਆਂ ਅੱਖਾਂ ਦੀ ਰੌਸ਼ਨੀ ਗੁਆਉਣ ਦੀ ਦਾਸਤਾਨ ਦੱਸੀ, ਸਗੋਂ ਆਪਣਾ ਭਵਿੱਖ ਗੁਆਉਣ ਦਾ ਵੀ ਜ਼ਿਕਰ ਕੀਤਾ ਅਤੇ ਦਰਦ ਭਰੇ ਲਹਿਜ਼ੇ ਵਿਚ ਪੁੱਛਿਆ, 'ਉਨ੍ਹਾਂ ਨੇ ਮੇਰਾ ਕਰੀਅਰ ਅਤੇ ਮੇਰਾ ਭਵਿੱਖ ਕਿਉਂ ਬਰਬਾਦ ਕਰ ਦਿੱਤਾ?'

ਇਸ ਲਈ ਕਸ਼ਮੀਰ ਵਿਚ ਦੇਖਿਆ ਗਿਆ ਅੰਨ੍ਹਾਪਣ ਕੋਈ ਇਤਫ਼ਾਕ ਜਾਂ ਹਾਦਸਾ ਨਹੀਂ ਸੀ। ਇਹ ਬਿਨਾਂ ਸੋਚੇ-ਸਮਝੇ ਵਰਤੇ ਜਾਣ ਵਾਲੇ ਹਥਿਆਰ ਦਾ ਪਹਿਲਾਂ ਤੋਂ ਹੀ ਅਨੁਮਾਨ ਲਾਇਆ ਜਾ ਸਕਣ ਵਾਲਾ ਨਤੀਜਾ ਸੀ। ਜਿਹੜੇ ਲੋਕ ਜ਼ਖ਼ਮੀ ਹੋਏ, ਉਨ੍ਹਾਂ ਲਈ ਇਸ ਦੇ ਨਤੀਜੇ ਓਪਰੇਸ਼ਨ ਥੀਏਟਰ ਤੱਕ ਹੀ ਸੀਮਤ ਨਹੀਂ ਰਹੇ। ਹਮੇਸ਼ਾ ਲਈ ਨਜ਼ਰ ਚਲੀ ਜਾਣ ਦਾ ਅਕਸਰ ਮਤਲਬ ਸੀ—ਪੜ੍ਹਾਈ ਦਾ ਰੁਕ ਜਾਣਾ, ਨੌਕਰੀ ਚਲੀ ਜਾਣਾ, ਸਾਰੀ ਜ਼ਿੰਦਗੀ ਮੁੜ-ਵਸੇਬੇ ਅਤੇ ਸਹਾਇਕ ਤਕਨਾਲੋਜੀ ਉੱਤੇ ਨਿਰਭਰ ਰਹਿਣਾ, ਮਾਨਸਿਕ ਸਦਮਾ ਅਤੇ ਪਰਿਵਾਰਾਂ ਲਈ ਭਾਰੀ ਆਰਥਕ ਤੰਗੀ। ਇੱਕ ਪਲ ਵਿਚ ਲੱਗੀ ਸੱਟ ਸਾਰੀ ਉਮਰ ਦੀ ਅਪੰਗਤਾ ਬਣ ਗਈ, ਜਿਸ ਕਾਰਨ ਮਨੁੱਖ ਨੂੰ ਨਵੀਂ ਹਕੀਕਤ ਮੁਤਾਬਕ ਮੁੜ ਸਿੱਖਣਾ, ਹਾਲਾਤ ਦਾ ਸਾਹਮਣਾ ਕਰਨਾ ਅਤੇ ਆਪਣੇ ਆਪ ਨੂੰ ਢਾਲਣਾ ਪਿਆ।

ਇਹੀ ਕਾਰਨ ਹੈ ਕਿ ਅਪੰਗ ਵਿਅਕਤੀਆਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੀਆਂ ਜਥੇਬੰਦੀਆਂ ਪੈਲੇਟ ਗੰਨਾਂ ਨੂੰ ਨਾਗਰਿਕ ਆਜ਼ਾਦੀਆਂ ਲਈ ਕੰਮ ਕਰਨ ਵਾਲੇ ਸਮੂਹਾਂ ਨਾਲੋਂ ਵੱਖਰੇ ਨਜ਼ਰੀਏ ਤੋਂ ਦੇਖਦੀਆਂ ਹਨ। ਉਨ੍ਹਾਂ ਦੀ ਚਿੰਤਾ ਸਿਰਫ਼ ਮੁਕਾਬਲੇ ਦੌਰਾਨ ਹੋਣ ਵਾਲੀ ਹਿੰਸਾ ਤੱਕ ਸੀਮਤ ਨਹੀਂ, ਸਗੋਂ ਉਸ ਤੋਂ ਬਾਅਦ ਪੈਦਾ ਹੋਣ ਵਾਲੀਆਂ ਸਥਾਈ ਰੁਕਾਵਟਾਂ ਨਾਲ ਵੀ ਸੰਬੰਧਤ ਹੈ। ਪੈਲੇਟਾਂ ਕਾਰਨ ਅੰਨ੍ਹੇਪਣ ਦਾ ਸ਼ਿਕਾਰ ਹੋਣ ਵਾਲਾ ਹਰੇਕ ਵਿਅਕਤੀ ਇੱਕ ਨਵੇਂ ਸੰਘਰਸ਼ ਵਿਚ ਸ਼ਾਮਲ ਹੋ ਜਾਂਦਾ ਹੈ—ਪਹੁੰਚਯੋਗ ਸਿੱਖਿਆ, ਰੁਜ਼ਗਾਰ, ਆਵਾਜਾਈ ਅਤੇ ਸਮਾਜ ਵਿਚ ਬਰਾਬਰ ਦੀ ਭਾਗੀਦਾਰੀ ਲਈ। ਕਸ਼ਮੀਰ ਵਿਚ ਜਦੋਂ ਪਹਿਲੀ ਵਾਰ ਪੈਲੇਟਾਂ ਦੀ ਵਰਤੋਂ ਹੋਈ ਸੀ, ਉਸ ਵੇਲੇ ਐਨ.ਪੀ.ਆਰ.ਡੀ. ਨੇ ਜਿਹੜੀਆਂ ਚੇਤਾਵਨੀਆਂ ਦਿੱਤੀਆਂ ਸਨ, ਉਹ ਅੱਜ ਹੋਰ ਵੀ ਵਧੇਰੇ ਪ੍ਰਸੰਗਿਕ ਹੋ ਗਈਆਂ ਹਨ।

### 'ਘੱਟ ਘਾਤਕ' ਹਥਿਆਰਾਂ ਦੀ ਮਿੱਥ

ਪੈਲੇਟ ਗੰਨਾਂ ਦਾ ਸਰਕਾਰੀ ਬਚਾਅ ਇਨ੍ਹਾਂ ਨੂੰ 'ਘੱਟ ਘਾਤਕ' ਜਾਂ 'ਗ਼ੈਰ-ਘਾਤਕ' ਦੱਸਣ ਉੱਤੇ ਨਿਰਭਰ ਹੈ। ਇਹ ਸ਼ਬਦਾਵਲੀ ਬੇਹੱਦ ਗੁੰਮਰਾਹਕੁਨ ਹੈ। ਕੋਈ ਵੀ ਹਥਿਆਰ ਸਿਰਫ਼ ਇਸ ਲਈ ਮਨੁੱਖੀ ਨਹੀਂ ਹੋ ਜਾਂਦਾ ਕਿ ਉਹ ਘੱਟ ਲੋਕਾਂ ਨੂੰ ਮਾਰਦਾ ਹੈ। ਅੰਤਰਰਾਸ਼ਟਰੀ ਪੁਲਿਸ ਮਾਹਿਰ ਵੀ ਵੱਡੀ ਗਿਣਤੀ ਵਿਚ ਇਸ ਪ੍ਰਗਟਾਵੇ ਦੀ ਵਰਤੋਂ ਕਰਨ ਤੋਂ ਬਚ ਰਹੇ ਹਨ, ਕਿਉਂਕਿ ਅਜਿਹੇ ਹਥਿਆਰ ਮੌਤ ਦਾ ਕਾਰਨ ਬਣ ਸਕਦੇ ਹਨ ਅਤੇ ਬਣੇ ਵੀ ਹਨ। ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਅੰਨ੍ਹਾਪਣ, ਦਿਮਾਗ ਦੀ ਗੰਭੀਰ ਸੱਟ, ਅਧਰੰਗ ਅਤੇ ਹੋਰ ਸਥਾਈ ਨੁਕਸਾਨ ਪਹੁੰਚਾਉਂਦੇ ਹਨ, ਜਿਹੜੇ ਕਿਸੇ ਵਿਅਕਤੀ ਦੀ ਜ਼ਿੰਦਗੀ ਦੀ ਦਿਸ਼ਾ ਨੂੰ ਬੁਨਿਆਦੀ ਤੌਰ ਉੱਤੇ ਬਦਲ ਦਿੰਦੇ ਹਨ।

ਅਪੰਗ ਵਿਅਕਤੀਆਂ ਦੇ ਅਧਿਕਾਰਾਂ ਦੇ ਨਜ਼ਰੀਏ ਤੋਂ ਇਹ ਫ਼ਰਕ ਕਰਨਾ ਬਹੁਤ ਜ਼ਰੂਰੀ ਹੈ। ਇੱਕ ਸੰਵਿਧਾਨਕ ਲੋਕਤੰਤਰ ਵਿਚ ਪੁਲਿਸ ਦੇ ਹਥਿਆਰਾਂ ਦਾ ਮੁਲਾਂਕਣ ਸਿਰਫ਼ ਇਸ ਆਧਾਰ ਉੱਤੇ ਨਹੀਂ ਕੀਤਾ ਜਾ ਸਕਦਾ ਕਿ ਉਹ ਮੌਤਾਂ ਘਟਾਉਂਦੇ ਹਨ ਜਾਂ ਨਹੀਂ। ਇਹ ਵੀ ਦੇਖਣਾ ਹੋਵੇਗਾ ਕਿ ਕੀ ਉਨ੍ਹਾਂ ਕਾਰਨ ਅਜਿਹੀ ਅਪੰਗਤਾ ਤਾਂ ਪੈਦਾ ਨਹੀਂ ਹੁੰਦੀ, ਜਿਸ ਨੂੰ ਟਾਲਿਆ ਜਾ ਸਕਦਾ ਸੀ। ਜੇ ਕੋਈ ਹਥਿਆਰ ਅਕਸਰ ਲੋਕਾਂ ਨੂੰ ਅੰਨ੍ਹਾ ਜਾਂ ਹਮੇਸ਼ਾ ਲਈ ਅਪੰਗ ਬਣਾ ਦਿੰਦਾ ਹੈ, ਤਾਂ ਉਸ ਕਾਰਨ ਹੋਣ ਵਾਲੀਆਂ ਮੌਤਾਂ ਦੀ ਰਵਾਇਤੀ ਬੰਦੂਕਾਂ ਨਾਲ ਤੁਲਨਾ ਕਰਨ ਨਾਲ ਅਸਲ ਮੁੱਦਾ ਨਜ਼ਰਅੰਦਾਜ਼ ਹੋ ਜਾਂਦਾ ਹੈ।

ਇਸ ਲਈ ਸਵਾਲ ਇਹ ਨਹੀਂ ਕਿ ਕੀ ਪੈਲੇਟ ਗੰਨਾਂ ਨਾਲ ਗੋਲੀਆਂ ਦੇ ਮੁਕਾਬਲੇ ਘੱਟ ਲੋਕਾਂ ਦੀ ਮੌਤ ਹੁੰਦੀ ਹੈ। ਸਵਾਲ ਇਹ ਹੈ ਕਿ ਕੀ ਸਰਕਾਰ ਨੂੰ ਅਜਿਹੇ ਹਥਿਆਰਾਂ ਦੀ ਵਰਤੋਂ ਕਰਨੀ ਚਾਹੀਦੀ ਹੈ, ਜਿਨ੍ਹਾਂ ਦਾ ਨਤੀਜਾ ਸਾਰੀ ਉਮਰ ਦੀ ਅਪੰਗਤਾ ਹੋ ਸਕਦਾ ਹੈ।

ਸੰਯੁਕਤ ਰਾਸ਼ਟਰ ਦੇ 'ਤਾਕਤ ਅਤੇ ਹਥਿਆਰਾਂ ਦੀ ਵਰਤੋਂ ਸਬੰਧੀ ਬੁਨਿਆਦੀ ਸਿਧਾਂਤਾਂ' ਅਨੁਸਾਰ ਤਾਕਤ ਦੀ ਵਰਤੋਂ ਕਾਨੂੰਨੀ, ਜ਼ਰੂਰੀ ਅਤੇ ਅਨੁਪਾਤਕ ਹੋਣੀ ਚਾਹੀਦੀ ਹੈ; ਇਸ ਦੇ ਨਾਲ ਹੀ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਸੱਟਾਂ ਘੱਟ ਤੋਂ ਘੱਟ ਲੱਗਣ ਅਤੇ ਜਾਨਾਂ ਬਚਾਈਆਂ ਜਾ ਸਕਣ। ਇਨ੍ਹਾਂ ਹੀ ਸਿਧਾਂਤਾਂ ਨੂੰ ਆਧਾਰ ਬਣਾਉਂਦਿਆਂ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਹਾਈ ਕਮਿਸ਼ਨਰ ਦੇ ਦਫ਼ਤਰ ਨੇ 'ਕਾਨੂੰਨ ਲਾਗੂ ਕਰਨ ਵਿਚ ਘੱਟ ਜਾਨਲੇਵਾ ਹਥਿਆਰਾਂ ਦੀ ਵਰਤੋਂ ਬਾਰੇ 2020 ਦੇ ਦਿਸ਼ਾ-ਨਿਰਦੇਸ਼ਾਂ' ਵਿਚ ਸਪੱਸ਼ਟ ਤੌਰ ਉੱਤੇ ਕਿਹਾ ਹੈ: 'ਇੱਕੋ ਸਮੇਂ ਕਈ ਪ੍ਰੋਜੈਕਟਾਈਲ—ਗੋਲੇ ਜਾਂ ਪੈਲੇਟ—ਚਲਾਉਣਾ ਸਟੀਕ ਨਹੀਂ ਹੁੰਦਾ ਅਤੇ ਆਮ ਤੌਰ ਉੱਤੇ ਇਨ੍ਹਾਂ ਦੀ ਵਰਤੋਂ ਜ਼ਰੂਰਤ ਅਤੇ ਅਨੁਪਾਤ ਦੇ ਸਿਧਾਂਤਾਂ ਦੇ ਅਨੁਕੂਲ ਨਹੀਂ ਹੋ ਸਕਦੀ। ਧਾਤ ਦੇ ਪੈਲੇਟਾਂ, ਜਿਵੇਂ ਕਿ ਸ਼ਾਟਗਨ ਨਾਲ ਚਲਾਏ ਜਾਣ ਵਾਲੇ ਪੈਲੇਟ, ਦੀ ਵਰਤੋਂ ਕਦੇ ਵੀ ਨਹੀਂ ਕੀਤੀ ਜਾਣੀ ਚਾਹੀਦੀ।'

### ਲੋਕਤੰਤਰੀ ਪੁਲਿਸ ਪ੍ਰਣਾਲੀ ਨਾਲ ਕੁਜੋੜਤਾ

ਹੁਣ ਸਵਾਲ ਸਿਰਫ਼ ਇਹ ਨਹੀਂ ਕਿ 20 ਜੁਲਾਈ 2026 ਨੂੰ ਨਵੀਂ ਦਿੱਲੀ ਵਿਚ ਪ੍ਰਦਰਸ਼ਨਕਾਰੀਆਂ ਵਿਰੁੱਧ ਲੋੜ ਤੋਂ ਵੱਧ ਤਾਕਤ ਦੀ ਵਰਤੋਂ ਕੀਤੀ ਗਈ ਸੀ ਜਾਂ ਨਹੀਂ। ਸਵਾਲ ਇਹ ਹੈ ਕਿ ਕੀ ਬਰਾਬਰੀ ਅਤੇ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਲਈ ਵਚਨਬੱਧ ਸੰਵਿਧਾਨਕ ਲੋਕਤੰਤਰ ਅਜਿਹੇ ਹਥਿਆਰਾਂ ਨੂੰ ਜਾਇਜ਼ ਠਹਿਰਾਉਣਾ ਜਾਰੀ ਰੱਖ ਸਕਦਾ ਹੈ, ਜਿਨ੍ਹਾਂ ਦੀ ਮੁੱਖ ਵਿਸ਼ੇਸ਼ਤਾ ਹੀ ਲੋਕਾਂ ਨੂੰ ਅਪੰਗ ਬਣਾਉਣ ਦੀ ਸਮਰੱਥਾ ਹੈ।

ਜਦੋਂ ਵੀ ਭੀੜ ਉੱਤੇ ਪੈਲੇਟ ਗੰਨ ਚਲਾਈ ਜਾਂਦੀ ਹੈ, ਤਾਂ ਇਸ ਨਾਲ ਇੱਕ ਹੋਰ ਇੰਸ਼ਾ ਮੁਸ਼ਤਾਕ ਜਾਂ ਹਿਬਾ ਨਿਸਾਰ ਵਰਗੀ ਸਥਿਤੀ ਪੈਦਾ ਹੋਣ ਦਾ ਖ਼ਤਰਾ ਬਣ ਜਾਂਦਾ ਹੈ—ਅਰਥਾਤ ਇੱਕ ਅਜਿਹਾ ਬੱਚਾ, ਜਿਸ ਦੀ ਪੜ੍ਹਾਈ ਛੁੱਟ ਜਾਵੇ, ਜਾਂ ਇੱਕ ਅਜਿਹਾ ਨੌਜਵਾਨ, ਜਿਸ ਦਾ ਭਵਿੱਖ ਹਮੇਸ਼ਾ ਲਈ ਬਦਲ ਜਾਵੇ। ਜਿਹੜਾ ਸਮਾਜ ਅਪੰਗ ਵਿਅਕਤੀਆਂ ਦੀ ਮਾਣ-ਮਰਿਆਦਾ, ਬਰਾਬਰੀ ਅਤੇ ਅਧਿਕਾਰਾਂ ਪ੍ਰਤੀ ਵਚਨਬੱਧ ਹੈ, ਉਹ ਅਜਿਹਾ ਹਥਿਆਰ ਸਵੀਕਾਰ ਨਹੀਂ ਕਰ ਸਕਦਾ, ਜਿਸ ਦਾ ਨਤੀਜਾ ਹੀ ਅਪੰਗਤਾ ਪੈਦਾ ਕਰਨਾ ਹੋਵੇ। ਇਸ ਲਈ ਪੈਲੇਟ ਗੰਨਾਂ ਉੱਤੇ ਪਾਬੰਦੀ ਲਾਉਣ ਦੀ ਮੰਗ ਸਿਰਫ਼ ਪੁਲਿਸ ਸੁਧਾਰ ਜਾਂ ਭੀੜ ਨੂੰ ਕਾਬੂ ਕਰਨ ਦਾ ਮਾਮਲਾ ਨਹੀਂ ਹੈ; ਇਹ ਅਪੰਗ ਵਿਅਕਤੀਆਂ ਦੇ ਅਧਿਕਾਰਾਂ ਲਈ ਜ਼ਰੂਰੀ ਕਦਮ, ਸੰਵਿਧਾਨਕ ਜ਼ਿੰਮੇਵਾਰੀ ਅਤੇ ਮਨੁੱਖੀ ਮਾਣ-ਮਰਿਆਦਾ ਪ੍ਰਤੀ ਸਾਡੀ ਸਮੂਹਿਕ ਵਚਨਬੱਧਤਾ ਦੀ ਪਰਖ ਵੀ ਹੈ।

ਸੁਪਰੀਮ ਕੋਰਟ ਵਿਚ ਪੈਲੇਟ ਗੰਨਾਂ ਉੱਤੇ ਪਾਬੰਦੀ ਲਾਉਣ ਦੀ ਮੰਗ ਕਰਨ ਵਾਲੀ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਜਸਟਿਸ ਸੂਰੀਆ ਕਾਂਤ ਨੇ ਸੁਝਾਅ ਦਿੱਤਾ ਹੈ ਕਿ ਪਟੀਸ਼ਨ-ਕਰਤਾਵਾਂ ਨੂੰ ਪੈਲੇਟ ਗੰਨਾਂ ਉੱਤੇ ਮੁਕੰਮਲ ਪਾਬੰਦੀ ਲਾਉਣ ਦੀ ਥਾਂ ਅਦਾਲਤ ਤੋਂ ਇਨ੍ਹਾਂ ਦੀ ਵਰਤੋਂ ਲਈ ਇੱਕ ਪ੍ਰੋਟੋਕੋਲ ਬਣਾਉਣ ਦੀ ਮੰਗ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ, 'ਇਨ੍ਹਾਂ ਦੀ ਕਥਿਤ ਬੇਹੱਦ ਵਰਤੋਂ ਨੂੰ ਦੇਖਦਿਆਂ... ਤੁਹਾਡੀ ਮੰਗ ਇਹ ਹੋਣੀ ਚਾਹੀਦੀ ਹੈ ਕਿ ਅਦਾਲਤ ਇਨ੍ਹਾਂ ਦੀ ਵਰਤੋਂ ਸੰਬੰਧੀ ਇੱਕ ਪ੍ਰੋਟੋਕੋਲ ਤੈਅ ਕਰੇ।' ਅਸੀਂ ਇਹ ਪੁੱਛਣਾ ਚਾਹੁੰਦੇ ਹਾਂ: ਕੀ ਕਿਸੇ ਅਜਿਹੇ ਹਥਿਆਰ ਨੂੰ, ਜਿਸ ਦਾ ਪਹਿਲਾਂ ਤੋਂ ਪਤਾ ਅਤੇ ਸਾਬਤ ਨਤੀਜਾ ਸਾਰੀ ਉਮਰ ਦੀ ਅਪੰਗਤਾ ਹੋਵੇ, ਸਿਰਫ਼ ਪ੍ਰਕਿਰਿਆਤਮਕ ਸੁਰੱਖਿਆ ਉਪਾਵਾਂ ਰਾਹੀਂ ਕਦੇ ਵੀ ਸਵੀਕਾਰਯੋਗ ਬਣਾਇਆ ਜਾ ਸਕਦਾ ਹੈ?

ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਸਮੱਸਿਆ ਸਿਰਫ਼ ਇਸ ਦੀ ਬਹੁਤ ਜ਼ਿਆਦਾ ਜਾਂ ਲੋੜ ਤੋਂ ਵੱਧ ਵਰਤੋਂ ਦੀ ਨਹੀਂ, ਸਗੋਂ ਖ਼ੁਦ ਇਸ ਹਥਿਆਰ ਦੀ ਬਣਤਰ ਦੀ ਹੈ। ਪੈਲੇਟ ਸ਼ਾਟਗਨ ਵਿਚੋਂ ਸੈਂਕੜੇ ਪੈਲੇਟ—ਜਿਨ੍ਹਾਂ ਵਿਚੋਂ ਜ਼ਿਆਦਾਤਰ ਧਾਤ ਦੇ ਹੁੰਦੇ ਹਨ—ਇੱਕ ਵੱਡੇ ਇਲਾਕੇ ਵਿਚ ਬੇਤਰਤੀਬ ਢੰਗ ਨਾਲ ਫੈਲ ਜਾਂਦੇ ਹਨ, ਜਿਸ ਕਾਰਨ ਹਮੇਸ਼ਾ ਲਈ ਅਪੰਗ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਹ ਖ਼ਤਰਾ ਇਸ ਦੀ ਗ਼ਲਤ ਵਰਤੋਂ ਦਾ ਕੋਈ ਇਤਫ਼ਾਕੀਆ ਨਤੀਜਾ ਨਹੀਂ, ਸਗੋਂ ਇਸ ਹਥਿਆਰ ਦੀ ਆਪਣੀ ਖ਼ਾਸੀਅਤ ਹੈ। ਕੋਈ ਵੀ ਨਿਯਮ ਜਾਂ ਤਰੀਕਾ ਇਸ ਖ਼ਾਸੀਅਤ ਨੂੰ ਖ਼ਤਮ ਨਹੀਂ ਕਰ ਸਕਦਾ। ਅਧਿਕਾਰਾਂ ਉੱਤੇ ਆਧਾਰਤ ਨਜ਼ਰੀਏ ਤੋਂ ਇਹ ਸਮਝਣਾ ਜ਼ਰੂਰੀ ਹੈ ਕਿ ਅਜਿਹੇ ਹਥਿਆਰ, ਜਿਨ੍ਹਾਂ ਨੂੰ ਇਸ ਤਰ੍ਹਾਂ ਬਣਾਇਆ ਗਿਆ ਹੋਵੇ ਕਿ ਉਨ੍ਹਾਂ ਕਾਰਨ ਨਿਸ਼ਚਿਤ ਤੌਰ ਉੱਤੇ ਸਾਰੀ ਉਮਰ ਦੀ ਅਪੰਗਤਾ ਪੈਦਾ ਹੋ ਸਕਦੀ ਹੈ, ਆਮ ਨਾਗਰਿਕਾਂ ਵਿਚਕਾਰ ਕਾਨੂੰਨ ਲਾਗੂ ਕਰਨ ਦੇ ਕੰਮ ਲਈ ਨਹੀਂ ਵਰਤੇ ਜਾਣੇ ਚਾਹੀਦੇ।

# 'ਗਿੱਲੀਆਂ ਪਾਥੀਆਂ ਦਾ ਧੂੰਆਂ'


ਪਿੰਡ ਦੀ ਇੱਕ ਪੁਰਾਣੀ ਸਵੇਰ ਅੱਜ ਵੀ ਮੇਰੀਆਂ ਅੱਖਾਂ ਅੱਗੇ ਆ ਜਾਂਦੀ ਹੈ। ਉਦੋਂ ਚੁੱਲ੍ਹੇ ਵਿਚ ਅੱਗ ਬਾਲੀ ਜਾਂਦੀ ਸੀ। ਸੁੱਕੀਆਂ ਪਾਥੀਆਂ ਲੱਗੀਆਂ ਹੋਣ ਤਾਂ ਅੱਗ ਹੌਲੀ-ਹੌਲੀ ਮੱਚਦੀ, ਤਵਾ ਗਰਮ ਹੁੰਦਾ, ਰੋਟੀ ਪੱਕਦੀ ਅਤੇ ਘਰ ਵਿਚ ਨਿੱਘ ਫੈਲਦਾ। ਪਰ ਜੇ ਪਾਥੀ ਗਿੱਲੀ ਨਿਕਲ ਆਵੇ ਤਾਂ ਉਹ ਬਲਦੀ ਘੱਟ ਸੀ ਤੇ ਧੂੰਆਂ ਜ਼ਿਆਦਾ ਕਰਦੀ ਸੀ।

ਅੱਖਾਂ ਵਿਚੋਂ ਪਾਣੀ ਵਗਦਾ।

ਸਾਹ ਲੈਣਾ ਔਖਾ ਹੋ ਜਾਂਦਾ।

ਅਖੀਰ ਚੁੱਲ੍ਹੇ ਕੋਲ ਬੈਠਾ ਬੰਦਾ ਉੱਠ ਕੇ ਬਾਹਰ ਚਲਾ ਜਾਂਦਾ।

ਅੱਜ ਜਦੋਂ ਮੈਂ ਪਰਦੇਸਾਂ ਦੇ ਕਈ ਪਰਿਵਾਰਾਂ ਦੀਆਂ ਕਹਾਣੀਆਂ ਸੁਣਦਾ ਹਾਂ ਤਾਂ ਮੈਨੂੰ ਉਹੀ ਪੁਰਾਣਾ ਚੁੱਲ੍ਹਾ ਯਾਦ ਆ ਜਾਂਦਾ ਹੈ।



ਫਰਕ ਸਿਰਫ ਇੰਨਾ ਹੈ—

ਉਦੋਂ ਪਾਥੀਆਂ ਗਿੱਲੀਆਂ ਹੁੰਦੀਆਂ ਸਨ, ਅੱਜ ਕਈ ਰਿਸ਼ਤੇ ਗਿੱਲੇ ਹੋ ਗਏ ਹਨ।

**ਅਮਰੀਕ ਸਿੰਘ 'ਅਮਰ'**
**ਸ਼ਿਕਾਗੋ, (ਯੂ.ਐਸ.ਏ.)**
**ਫੋਨ: 773-507-8043**

ਅੰਦਰ ਗਿਲੇ-ਸ਼ਿਕਵੇ ਹਨ, ਹਉਮੈ ਹੈ, ਮੁਕਾਬਲਾ ਹੈ, 'ਮੇਰਾ-ਤੇਰਾ' ਹੈ—ਅਤੇ ਇਹ ਸਭ ਮਿਲ ਕੇ ਐਸਾ ਧੂੰਆਂ ਪੈਦਾ ਕਰ ਰਹੇ ਹਨ ਜਿਸ ਵਿਚ ਕਈ ਘਰਾਂ ਦੇ ਜੀਅ ਅੱਖਾਂ ਪੂੰਝਦੇ ਜ਼ਿੰਦਗੀ ਕੱਟ ਰਹੇ ਹਨ। ਜਦੋਂ ਘਰ ਛੋਟੇ ਤੇ ਪਰਿਵਾਰ ਵੱਡੇ ਹੁੰਦੇ ਸਨ। ਕਦੇ ਪੰਜਾਬ ਵਿਚ ਪੰਜ-ਸੱਤ ਜੀਆਂ ਦਾ ਘਰ ਕੋਈ ਵੱਡੀ ਗੱਲ ਨਹੀਂ ਸੀ। ਤਿੰਨ ਪੀੜ੍ਹੀਆਂ ਇੱਕ ਛੱਤ ਹੇਠ ਰਹਿੰਦੀਆਂ ਸਨ। ਦਾਦਾ-ਦਾਦੀ, ਪੁੱਤ-ਨੂੰਹ, ਪੋਤੇ-ਪੋਤੀਆਂ।

ਚਾਰ ਭਰਾ ਹੋਣ ਤਾਂ ਕਈ ਵਾਰ ਇੱਕ ਅੱਧਾ ਵਿਆਹਿਆ ਵੀ ਨਾ ਜਾਂਦਾ। ਉਸਦੀ ਵੱਖਰੀ ਰਸੋਈ ਨਹੀਂ ਹੁੰਦੀ ਸੀ ਭਾਬੀਆਂ ਦੇ ਹੱਥ ਦੀ ਰੋਟੀ ਹੀ ਉਸਦਾ ਸਹਾਰਾ ਸੀ।

ਘਰ ਵਿਚ ਕਿਹਾ-ਸੁਣੀ ਉਦੋਂ ਵੀ ਹੁੰਦੀ ਸੀ। ਮਨੁੱਖ ਉਦੋਂ ਵੀ ਮਨੁੱਖ ਹੀ ਸੀ, ਪਰ ਬਹੁਤ ਘਰਾਂ ਵਿਚ ਇੱਕ ਲਫ਼ਜ਼ ਅੱਜ ਨਾਲੋਂ ਵੱਡਾ ਸੀ—'ਸਾਡਾ।'

ਅੱਜ ਸਾਡੇ ਕੋਲ ਕਮਰੇ ਵਧ ਗਏ ਹਨ, ਪਰ ਇੱਕ-ਦੂਜੇ ਲਈ ਥਾਂ ਘਟ ਗਈ ਹੈ।

ਅਸੀਂ ਪੰਜਾਬ ਤੋਂ ਅਮਰੀਕਾ, ਕੈਨੇਡਾ, ਆਸਟ੍ਰੇਲੀਆ ਅਤੇ ਦੁਨੀਆ ਦੇ ਹੋਰ ਮੁਲਕਾਂ ਵਿਚ ਆਏ। ਦਿਨ-ਰਾਤ ਮਿਹਨਤ ਕੀਤੀ। ਘਰ ਬਣਾਏ, ਕਾਰੋਬਾਰ ਖੜ੍ਹੇ ਕੀਤੇ, ਬੱਚਿਆਂ ਨੂੰ ਪੜ੍ਹਾਇਆ ਚਾਰ ਪੈਸੇ ਵੀ ਕਮਾ ਲਏ।

ਪਰ ਇਸ ਸਫ਼ਰ ਦੌਰਾਨ ਕਿਤੇ ਸਾਡੇ ਹੱਥੋਂ ਉਹ ਪੁਰਾਣੀ ਸਾਂਝ ਤਾਂ ਨਹੀਂ ਡਿੱਗ ਗਈ? ਇੱਕ ਵੱਡੇ ਘਰ ਦਾ ਇਕੱਲਾ ਕਮਰਾ।

ਪਰਦੇਸ ਵਿਚ ਇੱਕ ਬਜ਼ੁਰਗ ਨੂੰ ਮਿਲਣ ਦਾ ਮੌਕਾ ਮਿਲਿਆ। ਘਰ ਬਹੁਤ ਸੋਹਣਾ ਸੀ। ਸਾਹਮਣੇ ਮਹਿੰਗੀਆਂ ਗੱਡੀਆਂ ਖੜ੍ਹੀਆਂ ਸਨ। ਅੰਦਰ ਹਰ ਸਹੂਲਤ ਸੀ। ਗੱਲਾਂ ਕਰਦਿਆਂ ਮੈਂ ਸਹਿਜੇ ਪੁੱਛ ਲਿਆ, 'ਭਾਜੀ, ਸਭ ਠੀਕ ਹੈ?'

ਬੁੱਲ੍ਹਾਂ ਨੇ ਕਿਹਾ— 'ਹਾਂ ਵੀਰੇ, ਸਭ ਠੀਕ ਹੈ।'

ਪਰ ਅੱਖਾਂ ਨੇ ਉਹ ਜਵਾਬ ਨਹੀਂ ਦਿੱਤਾ।

ਕੁਝ ਦੇਰ ਬਾਅਦ ਦਿਲ ਖੁੱਲ੍ਹਿਆ ਤਾਂ ਪਤਾ ਲੱਗਾ—ਰੋਟੀ ਮਿਲਦੀ ਹੈ, ਦਵਾਈ ਮਿਲਦੀ ਹੈ, ਕਮਰਾ ਮਿਲਿਆ ਹੋਇਆ ਹੈ; ਪਰ ਕਈ ਦਿਨ ਐਸੇ ਲੰਘ ਜਾਂਦੇ ਹਨ ਜਦੋਂ ਕੋਈ ਕੋਲ ਬੈਠ ਕੇ ਦਸ ਮਿੰਟ ਗੱਲ ਵੀ ਨਹੀਂ ਕਰਦਾ।

ਮੈਂ ਸੋਚਿਆ—ਇਨਸਾਨ ਨੂੰ ਬੁਢਾਪੇ ਵਿਚ ਸਿਰਫ਼ ਰੋਟੀ ਨਹੀਂ ਚਾਹੀਦੀ; ਕਦੇ-ਕਦੇ ਰੋਟੀ ਨਾਲ ਬੈਠਣ ਵਾਲਾ ਆਪਣਾ ਵੀ ਚਾਹੀਦਾ ਹੈ।

ਪਰ ਇਹ ਕਹਾਣੀ ਹਰ ਘਰ ਦੀ ਨਹੀਂ ਅਤੇ ਹਰ ਨੂੰਹ ਜਾਂ ਹਰ ਪੁੱਤ ਦੀ ਵੀ ਨਹੀਂ। ਅੱਜ ਵੀ ਹਜ਼ਾਰਾਂ ਨੂੰਹਾਂ ਆਪਣੇ ਸੱਸ-ਸਹੁਰਿਆਂ ਨੂੰ ਮਾਂ-ਬਾਪ ਤੋਂ ਵੱਧ ਸੰਭਾਲ ਰਹੀਆਂ ਹਨ। ਕਈ ਪੁੱਤ ਆਪਣੇ ਬਜ਼ੁਰਗ ਮਾਪਿਆਂ ਲਈ ਆਪਣੀਆਂ ਸੁਖ-ਸਹੂਲਤਾਂ ਛੱਡ ਦਿੰਦੇ ਹਨ।

ਉਨ੍ਹਾਂ ਨੂੰ ਮੇਰਾ ਸਿਰ ਝੁਕਾ ਕੇ ਸਲਾਮ ਹੈ।

ਪਰ ਸੱਚ ਦਾ ਇੱਕ ਦੂਜਾ ਪਾਸਾ ਵੀ ਹੈ, ਜਿਸਨੂੰ ਲਿਖਣ ਤੋਂ ਡਰਨਾ ਨਹੀਂ ਚਾਹੀਦਾ।

ਹਰ ਘਰ ਨੂੰਹ ਧੀ ਬਣ ਕੇ ਆਵੇ—ਗਿੱਲੀ ਪਾਥੀ ਨਾ ਬਣੇ। ਕੁਝ ਘਰਾਂ ਵਿਚ ਨਵੀਂ ਨੂੰਹ ਆਉਂਦੀ ਹੈ ਅਤੇ ਸਮੇਂ ਨਾਲ ਘਰ ਦੀ ਰੌਣਕ ਬਣ ਜਾਂਦੀ ਹੈ। ਪਰ ਕੁਝ ਘਰਾਂ ਦੀਆਂ ਕਹਾਣੀਆਂ ਬਹੁਤ ਦਰਦਨਾਕ ਵੀ ਸੁਣਨ ਨੂੰ ਮਿਲਦੀਆਂ ਹਨ।

ਤਾਅਨੇ, ਅਪਮਾਨ।

ਪੁੱਤ ਨੂੰ ਮਾਂ-ਬਾਪ ਤੋਂ ਦੂਰ ਕਰਨ ਦੀ ਕੋਸ਼ਿਸ਼।

ਪੋਤੇ-ਪੋਤੀਆਂ ਨੂੰ ਦਾਦਾ-ਦਾਦੀ ਤੋਂ ਦੂਰ ਰੱਖਣਾ।

ਘਰ ਵਿਚ ਬਜ਼ੁਰਗ ਦੀ ਹਰ ਗੱਲ ਨੂੰ ਬੋਝ ਸਮਝਣਾ।

ਅਜਿਹੀ ਨੂੰਹ ਨੂੰ ਮੈਂ ਸਿਰਫ਼ ਚਾਰ ਗੱਲਾਂ ਕਹਿਣੀਆਂ ਚਾਹੁੰਦਾ ਹਾਂ—

ਧੀਏ, ਇੱਕ ਵਾਰ ਆਪਣੇ ਪੇਕੇ ਘਰ ਦਾ ਦਰਵਾਜ਼ਾ ਵੀ ਅੱਖਾਂ ਅੱਗੇ ਲਿਆ।

ਉੱਥੇ ਤੇਰਾ ਬਾਪ ਵੀ ਬੁੱਢਾ ਹੋਵੇਗਾ।

ਤੇਰੀ ਮਾਂ ਦੇ ਵਾਲ ਵੀ ਇੱਕ ਦਿਨ ਚਿੱਟੇ ਹੋਣਗੇ।

ਤੇਰਾ ਭਰਾ ਵੀ ਕਿਸੇ ਦੀ ਧੀ ਵਿਆਹ ਕੇ ਘਰ ਲਿਆਵੇਗਾ।

ਜਿਸ ਦਿਨ ਤੇਰੀ ਆਪਣੀ ਮਾਂ ਤੈਨੂੰ ਫ਼ੋਨ 'ਤੇ ਰੋਂਦੀ ਹੋਈ ਕਹੇ—'ਧੀਏ, ਘਰ ਵਿਚ ਸਾਹ ਲੈਣਾ ਔਖਾ ਹੋ ਗਿਆ...'

ਉਸ ਦਿਨ ਸ਼ਾਇਦ ਤੈਨੂੰ ਉਸ ਸੱਸ ਦੀਆਂ ਅੱਖਾਂ ਯਾਦ ਆਉਣ ਜਿਸਨੂੰ ਤੂੰ ਕਦੇ ਰੁਆਇਆ ਸੀ।

ਜਿਸ ਦਿਨ ਤੇਰਾ ਬਾਪ ਆਪਣੇ ਹੀ ਪੁੱਤ ਦੇ ਘਰ ਵਿਚ ਬੋਲਣ ਤੋਂ ਪਹਿਲਾਂ ਡਰੇ, ਉਸ ਦਿਨ ਸ਼ਾਇਦ ਤੈਨੂੰ ਆਪਣੇ ਸਹੁਰੇ ਦੀ ਉਹ ਚੁੱਪ ਸਮਝ ਆਵੇ ਜਿਸਨੂੰ ਤੂੰ ਕਮਜ਼ੋਰੀ ਸਮਝਦੀ ਰਹੀ।

ਅਤੇ ਜੇ ਕਦੇ ਤੇਰੀ ਭਾਬੀ ਤੇਰੇ ਮਾਂ-ਬਾਪ ਨਾਲ ਉਹੀ ਸਲੂਕ ਕਰੇ ਜੋ ਤੂੰ ਆਪਣੇ ਸੱਸ-ਸਹੁਰੇ ਨਾਲ ਕੀਤਾ ਸੀ, ਤਾਂ ਸ਼ਾਇਦ ਤੇਰਾ ਆਪਣਾ ਦਿਲ ਤੈਨੂੰ ਪੁੱਛੇ—

'ਜਿਨ੍ਹਾਂ ਨੂੰ ਤੂੰ ਧੂੰਏਂ ਵਿਚ ਸਾਹ ਲੈਣ ਲਈ ਛੱਡਿਆ ਸੀ, ਉਹ ਵੀ ਤਾਂ ਕਿਸੇ ਦੀ ਧੀ ਦੇ ਮਾਂ-ਬਾਪ ਸਨ।'

ਪਰ ਇਹ ਗੱਲ ਨੂੰਹ ਲਈ ਹੀ ਨਹੀਂ।

ਪੁੱਤ, ਤੇਰੀ ਚੁੱਪ ਵੀ ਧੂੰਆਂ ਬਣ ਸਕਦੀ ਹੈ

ਜੇ ਪਤਨੀ ਮਾਂ-ਬਾਪ ਦਾ ਅਪਮਾਨ ਕਰਦੀ ਹੈ ਅਤੇ ਪੁੱਤ ਇਹ ਕਹਿ ਕੇ ਚੁੱਪ ਰਹਿੰਦਾ ਹੈ ਕਿ 'ਮੈਂ ਵਿਚਕਾਰ ਨਹੀਂ ਪੈਣਾ,' ਤਾਂ ਉਹ ਵਿਚਕਾਰੋਂ ਬਾਹਰ ਨਹੀਂ ਹੋਇਆ—

ਉਸਦੀ ਚੁੱਪ ਵੀ ਇੱਕ ਫ਼ੈਸਲਾ ਬਣ ਗਈ।

ਪਰ ਇਸਦਾ ਅਰਥ ਪਤਨੀ ਨਾਲ ਬੇਇਨਸਾਫ਼ੀ ਕਰਨਾ ਵੀ ਨਹੀਂ।

ਜਿਸ ਔਰਤ ਨੇ ਤੇਰੇ ਨਾਲ ਜੀਵਨ ਬਿਤਾਉਣ ਲਈ ਆਪਣਾ ਘਰ ਛੱਡਿਆ ਹੈ, ਉਸਦੀ ਇੱਜ਼ਤ ਦੀ ਰੱਖਿਆ ਵੀ ਤੇਰੀ ਜ਼ਿੰਮੇਵਾਰੀ ਹੈ।

ਮਾਂ ਨੂੰ ਪਤਨੀ ਦੇ ਖ਼ਿਲਾਫ਼ ਅਤੇ ਪਤਨੀ ਨੂੰ ਮਾਂ ਦੇ ਖ਼ਿਲਾਫ਼ ਖੜ੍ਹਾ ਕਰਕੇ ਕੋਈ ਮਰਦ ਘਰ ਨਹੀਂ ਬਚਾ ਸਕਦਾ।

ਚੰਗਾ ਪੁੱਤ ਬਣਨ ਲਈ ਮਾੜਾ ਪਤੀ ਬਣਨਾ ਜ਼ਰੂਰੀ ਨਹੀਂ,

ਅਤੇ ਚੰਗਾ ਪਤੀ ਬਣਨ ਲਈ ਮਾਂ-ਬਾਪ ਤੋਂ ਮੂੰਹ ਮੋੜਨਾ ਵੀ ਜ਼ਰੂਰੀ ਨਹੀਂ।

ਇਨਸਾਫ਼ ਦੋਹਾਂ ਪਾਸੇ ਚਾਹੀਦਾ ਹੈ। ਸੱਸ ਵੀ ਸੋਚੇ—ਉਹ ਨੂੰਹ ਵੀ ਕਿਸੇ ਦੀ ਧੀ ਹੈ। ਜੇ ਗੱਲ ਪੂਰੀ ਕਰਨੀ ਹੈ ਤਾਂ ਸੱਸ ਨੂੰ ਵੀ ਸ਼ੀਸ਼ਾ ਦਿਖਾਉਣਾ ਪਵੇਗਾ।

ਜਿਸ ਧੀ ਨੂੰ ਕਿਸੇ ਮਾਂ ਨੇ ਵੀਹ-ਪੱਚੀ ਸਾਲ ਸੀਨੇ ਨਾਲ ਲਾ ਕੇ ਪਾਲਿਆ, ਉਹ ਇੱਕ ਦਿਨ ਵਿਚ ਤੁਹਾਡੇ ਘਰ ਦੇ ਸਾਰੇ ਰਿਵਾਜ ਨਹੀਂ ਸਿੱਖ ਸਕਦੀ।

ਹਰ ਵੇਲੇ—'ਸਾਡੀ ਧੀ ਤਾਂ ਇੰਝ ਕਰਦੀ ਹੈ...'

'ਸਾਡੇ ਘਰ ਵਿਚ ਇਹ ਨਹੀਂ ਹੁੰਦਾ...'

'ਸਾਡੇ ਜ਼ਮਾਨੇ ਦੀਆਂ ਨੂੰਹਾਂ...'

ਇਹ ਛੋਟੀਆਂ ਗੱਲਾਂ ਵੀ ਇੱਕ ਦਿਨ ਗਿੱਲੀ ਪਾਥੀ ਬਣ ਜਾਂਦੀਆਂ ਹਨ।

ਨੂੰਹ ਨੂੰ ਧੀ ਕਹਿਣਾ ਸੌਖਾ ਹੈ। ਉਸਨੂੰ ਧੀ ਵਾਲੀ ਗਲਤੀ ਕਰਨ ਦਾ ਹੱਕ ਦੇਣਾ ਔਖਾ ਹੈ। ਅਸਲ ਪਰਖ ਉੱਥੇ ਹੁੰਦੀ ਹੈ।

**ਫ਼ੋਨ—ਨਵਾਂ ਜੀਅ, ਜਿਸਨੇ ਘਰ ਦੇ ਜੀਆਂ ਨੂੰ ਚੁੱਪ ਕਰਾ ਦਿੱਤਾ**

ਇਸ ਨਵੇਂ ਯੁੱਗ ਵਿਚ ਇੱਕ ਹੋਰ ਗਿੱਲੀ ਪਾਥੀ ਸਾਡੇ ਚੁੱਲ੍ਹੇ ਵਿਚ ਪੈ ਗਈ ਹੈ—ਮੋਬਾਈਲ ਫ਼ੋਨ। ਇੱਕੋ ਘਰ ਵਿਚ ਪੰਜ ਬੰਦੇ ਹਨ ਅਤੇ ਪੰਜਾਂ ਦੀ ਦੁਨੀਆ ਵੱਖਰੀ ਹੈ।

ਦਾਦਾ Facebook ਵੇਖ ਰਿਹਾ ਹੈ।

ਪੁੱਤ ਕੰਮ ਦੀ ਈਮੇਲ ਵਿਚ ਹੈ।

ਨੂੰਹ Instagram ਵਿਚ ਹੈ।

ਪੋਤਾ ਗੇਮ ਖੇਡ ਰਿਹਾ ਹੈ।

ਪਤੀ-ਪਤਨੀ ਇੱਕੋ ਬਿਸਤਰੇ 'ਤੇ ਪਏ ਹਨ, ਪਰ ਦੋ ਵੱਖਰੀਆਂ ਦੁਨੀਆਂ ਵਿਚ ਹਨ। ਦੁਨੀਆ ਦੇ ਦੂਜੇ ਕੋਨੇ ਵਿਚ ਬੈਠੇ ਅਜਨਬੀ ਦੀ ਹਰ ਪੋਸਟ ਦਾ ਪਤਾ ਹੈ—ਪਰ ਨਾਲ ਦੇ ਕਮਰੇ ਵਿਚ ਬੈਠੀ ਮਾਂ ਅੱਜ ਉਦਾਸ ਕਿਉਂ ਹੈ, ਇਹ ਨਹੀਂ ਪਤਾ।

Wi-Fi full signal ਦਿਖਾ ਰਿਹਾ ਹੈ,

ਪਰ ਪਰਿਵਾਰ ਦੇ ਸਗਿਨਅਲ ਡਿੱਗਦੇ ਜਾ ਰਹੇ ਹਨ।

ਦੂਰੀ ਹਮੇਸ਼ਾ ਵਿਛੋੜਾ ਨਹੀਂ ਹੁੰਦੀ ਮੈਂ ਕੁਝ ਪਰਿਵਾਰ ਵੇਖੇ ਜਿਨ੍ਹਾਂ ਨੇ ਪੁੱਤ ਦੇ ਵਿਆਹ ਤੋਂ ਬਾਅਦ ਨਵੇਂ ਜੋੜੇ ਲਈ ਵੱਖਰਾ ਘਰ ਕਰ ਦਿੱਤਾ।

ਪਹਿਲਾਂ ਮੈਨੂੰ ਅਜੀਬ ਲੱਗਿਆ।

ਪਰ ਫਿਰ ਵੇਖਿਆ—

ਐਤਵਾਰ ਨੂੰ ਸਾਰੇ ਇੱਕ ਮੇਜ਼ 'ਤੇ ਰੋਟੀ ਖਾਂਦੇ ਹਨ।

ਨੂੰਹ ਸੱਸ ਨੂੰ ਫ਼ੋਨ ਕਰਦੀ ਹੈ।

ਪੁੱਤ, ਬਾਪ ਦਾ ਕੰਮ ਕਰਨ ਆ ਜਾਂਦਾ ਹੈ।

ਪੋਤੇ ਦਾਦਾ-ਦਾਦੀ ਕੋਲ ਰਾਤ ਰਹਿਣ ਲਈ ਜ਼ਿੱਦ ਕਰਦੇ ਹਨ।

ਫਿਰ ਸਮਝ ਆਈ—

ਹਰ ਦੂਰੀ ਰਿਸ਼ਤਾ ਨਹੀਂ ਤੋੜਦੀ;

ਕਈ ਵਾਰ ਥੋੜ੍ਹੀ ਦੂਰੀ ਪਿਆਰ ਨੂੰ ਬਚਾ ਲੈਂਦੀ ਹੈ।

ਸਾਂਝਾ ਪਰਿਵਾਰ ਇੱਕੋ ਐਡਰੈਸ ਦਾ ਨਾਮ ਨਹੀਂ।

ਸਾਂਝਾ ਪਰਿਵਾਰ ਸਾਂਝੇ ਦੁੱਖ-ਸੁੱਖ ਦਾ ਨਾਮ ਹੈ।

ਗਿੱਲੀਆਂ ਪਾਥੀਆਂ ਸੁਕਾਉਣ ਦਾ ਵੇਲਾ ਹੈ

ਹੱਲ ਪੁਰਾਣੇ ਪੰਜਾਬ ਨੂੰ ਵਾਪਸ ਲਿਆਉਣਾ ਨਹੀਂ। ਹੱਲ ਇਹ ਹੈ ਕਿ ਨਵੇਂ ਸਮੇਂ ਵਿਚ ਪੁਰਾਣੀਆਂ ਚੰਗੀਆਂ ਕਦਰਾਂ ਬਚਾ ਲਈਏ। ਘਰ ਵਿਚ ਇੱਕ ਸਮਾਂ ਐਸਾ ਹੋਵੇ ਜਦੋਂ ਫ਼ੋਨ ਪਾਸੇ ਹੋਣ ਅਤੇ ਬੰਦੇ ਇੱਕ ਦੂਜੇ ਵੱਲ ਵੇਖ ਕੇ ਗੱਲ ਕਰਨ। ਬਜ਼ੁਰਗ ਬੱਚਿਆਂ ਦੀ ਜ਼ਿੰਦਗੀ ਨੂੰ ਕੰਟਰੋਲ ਕਰਨ ਦੀ ਥਾਂ ਉਨ੍ਹਾਂ ਦਾ ਸਹਾਰਾ ਬਣਨ। ਨਵੀਂ ਪੀੜ੍ਹੀ ਬਜ਼ੁਰਗਾਂ ਨੂੰ 'old-fashioned' ਕਹਿ ਕੇ ਖਾਰਜ ਕਰਨ ਦੀ ਥਾਂ ਯਾਦ ਰੱਖੇ ਕਿ ਜਿਸ ਦਰੱਖ਼ਤ ਦੀ ਛਾਂ ਹੇਠ ਅੱਜ ਖੜ੍ਹੇ ਹਾਂ, ਕਿਸੇ ਨੇ ਉਸਨੂੰ ਆਪਣੇ ਹੱਥੀਂ ਲਾਇਆ ਸੀ।

ਨੂੰਹ ਨੂੰ ਆਪਣੀ ਜਗ੍ਹਾ ਮਿਲੇ।

ਸੱਸ-ਸਹੁਰੇ ਨੂੰ ਆਪਣੀ ਇੱਜ਼ਤ ਮਿਲੇ।

ਪਤੀ ਆਪਣੀ ਪਤਨੀ ਦੀ ਇੱਜ਼ਤ ਦੀ ਢਾਲ ਬਣੇ, ਪਰ ਮਾਂ-ਬਾਪ ਦੀ ਬੇਇੱਜ਼ਤੀ ਦਾ ਦਰਸ਼ਕ ਨਾ ਬਣੇ।

ਮਾਂ-ਬਾਪ ਪੁੱਤ ਨੂੰ ਆਪਣੀ ਜਾਇਦਾਦ ਨਾ ਸਮਝਣ।

ਅਤੇ ਪੁੱਤ ਮਾਂ-ਬਾਪ ਨੂੰ ਆਪਣੀ ਪੁਰਾਣੀ ਜ਼ਿੰਮੇਵਾਰੀ ਨਾ ਸਮਝੇ।

ਜਿੱਥੇ ਇਕੱਠੇ ਰਹਿਣ ਨਾਲ ਰੋਜ਼ ਧੂੰਆਂ ਉੱਠਦਾ ਹੋਵੇ, ਉੱਥੇ ਪਿਆਰ ਨਾਲ ਵੱਖਰੇ ਰਹਿ ਲੈਣਾ ਹਾਰ ਨਹੀਂ। ਰਿਸ਼ਤਾ ਬਚ ਜਾਣਾ, ਇੱਕ ਛੱਤ ਬਚਾਉਣ ਨਾਲੋਂ ਵੱਡੀ ਜਿੱਤ ਹੈ।

ਅਖ਼ੀਰ ਵਿਚ...

ਪਰਦੇਸ ਨੇ ਸਾਨੂੰ ਬਹੁਤ ਕੁਝ ਦਿੱਤਾ; ਡਾਲਰ ਦਿੱਤੇ, ਵੱਡੇ ਘਰ ਦਿੱਤੇ, ਸਹੂਲਤਾਂ ਦਿੱਤੀਆਂ, ਬੱਚਿਆਂ ਨੂੰ ਮੌਕੇ ਦਿੱਤੇ, ਪਰ ਜੇ ਇਸ ਸਭ ਦੀ ਕੀਮਤ ਮਾਂ ਦੀਆਂ ਭਿੱਜੀਆਂ ਅੱਖਾਂ, ਬਾਪ ਦੀ ਚੁੱਪ, ਨੂੰਹ ਦਾ ਘੁੱਟਦਾ ਮਨ, ਪੁੱਤ ਦੀ ਬੇਬਸੀ ਅਤੇ ਪਤੀ-ਪਤਨੀ ਵਿਚਕਾਰ ਪਈ ਮੋਬਾਈਲ ਦੀ ਸਕਰੀਨ ਹੈ—

ਤਾਂ ਇੱਕ ਦਿਨ ਬੈਠ ਕੇ ਹਿਸਾਬ ਜ਼ਰੂਰ ਕਰਨਾ ਪਵੇਗਾ:

ਅਸੀਂ ਪਰਦੇਸ ਵਿਚ ਕਮਾਇਆ ਕਿੰਨਾ,

ਤੇ ਗੁਆਇਆ ਕਿੰਨਾ?

ਚੁੱਲ੍ਹਾ ਅੱਜ ਵੀ ਬਲ ਸਕਦਾ ਹੈ।

ਪਰ ਗਿੱਲੀਆਂ ਪਾਥੀਆਂ ਸੁਕਾਉਣੀਆਂ ਪੈਣਗੀਆਂ—

ਕਿਸੇ ਨੂੰ ਆਪਣੀ ਹਉਮੈ ਸੁਕਾਉਣੀ ਪਵੇਗੀ,

ਕਿਸੇ ਨੂੰ ਆਪਣਾ ਗੁੱਸਾ,

ਕਿਸੇ ਨੂੰ ਪੁਰਾਣਾ ਗਿਲਾ,

ਕਿਸੇ ਨੂੰ 'ਮੇਰਾ ਘਰ' ਵਾਲੀ ਸੋਚ,

ਤੇ ਕਿਸੇ ਨੂੰ 'ਮੇਰੀ ਜ਼ਿੰਦਗੀ, ਮੈਨੂੰ ਕਿਸੇ ਦੀ ਲੋੜ ਨਹੀਂ' ਵਾਲਾ ਭਰਮ। ਕਿਉਂਕਿ ਰਿਸ਼ਤੇ ਤੋੜ ਕੇ ਨਵਾਂ ਚੁੱਲ੍ਹਾ ਬਾਲਣਾ ਬਹੁਤ ਸੌਖਾ ਹੈ।

ਕਮਾਲ ਤਾਂ ਉਦੋਂ ਹੈ ਜਦੋਂ ਗਿੱਲੀ ਪਾਥੀ ਨੂੰ ਸੁਕਾ ਕੇ ਉਸੇ ਅੱਗ ਵਿਚੋਂ ਮੁੜ ਘਰ ਲਈ ਨਿੱਘ ਪੈਦਾ ਕਰ ਲਈਏ। ਨਹੀਂ ਤਾਂ ਗਿੱਲੀਆਂ ਪਾਥੀਆਂ ਧੁਖਦੀਆਂ ਰਹਿਣਗੀਆਂ...

ਘਰ ਸ਼ਾਇਦ ਸੜਨ ਨਾ, ਪਰ ਧੂੰਆਂ ਇੱਕ ਦਿਨ ਐਨਾ ਹੋ ਜਾਵੇਗਾ ਕਿ ਆਪਣੇ ਹੀ ਘਰ ਵਿਚ ਆਪਣਿਆਂ ਲਈ ਸਾਹ ਲੈਣਾ ਔਖਾ ਹੋ ਜਾਵੇਗਾ। ਇਸ ਲਈ ਅੱਗ ਨੂੰ ਬੁਝਾਉਣਾ ਨਹੀਂ—ਧੂੰਆਂ ਮੁਕਾਉਣਾ ਹੈ।

ਤਾਂ ਜੋ ਸਾਡੇ ਘਰਾਂ ਦੇ ਚੁੱਲ੍ਹੇ

ਅੱਖਾਂ ਵਿਚ ਪਾਣੀ ਲਿਆਉਣ ਲਈ ਨਹੀਂ,

ਆਪਣਿਆਂ ਨੂੰ ਨਿੱਘ ਦੇਣ ਲਈ ਬਲਦੇ ਰਹਿਣ।

# ਗੁਰੂ ਗ੍ਰੰਥ ਸਾਹਿਬ ਬਾਰੇ ਮਹੱਤਵਪੂਰਨ ਜਾਣਕਾਰੀ

## ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਵਸ 'ਤੇ ਵਿਸ਼ੇਸ਼

12 ਸਤੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਦਿਵਸ ਹੈ। ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਿਤ ਤਿੰਨ ਦਿਵਸ ਖਾਸ ਤੌਰ 'ਤੇ ਸਿੱਖ ਧਰਮ ਵਿਚ ਮਨਾਏ ਜਾਂਦੇ ਹਨ- ਪਹਿਲਾ, ਪਹਿਲਾ ਪ੍ਰਕਾਸ਼ ਦਿਵਸ; ਦੂਜਾ, ਸੰਪੂਰਨਤਾ ਦਿਵਸ; ਅਤੇ ਤੀਜਾ, ਗੁਰਗੱਦੀ ਦਿਵਸ। ਦੁਨੀਆਂ ਦੇ ਹੋਰਨਾਂ ਧਰਮਾਂ ਵਿਚ ਉਨ੍ਹਾਂ ਦੇ ਪਾਵਨ ਗ੍ਰੰਥਾਂ ਨਾਲ ਸੰਬੰਧਿਤ ਸ਼ਾਇਦ ਹੀ ਅਜਿਹੇ ਦਿਨ ਮਨਾਏ ਜਾਂਦੇ ਹੋਣ।



ਗੁਰੂ ਗ੍ਰੰਥ ਸਾਹਿਬ ਬਾਰੇ ਕੁਝ ਵਰਣਨ ਕਰਨਾ ਸੂਰਜ ਨੂੰ ਦੀਵਾ ਵਿਖਾਉਣ ਦੇ ਬਰਾਬਰ ਹੈ। ਯਾਨੀ ਕਿ ਇਹ ਗਿਆਨ ਦਾ ਅਥਾਹ ਸਾਗਰ ਹੈ। ਇਸ ਲੇਖ ਰਾਹੀਂ ਗੁਰੂ ਗ੍ਰੰਥ ਸਾਹਿਬ ਬਾਰੇ ਕੁਝ ਮੁੱਢਲੀ ਤੇ ਮਹੱਤਵਪੂਰਣ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।

**ਪ੍ਰੋ. ਨਵ ਸੰਗੀਤ ਸਿੰਘ**
**ਫੋਨ: 94176-92015**

ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਨੇ 1604 ਈ. ਨੂੰ ਕੀਤਾ। ਇਹ ਕਾਰਜ ਉਨ੍ਹਾਂ ਨੇ ਅੰਮ੍ਰਿਤਸਰ ਵਿਖੇ ਗੁਰਦੁਆਰਾ ਰਾਮਸਰ ਦੇ ਸਥਾਨ 'ਤੇ ਕਰਵਾਇਆ, ਜਿਸਨੂੰ ਲਿਖਣ ਦੀ ਸੇਵਾ ਭਾਈ ਗੁਰਦਾਸ ਜੀ ਨੇ ਨਿਭਾਈ। ਆਦਿ ਗ੍ਰੰਥ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਗਿਆ, ਜਿਸਦੇ ਪਹਿਲੇ ਗ੍ਰੰਥੀ ਹੋਣ ਦਾ ਮਾਣ ਬਾਬਾ ਬੁੱਢਾ ਜੀ ਨੂੰ ਪ੍ਰਾਪਤ ਹੈ। ਪਹਿਲੇ ਪ੍ਰਕਾਸ਼ ਸਮੇਂ ਆਇਆ ਹੁਕਮਨਾਮਾ ਗੁਰੂ ਗ੍ਰੰਥ ਸਾਹਿਬ ਦੇ ਅੰਗ (ਪੰਨਾ) 783 ਤੇ ਸੁਭਾਇਮਾਨ ਹੈ: ਸੂਹੀ ਮਹਲਾ ੫॥ ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥...

ਇਸ ਗ੍ਰੰਥ ਦੀ ਸੰਪੂਰਨਤਾ ਦਾ ਕਾਰਜ ਗੁਰੂ ਗੋਬਿੰਦ ਸਿੰਘ ਜੀ ਨੇ 1706 ਈ. ਵਿਚ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਕੀਤਾ। ਭਾਈ ਮਨੀ ਸਿੰਘ ਨੇ ਲਿਖਾਰੀ ਵਜੋਂ ਸੇਵਾ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਤੇ ਜੈਜਾਵੰਤੀ ਰਾਗ ਸ਼ਾਮਲ ਕੀਤਾ। ਇਸ ਬੀੜ ਨੂੰ 'ਦਮਦਮੀ ਬੀੜ' ਵਜੋਂ ਜਾਣਿਆ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਤੇ ਸੁਸ਼ੋਭਿਤ ਕਰਨ ਦਾ ਕਾਰਜ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਕੀਤਾ। ਉਨ੍ਹਾਂ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ 1708 ਈ. ਵਿਚ ਹਜ਼ੂਰ ਸਾਹਿਬ, ਨੰਦੇੜ ਵਿਖੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਪ੍ਰਦਾਨ ਕਰਕੇ 'ਸ਼ਬਦ ਗੁਰੂ' ਦੀ ਪਰੰਪਰਾ ਸਥਾਪਤ ਕੀਤੀ।

ਗੁਰੂ ਗ੍ਰੰਥ ਸਾਹਿਬ ਦੇ 1430 ਅੰਗ ਹਨ, ਜਿਸ ਵਿਚ ਕੁੱਲ 31 ਰਾਗ ਹਨ। ਸੌਖੇ ਢੰਗ ਨਾਲ ਸਮਝਣ ਲਈ ਇਸ ਗ੍ਰੰਥ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਵੇਖਿਆ ਜਾ ਸਕਦਾ ਹੈ: ਪੰਨਾ 1 ਤੋਂ 13 ਤੱਕ ਨਿਤਨੇਮ ਦੀਆਂ ਬਾਣੀਆਂ, ਜਿਸਦੇ ਅੰਤਰਗਤ ਜਪੁ (ਰਾਗ ਮੁਕਤ ਬਾਣੀ), ਸੋ ਦਰੁ ਅਤੇ ਸੋਹਿਲਾ ਦੇ ਸ਼ਬਦ ਹਨ; ਪੰਨਾ 14 ਤੋਂ 1353 ਤੱਕ ਸੰਪੂਰਨ ਰਾਗ ਬੱਧ ਬਾਣੀ, ਜਿਸਦੇ ਰਾਗਾਂ ਦੀ ਤਰਤੀਬ ਹੈ: ਸਿਰੀ ਰਾਗੁ, ਰਾਗੁ ਮਾਝ, ਰਾਗੁ ਗਉੜੀ, ਰਾਗੁ ਆਸਾ, ਰਾਗੁ ਗੂਜਰੀ, ਰਾਗੁ ਦੇਵਗੰਧਾਰੀ, ਰਾਗੁ ਬਿਹਾਗੜਾ, ਰਾਗੁ ਵਡਹੰਸ, ਰਾਗੁ ਸੋਰਠਿ, ਰਾਗੁ ਧਨਾਸਰੀ, ਰਾਗੁ ਜੈਤਸਰੀ, ਰਾਗੁ ਟੋਡੀ, ਰਾਗੁ ਬੈਰਾੜੀ, ਰਾਗੁ ਤਿਲੰਗ, ਰਾਗੁ ਸੂਹੀ, ਰਾਗੁ ਬਿਲਾਵਲ, ਰਾਗੁ ਗੋਂਡ, ਰਾਗੁ ਰਾਮਕਲੀ, ਰਾਗੁ ਨਟ ਨਾਰਾਇਨ, ਰਾਗੁ ਮਾਲੀ ਗਉੜਾ, ਰਾਗੁ ਮਾਰੂ, ਰਾਗੁ ਤੁਖਾਰੀ, ਰਾਗੁ ਕੇਦਾਰਾ, ਰਾਗੁ ਭੈਰਉ, ਰਾਗੁ ਬਸੰਤ, ਰਾਗੁ ਸਾਰੰਗ, ਰਾਗੁ ਮਲਾਰ, ਰਾਗੁ ਕਾਨੜਾ, ਰਾਗੁ ਕਲਿਆਣ, ਰਾਗੁ ਪ੍ਰਭਾਤੀ, ਰਾਗੁ ਜੈਜਾਵੰਤੀ। ਪੰਨਾ 1353 ਤੋਂ 1430 ਤੱਕ ਰਾਗ-ਮੁਕਤ ਬਾਣੀ ਸ਼ਾਮਲ ਕੀਤੀ ਗਈ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੁਝ ਕਾਵਿ-ਰੂਪ ਇਸ ਪ੍ਰਕਾਰ ਹਨ: ਪਦਾ, ਅਸਟਪਦੀ, ਸੋਲਹੇ, ਛੰਤ, ਸਲੋਕ, ਵਾਰ, ਥਿਤੀ, ਦਿਨ ਰੈਣਿ, ਵਾਰ ਸਤ, ਰੁਤੀ, ਬਾਰਹ ਮਾਹਾ, ਪਟੀ, ਬਾਵਨ ਅਖਰੀ, ਸਦੁ, ਕਾਫੀ, ਡਖਣਾ, ਫੁਨਹੇ, ਸਲੋਕ ਸਹਸਕ੍ਰਿਤੀ ਆਦਿ। ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ੇਸ਼ ਸਿਰਲੇਖਾਂ ਵਾਲੀਆਂ ਬਾਣੀਆਂ ਦੇ ਨਾਂ ਹਨ: ਜਪੁ, ਸੋ ਦਰੁ, ਸੋ ਪੁਰਖੁ, ਸੋਹਿਲਾ, ਵਣਜਾਰਾ, ਕਰਹਲੇ, ਸੁਖਮਨੀ, ਅਲਾਹੁਣੀਆਂ, ਆਰਤੀ, ਕੁਚਜੀ, ਸੁਚਜੀ, ਗੁਣਵੰਤੀ, ਘੋੜੀਆਂ, ਪਹਰੇ, ਅਨੰਦੁ, ਓਅੰਕਾਰ, ਸਿਧ ਗੋਸਟਿ, ਅੰਜੁਲੀਆਂ, ਮੁੰਦਾਵਣੀ, ਰਾਗਮਾਲਾ ਆਦਿ।

ਗੁਰੂ ਗ੍ਰੰਥ ਸਾਹਿਬ ਦੇ ਕੁੱਲ 35 ਬਾਣੀਕਾਰ ਹਨ: 6 ਗੁਰੂ ਸਾਹਿਬਾਨ (ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ਼ ਬਹਾਦਰ ਜੀ); 15 ਭਗਤ (ਜੈਦੇਵ ਜੀ, ਨਾਮਦੇਵ ਜੀ, ਤ੍ਰਿਲੋਚਨ ਜੀ, ਪਰਮਾਨੰਦ ਜੀ, ਸਧਨਾ ਜੀ, ਰਾਮਾਨੰਦ ਜੀ, ਪੀਪਾ ਜੀ, ਸੈਣ ਜੀ, ਕਬੀਰ ਜੀ, ਰਵਿਦਾਸ ਜੀ, ਬੇਣੀ ਜੀ, ਭੀਖਨ ਜੀ, ਧੰਨਾ ਜੀ, ਫ਼ਰੀਦ ਜੀ, ਸੂਰਦਾਸ ਜੀ); 11 ਭੱਟ ਸਾਹਿਬਾਨ (ਜਾਲਪ ਜੀ, ਕਲਸਹਾਰ ਜੀ, ਕੀਰਤ ਜੀ, ਸੱਲ ਜੀ, ਭੱਲ ਜੀ, ਨਲ ਜੀ, ਭਿਖਾ ਜੀ, ਬੱਲ ਜੀ, ਹਰਿਬੰਸ ਜੀ, ਮਥੁਰਾ ਜੀ, ਗਯੰਦ ਜੀ); 3 ਸਿੱਖ (ਸੱਤਾ ਜੀ, ਬਲਵੰਡ ਜੀ, ਸੁੰਦਰ ਜੀ)। ਕੁਝ ਵਿਦਵਾਨ ਇਨ੍ਹਾਂ ਸਿੱਖਾਂ ਵਿਚ ਭਾਈ ਮਰਦਾਨਾ ਜੀ ਨੂੰ ਵੀ ਸ਼ਾਮਲ ਕਰਦੇ ਹਨ, ਜਿਨ੍ਹਾਂ ਦੇ ਨਾਂ ਹੇਠ ਤਿੰਨ ਸਲੋਕ ਬਿਹਾਗੜਾ ਦੀ ਵਾਰ ਵਿਚ ਮਿਲਦੇ ਹਨ, ਪਰ ਕੁਝ ਵਿਦਵਾਨਾਂ ਦਾ ਮਤਿ ਹੈ ਕਿ ਇਹ ਸਲੋਕ ਗੁਰੂ ਨਾਨਕ ਦੇਵ ਜੀ ਦੇ ਹੀ ਹਨ।

ਸਿੱਖ ਧਰਮ ਦੀ ਰੋਜ਼ਾਨਾ ਅਰਦਾਸ ਵਿਚ ਇਹ ਦੋਹਰਾ ਜ਼ਰੂਰ ਪੜ੍ਹਿਆ ਜਾਂਦਾ ਹੈ:

ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ।
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੈ ਲੇਹ।

ਇਸ ਗ੍ਰੰਥ ਵਿਚ ਕੇਵਲ ਸਿੱਖ ਗੁਰੂਆਂ ਦੀ ਬਾਣੀ ਹੀ ਸ਼ਾਮਲ ਨਹੀਂ, ਸਗੋਂ ਹੋਰ ਧਰਮਾਂ, ਜਾਤਾਂ, ਮਜ਼ਹਬਾਂ ਦੇ ਉਨ੍ਹਾਂ ਬਾਣੀਕਾਰਾਂ ਦੀ ਬਾਣੀ ਵੀ ਹੈ, ਜੋ ਇੱਕ ਪਰਮਾਤਮਾ ਵਿਚ ਵਿਸ਼ਵਾਸ ਰੱਖਦੇ ਹਨ ਤੇ ਸਾਰੀ ਲੋਕਾਈ ਨੂੰ ਇੱਕੋ ਜਿਹਾ ਸਮਝਦੇ ਹਨ। ਇਸੇ ਕਰਕੇ ਸਰਬ-ਸਾਂਝੀਵਾਲਤਾ ਦੇ ਹਾਮੀ ਸਾਰੇ ਲੋਕ ਇਸ ਗੁਰੂ ਗ੍ਰੰਥ ਸਾਹਿਬ ਦਾ ਅਦਬ-ਸਤਿਕਾਰ ਕਰਦੇ ਹਨ।

****

# ਕਾਲੇਪਾਣੀ ਦੀ ਸੈਲੂਲਰ ਜੇਲ੍ਹ ਪੰਜਾਬੀਆਂ ਦੇ ਆਜ਼ਾਦੀ ਲਈ ਸੰਘਰਸ਼ ਦੀ ਗਾਥਾ

ਇੱਕ ਲੋਕ ਗਾਥਾ 'ਕਾਲੇ ਪਾਣਿਓਂ ਮੌੜ ਨੂੰ ਖ਼ਤ ਕਿਸ਼ਨੇ ਪਾਇਆ' ਜਾਂ ਆਜ਼ਾਦੀ ਘੁਲਾਟੀਏ 'ਦੀਵਾਨ ਸਿੰਘ ਕਾਲੇਪਾਣੀ' ਦੇ ਨਾਮ ਨਾਲ ਜੁੜੀ ਧਰਤੀ ਕਾਲੇ ਪਾਣੀ/ ਅੰਡੇਮਾਨ ਦੀਪ ਸਮੂਹ ਨੂੰ ਦੇਖਣ ਦੀ ਸਿੱਕ ਮਨ ਵਿਚ ਕਾਫੀ ਸਮੇਂ ਤੋਂ ਉਸਲ ਵੱਟੇ ਲੈ ਰਹੀ ਸੀ, ਕਿਉਂਕਿ ਦੇਸ਼ ਭਗਤਾਂ ਨੂੰ ਸਮੇਂ ਦੀ ਹਕੂਮਤ ਵੱਲੋਂ ਕਾਲੇ ਪਾਣੀ ਦੀ ਸਜ਼ਾ ਸੁਣਾਈ ਜਾਂਦੀ ਸੀ। ਉਸ ਧਰਤੀ ਨੂੰ ਅੱਖੀਂ ਦੇਖਣ ਦੀ ਤਾਂਘ ਨੇ ਮਜਬੂਰ ਕੀਤਾ ਇਸੇ ਸਾਲ ਮਈ ਮਹੀਨੇ ਅੰਡੇਮਾਨ ਜਾਣ ਦਾ ਪ੍ਰੋਗਰਾਮ ਬਣ ਗਿਆ। ਚੰਡੀਗੜ੍ਹ ਤੋਂ ਵਾਇਆ ਬੰਗਲੌਰ ਅਸੀਂ ਜਹਾਜ਼ ਰਾਹੀਂ ਅੰਡੇਮਾਨ ਦੇ ਪੋਰਟ ਬਲੇਅਰ ਸ਼ਹਿਰ 'ਚ

**ਇੰਜੀ ਸਤਨਾਮ ਸਿੰਘ ਮੱਟੂ**
**ਫੋਨ: 97797-08257**

ਵੀਰ ਸਾਵਰਕਰ ਏਅਰਪੋਰਟ 'ਤੇ ਸਵੇਰੇ 8 ਵਜੇ ਉੱਤਰੇ। ਹੋਟਲ ਵਿਚ ਕੁਝ ਆਰਾਮ ਕਰਕੇ ਸਭ ਤੋਂ ਪਹਿਲਾਂ ਇੱਥੇ ਦੇਖਣਯੋਗ ਥਾਵਾਂ ਦੀ ਲਿਸਟ 'ਚ ਸਭ ਤੋਂ ਉੱਪਰ ਸੈਲੂਲਰ ਜੇਲ੍ਹ ਦੇਖਣ ਲਈ ਉਤਾਵਲੇਪਣ ਨਾਲ ਪਹੁੰਚੇ।

ਦੇਸ਼ ਦੀ ਆਜ਼ਾਦੀ ਦੇ ਪਰਵਾਨਿਆਂ ਨੂੰ ਸਿਜਦਾ ਕੀਤਾ, ਮਿੱਟੀ ਚੁੱਕ ਕੇ ਮੱਥੇ ਲਾਈ, ਅਮਰ ਸ਼ਹੀਦ ਜੋਤੀ ਨੂੰ ਸੀਸ ਨਿਵਾਇਆ। ਐਂਟਰੀ ਗੇਟ ਦੇ ਦੋਵੇਂ ਪਾਸੇ ਬਣੇ ਮਿਊਜ਼ੀਅਮ ਵਿਚ ਲਿਖੇ ਇਤਿਹਾਸਕ ਸਬੂਤਾਂ ਨੂੰ ਦੇਖਿਆ, ਵਾਚਿਆ ਅਤੇ ਅਤੀਤ ਨੂੰ ਮਹਿਸੂਸ ਕੀਤਾ। ਅਣਮਨੁੱਖੀ ਵਰਤਾਰਿਆਂ ਅਤੇ ਮਨੁੱਖਤਾ 'ਤੇ ਅੱਤਿਆਚਾਰੀ ਖਿਲਵਾੜ ਦੇ ਦ੍ਰਿਸ਼ ਤੱਕ ਕੇ ਮਨ ਭਰ ਆਇਆ।


ਜਦੋਂ ਅੰਗਰੇਜ਼ਾਂ ਨੇ ਭਾਰਤ 'ਤੇ ਕਬਜ਼ਾ ਕਰਕੇ ਭਾਰਤੀਆਂ 'ਤੇ ਆਰਥਿਕ ਅਤੇ ਸਰੀਰਕ ਜ਼ੁਲਮ ਢਾਹੁੰਣੇ ਸ਼ੁਰੂ ਕੀਤੇ ਤਾਂ ਵਿਰੋਧੀ ਸੁਰਾਂ ਦਾ ਉਤਪੰਨ ਹੋਣਾ ਲਾਜ਼ਮੀ ਸੀ। ਇਹ ਸੁਰਾਂ ਇਨਕਲਾਬੀ, ਆਜ਼ਾਦੀ ਅਤੇ ਜਮਹੂਰੀ ਹੱਕਾਂ ਦੀ ਪ੍ਰਾਪਤੀ ਦਾ ਬਿਗਲ ਸੀ। ਸੋ ਯੂਰਪੀਅਨਾਂ ਨੇ ਅਜਿਹੀਆਂ ਸੰਗਰਾਮੀ ਲਹਿਰਾਂ ਨੂੰ ਦਬਾਉਣ ਲਈ ਭਾਰਤੀਆਂ 'ਤੇ ਅਣਮਨੁੱਖੀ ਤਸ਼ੱਦਦ ਢਾਹਿਆ। ਸਾਲ 1857 ਦੇ ਭਾਰਤੀ ਵਿਦਰੋਹ ਨੇ ਅੰਗਰੇਜ਼ਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ।

ਉਨ੍ਹਾਂ ਨੇ ਭਾਰਤੀ ਆਜ਼ਾਦੀ ਦੀਆਂ ਹਕੂਮਤ ਵਿਰੁਧ ਉੱਠੀਆਂ ਜ਼ੋਰਦਾਰ ਲਹਿਰਾਂ ਨੂੰ ਦਬਾਉਣ ਲਈ ਭਾਰਤੀਆਂ ਨੂੰ ਜੇਲ੍ਹਾਂ ਵਿਚ ਡੱਕਣਾ ਸ਼ੁਰੂ ਕਰ ਦਿੱਤਾ, ਉਨ੍ਹਾਂ ਜੇਲ੍ਹਾਂ ਵਿਚੋਂ 'ਕਾਲੇ ਪਾਣੀ ਦੀ ਜੇਲ੍ਹ' ਭਾਵ ਦੇਸ਼ ਨਿਕਾਲਾ ਪ੍ਰਮੁੱਖ ਸੀ। ਵਿਦੇਸ਼ੀ ਰਾਜ ਸਮੇਂ ਇੱਥੋਂ ਕੋਈ ਕੈਦੀ ਕਦੇ ਵਾਪਿਸ ਨਹੀਂ ਮੁੜਿਆ।

ਇਤਿਹਾਸਕ ਪੰਨਿਆਂ ਨੂੰ ਫੋਲਿਆਂ ਪਤਾ ਚਲਦਾ ਹੈ ਕਿ 10 ਮਾਰਚ, 1858 ਨੂੰ 200 ਸੁਤੰਤਰਤਾ ਸੰਗਰਾਮੀਆਂ ਦੇ ਪਹਿਲੇ ਜਥੇ ਨਾਲ ਕੈਦ ਦੀ ਸ਼ੁਰੂਆਤ ਹੋਈ ਸੀ। ਇਹ ਸਾਰੇ ਕਾਲੇ ਪਾਣੀ ਉਮਰ ਕੈਦ ਦੇ ਸਜ਼ਾਯਾਫਤਾ ਰਾਜਨੀਤਕ ਕੈਦੀ ਸਨ। ਇਸ ਤੋਂ ਬਾਅਦ ਮਣੀਪੁਰ ਵਿਦਰੋਹ ਅਤੇ ਅੰਗਰੇਜ਼ੀ ਹਕੂਮਤ ਵਿਰੁਧ ਆਵਾਜ਼ ਬੁਲੰਦ ਕਰਨ ਦੇ ਜੁਰਮ ਤਹਿਤ ਦੇਸ਼ ਭਗਤਾਂ ਨੂੰ ਇੱਥੇ ਕੈਦ ਕਰਕੇ ਬੰਦੀ ਬਣਾਇਆ ਗਿਆ ਸੀ।

ਜਦੋਂ ਤੱਕ ਪੋਰਟ ਬਲੇਅਰ ਦੀ ਕਾਲੇਪਾਣੀ ਜੇਲ੍ਹ ਜਾਂ ਸੈਲੂਲਰ ਜੇਲ੍ਹ ਨਹੀਂ ਬਣੀ ਸੀ, ਉਦੋਂ ਤੱਕ ਆਜ਼ਾਦੀ ਘੁਲਾਟੀਆਂ ਅਤੇ ਦੇਸ਼ ਭਗਤ ਕੈਦੀਆਂ ਨੂੰ ਖੁੱਲ੍ਹੇ ਆਸਮਾਨ ਹੇਠ ਵਾਈਪਰ ਆਈਲੈਂਡ (ਜ਼ਹਿਰੀਲੇ ਸੱਪਾਂ ਦੇ ਟਾਪੂ) ਉੱਤੇ ਲਿਜਾ ਕੇ ਛੱਡ ਦਿੱਤਾ ਜਾਂਦਾ ਸੀ। ਉੱਥੋਂ ਕਿਸੇ ਕੈਦੀ ਦੇ ਭੱਜ ਜਾਣ ਦਾ ਡਰ ਨਹੀਂ ਹੁੰਦਾ ਸੀ, ਕਿਉਂਕਿ ਇਸ ਦੇ 10 ਹਜ਼ਾਰ ਕਿਲੋਮੀਟਰ ਤੱਕ ਸਿਰਫ਼ ਸਮੁੰਦਰ ਹੀ ਸਮੁੰਦਰ ਹੈ। ਕਾਲੇ ਪਾਣੀਆਂ ਦੀ ਸਜ਼ਾ ਕੱਟ ਰਹੇ ਕੈਦੀਆਂ ਵਿਚ ਸਭ ਤੋਂ ਵੱਧ ਗਿਣਤੀ ਪੰਜਾਬੀਆਂ ਦੀ ਸੀ ਅਤੇ ਦੂਜੇ ਨੰਬਰ ਉੱਤੇ ਬੰਗਾਲੀ ਸਨ। ਵਾਈਪਰ ਟਾਪੂ ਆਈਲੈਂਡ ਉੱਤੇ ਦਿਨੇ ਤਾਂ ਸਾਰਾ ਦਿਨ ਕੈਦੀਆਂ ਤੋਂ ਜੇਲ੍ਹ ਬਣਾਉਣ ਲਈ ਲੋੜੀਂਦੀ ਲੱਕੜ ਕਟਵਾਈ ਜਾਂਦੀ ਤੇ ਰਾਤ ਨੂੰ ਭੁੱਖੇ-ਪਿਆਸਿਆਂ ਨੂੰ ਦਰੱਖਤਾਂ ਨਾਲ ਬੰਨ੍ਹ ਦਿੱਤਾ ਜਾਂਦਾ ਸੀ, ਸਵੇਰ ਹੋਣ ਤੱਕ ਕਾਫ਼ੀ ਸਾਰੇ ਕੈਦੀ ਸੱਪਾਂ ਦੇ ਡੰਗਣ ਨਾਲ ਹੀ ਮਰ ਜਾਂਦੇ ਸਨ। ਮਰ ਚੁੱਕੇ ਕੈਦੀਆਂ ਨੂੰ ਬਿਨਾਂ ਕਿਸੇ ਕਾਇਦੇ-ਕਾਨੂੰਨ ਦੇ ਸਮੁੰਦਰ ਵਿਚ ਰੋੜ੍ਹ ਦਿੱਤਾ ਜਾਂਦਾ ਸੀ। ਮੋਟੀਆਂ ਲੱਕੜਾਂ ਪਹਾੜੀ ਉੱਤੇ ਚੜ੍ਹਾਉਣ ਲਈ ਕੈਦੀਆਂ ਦੇ ਮਗਰ ਰੱਸੇ ਪਾ ਕੇ ਲੱਕੜੀਆਂ ਨੂੰ ਬੰਨ੍ਹ ਦਿੱਤਾ ਜਾਂਦਾ ਅਤੇ ਪਿੱਛੋਂ ਪਸ਼ੂਆਂ ਵਾਂਗ ਉਨ੍ਹਾਂ ਦੇ ਗਿੱਟਿਆਂ ਉੱਤੇ ਉਦੋਂ ਤੱਕ ਸੋਟੀਆਂ ਮਾਰੀਆਂ ਜਾਂਦੀਆਂ, ਜਦੋਂ ਤੱਕ ਉਹ ਮੋਟੀ ਲੱਕੜ ਨੂੰ ਖਿੱਚ ਕੇ ਪਹਾੜੀ ਉੱਪਰ ਨਾ ਚੜ੍ਹਾ ਦਿੰਦੇ। ਇਸ ਕਾਰਜ ਵਿਚ ਅਸਮਰੱਥ ਰਹਿਣ ਵਾਲੇ ਕੈਦੀਆਂ ਨੂੰ ਬੇਹੋਸ਼ ਹੋ ਜਾਣ ਤੱਕ ਕੁੱਟਿਆ ਜਾਂਦਾ ਸੀ। ਇਸ ਤਰ੍ਹਾਂ ਭਾਰਤੀਆਂ ਉਪਰ ਅੱਤ ਦਰਜੇ ਦਾ ਜ਼ੁਲਮ ਢਾਹਿਆ ਜਾਂਦਾ ਸੀ।



*ਸੈਲੂਲਰ ਜੇਲ੍ਹ ਅਤੇ ਜੇਲ੍ਹ ਦੇ ਦੌਰੇ ਦੌਰਾਨ ਲੇਖਕ।*

ਫਿਰ ਪੱਤਰ ਨੰਬਰ 423 ਮਿਤੀ 13.9.1893 ਅਨੁਸਾਰ ਅਕਤੂਬਰ 1896 ਵਿਚ ਪੋਰਟ ਬਲੇਅਰ ਵਿਚ ਬੰਗਾਲ ਦੀ ਖਾੜੀ ਸਮੁੰਦਰ ਕੰਢੇ ਜੇਲ੍ਹ ਦਾ ਨਿਰਮਾਣ ਸ਼ੁਰੂ ਕੀਤਾ ਗਿਆ ਅਤੇ ਇਹ 1906 ਤੱਕ 5,17,352 ਰੁਪਏ ਦੀ ਅਨੁਮਾਨਤ ਲਾਗਤ ਦੀ ਬਜਾਇ 7,83,994/- ਰੁਪਏ ਨਾਲ ਬਣ ਕੇ ਤਿਆਰ ਹੋਈ।

ਤਾਰੇ ਦੀ ਸ਼ਕਲ ਵਾਲੀ 31 ਦਸੰਬਰ 1881 'ਚ ਆਏ ਸਮੁੰਦਰੀ ਤੂਫ਼ਾਨ ਨੂੰ ਮੱਦੇਨਜ਼ਰ ਰੱਖਦਿਆਂ ਤਿੰਨ ਮੰਜ਼ਿਲਾ ਬੇਹੱਦ ਮਜ਼ਬੂਤ ਬਣੀ ਸੈਲੂਲਰ ਜੇਲ੍ਹ ਦੀ ਬਣਤਰ ਅਜਿਹੀ ਹੈ ਕਿ ਇੱਕ ਕੈਦੀ ਦੂਜੇ ਕੈਦੀ ਦੀ ਸ਼ਕਲ ਤੱਕ ਨਹੀਂ ਦੇਖ ਸਕਦਾ ਸੀ। ਇੱਥੇ 13.6 ਫੁੱਟ ਲੰਬਾਈ ਅਤੇ 7.6 ਫੁੱਟ ਚੌੜਾਈ ਵਾਲੀਆਂ 693 ਕਾਲ ਕੋਠੜੀਆਂ ਹਨ। ਹਰ ਇੱਕ ਸੈੱਲ (ਕਾਲ ਕੋਠੜੀ) ਵਿਚ ਦਸ ਫੁੱਟ ਲੰਬਾ ਅਤੇ ਇੱਕ ਫੁੱਟ ਚੌੜਾ ਰੌਸ਼ਨਦਾਨ ਬਣਾਇਆ ਹੋਇਆ ਹੈ। ਕੈਦੀਆਂ ਦੀ ਵਧਦੀ ਗਿਣਤੀ ਦੇ ਮੱਦੇਨਜ਼ਰ ਸਾਲ 1895 ਵਿਚ 138, ਸਾਲ 1906 ਤੱਕ 663 ਅਤੇ 1909 ਤੱਕ 693 ਕਾਲ ਕੋਠੜੀਆਂ ਦਾ ਨਿਰਮਾਣ ਪੂਰਾ ਕੀਤਾ ਗਿਆ ਸੀ।

ਇੱਕ ਸੈੱਲ ਵਿਚ ਇੱਕ ਸੁਤੰਤਰਤਾ ਸੈਲਾਨੀ/ ਕੈਦੀ ਨੂੰ ਹੀ ਰੱਖਿਆ ਜਾਂਦਾ ਸੀ ਅਤੇ ਉਸ ਦੇ ਸੈੱਲ ਵਿਚ ਲੋਹੇ ਦਾ ਇੱਕ ਭਾਰਾ ਕੋਹਲੂ ਅਤੇ ਇੱਕ ਚੱਕੀ ਲੱਗੀ ਹੁੰਦੀ ਸੀ। ਹਰ ਕੈਦੀ ਲਈ ਹਰ ਰੋਜ਼ 30 ਪੌਂਡ ਨਾਰੀਅਲ ਜਾਂ 10 ਪੌਂਡ ਸਰ੍ਹੋਂ ਦਾ ਤੇਲ ਕੱਢਣਾ ਜ਼ਰੂਰੀ ਸੀ। ਪਹਿਲਾਂ ਪੱਥਰ ਉੱਤੇ ਮਾਰ-ਮਾਰ ਕੇ ਨਾਰੀਅਲ ਤੋੜਨਾ ਅਤੇ ਫਿਰ ਉਸ ਦਾ ਤੇਲ ਕੱਢਣਾ। ਜਿਹੜਾ ਵੀ ਕੈਦੀ ਕਿਸੇ ਦਿਨ ਮਿੱਥੀ ਮਾਤਰਾ ਤੇਲ ਨਾ ਕੱਢ ਸਕਦਾ, ਉਸ ਨੂੰ ਬੇਰਹਿਮੀ ਨਾਲ ਮਾਰਿਆ ਕੁੱਟਿਆ ਜਾਂਦਾ ਦੇ ਸਬੂਤ ਅੱਜ ਵੀ ਜੇਲ੍ਹ ਵਿਚ ਦੇਖਣ ਨੂੰ ਮਿਲਦੇ ਹਨ।

ਕੈਦੀਆਂ ਦੀਆਂ ਲੱਤਾਂ-ਬਾਹਾਂ ਸੰਗਲਾਂ ਨਾਲ ਬੰਨ੍ਹ ਕੇ ਨੰਗੇ ਪਿੰਡੇ ਕੋੜੇ ਮਾਰਨੇ, ਤੇਲ ਕੱਢਣ ਵਾਲਾ ਕੋਹਲੂ, ਬੇੜੀਆਂ 'ਚ ਬੰਨ੍ਹ ਕੇ ਖੜ੍ਹਾ ਰੱਖਣ ਦੀ ਸਜ਼ਾ, ਨਾਰੀਆਲ ਤੋੜ ਕੇ ਤੇਲ ਕੱਢਣਾ ਆਦਿ ਬੁੱਤ, ਕਾਲ ਕੋਠੜੀਆਂ, ਮਜ਼ਬੂਤ ਦਰਵਾਜ਼ੇ ਆਦਿਕ ਅੱਜ ਵੀ ਜੇਲ੍ਹ ਦੀ ਹਦੂਦ ਅੰਦਰ ਸੰਭਾਲ ਕੇ ਰੱਖੇ ਹੋਏ ਹਨ। ਕਾਲ-ਕੋਠੜੀਆਂ ਵਿਚ ਬਿਜਲੀ ਦੀ ਰੌਸ਼ਨੀ ਦਾ ਕੋਈ ਪ੍ਰਬੰਧ ਨਹੀਂ ਸੀ। ਇਨ੍ਹਾਂ ਕਾਲ-ਕੋਠੜੀਆਂ ਵਿਚੋਂ ਕੈਦੀਆਂ ਨੂੰ ਉਦੋਂ ਹੀ ਕੱਢਿਆ ਜਾਂਦਾ ਸੀ, ਜਦੋਂ ਉਨ੍ਹਾਂ ਤੋਂ ਕੋਈ ਕੰਮ ਕਰਵਾਉਣਾ ਹੁੰਦਾ ਤੇ ਜਾਂ ਤਸੀਹੇ ਦੇਣੇ ਹੁੰਦੇ। ਜਦ ਵੀ ਕੋਈ ਕੈਦੀ ਮਾੜੇ ਖਾਣੇ ਜਾਂ ਮਾੜੇ ਜੇਲ੍ਹ ਪ੍ਰਬੰਧ ਬਾਰੇ ਆਵਾਜ਼ ਉਠਾਉਣ ਦੀ ਕੋਸ਼ਿਸ਼ ਕਰਦਾ ਤਾਂ ਉਸ ਨੂੰ ਇੱਕ ਖਾਸ ਤਰ੍ਹਾਂ ਦੇ ਸ਼ਿਕੰਜੇ ਵਿਚ ਕੱਸ ਕੇ ਉਦੋਂ ਤੱਕ ਕੋੜੇ ਮਾਰੇ ਜਾਂਦੇ, ਜਦੋਂ ਤੱਕ ਉਸ ਦੀ ਪਿੱਠ ਦਾ ਮਾਸ ਨਾ ਉਧੜ ਜਾਂਦਾ। ਇੱਕ ਹਫ਼ਤੇ ਦੀ ਹੱਥਕੜੀ ਤੋਂ ਲੈ ਕੇ 6 ਮਹੀਨੇ ਕਾਲ ਕੋਠੜੀ 'ਚ ਬੰਦ ਰਹਿਣ ਦੀ ਸਖ਼ਤ ਸਜ਼ਾ ਦਿੱਤੀ ਜਾਂਦੀ।

ਜੇਲ੍ਹ ਵਿਚ ਇਕ ਜੇਲਰ, ਇੱਕ ਉੱਪ ਜੇਲਰ ਤਾਇਨਾਤ ਹੁੰਦੇ ਸਨ। ਇਸ ਤੋਂ ਇਲਾਵਾ ਯੂਰਪੀਅਨ, ਓਵਰਸੀਅਰ ਅਤੇ ਪੇਟੀ ਅਫਸਰ ਵੀ ਹੁੰਦੇ ਸਨ।

ਜੇਲ੍ਹ ਦੇ ਜ਼ਿਆਦਾ ਕੈਦੀ ਦੇਸ਼ ਭਗਤ ਆਜ਼ਾਦੀ ਘੁਲਾਟੀਏ ਹੀ ਸਨ। ਡਾ. ਦੀਵਾਨ ਸਿੰਘ, ਸ. ਸੋਹਣ ਸਿੰਘ, ਸ. ਗੁਰਮੁੱਖ ਸਿੰਘ, ਭਾਈ ਭਾਨ ਸਿੰਘ, ਤ੍ਰੈਲੋਕੀਆ ਚੱਕਰਾਵਰਤੀ, ਮੌਲਾਨ ਫਜ਼ਲ-ਏ-ਹੱਕ, ਬਾਬੂ ਰਾਮ ਹਰੀ, ਜੋਗਿੰਦਰ ਸ਼ੁਕਲਾ, ਭੱਟਕੇਸ਼ਵਰ ਦੱਤ, ਨੰਨੀ ਗੋਪਾਲ ਮੁੱਖ ਉਪਾਧਿਆਇ, ਮੌਲਾਨ ਅਹਿਮਦੂਲਾ ਮੌਲਵੀ, ਅਬਦੁਲ ਰਹੀਮ ਸਿਦਕੀ, ਪੰਡਿਤ ਰਾਮਰੱਖਾ ਬਾਲੀ, ਟੀ.ਸੱਤਿਅਚੰਦ੍ਰਮ ਸ਼ਿਵਮ, ਡਾ. ਗਇਆ ਪ੍ਰਸ਼ਾਦ, ਨੰਦ ਗੋਪਾਲ ਚੋਪੜਾ, ਬਾਂਗੇਸ਼ਵਰ ਰਾਏ, ਵਿਸ਼ਵਾ ਨਾਥ, ਬਾਬਾ ਰਾਓ ਸਾਵਰਕਰ, ਵਿਨਾਇਕ ਦਮੋਦਰ ਸਾਵਰਕਰ, ਭਾਈ ਪਰਮਾਨੰਦ, ਚੰਦਰ ਚੈਟਰਜੀ, ਵਰਮਨ ਰਾਓ ਜੋਸ਼ੀ, ਨੰਦ ਗੋਪਾਲ, ਜੈ ਦੇਵ ਕਪੂਰ, ਹੋਤੀ ਲਾਲ ਵਰਮਾ, ਠਾਕੁਰ ਰਾਮ ਸਿੰਘ, ਉਪੇਂਦਰ ਨਾਥ ਬੈਨਰਜੀ, ਬਾਬੂ ਪ੍ਰਿਥਵੀ ਸਿੰਘ ਆਜ਼ਾਦ ਸਮੇਤ ਹੋਰ ਵੀ ਬਹੁਤ ਸਾਰੇ ਭਾਰਤੀ ਕੈਦ ਰਹੇ ਹਨ।

ਇੱਥੇ ਜੇਲ੍ਹ ਅੰਦਰ ਬਣੇ ਮਿਊਜ਼ੀਅਮ ਵਿਚ ਲੱਗੀਆਂ ਫੋਟੋਆਂ ਮੁਤਾਬਿਕ ਕੈਦ ਰਹੇ ਅਤੇ ਸ਼ਹੀਦ ਕਰ ਦਿੱਤੇ ਗਏ ਪੰਜਾਬੀਆਂ ਦੀ ਸੂਚੀ-

ਬਿਸ਼ਨ ਸਿੰਘ ਪੁੱਤਰ ਕੇਸਰ ਸਿੰਘ ਅੰਮ੍ਰਿਤਸਰ, ਹਰਨਾਮ ਸਿੰਘ ਪੁੱਤਰ ਗੁਰਦਿੱਤ ਸਿੰਘ ਹੁਸ਼ਿਆਰਪੁਰ, ਗੁਰਮੁਖ ਸਿੰਘ ਪੁੱਤਰ ਹੋਸ਼ਨਾਕ ਸਿੰਘ ਲੁਧਿਆਣਾ, ਗੁਰਦਿੱਤ ਸਿੰਘ ਪੁੱਤਰ ਗੁਰਮੁਖ ਸਿੰਘ ਅੰਮ੍ਰਿਤਸਰ, ਚੂਹੜ ਸਿੰਘ ਪੁੱਤਰ ਬੂਟਾ ਸਿੰਘ ਰਾਏਕੋਟ, ਹਜ਼ਾਰਾ ਸਿੰਘ ਪੁੱਤਰ ਬੇਲਾ ਸਿੰਘ ਅੰਮ੍ਰਿਤਸਰ, ਹਿਰਦੇ ਸਿੰਘ ਪੁੱਤਰ ਗੱਜਣ ਸਿੰਘ ਮੰਡੀ, ਭਾਈ ਪਰਮਾਨੰਦ ਪੁੱਤਰ ਭਾਈ ਤਾਰਾ ਚੰਦ ਰਾਵਲਪਿੰਡੀ, ਭਾਨ ਸਿੰਘ ਪੁੱਤਰ ਸਾਵਣ ਸਿੰਘ ਲੁਧਿਆਣਾ, ਸ਼ੇਰ ਸਿੰਘ ਲਿੱਧੜ, ਮਲਖਾਨ ਸਿੰਘ ਪੁੱਤਰ ਗੰਗਾ ਰਾਮ, ਮੋਹਰ ਸਿੰਘ ਪੁੱਤਰ ਮੁਰਲੀ ਮੱਲ, ਪੋਖਰ ਸਿੰਘ ਚਾਵਲਾ ਪੁੱਤਰ ਸੱਜਣ ਰਾਮ, ਇੱਤਰ ਸਿੰਘ ਪੁੱਤਰ ਗੋਨਣ ਸਿੰਘ, ਡਾ. ਦੀਵਾਨ ਸਿੰਘ ਢਿੱਲੋਂ, ਭੀਖਮ ਸਿੰਘ ਪੁੱਤਰ ਗੰਗਾ ਰਾਮ, ਇੰਦਰ ਸਿੰਘ ਪੁੱਤਰ ਮੁੱਲ੍ਹਾ ਸਿੰਘ ਲਾਹੌਰ, ਜਗਤ ਰਾਮ ਪੁੱਤਰ ਦਿੱਤੂ ਮੱਲ ਹੁਸ਼ਿਆਰਪੁਰ, ਜਵਾਲਾ ਸਿੰਘ ਪੁੱਤਰ ਕਣੱਈਆ ਸਿੰਘ ਅੰਮ੍ਰਿਤਸਰ, ਕਾਲਾ ਸਿੰਘ ਪੁੱਤਰ ਗੁਲਾਬ ਸਿੰਘ ਅੰਮ੍ਰਿਤਸਰ, ਕੁਸ਼ਾਲ ਸਿੰਘ ਪੁੱਤਰ ਸੁਚੇਤ ਸਿੰਘ ਅੰਮ੍ਰਿਤਸਰ, ਕਿਰਪਾਲ ਸਿੰਘ ਪੁੱਤਰ ਨਰਾਇਣ ਸਿੰਘ ਲੁਧਿਆਣਾ, ਕੇਸਰ ਸਿੰਘ ਪੁੱਤਰ ਭੂਪ ਸਿੰਘ ਅੰਮ੍ਰਿਤਸਰ, ਕੇਹਰ ਸਿੰਘ ਪੁੱਤਰ ਨਿਹਾਲ ਸਿੰਘ ਅੰਮ੍ਰਿਤਸਰ, ਲਾਲ ਸਿੰਘ ਪੁੱਤਰ ਮੇਹਾਂ ਸਿੰਘ ਅੰਮ੍ਰਿਤਸਰ, ਮਦਨ ਸਿੰਘ ਪੁੱਤਰ ਮੱਲ ਸਿੰਘ ਲਾਹੌਰ, ਮੰਗਲ ਸਿੰਘ ਸੁਰਮੁੱਖ ਸਿੰਘ ਅੰਮ੍ਰਿਤਸਰ, ਨਿਧਾਨ ਸਿੰਘ ਪੁੱਤਰ ਸੁੰਦਰ ਸਿੰਘ ਚੁੰਗੀਆ ਫਿਰੋਜ਼ਪੁਰ, ਰਾਮਸ਼ਰਨ ਦਾਸ ਪੁੱਤਰ ਸੰਤੋ ਰਾਮ ਕਪੂਰਥਲਾ, ਪ੍ਰਿਥਵੀ ਸਿੰਘ ਆਜ਼ਾਦ ਪੁੱਤਰ ਸ਼ਾਦੀ ਰਾਮ ਪਟਿਆਲਾ, ਪਿਆਰਾ ਸਿੰਘ ਪੁੱਤਰ ਲੱਖਾਂ ਸਿੰਘ ਹੁਸ਼ਿਆਰਪੁਰ, ਕੌਰ ਸਿੰਘ ਚਾਵਲਾ ਪੁੱਤਰ ਭਗਵਾਨ ਦਾਸ, ਰੂੜ੍ਹ ਸਿੰਘ ਪੁੱਤਰ ਅਤਰ ਸਿੰਘ ਫਿਰੋਜ਼ਪੁਰ, ਸ਼ੇਰ ਸਿੰਘ ਪੁੱਤਰ ਕੇਸਰ ਸਿੰਘ ਅੰਮ੍ਰਿਤਸਰ, ਸ਼ਿਵ ਸਿੰਘ ਪੁੱਤਰ ਮੁਨਸ਼ੀ ਝੱਟ ਹੁਸ਼ਿਆਰਪੁਰ, ਸੋਹਣ ਸਿੰਘ ਭਕਨਾ ਪੁੱਤਰ ਕਰਮ ਸਿੰਘ ਅੰਮ੍ਰਿਤਸਰ, ਵਸਾਵਾ ਸਿੰਘ ਪੁੱਤਰ ਮੀਹਾਂ ਸਿੰਘ ਅੰਮ੍ਰਿਤਸਰ, ਊਧਮ ਸਿੰਘ ਪੁੱਤਰ ਮੇਵਾ ਸਿੰਘ ਅੰਮ੍ਰਿਤਸਰ, ਅਮਰ ਸਿੰਘ ਨੰਦਬੋਲ ਪੁੱਤਰ ਵਰਿਆਮ ਸਿੰਘ ਲੁਧਿਆਣਾ, ਚੇਤ ਸਿੰਘ ਪੁੱਤਰ ਬਿਸ਼ਨ ਦਾਸ ਅਰੋੜਾ ਸਿਆਲਕੋਟ, ਪੰਜਾਬ, ਹਰਦਿੱਤ ਸਿੰਘ ਪੁੱਤਰ ਭਗਵਾਨ ਸਿੰਘ ਲੁਧਿਆਣਾ, ਰਾਮਰੱਖਾ ਪੁੱਤਰ ਜਵਾਹਰ ਰਾਮ ਹੁਸ਼ਿਆਰਪੁਰ, ਕਪੂਰ ਸਿੰਘ ਪੁੱਤਰ ਮਿੱਥ ਸਿੰਘ ਲੁਧਿਆਣਾ, ਬੁੱਧਾ ਸਿੰਘ ਪੁੱਤਰ ਸ਼ਾਮ ਸਿੰਘ ਗੁਜਰਾਂਵਾਲਾ।

ਇੱਥੇ ਜੇਲ੍ਹ ਵਿਚ ਲੱਗੀ 549 ਕੈਦੀਆਂ ਦੀ ਲਿਸਟ ਵਿਚੋਂ 89 ਪੰਜਾਬੀ ਹਨ। ਬਾਕੀਆਂ ਵਿਚ ਬਹੁਗਿਣਤੀ ਬੰਗਾਲੀਆਂ ਦੀ ਹੈ, ਜੋ ਇਹ ਸਿੱਧ ਕਰਦਾ ਹੈ ਕਿ ਭਾਰਤ ਦੀ ਆਜ਼ਾਦੀ ਵਿਚ ਸਭ ਤੋਂ ਵੱਡਾ ਯੋਗਦਾਨ ਪੰਜਾਬੀਆਂ ਅਤੇ ਬੰਗਾਲੀਆਂ ਦਾ ਰਿਹਾ ਹੈ।

1913 ਵਿਚ ਸੁਤੰਤਰਤਾ ਸੰਗਰਾਮੀਆਂ ਵੱਲੋਂ ਜੇਲ੍ਹ ਅੰਦਰ ਕੈਦੀਆਂ ਉੱਪਰ ਹੋ ਰਹੇ ਅੱਤਿਆਚਾਰ ਵਿਰੁੱਧ ਹੜਤਾਲ ਕਰ ਦਿੱਤੀ ਗਈ। ਅੰਤ ਇਸੇ ਸਾਲ ਅਕਤੂਬਰ ਵਿਚ ਗਵਰਨਰ ਜਨਰਲ ਕੌਂਸਲ ਦੇ ਮੈਂਬਰ ਕ੍ਰਡਾਕ ਨੇ ਜੇਲ੍ਹ ਦਾ ਦੌਰਾ ਕੀਤਾ, ਜੋ ਮਹਿਜ਼ ਇੱਕ ਖ਼ਾਨਾਪੂਰਤੀ ਸੀ। ਫਲਸਰੂਪ ਹੜਤਾਲ ਜਾਰੀ ਰਹੀ, ਸਿੱਟੇ ਵਜੋਂ 1914 ਵਿਚ ਰਾਜਨੀਤਕ ਕੈਦੀਆਂ ਨੂੰ ਭਾਰਤੀ ਜੇਲ੍ਹਾਂ ਵਿਚ ਤਬਦੀਲ ਕਰ ਦਿੱਤਾ ਗਿਆ।

ਦੂਸਰੇ ਵਿਸ਼ਵ ਯੁੱਧ ਦੌਰਾਨ ਇਸ ਖੇਤਰ ਤੇ 23 ਮਾਰਚ 1942 ਤੋਂ 7 ਅਕਤੂਬਰ 1945 ਤੱਕ ਇਸ ਦੀਪ 'ਤੇ ਜਾਪਾਨ ਦਾ ਕਬਜ਼ਾ ਰਿਹਾ ਹੈ। ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ 29 ਤੋਂ 31 ਦਸੰਬਰ 1943 ਤੱਕ ਇੱਥੋਂ ਦਾ ਦੌਰਾ ਕੀਤਾ ਸੀ, ਪ੍ਰੰਤੂ ਉਨ੍ਹਾਂ ਨੂੰ ਰਾਜਨੀਤਕ ਕੈਦੀਆਂ ਨੂੰ ਮਿਲਣ ਨਹੀਂ ਦਿੱਤਾ ਗਿਆ ਸੀ। ਉਨ੍ਹਾਂ 30 ਦਸੰਬਰ 1943 ਨੂੰ ਇੱਥੇ ਆਜ਼ਾਦ ਭਾਰਤ ਦਾ ਤਿਰੰਗਾ ਲਹਿਰਾਇਆ ਸੀ।

ਅਸੀਂ ਕਾਲ ਕੋਠੜੀਆਂ ਦੇ ਅੰਦਰ ਜਾ ਕੇ ਉਸ ਅਤੀਤ ਵਕਤ ਨੂੰ ਮਹਿਸੂਸ ਕੀਤਾ ਅਤੇ ਅਮਰ ਸ਼ਹੀਦ ਜੋਤੀ ਨੂੰ ਸਿਜਦਾ ਕੀਤਾ। ਅੱਜ ਵੀ ਉਨ੍ਹਾਂ ਮਹਾਨ ਸੂਰਬੀਰ ਬਹਾਦਰ ਯੋਧੇ ਦੇਸ਼ ਭਗਤਾਂ ਦੇ ਸਿਰੜ ਅੱਗੇ ਸੀਸ ਝੁਕਦਾ ਹੈ, ਜਿਨ੍ਹਾਂ ਦੀਆਂ ਸ਼ਹਾਦਤਾਂ ਸਦਕਾ ਅਸੀਂ ਆਜ਼ਾਦੀ ਦਾ ਅਨੰਦ ਮਾਣ ਰਹੇ ਹਾਂ।

# ਗਿ.ਲਾ ਬਨਾਮ ਸ਼ੁਕਰਾਨਾ

ਕੋਈ 2012, 13 ਦੀ ਗੱਲ ਹੋਵੇਗੀ, ਸਰਦੀਆਂ ਦਾ ਮਹੀਨਾ ਸੀ। ਕਿਸੇ ਸੱਜਣ ਦੀ ਕਾਲ ਆਈ ਕਿ ਫਲਾਣੇ ਡਾ. ਸਾਹਿਬ ਦੇ ਘਰੇ, ਅਗਲੇ ਸ਼ਨੀਵਾਰ 11 ਕੁ ਵਜੇ ਇੱਕ ਚਾਹ ਪਾਰਟੀ ਦਾ ਪ੍ਰਬੰਧ ਤੇ ਫਲਾਣੇ ਕੰਮ ਵਾਸਤੇ ਇੱਕ Fund Raising ਹੈ ਤੁਸੀਂ ਜ਼ਰੂਰ ਪਹੁੰਚਣਾ।



ਸਾਡੇ ਘਰ ਦੇ ਨੇੜੇ ਇੱਕ ਹੀ ਹਾਈ ਸਿਕਓਰਟੀ ਏਰੀਆ ਕਮਿਊਨਟੀ ਵਿਚ ਉਹ ਘਰ ਸੀ, ਜਿੱਥੇ ਸ਼ਹਿਰ ਦੇ

**ਰਜਿੰਦਰ ਸਿੰਘ ਟਾਂਡਾ**

ਲੱਗਭੱਗ ਸਾਰੇ ਡਾਕਟਰ ਜਾਂ ਵਪਾਰੀ ਰਹਿੰਦੇ ਹਨ। ਪੋਸ਼ ਏਰੀਆ, ਬਹੁਤਾਤ ਘਰਾਂ ਦੇ ਪਿਛਲੇ ਪਾਸੇ ਨਦੀ ਵਗਦੀ ਹੈ ਜਾਂ ਗੋਲਫ ਕੋਰਸ। ਸਾਰੇ ਘਰ ਵੱਡੇ ਵੱਡੇ, ਮਹਿਲਨੁਮਾ। ਕਈ ਘਰਾਂ ਦੇ ਡਰਾਈਵੇਅ ਵਿਚ ਕੋਈ ਦਸ-ਬਾਰਾਂ ਕਾਰਾਂ ਪਾਰਕ ਹੋ ਜਾਣ।

ਮੈਂ ਕੋਈ ਸਾਢੇ ਕੁ ਗਿਆਰਾਂ ਪਹੁੰਚਾ ਤੇ ਡਰਾਈਵੇਅ ਵਿੱਚ ਕੋਈ ਦਸ ਕੁ ਮਹਿੰਗੀਆਂ ਕਾਰਾਂ ਪਾਰਕ ਹੋਈਆਂ ਸਨ, ਵੱਡਾ ਘਰ। ਮੈਂ ਗੱਡੀ ਸੜਕ ਉੱਤੇ ਲਗਾ ਕੇ ਅੰਦਰ ਵੱਲ ਟੁਰ ਪਿਆ, ਹਾਲਾਂ ਕਿ ਸੁਭਾਅ ਮੁਤਾਬਕ ਮੈਨੂੰ, ਨਾ ਤਾਂ ਵੱਡੇ ਘਰ ਹੀ ਲੁਭਾਉਂਦੇ ਨੇ, ਨਾ ਮਹਿੰਗੀ ਗੱਡੀ, ਨਾਂ ਮਹਿੰਗੀ ਘੜੀ ਜਾਂ ਮਹਿੰਗੇ ਕੱਪੜੇ। ਕਿਸੇ ਦੀਆਂ ਇਹ ਚੀਜ਼ਾਂ ਦੇਖ ਕੇ ਮੈਨੂੰ ਕੋਈ ਈਰਖਾ ਵੀ ਨਹੀਂ ਹੁੰਦੀ ਤੇ ਨਾ ਹੀ ਵਰਤਣ ਦੀ ਕੋਈ ਖਾਸ ਇੱਛਾ।

ਪਰ ਪਤਾ ਨਹੀਂ ਕਿਉਂ, ਉਸ ਦਿਨ ਮਹਾਰਾਜ ਨੇ ਕੁੱਝ ਅਕਲ ਦਾ ਕਿਣਕਾ ਝੋਲੀ ਪਾਉਣਾ ਸੀ, ਸੋ ਘਰ ਦੇਖ ਮੈਨੂੰ ਲੱਗਾ ਕਿ ਮਨਾਂ ਅਸੀਂ ਵੀ ਤਾਂ ਏਨੀ ਮਿਹਨਤ ਕਰਦੇ ਹਾਂ, ਅਸੀਂ ਵੀ ਇਹੋ ਜਿਹਾ ਘਰ ਕਿਸੇ ਦਿਨ ਜਰੂਰ ਲੈਣਾ ਤੇ ਮਹਾਰਾਜ ਨਾਲ ਇਹੋ ਜਿਹਾ ਘਰ ਹਾਲੇ ਨਾ ਮਿਲਣ ਉੱਤੇ, ਥੋੜ੍ਹਾ ਗਿ.ਲਾ ਰੂਪੀ ਰੋਸਾ ਵੀ ਕੀਤਾ। ਪਰ ਫਿਰ ਜਲਦੀ ਹੀ ਮੈਂ ਉਹਨੂੰ ਵੱਡਾ ਘਰ ਸਮਝਣ ਦੀ ਬਜਾਏ, ਕੇਵਲ ਵੱਡਾ ਮਕਾਨ ਸਮਝ, ਮਨੋਂ ਕੱਢ ਦਿੱਤਾ।

Fund raise ਖ਼ਤਮ ਹੋਇਆ। ਉਸੇ ਦਿਨ ਸ਼ਾਮੀ, ਅਸੀਂ ਆਪਣੇ ਮਹੀਨਾਵਾਰ Homeless shelter ਦੇ ਪ੍ਰੋਗਰਾਮ ਅੰਦਰ, ਸ਼ਾਮ ਦਾ ਲੰਗਰ ਲੈ ਕੇ ਜਾਣਾ ਸੀ। ਓਥੋਂ ਸਿੱਧਾ costco, ਸਮਾਨ ਖਰੀਦ, ਬ੍ਰੈਡ ਤੇ ਹੋਰ ਖੀਰੇ ਟਮਾਟਰ ਚੁੱਕ ਕੇ ਘਰ ਪੁੱਜਾ। ਸਮਾਨ ਕੱਟਿਆ, ਵੱਢਿਆ ਗੱਡੀ ਵਿਚ ਗੈਸ ਆਦਿ ਰੱਖ, ਬੱਚਿਆਂ ਨੂੰ ਨਾਲ ਬਿਠਾ ਕੇ ਰੁਟੀਨ ਵਿਚ Homeless Shelter ਜਾ ਪੁੱਜਾ।

ਲਿੰਕਨ ਸਟਰੀਟ ਤੋਂ ਖੱਬੇ ਸ਼ੈਲਟਰ ਵੱਲ ਮੁੜਦਿਆਂ ਜਦੋਂ ਦੇਖਿਆ ਤਾਂ ਸ਼ਦੀਦ ਸਰਦੀ, ਕੋਈ ਦਸੰਬਰ-ਜਨਵਰੀ ਦਾ ਮਹੀਨਾ, ਸ਼ਾਮ ਦਾ ਵੇਲਾ, ਹੱਡ ਚੀਰਵੀਂ ਠੰਡ, ਸੜਕ ਨਾਲ ਖੜ੍ਹੀਆਂ ਝਾੜੀਆਂ ਦੀ ਵਾੜ ਵਿਚ ਕੋਈ ਦਸ ਪੰਦਰਾਂ, ਹੋਮਲੈਸ ਬੰਦੇ ਬੀਬੀਆਂ, ਮੀਂਹ-ਕਣੀ ਤੋਂ ਬਚਣ ਲਈ, ਗਾਰਬੇਜ਼ ਦੇ ਬੈਗਾਂ ਦੀਆਂ ਛੱਤਾਂ ਜਿਹੀਆਂ ਬਣਾ ਕੇ ਥੱਲੇ ਜੁਕੜ ਕੇ ਬੈਠੇ, ਪਾਟੇ, ਗੰਦੇ ਕੰਬਲਾਂ ਦੀਆਂ ਬੁੱਕਲਾਂ, ਲਾਗੇ ਖੜ੍ਹੀ ਇੱਕ ਸਮਾਨ ਦੀ ਟਰਾਲੀ, ਜੀਹਦੇ ਵਿਚ ਗੰਦੇ, ਮੈਲ਼ੇ ਕੱਪੜੇ, ਕੋਈ ਖਾਣ ਪੀਣ ਦਾ ਸਮਾਨ, ਹੋਰ ਟੁੱਟਾ ਭੱਜਾ ਕਿਸੇ ਗਾਰਬੇਜ਼ ਵਿਚੋਂ ਕੱਢਿਆ ਪਲਾਸਟਿਕ ਦਾ ਵੇਚਣ ਵਾਲਾ ਸਮਾਨ। ਬੱਸ ਕੁੱਲ ਏਨੇ ਕੁ ਸਰਮਾਏ ਦੇ ਮਾਲਕ। ਦੁਪਹਿਰ ਦੀ ਰੋਟੀ ਪਤਾ ਨਹੀਂ ਮਿਲੀ ਕਿ ਨਹੀਂ, ਸ਼ਾਮ ਦਾ ਜੁਗਾੜ ਮਹਾਰਾਜ ਨੇ ਕਰਵਾ ਦਿੱਤਾ। ਸਾਡੀ ਗੱਡੀ ਨੂੰ ਪਹਿਚਾਣਦੇ ਹੋਏ, ਉਹ ਉੱਠ ਖੜੋਤੇ।

ਅਸੀਂ ਟੇਬਲ ਲਾਏ, ਗੈਸ ਬਾਲੀ, ਸਮਾਨ ਸਜਾਇਆ, ਸੈਂਡਵਿਚ ਬਣਾਉਣੇ ਸ਼ੁਰੂ ਕੀਤੇ। ਉਨ੍ਹਾਂ ਕੱਲੇ ਕੱਲੇ, ਆ ਕੇ ਪਲੇਟਾਂ ਵਿਚ ਪੁਆਂਦਿਆਂ, ਹਰੇਕ ਸੇਵਾਦਾਰ ਨੂੰ God Bless you, God Bless You ਕਹਿਣਾ ਸ਼ੁਰੂ ਕਰ ਦਿੱਤਾ।



ਮੇਰਾ ਦੁਪਹਿਰ ਵਾਲਾ, 'ਗਿ.ਲੇ' ਦਾ ਮੀਨਾਰ, ਢਹਿ-ਢੇਰੀ, ਤਹਿਸ-ਨਹਿਸ ਹੁੰਦਿਆਂ ਇੱਕ ਮਿੰਟ ਵੀ ਨਾ ਲੱਗਾ।

ਕਲਾ ਪਰਿਕਰਮਾ

# ਕ੍ਰਿਸ਼ਮਈ ਆਵਾਜ਼ ਵਾਲੀ ਫਨਕਾਰ ਮਿਲਨ ਸਿੰਘ

1986-87 ਦਾ ਸਮਾਂ ਸੀ ਆਡੀਓ ਕੈਸੇਟਾਂ ਦਾ। ਇਸ ਦੌਰਾਨ ਦਿੱਲੀ ਤੇ ਉੱਤਰੀ ਭਾਰਤ ਦੇ ਸੂਬਿਆਂ 'ਚ ਇਕ ਐਲਬਮ ਮਾਰਕੀਟ ਵਿਚ ਆਈ 'ਫਨਕਾਰ ਏਕ ਆਵਾਜ਼ੇ ਅਨੇਕ'। ਇਸ ਐਲਬਮ ਵਿਚ ਉਸ ਸਮੇਂ ਦੇ ਪ੍ਰਸਿੱਧ ਗਾਇਕਾਂ ਦੇ ਗਾਏ ਗੀਤਾਂ ਨੂੰ ਇੱਕੋ ਗਾਇਕ ਨੇ ਗਾਇਆ ਪਰ ਉਨ੍ਹਾਂ ਗਾਇਕਾਂ ਦੀਆਂ ਆਵਾਜ਼ਾਂ ਵਿਚ। ਕਹਿਣ ਤੋਂ ਭਾਵ, ਮੁਹੰਮਦ ਰਫੀ ਦੀ ਆਵਾਜ਼ ਵਿਚ ਵੀ, ਕਿਸ਼ੋਰ ਕੁਮਾਰ, ਮੰਨਾ ਡੇ, ਆਸ਼ਾ ਭੌਸਲੇ, ਨੂਰ ਜਹਾਂ, ਤਲਤ ਮਹਿਮੂਦ, ਗੀਤਾ ਦੱਤ ਅਤੇ ਹੇਮੰਤ ਕੁਮਾਰ ਦੀ ਆਵਾਜ਼ ਵਿਚ ਗੀਤ ਗਾਏ। ਮਰਦ ਤੇ ਔਰਤ ਦੀ ਆਵਾਜ਼ ਵਿਚ ਇੱਕੋ ਗਾਇਕ. ਵੱਲੋਂ ਗੀਤ ਗਾਏ ਗਏ। ਪਹਿਲੀ ਵਾਰ ਤਾਂ ਕਿਸੇ ਨੂੰ ਵੀ ਇਸ 'ਤੇ ਯਕੀਨ ਨਹੀਂ ਸੀ ਹੋ ਰਿਹਾ ਕਿ ਇੱਕੋ ਗਾਇਕ ਵੱਖ-ਵੱਖ ਗਾਇਕਾਂ ਦੀਆਂ ਆਵਾਜ਼ਾਂ ਕਿਵੇਂ ਕੱਢ ਸਕਦਾ ਹੈ, ਮਰਦ ਤੇ ਔਰਤ ਦੀ ਆਵਾਜ਼ ਇੱਕੋ ਵੇਲੇ।






ਇਸ ਕ੍ਰਿਸ਼ਮਈ ਆਵਾਜ਼ ਵਾਲੀ ਫਨਕਾਰ ਦਾ ਨਾਂ ਹੈ ਮਿਲਨ ਸਿੰਘ। ਨਾਂ ਤੋਂ ਤਾਂ ਇਵੇਂ ਲੱਗਦਾ ਸੀ ਕਿ ਇਹ ਕੋਈ ਲੜਕਾ ਹੈ। ਉਸ ਦਾ ਅੰਦਾਜ਼ ਬਿਲਕੁਲ ਮੁੰਡਿਆਂ ਵਾਲਾ ਸੀ। ਵਾਲਾਂ ਦਾ ਸਟਾਈਲ ਮੁੰਡਿਆਂ ਵਾਲਾ, ਪਹਿਰਾਵਾ ਵੀ ਬਿਲਕੁਲ ਮੁੰਡਿਆਂ ਵਾਲਾ ਅਤੇ ਵੇਖਣ ਨੂੰ ਵੀ ਉਹ ਕੋਈ ਕਲੀਨ ਸ਼ੇਵ ਮੁੰਡਾ ਹੀ ਲੱਗਦਾ... ਪਰ ਸੀ ਉਹ ਕੁੜੀ। ਮਿਲਨ ਸਿੰਘ ਦੀ ਇਹ ਪਹਿਲੀ ਪੇਸ਼ਕਾਰੀ 'ਫਨਕਾਰ ਏਕ ਆਵਾਜ਼ੇ ਅਨੇਕ ਐਲਬਮ ਇੰਨੀ ਸਫ਼ਲ ਹੋਈ ਕਿ ਕੰਪਨੀ ਵਾਲਿਆਂ ਕੋਲੋਂ ਡਿਮਾਂਡ ਮੁਤਾਬਕ ਕੈਸੇਟਾਂ ਮਾਰਕੀਟ ਵਿਚ ਮੁਹੱਈਆ ਕਰਵਾਉਣੀਆਂ ਔਖੀਆਂ ਹੋ ਗਈਆਂ। ਉਸ ਵੇਲੇ ਆਡੀਓ- ਵੀਡੀਓ ਕੈਸੇਟਾਂ ਤੋਂ ਇਲਾਵਾ ਮਨੋਰੰਜਨ ਦਾ ਸਾਧਨ ਸਿਰਫ਼ ਰੇਡੀਓ ਤੇ ਇਕਲੌਤਾ ਦੂਰਦਰਸ਼ਨ ਹੀਂ ਸੀ। ਜਲੰਧਰ ਦੂਰਦਰਸ਼ਨ 'ਤੇ ਜਦੋਂ ਮਿਲਨ ਸਿੰਘ ਦੇ ਪੰਜਾਬੀ ਗੀਤ 'ਅੱਖ ਦੇ ਇਸ਼ਾਰੇ ਨਾਲ ਗੱਲ ਕਰ ਗਈ, ਅਤੇ ਹਾਣੀਆਂ ਤੂੰ ਕਰ ਲੈ ਪਿਆਰ ਜਿੰਨਾ ਤੇਰਾ ਜੀਅ ਕਰਦਾ' ਚੱਲੇ ਤਾਂ ਉਸ ਦੀ ਕ੍ਰਿਸ਼ਮਈ ਆਵਾਜ਼ ਦਾ ਜਾਦੂ ਲੋਕਾਂ ਦੇ ਸਿਰ ਚੜ੍ਹ ਬੋਲਣ ਲੱਗਾ ਸੀ। ਉਸ ਦੀ ਜਾਦੂਈ ਆਵਾਜ਼ ਬਾਰੇ '90 ਦੇ ਦਹਾਕੇ ਦੌਰਾਨ ਲੋਕਾਂ ਵਿਚ ਕਈ ਤਰ੍ਹਾਂ ਦੀਆਂ ਅਫਵਾਹਾਂ ਦੀ ਫੈਲੀਆਂ ਸਨ। ਇੱਕੋ ਵੇਲੇ ਮਰਦ ਤੇ ਔਰਤ ਦੀ ਆਵਾਜ਼ ਵਿਚ ਅਤੇ ਵੱਖ-ਵੱਖ ਗਾਇਕਾਂ ਦੀਆਂ ਆਵਾਜ਼ਾਂ ਵਿਚ ਗਾਉਣ ਨੂੰ ਤਾਂ ਲੋਕ ਇਹ ਵੀ ਕਹਿਣ ਲੱਗੇ ਸਨ ਕਿ ਮਿਲਨ ਸਿੰਘ ਦੇ ਗਲ਼ੇ ਵਿਚ ਕਿਸੇ ਤਰ੍ਹਾਂ ਦੀ ਮਸ਼ੀਨ ਲੱਗੀ ਹੋਈ ਹੈ।

ਉਸ ਦੌਰ ਵਿਚ ਉਸ ਦੀਆਂ 32 ਹਿੱਟ ਐਲਬਮਾਂ ਮਾਰਕੀਟ ਵਿਚ ਆਈਆਂ। ਇਨ੍ਹਾਂ ਵਿਚ ਹਿੰਦੀ ਦੇ ਗੀਤਾਂ ਤੋਂ ਇਲਾਵਾ ਪੰਜਾਬੀ ਵਿਚ ਗਾਏ ਗੀਤ ਵੀ ਬਹੁਤ ਮਕਬੂਲ ਹੋਏ। ਮਿਲਨ ਸਿੰਘ ਵੱਲੋਂ ਧਾਰਮਿਕ ਐਲਬਮਾਂ 'ਪਹਾੜਾਂ ਵਾਲੀ ਮਾਂ ਸ਼ੇਰਾਂ ਵਾਲੀ ਮਾਂ', 'ਮਾਂ ਤੇਰਾ ਸ਼ੁਕਰਾਨਾ' ਅਤੇ 'ਮਹਿਫਿਲ ਏ ਕੌਨੇਨ' ਵੀ ਕੱਢੀਆਂ ਗਈਆਂ, ਜੋ ਸਰੋਤਿਆਂ ਵੱਲੋਂ ਕਾਫੀ ਪਸੰਦ ਕੀਤੀਆਂ ਗਈਆਂ। ਯੂਪੀ ਦੇ ਇਟਾਵਾ ਸ਼ਹਿਰ 'ਚ ਜਨਮੀ ਮਿਲਨ ਸਿੰਘ ਅੰਗਰੇਜ਼ੀ ਸਾਹਿਤ ਵਿੱਚ ਪੋਸਟ ਗ੍ਰੈਜੂਏਟ ਹੋਣ ਦੇ ਨਾਲ-ਨਾਲ ਉੱਚੀ ਛਾਲ ਤੇ ਫੁੱਟਬਾਲ ਦੀ ਚੰਗੀ ਖਿਡਾਰਨ ਵੀ ਰਹੀ ਹੈ।

ਮਿਲਨ ਸਿੰਘ ਨੂੰ ਗਾਇਕੀ ਵਿਚ ਆਪਣੇ ਪ੍ਰਦਰਸ਼ਨ ਲਈ ਕਈ ਵੱਡੇ ਪੁਰਸਕਾਰ ਵੀ ਪ੍ਰਾਪਤ ਹੋਏ। ਇਨ੍ਹਾਂ 'ਚ ਯੂਪੀ ਸਰਕਾਰ ਵੱਲੋਂ ਦਿੱਤਾ ਗਿਆ, 'ਯਸ਼ ਭਾਰਤੀ' ਵੀ ਸ਼ਾਮਲ ਹੈ। ਇਹ ਪੁਰਸਕਾਰ ਤੱਤਕਾਲੀ ਰਾਜਪਾਲ ' ਮੋਤੀਲਾਲ ਵੋਰਾ ਤੇ ਮੁੱਖ ਮੰਤਰੀ ਮੁਲਾਇਮ ਸਿੰਘ ਯਾਦਵ ਵੱਲੋਂ ਦਿੱਤਾ ਗਿਆ ਸੀ। ਮਿਲਨ ਸਿੰਘ ਦੇ ਜੱਦੀ ਸ਼ਹਿਰ, ਇਟਾਵਾ ਵਿੱਚ ਉਨ੍ਹਾਂ ਦੇ ਸਨਮਾਨ ਲਈ 'ਮਿਲਨ ਸਿੰਘ ਮਾਰਗ' ਨਾਮ ਦੀ ਇੱਕ ਸੜਕ ਵੀ ਹੈ। ਉਹ ਆਪਣੀ ਮਰਦ ਤੇ ਔਰਤ ਦੀ ਆਵਾਜ਼ ਵਿਚ ਗਾਉਣ ਦੀ ਕਲਾ ਨੂੰ ਗੌਡ ਗਿਫਟਿਡ ਮੰਨਦੀ ਹੈ। ਉਂਝ ਮਿਲਨ ਸਿੰਘ ਦਾ ਸੰਗੀਤਕ ਸਫ਼ਰ ਮਹਿਜ਼ ਸਾਢੇ ਤਿੰਨ ਸਾਲ ਦੀ ਉਮਰ ਵਿੱਚ ਹੀ ਸ਼ੁਰੂ ਹੋ ਗਿਆ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਉਨ੍ਹਾਂ ਦੀ ਉਮਰ 11 ਸਾਲ ਦੀ ਸੀ ਤਾਂ ਉਨ੍ਹਾਂ ਨੂੰ ਫਿਲਮ 'ਸੱਚਾ-ਝੂਠਾ' ਦਾ ਇਕ ਡਿਊਟ ਗੀਤ ਬਹੁਤ ਪਸੰਦ ਆਇਆ ਤੇ ਉਨ੍ਹਾਂ ਨੇ ਉਸ ਗੀਤ ਨੂੰ ਗੁਨਗੁਨਾਇਆ। ਸਕੂਲ ਵਿਚ ਜਾ ਕੇ ਸਾਥੀਆਂ ਨਾਲ ਉਸ ਦਾ ਰਿਆਜ਼ ਕੀਤਾ। ਇੰਝ ਸ਼ੁਰੂ ਹੋਏ ਗਾਇਕੀ ਤੇ ਸਫਰ ਦੌਰਾਨ ਉਨ੍ਹਾਂ ਦਾ ਰਿਆਜ਼ ਪੱਕਾ ਹੁੰਦਾ ਗਿਆ ਅਤੇ ਆਵਾਜ਼ ਵਿਚ ਨਿਖਾਰ ਆਉਂਦਾ ਗਿਆ। ਉਦੋਂ ਤੋਂ ਉਨ੍ਹਾਂ ਨੇ ਆਪਣੀ ਦਮਦਾਰ ਆਵਾਜ਼ ਨਾਲ ਨਾਮਣਾ ਖੱਟਿਆ ਅਤੇ ਮਹਾਨ ਗਾਇਕ ਮੁਹੰਮਦ ਰਫੀ ਤੇ ਲਤਾ ਮੰਗੇਸ਼ਕਰ ਦੇ ਬੇਮਿਸਾਲ ਸੁਰ ਤੱਕ ਪੇਸ਼ ਕੀਤੇ। ਆਪਣੇ ਸੰਗੀਤ ਕਰੀਅਰ ਤੋਂ ਇਲਾਵਾ ਮਿਲਨ ਸਿੰਘ ਇੱਕ ਉੱਦਮੀ ਤੇ ਕ੍ਰਿਏਟਰ ਵੀ ਹੈ। ਉਹ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਵੀ ਐਕਟਿਵ ਹੈ। ਉਨ੍ਹਾਂ ਦੀ ਆਪਣੀ ਵੈੱਬਸਾਈਟ ਵੀ ਹੈ, ਜਿਸ ਵਿਚ ਉਨ੍ਹਾਂ ਨੇ ਆਪਣੀ ਜ਼ਿੰਦਗੀ, ਤਜਰਬੇ ਤੇ ਐਲਬਮਾਂ ਤੋਂ ਇਲਾਵਾ ਹੋਰ ਜਾਣਕਾਰੀਆਂ ਸਾਂਝੀਆਂ ਕੀਤੀਆਂ ਹਨ। ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਮਿਲਨ ਸਿੰਘ ਲਿਖਦੀ ਹੈ ਕਿ ਉਸ ਦੇ ਪਰਿਵਾਰ ਵਿੱਚ ਸਿਰਫ਼ ਉਸ ਦੀ ਮਾਂ, ਭੈਣਾਂ ਅਤੇ ਭਤੀਜੀਆਂ ਹੀ ਨਹੀਂ, ਸਗੋਂ ਕੁਝ ਦੋਸਤ ਵੀ ਸ਼ਾਮਲ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਰਿਸ਼ਤਾ ਤਾਂ ਹੀ ਬਣਿਆ ਰਹਿੰਦਾ ਹੈ ਜੇਕਰ ਇਹ ਪਾਰਦਰਸ਼ੀ, ਇਮਾਨਦਾਰ ਅਤੇ ਵਫ਼ਾਦਾਰ ਹੋਵੇ। ਉਨ੍ਹਾਂ ਦੀ ਜ਼ਿੰਦਗੀ ਵਿੱਚ ਸਭ ਤੋਂ ਮਹੱਤਵਪੂਰਨ ਵਿਅਕਤੀ ਸਵਰਗਵਾਸੀ ਭੈਣ ਦੀ ਧੀ ਸ਼ੀਲਪੀ ਹੈ। ਉਹ ਮਹਿਜ਼ 11 ਘੰਟਿਆਂ ਦੀ ਸੀ ਜਦੋਂ ਉਸ ਨੇ ਆਪਣੀ ਮਾਂ ਨੂੰ ਗੁਆ ਦਿੱਤਾ। ਉਦੋਂ ਤੋਂ ਉਹੀ ਉਸ ਦੀ ਮਾਂ-ਪਿਤਾ ਤੇ ਦੋਸਤ ਹੈ। ਉਸ ਦੀ ਪੂਰੀ ਦੁਨੀਆ ਉਸੇ ਦੇ ਆਲੇ-ਦੁਆਲੇ ਘੁੰਮਦੀ ਹੈ।

## 'ਆਵਾਰਾਪਨ-2' ਨੇ ਕੀਤਾ 200 ਕਰੋੜ ਰੁਪਏ ਦਾ ਅੰਕੜਾ ਪਾਰ

**ਨਵੀਂ ਦਿੱਲੀ:** ਅਦਾਕਾਰ ਇਮਰਾਨ ਹਾਸ਼ਮੀ ਦੀ ਫਿਲਮ 'ਆਵਾਰਾਪਨ-2' ਨੇ ਟਿਕਟ ਖਿੜਕੀ ਉੱਤੇ 200 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਕਰ ਲਈ ਹੈ। ਇਸ ਫ਼ਿਲਮ ਦੇ ਨਿਰਦੇਸ਼ਕ ਨਿਤਿਨ ਕੱਕੜ ਹਨ ਅਤੇ ਇਹ 2007 ਵਿੱਚ ਆਈ ਸੁਪਰਹਿੱਟ ਫਿਲਮ 'ਆਵਾਰਾਪਨ' ਦੀ ਅਗਲੀ ਕੜੀ ਹੈ, ਇਸ ਵਿੱਚ ਅਭਿਨੇਤਾ ਨੇ ਸ਼ਿਵਮ ਦੀ ਭੂਮਿਕਾ ਨਿਭਾਈ ਸੀ। ਹਾਸ਼ਮੀ ਤੋਂ ਇਲਾਵਾ, 'ਆਵਾਰਾਪਨ 2' ਵਿੱਚ ਦਿਸ਼ਾ ਪਟਾਨੀ ਨੇ ਜ਼ਾਰਾ ਅਤੇ ਸ਼ਬਾਨਾ ਆਜ਼ਮੀ ਨੇ ਨਫ਼ੀਸਾ ਨਵਾਜ਼ ਦੀ ਭੂਮਿਕਾ ਨਿਭਾਈ ਹੈ। ਨਿਰਮਾਤਾਵਾਂ ਨੇ ਅੱਜ ਇੰਸਟਾਗ੍ਰਾਮ 'ਤੇ ਪੋਸਟ ਰਾਹੀਂ ਬਾਕਸ ਆਫਿਸ ਦੇ ਅੰਕੜੇ ਸਾਂਝੇ ਕੀਤੇ। ਆਲਮੀ ਪੱਧਰ 'ਤੇ ਫ਼ਿਲਮ 220.49 ਕਰੋੜ ਰੁਪਏ ਦਾ ਕਾਰੋਬਾਰ ਕਰ ਚੁੱਕੀ ਹੈ। ਓਮ ਸਭਾਤੀ 1ਪੋਸਟ ਦੀ ਕੈਪਸ਼ਨ ਵਿੱਚ ਲਿਖਿਆ ਸੀ, ''ਉਹ ਪ੍ਰਸ਼ੰਸਕ ਜਿਨ੍ਹਾਂ ਨੇ 19 ਸਾਲ ਇੰਤਜ਼ਾਰ ਕੀਤਾ। ਉਹ ਦਰਸ਼ਕ ਜਿਨ੍ਹਾਂ ਸ਼ਿਵਮ ਨੂੰ ਸਭ ਤੋਂ ਪਹਿਲਾਂ ਦੇਖਿਆ। ਉਹ ਜਿਨ੍ਹਾਂ ਨੂੰ ਇਸ ਦੇ ਗੀਤਾਂ ਨਾਲ ਪਿਆਰ ਹੋ ਗਿਆ। ਦੁਨੀਆ ਭਰਵਿੱਚ 220.49 ਕਰੋੜ ਰੁਪਏ। ਉਹ ਵੀ 15 ਦਿਨਾਂ ਵਿੱਚ। ਇਹ ਅੰਕੜਾ ਤੁਹਾਡੇ ਸਾਰਿਆਂ ਦਾ ਹੈ। ਸ਼ਿਵਮ ਦੀ ਵਾਪਸੀ ਕਰਵਾਉਣ ਲਈ ਧੰਨਵਾਦ।'' ਨਿਰਮਾਤਾਵਾਂ ਨੇ ਲੋਕਾਂ ਨੂੰ ਫਿਲਮ ਦੇਖਣ ਦੀ ਅਪੀਲ ਵੀ ਕੀਤੀ। ਫਿਲਮ ਮੁਕੇਸ਼ ਭੱਟ ਅਤੇ ਵਿਸ਼ੇਸ਼ ਫ਼ਿਲਮਜ਼ ਦੁਆਰਾ ਪੇਸ਼ ਕੀਤੀ ਗਈ ਹੈ। ਇਸ ਦੇ ਨਿਰਮਾਤਾ ਵਿਸ਼ੇਸ਼ ਭੱਟ ਹਨ। ਇਸ ਵਿੱਚ ਅਦਾਕਾਰ ਪੂਰਨ ਗੱਬੀ, ਸੁਵਿੰਦਰ ਵਿੱਕੀ ਅਤੇ ਅਨਿਰੁੱਧ ਰਾਵਲ ਦੀ ਵੀ ਅਹਿਮ ਭੂਮਿਕਾ ਹੈ। ਪਹਿਲੀ 'ਆਵਾਰਾਪਨ' ਨੇ ਦਰਸ਼ਕਾਂ ਦੇ ਦਿਲਾਂ ਵਿੱਚ ਖ਼ਾਸ ਜਗ੍ਹਾ ਬਣਾ ਲਈ ਸੀ ਇਸ ਦੇ ਨਿਰਦੇਸ਼ਨ ਮੋਹਿਤ ਸੂਰੀ ਸਨ। ਫਿਲਮ ਦੇ ਗੀਤ 'ਤੋਂ ਫਿਰ ਆਓ' ਅਤੇ 'ਤੇਰਾ ਮੇਰਾ ਰਿਸ਼ਤਾ' ਅੱਜ ਵੀ ਕਾਫੀ ਹਰਮਨਪਿਆਰੇ ਹਨ।




# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 19 ਸਤੰਬਰ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-759



*ਘਰ ਦਾ ਫ਼ਿਕਰ ਸਤਾਵੇ ਸੁਘੜ ਸੁਆਣੀ ਨੂੰ,*
*ਨਾਲ਼ੇ ਗੋਹਾ ਕੂੜਾ ਸਾਂਭੇ ਕਰੇ ਪਾਣੀ ਧਾਣੀ ਨੂੰ।*
*ਚੁੱਲ੍ਹੇ ਚੌਂਕੇ ਬਾਲਣ ਸ਼ਾਲਣ ਤੇ ਰੋਟੀ ਪ੍ਰਾਣੀ ਨੂੰ,*
*ਪਿੜ ਘੜ ਪਾਥੀਆਂ ਪੱਥਦੀ ਤੱਕੋ ਕਹਾਣੀ ਨੂੰ।*

## ਕੈਪਸ਼ਨ ਮੁਕਾਬਲਾ-757



ਪੁਲਿਸ ਦੇ ਹੱਥ ਵਿਚ ਪੱਥਰ ਦੱਸੇ,
ਉਲਟ ਵਾੜ ਖੇਤ ਨੂੰ ਖਾਂਦੀ ਹੈ,
ਭੁੱਲਕੇ ਫ਼ਰਜ਼ ਲੋਕਾਂ ਦੀ ਰਖਵਾਲੀ,
ਦੇਖੋ ਰੋੜੇ ਇੱਟਾਂ ਵਰਸਾਂਦੀ ਹੈ।
ਸੰਵਿਧਾਨ ਆਖਦਾ ਕਾਨੂੰਨ ਅਮਨ,
ਜ਼ਿੰਮੇਵਾਰੀ ਇਹ ਤੁਸਾਂ ਦੀ ਹੈ,
ਕਰੇ ਗੈਰ-ਕਨੂੰਨੀ ਕੰਮ ਕਦੀ ਨਹੀਂ,
ਤਾਂ ਲੋਕ ਤੰਤਰ ਅਖਵਾਂਦੀ ਹੈ।
***-ਸੇਵਾ ਸਿੰਘ 'ਨੂਰਪੁਰੀ'***

---

ਬੇਵਸ ਲੋਕੀਂ ਇਕੱਠੇ ਹੋ ਕੇ
ਸੜਕਾਂ ਉੱਪਰ ਨਿੱਕਲ ਆਵਣ।
ਸਰਕਾਰਾਂ ਆਪਣੀ ਰਾਖੀ ਖਾਤਰ
ਉਨ੍ਹਾਂ ਉੱਪਰ ਜ਼ੁਲਮ ਕਮਾਵਣ।
ਸਰਕਾਰੀ ਸ਼ਹਿ 'ਤੇ ਪੁਲਸ ਭੂਤਰੀ
ਰੋੜਿਆਂ ਨੂੰ ਹਥਿਆਰ ਬਨਾਵਣ।
ਖੁਦ ਭੀੜਾਂ ਉੱਪਰ ਮਾਰ ਕੇ ਰੋੜੇ
ਉਲਟਾ ਦੋਸ਼ ਲੋਕਾਂ 'ਤੇ ਲਾਵਣ।
ਪੱਤਰਕਾਰਾਂ ਦੇ ਸਦਕੇ ਜਾਈਏ
ਜੋ ਸੱਚ ਤਾਈਂ ਪ੍ਰਤੱਖ ਦਿਖਾਵਣ।
***-ਜਗਮੀਤ ਸਿੰਘ ਪੰਧੇਰ***
***ਫੋਨ: 98783-37222***

---

ਇਹ ਕੇਹੇ ਦਿਨ ਆਏ ਖ਼ਾਕੀਏ?
ਇਹ ਕੇਹੇ ਦਿਨ ਆਏ!
ਤੂੰ ਤਾਂ ਸੀ ਡਰ ਕੱਢਣ ਵਾਲੀ,
ਕਾਹਦਾ ਤੈਨੂੰ ਡਰ ਖਾਏ?
ਤੂੰ ਕਰਨੀ ਸੀ ਕਾਨੂੰਨ ਦੀ ਰਾਖੀ,
ਪਰ ਤੂੰ ਆਪ ਹੀ ਤੋੜੇਂ।
ਐਨੀ ਬੇਵੱਸ ਲੋਕ-ਰੋਹ ਅੱਗੇ,
ਹੱਥ ਫੜ ਲਏ ਅੱਜ ਰੋੜੇ!
ਬੁਲਡੋਜ਼ਰ ਚਲਾਏਂ ਤੇ ਘਰ ਢਾਏਂ,
ਤਾਂ ਤੈਨੂੰ ਕੌਣ ਬਚਾਏ?
ਖ਼ਾਕੀਏ ਇਹ ਕੇਹੇ ਦਿਨ ਆਏ...
ਇਹ ਨੇਤਾ ਤਾਂ ਆਵਣ ਜਾਣੇ,
ਪਰ ਤੂੰ ਲੋਕਾਂ ਵਿਚ ਰਹਿਣਾ।
ਤੈਨੂੰ ਵਰਤਣ ਕੰਮ ਕਢਾਵਣ,
ਅੰਤ ਸ਼ਿਕੰਜਾ ਪਰ ਤੂੰ ਸਹਿਣਾ।
ਰੈਂਕ ਵਧਾਏਂ ਵੱਢੀਆਂ ਖਾਏਂ,
ਬਚੀਂ, ਨਾ ਕਰ ਅੰਨਿਆਏ।
ਖਾਕੀਏ ਇਹ ਕੇਹੇ ਦਿਨ ਆਏ....
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ:+1 864 318 5500***

---

ਜਨਤਾ ਜਾਗ ਪਈ ਲੋਕੋ,
ਲੁੱਟ ਦਾ ਫਿਰ ਵੀ ਦੇਖਣ ਨੂੰ
ਮਿਲਦਾ ਨਜ਼ਾਰਾ ਹੈ।
ਮੁਫਤ ਦੀ ਗੋਲੀ ਲੈ ਕੇ,
ਵੇਹਲੜਾਂ ਦਾ ਹੁੰਦਾ ਗੁਜ਼ਾਰਾ ਹੈ।
ਪੁਲਿਸ ਉੱਤੇ ਦਬਾਅ ਪੈਂਦਾ,
ਕੁਰੱਪਟ ਰਾਜਸੀ ਨੇਤਾਵਾਂ ਦਾ।
ਮੁਜ਼ਾਹਰਿਆਂ ਵਿਚ,
ਰੋੜਿਆਂ ਦੀ ਹਨੇਰੀ ਦਾ ਜਵਾਬ ਦੇਣਾ ਪੈਂਦਾ,
ਰੋੜਿਆਂ ਦੇ, ਜ਼ੋਰ ਨਾਲ ਬਰਸਾਵਾਂ ਦਾ।
ਹੁਕਮ ਅਦੂਲੀ ਕਰਨ ਉੱਤੇ
ਉਨ੍ਹਾਂ ਦਾ ਰਹਿੰਦਾ ਨਾ
ਕੋਈ ਟਿਕਾਣਾ ਹੈ।
ਹੁਣ ਦੇਖਣਾ ਹੈ, ਦੋਵੇਂ ਧਿਰਾਂ ਦਾ
ਸਮਤੋਲ ਕਿਵੇਂ ਬਣਾਨਾ ਹੈ?
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

# ‘ਤਾਰ-ਤਾਰ ਹੋਈ ਮਨੁੱਖਤਾ’



ਰਣਜੀਤ ਸਿੰਘ ਝੁਨੀਰ (ਮਾਨਸਾ)

ਪਿਛਲੇ ਦਿਨੀਂ ਨੇਪਾਲ ਵਿੱਚ ਆਏ ਭਿਆਨਕ ਹੜ੍ਹ ਨੇ ਜਿਸ ਤਰ੍ਹਾਂ ਦੀ ਤਬਾਹੀ ਮਚਾਈ ਹੈ, ਉਸ ਨੇ ਪੂਰੀ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਹਜ਼ਾਰਾਂ ਲੋਕ ਬੇਘਰ ਹੋ ਗਏ, ਕਿੰਨੀਆਂ ਹੀ ਕੀਮਤੀ ਜਾਨਾਂ ਅਜਾਈਂ ਚਲੀਆਂ ਗਈਆਂ ਅਤੇ ਅਰਬਾਂ ਰੁਪਏ ਦਾ ਮਾਲੀ ਨੁਕਸਾਨ ਹੋਇਆ। ਇਹ ਕੁਦਰਤ ਦਾ ਉਹ ਅਟੱਲ ਕਹਿਰ ਸੀ, ਜਿਸ ਦੇ ਅੱਗੇ ਮਨੁੱਖੀ ਤਾਕਤ, ਤਕਨਾਲੋਜੀ ਅਤੇ ਵਿਗਿਆਨ ਬੇਵਸ ਤੇ ਲਾਚਾਰ ਨਜ਼ਰ ਆਏ। ਇਸ ਵਿਨਾਸ਼ਕਾਰੀ ਹੜ੍ਹ ਨੇ ਮਨੁੱਖਤਾ ਦੇ ਤਾਣੇ-ਬਾਣੇ ਨੂੰ ਬੁਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤਾ।

ਪਰ ਇਸ ਭਿਆਨਕ ਕਰੋਪੀ ਤੋਂ ਵੀ ਵੱਡਾ ਦੁਖਾਂਤ ਉਦੋਂ ਸਾਹਮਣੇ ਆਇਆ, ਜਦੋਂ ਸਾਡੇ ਸਮਾਜ ਵਿਚੋਂ ਨੈਤਿਕਤਾ ਦਾ ਜਨਾਜ਼ਾ ਨਿਕਲਦਾ ਦੇਖਿਆ। ਅਸੀਂ ਅਕਸਰ ਵੱਡ-ਵਡੇਰਿਆਂ ਦੇ ਮੂੰਹੋਂ ‘ਮਰੇ ਦਾ ਮਾਸ ਖਾਣਾ’ ਮੁਹਾਵਰਾ ਕੇਵਲ ਸੁਣਦੇ ਹੁੰਦੇ ਸੀ, ਪਰ ਇਸ ਘਟਨਾ ਨੇ ਇਹ ਸ਼ਰਮਨਾਕ ਸੱਚ ਸਾਡੀਆਂ ਅੱਖਾਂ ਸਾਹਮਣੇ ਸਾਕਾਰ ਕਰ ਦਿੱਤਾ। ਹਾਲ ਹੀ ਵਿਚ ਸੋਸ਼ਲ ਮੀਡੀਆ ’ਤੇ ਵਾਇਰਲ ਹੋਈ ਇੱਕ ਵੀਡੀਓ ਨੇ ਹਰ ਸੰਵੇਦਨਸ਼ੀਲ ਮਨੁੱਖ ਦਾ ਦਿਲ ਝੰਜੋੜ ਕੇ ਰੱਖ ਦਿੱਤਾ ਹੈ।

ਵੀਡੀਓ ਵਿਚ ਹੜ੍ਹ ਦੇ ਪਾਣੀ ਵਿਚ ਤੈਰਦੀ ਇੱਕ ਔਰਤ ਦੀ ਲਾਸ਼ ਦਿਖਾਈ ਦਿੰਦੀ ਹੈ। ਅਫ਼ਸੋਸ ਦੀ ਗੱਲ ਇਹ ਹੈ ਕਿ ਉੱਥੇ ਮੌਜੂਦ ਕੁਝ ਲੋਕਾਂ ਨੇ ਉਸ ਲਾਸ਼ ਨੂੰ ਪਾਣੀ ਵਿੱਚੋਂ ਕੱਢਣ ਜਾਂ ਉਸ ਦੀ ਬੇਅਦਬੀ ਰੋਕਣ ਦੀ ਬਜਾਏ, ਅਣ-ਮਨੁੱਖੀ ਹਰਕਤ ਕੀਤੀ। ਉਨ੍ਹਾਂ ਨੇ ਉਸ ਔਰਤ ਦੀ ਲਾਸ਼ ਨੂੰ ਸਿਰ ਦੇ ਵਾਲਾਂ ਤੋਂ ਧੂਹ ਕੇ ਉਸ ਦੇ ਕੰਨਾਂ ਵਿਚੋਂ ਗਹਿਣੇ ਲੁੱਟ ਲਏ। ਆਫ਼ਤ ਦੇ ਇਸ ਔਖੇ ਸਮੇਂ ਵਿਚ ਪੀੜਤਾਂ ਦੀ ਮਦਦ ਕਰਨ ਅਤੇ ਮਨੁੱਖਤਾ ਦੀ ਸੇਵਾ ਕਰਨ ਦੀ ਥਾਂ ਅਜਿਹੀ ਲੁੱਟ ਮਚਾਉਣਾ ਸਾਬਤ ਕਰਦਾ ਹੈ ਕਿ ਅੱਜ-ਕੱਲ੍ਹ ਮਨੁੱਖ ਦਾ ਲਹੂ ਬਿਲਕੁਲ ਚਿੱਟਾ ਹੋ ਗਿਆ ਹੈ। ਇਸ ਘਟਨਾ ਨੂੰ ਦੇਖ ਕੇ ਹਰ ਸੰਵੇਦਨਸ਼ੀਲ ਇਨਸਾਨ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ।



ਇਹ ਸਿਰਫ਼ ਇੱਕ ਅਪਰਾਧ ਨਹੀਂ, ਬਲਕਿ ਸਾਡੇ ਸਮਾਜ ਦੇ ਗੰਭੀਰ ਨੈਤਿਕ ਪਤਨ ਦੀ ਇੱਕ ਖ਼ਤਰਨਾਕ ਤਸਵੀਰ ਹੈ।

ਇਹ ਘਟਨਾ ਸਾਡੇ ਅੰਦਰਲੇ ਇਨਸਾਨ ਦੇ ਮਰ ਚੁੱਕੇ ਹੋਣ ਦਾ ਪ੍ਰਤੱਖ ਪ੍ਰਮਾਣ ਹੈ। ਜਿਸ ਧਰਤੀ ’ਤੇ ਅਸੀਂ ਦੂਜਿਆਂ ਦੀ ਮਦਦ ਕਰਨ, ਪੀੜਤਾਂ ਦੇ ਅੱਥਰੂ ਪੂੰਝਣ ਅਤੇ ਪਰਉਪਕਾਰ ਦੇ ਪਾਠ ਪੜ੍ਹਦੇ ਹਾਂ, ਉੱਥੇ ਲਾਲਚ ਦੀ ਅੱਗ ਨੇ ਮਨੁੱਖ ਨੂੰ ਪਸ਼ੂ ਨਾਲੋਂ ਵੀ ਭੈੜਾ ਬਣਾ ਦਿੱਤਾ ਹੈ। ਇੱਕ ਪਾਸੇ ਜਿੱਥੇ ਆਫ਼ਤ ਸਮੇਂ ਲੋਕ ਆਪਣਾ ਸਭ ਕੁਝ ਦਾਅ ’ਤੇ ਲਗਾ ਕੇ ਵੀ ਦੂਜਿਆਂ ਦੀ ਜਾਨ ਬਚਾਉਂਦੇ ਹਨ, ਉੱਥੇ ਦੂਜੇ ਪਾਸੇ ਅਜਿਹੇ ਗਿਰਝ-ਰੂਪੀ ਮਨੁੱਖ ਮੌਤ ਦੇ ਸੋਗ ਵਿਚੋਂ ਵੀ ਆਪਣੀ ਹਵਸ ਪੂਰੀ ਕਰਨ ਦਾ ਰਾਹ ਲੱਭ ਲੈਂਦੇ ਹਨ।

ਕੁਦਰਤ ਵੱਲੋਂ ਢਾਹੇ ਕਹਿਰ ਅੱਗੇ ਤਾਂ ਮਨੁੱਖ ਮਜ਼ਬੂਰ ਹੈ, ਪਰ ਜਦੋਂ ਮਨੁੱਖ ਆਪ ਮਨੁੱਖਤਾ ਉੱਤੇ ਅਜਿਹਾ ਜ਼ੁਲਮ ਢਾਹੇ, ਤਾਂ ਇਹ ਸਮਾਜਿਕ ਜ਼ਮੀਰ ਦੇ ਮਰਨ ਦਾ ਪ੍ਰਤੀਕ ਹੈ। ਕੁਦਰਤੀ ਆਫ਼ਤਾਂ ਸਾਨੂੰ ਇਹ ਸਿਖਾਉਂਦੀਆਂ ਹਨ ਕਿ ਧਨ-ਦੌਲਤ ਅਤੇ ਭੌਤਿਕ ਚੀਜ਼ਾਂ ਇੱਕ ਛਿਣ ਵਿੱਚ ਤਬਾਹ ਹੋ ਸਕਦੀਆਂ ਹਨ, ਅਤੇ ਅੰਤ ਵਿੱਚ ਸਿਰਫ਼ ਮਨੁੱਖੀ ਹਮਦਰਦੀ ਹੀ ਕੰਮ ਆਉਂਦੀ ਹੈ। ਪਰ ਜੇਕਰ ਅਸੀਂ ਅਜਿਹੇ ਸੰਕਟ ਦੀ ਘੜੀ ਵਿਚ ਵੀ ਇੱਕ-ਦੂਜੇ ਦਾ ਸਹਾਰਾ ਬਣਨ ਦੀ ਬਜਾਏ ਲੁੱਟ-ਖੋਹ ’ਤੇ ਉੱਤਰ ਆਵਾਂਗੇ, ਤਾਂ ਸਮਝੋ ਅਸੀਂ ਕੁਦਰਤ ਦੀ ਮਾਰ ਤੋਂ ਨਹੀਂ, ਸਗੋਂ ਆਪਣੀ ਹੀ ਨੈਤਿਕ ਕੰਗਾਲੀ ਨਾਲ ਤਬਾਹ ਹੋ ਜਾਵਾਂਗੇ।




## ਮੁੱਠ

*ਖੋਤੀ ਥਾਣੇ ‘ਚ ਗਈਓ ਨਹੀਂ ਰਲਦੀ,*
*ਗਧਾ ਸੁਧਰੇ ਨਾ ਖਾ ਕੇ ਕੁੱਟ ਲੋਕੋ।*

*ਕੁੱਤੀ ਜਦੋਂ ਅਸਮਾਨ ਨੂੰ ਭੌਂਕਦੀ ਏ,*
*ਚੜ੍ਹੀ ਹੁੰਦੀ ਏ ਕੋਈ ਤਾਂ ਪੁੱਠ ਲੋਕੋ।*

*ਉਸਤਰਾ ਬਾਂਦਰ ਦੇ ਹੱਥ ਵਿਚ ਜੇ ਆ ‘ਜੇ,*
*ਭਰਮ ਬੰਦੇ ਦਾ ਜਾਂਦਾ ਏ ਟੁੱਟ ਲੋਕੋ।*

*ਅੱਗ ਕਿਤੇ ਨਾ ਕਿਤੇ ਤਾਂ ਸੁਲਘਦੀ ਏ,*
*ਰਿਹਾ ਧੂੰਆਂ ਜਦ ਹੁੰਦਾ ਕੋਈ ਉੱਠ ਲੋਕੋ।*

*ਕਿਥੇ ਪਰਤਦੇ ਤੀਰ ਤੇ ਬੋਲ ਦੋਵੇਂ,*
*ਜਾਂਦੇ ਕਮਾਨ ਤੇ ਮੂੰਹੋਂ ਜਦ ਛੁੱਟ ਲੋਕੋ।*

*ਮੁੱਲ ਕੀਤੀਆਂ ਦੇ ਭਲਾ ਕੌਣ ਪਾਉਂਦਾ,*
*ਇਸੇ ਜ਼ਰੀਏ ਹੀ ਹੁੰਦੀ ਹੁਣ ਲੁੱਟ ਲੋਕੋ।*

*ਬੇੜੀ ਉਦੋਂ ਇਤਫਾਕ ਦੀ ਡੁੱਬਦੀ ਹੈ,*
*ਜਦੋਂ ਭਾਈਆਂ ‘ਚ ਪੈਂਦੀ ਏ ਫੁੱਟ ਲੋਕੋ।*

*‘ਭੌਰੇ’ ਖਿਲਰੇ ਤਾਂ ਚੀਕਾਂ ਪੈਂਦੀਆਂ ਨੇ,*
*ਚੰਗੀ ਰੱਖਣੀ ਏ ਮੀਚ ਕੇ ਮੁੱਠ ਲੁਕੋ।*

# ਕੈਂਸਰ ਦਾ ਪਸਾਰਾ ਆਲਮੀ ਪਰ ਮਾਰ ਚੋਣਵੀਂ



ਦਲਜੀਤ ਅਮੀ


ਮਨੁੱਖ ਦੀ ਔਸਤ ਉਮਰ ਨੂੰਅਜੋਕੇ ਮਨੁੱਖੀ ਵਿਕਾਸ ਦਾ ਅਹਿਮ ਤੱਤ ਮੰਨਿਆ ਜਾਂਦਾ ਹੈ ਜਿਹੜੀ ਪਿਛਲੇ ਦੌਰ ਵਿਚ ਲਗਾਤਾਰ ਵਧੀ ਹੈ। ਵੀਹਵੀਂ ਸਦੀ ਵਿਚ ਪਹਿਲੇ ਚਾਰ ਦਹਾਕਿਆਂ ਦੌਰਾਨ ਭਾਰਤ ਦੀ ਔਸਤ ਪ੍ਰਤੀ ਜੀਅ ਉਮਰ 22 ਤੋਂ 27 ਸਾਲ ਹੋਈ। ਆਜ਼ਾਦੀ-ਵੰਡ ਵੇਲੇ ਔਸਤ ਉਮਰ 31 ਸਾਲ ਸੀ। ਇਸ ਤੋਂ ਬਾਅਦ ਵੀਹਵੀਂ ਸਦੀ ਦੇ ਅੰਤ ਤੱਕ ਇਹ ਉਮਰ ਵਧ ਕੇ 62 ਸਾਲ ਹੋ ਗਈ। ਵਿਸ਼ਵ ਸਿਹਤ ਸੰਸਥਾ ਦੇ ਅੰਕੜਿਆਂ ਮੁਤਾਬਕ ਇੱਕੀਵੀਂ ਸਦੀ ਵਿਚ ਭਾਰਤ ਵਿਚ ਮਨੁੱਖ ਦੀ ਔਸਤ ਉਮਰ ਤਕਰੀਬਨ 71 ਸਾਲ ਹੋ ਗਈ ਹੈ। ਇਸ ਵਾਧੇ ਨੂੰ ਲਗਾਤਾਰ ਵਿਕਾਸ ਵਜੋਂ ਪੇਸ਼ ਕੀਤਾ ਜਾਂਦਾ ਹੈ ਜਿਸ ਵਿਚ ਵਿਗਿਆਨ ਅਤੇ ਖ਼ਾਸਕਰ ਸਿਹਤ ਵਿਗਿਆਨ ਵਿਚ ਹੋਈ ਤਰੱਕੀ ਦਾ ਯੋਗਦਾਨ ਅਹਿਮ ਮੰਨਿਆ ਜਾਂਦਾ ਹੈ। ਇਸ ਦੇ ਨਾਲ ਹੀ ਖਾਧ ਸੁਰੱਖਿਆ ਵਿਚ ਹੋਇਆ ਵਾਧਾ ਉਮਰ ਵਧਾਉਣ ਵਿਚ ਸਹਾਈ ਹੋਇਆ ਹੈ।

ਹੁਣ ਔਸਤ ਉਮਰ ਨੂੰ ਵਿਕਾਸ ਦੇ ਤੱਤ ਵਜੋਂ ਸਮਝਣ ਲਈ ਇਸ ਵਿਚ ਤੰਦਰੁਸਤੀ ਜੋੜ ਦਿੱਤੀ ਗਈ ਹੈ। ਔਸਤ ਉਮਰ ਵਿਚ ਹੋਇਆ ਵਾਧਾ ਤੰਦਰੁਸਤ ਔਸਤ ਉਮਰ ਵਿਚ ਜਿਉਂ ਦਾ ਤਿਉਂ ਦਰਜ ਨਹੀਂ ਹੋਇਆ। ਭਾਰਤ ਦੀ ਇਸ ਵੇਲੇ ਔਸਤ ਪ੍ਰਤੀ ਜੀਅ ਉਮਰ 71-72 ਸਾਲ ਹੈ ਪਰ ਤੰਦਰੁਸਤੀ ਵਾਲੀ ਔਸਤ ਉਮਰ 59.1 ਸਾਲ ਹੈ। ਇਨ੍ਹਾਂ ਦੋਵਾਂ ਵਿਚ 10-11 ਸਾਲਾਂ ਦਾ ਪਾੜਾ ਹੈ ਜਿਸ ਦਾ ਮਤਲਬ ਹੈ ਕਿ ਇਸ ਦੌਰਾਨ ਬੀਮਾਰੀ ਜਾਂ ਅਪੰਗਤਾ ਅਸਰਅੰਦਾਜ਼ ਰਹਿੰਦੀ ਹੈ। ਇਸ ਪਾੜੇ ਦਾ ਅਹਿਮ ਪੱਖ ਇਹ ਹੈ ਕਿ ਮਨੁੱਖੀ ਜ਼ਿੰਦਗੀ ਦਾ ਤਕਰੀਬਨ ਸਤਵਾਂ ਹਿੱਸਾ ਬੀਮਾਰੀਆਂ ਜਾਂ ਅਪੰਗਤਾ ਨਾਲ ਜੁੜਿਆ ਹੋਇਆ ਹੈ। ਇਹ ਸਾਰੀਆਂ ਬੀਮਾਰੀਆਂ ਮਾਰੂ ਨਹੀਂ ਹਨ। ਇਸ ਤੋਂ ਅੱਗੇ ਇਨ੍ਹਾਂ ਬੀਮਾਰਆਂ ਦੀ ਬੋਝ ਇੱਕਸਾਰ ਨਹੀਂ ਹੈ ਸਗੋਂ ਸਿਹਤ ਸਹੂਲਤਾਂ ਦੀ ਪਹੁੰਚ ਅਤੇ ਵਿੱਤੀ ਸਮਰੱਥਾ ਨਾਲ ਜੁੜਿਆ ਹੋਇਆ ਹੈ।

ਇਨ੍ਹਾਂ ਹਾਲਾਤ ਵਿਚ ਜੁਲਾਈ 2026 ਵਿਚ ਵਿਸ਼ਵ ਸਿਹਤ ਸੰਸਥਾ ਨੇ ਆਪਣੀ ਕੈਂਸਰ ਬਾਰੇ ਨਵੀਂ ਰਪਟ ਜਾਰੀ ਕੀਤੀ ਹੈ ਜੋ ਬੀਮਾਰੀ ਦੇ ਬੋਝ ਅਤੇ ਇਸ ਦੀ ਮਾਰ ਬਾਰੇ ਅਜਿਹੇ ਖੁਲਾਸੇ ਕਰਦੀ ਹੈ ਜਿਨ੍ਹਾਂ ਨੂੰ ਸਿਹਤ ਸਰੋਕਾਰਾਂ ਵਿਚ ਅਤੇ ਸਮੁੱਚੇ ਮਨੁੱਖੀ ਵਿਕਾਸ ਵਿਚ ਅਹਿਮ ਥਾਂ ਬਣਦੀ ਹੈ। ਇਸ ਰਪਟ ਦਾ ਸੰਖੇਪ ਸਪਸ਼ਟ ਕਰਦਾ ਹੈ ਕਿ ਆਲਮੀ ਆਬਾਦੀ ਦਾ ਤਕਰੀਬਨ 92 ਫ਼ੀਸਦੀ ਹਿੱਸਾ ਕੈਂਸਰ ਦੀ ਬੀਮਾਰੀ ਦੇ ਸਿੱਧੇ ਜਾਂ ਅਸਿੱਧੇ ਘੇਰੇ ਵਿਚ ਆਇਆ ਹੈ। ਇਸ ਦਾ ਮਤਲਬ ਹੈ ਕਿ ਇਨਸਾਨ ਜਾ ਤਾਂ ਆਪ ਬੀਮਾਰੀ ਦੇ ਘੇਰੇ ਵਿਚ ਹੈ ਜਾਂ ਉਸ ਦਾ ਕੋਈ ਕਰੀਬੀ ਜਾਂ ਪਰਿਵਾਰਕ ਜੀਅ ਇਸ ਤੋਂ ਪੀੜਤ ਹੈ। ਆਲਮੀ ਪੱਧਰ ਉੱਤੇ ਸਾਲ 2024 ਵਿਚ ਕੈਂਸਰ ਦੇ 206 ਲੱਖ ਮਾਮਲੇ ਦਰਜ ਕੀਤੇ ਗਏ ਹਨ ਅਤੇ 97 ਲੱਖ ਮੌਤਾਂ ਹੋਈਆਂ। ਕੈਂਸਰ ਦਾ ਪਸਾਰਾ ਆਲਮੀ ਹੈ ਪਰ ਇਸ ਦੀ ਮਾਰ ਅਸਾਵੀਂ ਹੈ। ਇਸ ਬੀਮਾਰੀ ਤੋਂ ਬਚਾਅ ਹਰ ਜੀਅ ਦੀ ਭੂਗੋਲਿਕ ਸਥਿਤੀ ਅਤੇ ਇਲਾਜ ਤੱਕ ਪਹੁੰਚ ਉੱਤੇ ਟਿਕਿਆ ਹੋਇਆ ਹੈ। ਰਪਟ ਦਰਜ ਕਰਦੀ ਹੈ ਕਿ ਕੈਂਸਰ ਆਲਮੀ ਪੱਧਰ ਦਾ ਸਿਹਤ, ਸਮਾਜਿਕ ਅਤੇ ਆਰਥਿਕ ਸੰਕਟ ਹੈ ਜੋ ਪਰਿਵਾਰਾਂ ਅਤੇ ਬਿਰਾਦਰੀਆਂ ਉੱਤੇ ਅਸਰਅੰਦਾਜ਼ ਹੋ ਰਿਹਾ ਹੈ। ਰੋਕਥਾਮ, ਨਿਦਾਨ ਅਤੇ ਇਲਾਜ ਦੇ ਖੇਤਰਾਂ ਵਿਚ ਹੋਈ ਤਰੱਕੀ ਦੇ ਨਤੀਜੇ ਵਜੋਂ ਕਈ ਮੁਲਕਾਂ ਵਿਚ ਬਿਹਤਰ ਸਿੱਟੇ ਸਾਹਮਣੇ ਆ ਰਹੇ ਹਨ। ਨਿਦਾਨ ਦੀਆਂ ਬਿਹਤਰ ਸਹੂਲਤਾਂ ਕਾਰਨ ਕੈਂਸਰ ਦੀ ਸ਼ਨਾਖ਼ਤ ਜਲਦੀ ਹੋ ਜਾਂਦੀ ਹੈ ਅਤੇ ਰੋਕਥਾਮ ਜਾਂ ਇਲਾਜ ਦੀ ਗੁੰਜਾਇਸ਼ ਵਧੇਰੇ ਹੋ ਜਾਂਦੀ ਹੈ।

ਸਾਲ 2024 ਦੇ ਅੰਕੜਿਆਂ ਮੁਤਾਬਕ ਫੇਫੜਿਆਂ, ਛਾਤੀ, ਆਂਦਰਾਂ ਅਤੇ ਗੁੱਦੇ, ਗਦੂਦ ਅਤੇ ਪੇਟ ਦੇ ਕੈਂਸਰ ਜ਼ਿਆਦਾ ਹੋਏ ਹਨ। ਇਸ ਦੇ ਕਾਰਨਾਂ ਵਿਚ ਕਈ ਤਰ੍ਹਾਂ ਦੇ ਪੇਚੀਦਾ ਅਤੇ ਕਈ ਤੱਤਾਂ ਦੇ ਜਮਾਂ ਜੋੜ ਸ਼ਾਮਿਲ ਹੁੰਦੇ ਹਨ। ਤੰਬਾਕੂ, ਸ਼ਰਾਬ, ਗ਼ੈਰ-ਸਿਹਤਮੰਦ ਖ਼ੁਰਾਕ, ਸਰੀਰਕ ਸਰਗਰਮੀ ਦੀ ਘਾਟ ਅਤੇ ਹਵਾ ਦਾ ਪ੍ਰਦੂਸ਼ਨ ਕੈਂਸਰ ਦਾ ਜੋਖ਼ਮ ਵਧਾਉਂਦੇ ਹਨ। ਤਕਰੀਬਨ ਦਸ ਫ਼ੀਸਦੀ ਮਾਮਲੇ ਕਈ ਕੈਂਸਰ ਵਿਚ ਬਦਲਣ ਵਾਲੀਆਂ ਬੀਮਾਰੀਆਂ ਦਾ ਕਾਰਨ ਹੁੰਦੇ ਹਨ ਜਿਨ੍ਹਾਂ ਵਿਚ ਬੈਟਰੀਆਂ ਕਾਰਨ ਪੇਟ ਅਤੇ ਅੰਤੜੀਆਂ ਵਿਚ ਹੋਣ ਵਾਲੇ ਜ਼ਖ਼ਮ, ਸੋਜ਼ ਅਤੇ ਤੇਜ਼ਾਬੀਪਣ ਦੇ ਨਾਲ ਹੈਪਟਾਈਟਸ ਦੀਆਂ ਸਾਰੀਆਂ ਕਿਸਮਾਂ ਸ਼ਾਮਿਲ ਹਨ।

ਕੈਂਸਰ ਦੇ ਜੋਖ਼ਮ ਨੂੰ ਘਟਾਇਆ ਜਾ ਸਕਦਾ ਹੈ ਅਤੇ ਇਸ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਜੇ ਇਸ ਦੀ ਸ਼ਨਾਖ਼ਤ ਮੁੱਢਲੇ ਪੜਾਅ ਉੱਤੇ ਹੋ ਜਾਂਦੀ ਹੈ ਤਾਂ ਇਸ ਦਾ ਇਲਾਜ ਕੀਤਾ ਜਾ ਸਕਦਾ ਹੈ ਜਿਸ ਵਿਚ ਤਿਮਾਰਦਾਰੀ ਬਹੁਤ ਅਹਿਮ ਹੈ। ਕੈਂਸਰ ਦੀਆਂ ਜ਼ਿਆਦਾਤਰ ਕਿਸਮਾਂ ਦਾ ਇਲਾਜ ਮੁਮਕਿਨ ਹੈ ਬਸ਼ਰਤੇ ਉਨ੍ਹਾਂ ਦੀ ਸ਼ਨਾਖ਼ਤ ਜਲਦੀ ਹੋ ਜਾਵੇ। ਰੋਕਥਾਮ ਬਾਬਤ ਇਹ ਰਪਟ ਦਰਜ ਕਰਦੀ ਹੈ ਕਿ ਹਰ ਮਨੁੱਖ ਨੂੰ ਪਰਹੇਜ਼ ਵਜੋਂ ਜਾਬਤੇ ਵਿਚ ਰਹਿਣਾ ਚਾਹੀਦਾ ਹੈ। ਤੰਬਾਕੂ ਤੋਂ ਪਰਹੇਜ਼ ਕੀਤਾ ਜਾਵੇ ਅਤੇ ਸਰੀਰ ਦਾ ਵਜ਼ਨ ਸਿਹਤਮੰਦੀ ਦੇ ਘੇਰੇ ਵਿਚ ਰੱਖਿਆ ਜਾਵੇ। ਸਿਹਤਮੰਦ ਖ਼ੁਰਾਕ ਵਿਚ ਫਲਾਂ ਅਤੇ ਸਬਜੀਆਂ ਦੀ ਢੁਕਵੀਂ ਮਿਕਦਾਰ ਕਾਇਮ ਰੱਖੀ ਜਾਵੇ। ਨੇਮ ਨਾਲ ਸਰੀਰਕ ਸਰਗਰਮੀ ਕਾਇਮ ਰੱਖੀ ਜਾਵੇ।



ਸ਼ਰਾਬ ਤੋਂ ਪਰਹੇਜ਼ ਕੀਤਾ ਜਾਵੇ ਜਾਂ ਘੱਟ ਮਿਕਦਾਰ ਵਿਚ ਸੇਵਨ ਕੀਤਾ ਜਾਵੇ। ਜੇ ਕੋਈ ਐਚ.ਪੀ.ਬੀ. ਅਤੇ ਹੈਪਟਾਈਟਸ ਦੇ ਜੋਖ਼ਮ ਵਾਲੇ ਘੇਰੇ ਵਿਚ ਆਉਂਦਾ ਹੋਵੇ ਤਾਂ ਟੀਕਾਕਰਨ ਕਰਵਾਇਆ ਜਾਵੇ। ਅਲਟਰਾਵਾਈਲਟ ਰੇਡੀਏਸ਼ਨ ਤੋਂ ਬਚਿਆ ਜਾਵੇ। ਨਿਦਾਨ ਲਈ ਇਸਤੇਮਾਲ ਹੋਣ ਵਾਲੀ ਰੇਡੀਏਸ਼ਨ ਸੁਰੱਖਿਆ ਦੇ ਘੇਰੇ ਵਿਚ ਹੋਵੇ। ਪੇਸ਼ੇਵਰ ਲੋਕਾਂ ਦਾ ਰੇਡੀਏਸ਼ਨ ਨਾਲ ਸੰਪਰਕ ਘਟਾਇਆ ਜਾਵੇ। ਇਮਾਰਤਾਂ ਦੇ ਅੰਦਰ ਅਤੇ ਖੁੱਲ੍ਹੇ ਇਲਾਕਿਆਂ ਵਿਚ ਹੋ ਰਹੇ ਹਵਾ ਪ੍ਰਦੂਸ਼ਣ ਨੂੰ ਘਟਾਇਆ ਜਾਵੇ।

ਜਲਦੀ ਨਿਦਾਨ ਹੋਣ ਨਾਲ ਇਲਾਜ ਦੀ ਗੁੰਜਾਇਸ਼ ਜ਼ਿਆਦਾ ਬਣਦੀ ਹੈ ਅਤੇ ਇਹ ਇਲਾਜ ਮੁਕਾਬਲਤਨ ਸਸਤਾ ਹੈ। ਇਸ ਦੇ ਤਿੰਨ ਪੱਖ ਰਪਟ ਵਿਚ ਦਰਜ ਹਨ। ਸਭ ਤੋਂ ਪਹਿਲਾਂ ਕੈਂਸਰ ਦੇ ਲੱਛਣਾਂ ਦੇ ਸਾਹਮਣੇ ਆਉਂਦੇ ਸਾਰ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ। ਡਾਕਟਰੀ ਅਤੇ ਨਿਦਾਨ ਸਹੂਲਤਾਂ ਤੱਕ ਪਹੁੰਚ ਹੋਣੀ ਚਾਹੀਦੀ ਹੈ। ਸਮੇਂ ਸਿਰ ਮਰੀਜ਼ ਨੂੰ ਇਲਾਜ ਵਾਲੇ ਅਦਾਰਿਆਂ ਵਿਚ ਭੇਜ ਦਿੱਤਾ ਜਾਣਾ ਚਾਹੀਦਾ ਹੈ। ਇਸ ਦੇ ਨਾਲ ਜੋਖ਼ਮ ਦੀ ਜੱਦ ਵਿਚ ਆਏ ਤਬਕੇ ਦੀ ਸਕਰੀਨਿੰਗ ਹੋਣੀ ਚਾਹੀਦੀ ਹੈ ਜੋ ਸਾਰੀਆਂ ਨਹੀਂ ਪਰ ਕੁਝ ਕਿਸਮਾਂ ਦੇ ਮਾਮਲੇ ਵਿਚ ਮੁਮਕਿਨ ਹੈ। ਇਹ ਸਕਰੀਨਿੰਗ ਉਮਰ ਅਤੇ ਜੋਖ਼ਮ ਦੇ ਖ਼ਦਸ਼ੇ ਮੁਤਾਬਕ ਹੋਣੀ ਚਾਹੀਦੀ ਹੈ। ਇਨ੍ਹਾਂ ਵਿਚ ਸਰਵਾਈਕਲ ਲਈ ਐਚ.ਪੀ.ਵੀ. ਟੈਸਟ ਹੋਣੇ ਚਾਹੀਦੇ ਹਨ ਅਤੇ 50-69 ਸਾਲਾਂ ਦੀਆਂ ਔਰਤਾਂ ਦਾ ਮੈਮੋਗ੍ਰਾਫੀ ਟੈਸਟ ਸਮੇਂ-ਸਮੇਂ ਉੱਤੇ ਹੋਣਾ ਚਾਹੀਦਾ ਹੈ। ਜੇ ਨਿਦਾਨ ਠੀਕ ਹੋ ਜਾਂਦਾ ਹੈ ਤਾਂ ਇਲਾਜ ਸੁਖਾਲਾ ਹੋ ਜਾਂਦਾ ਹੈ ਕਿਉਂਕਿ ਕੈਂਸਰ ਦੀ ਖ਼ਸੂਸੀ ਕਿਸਮ ਦੀ ਸ਼ਨਾਖ਼ਤ ਤੋਂ ਬਾਅਦ ਹੀ ਉਸ ਦਾ ਖ਼ਸੂਸੀ ਇਲਾਜ ਹੁੰਦਾ ਹੈ। ਇਲਾਜ ਆਮ ਤੌਰ ਉੱਤੇ ਤਿੰਨ ਕਿਸਮ ਦਾ ਹੁੰਦਾ ਹੈ। ਸਰਜਰੀ ਹੁੰਦੀ ਹੈ ਜਾਂ ਰੇਡੀਓਥਰੈਪੀ ਹੁੰਦੀ ਹੈ। ਤੀਜੀ ਕਿਸਮ ਦੇ ਇਲਾਜ ਵਿਚ ਕੀਮੋਥਰੈਪੀ, ਹਾਰਮੋਨਲ ਥਰੈਪੀ ਜਾਂ ਟਾਰਗੈਟਿੱਡ ਥਰੈਪੀ ਹੁੰਦੀ ਹੈ। ਬੁਨਿਆਦੀ ਨਿਸ਼ਾਨਾ ਕੈਂਸਰ ਦਾ ਇਲਾਜ ਕਰਨਾ ਹੈ ਜਾਂ ਲਾਇਲਾਜ ਹੋਣ ਦੀ ਹਾਲਤ ਵਿਚ ਮਰੀਜ਼ ਦੀ ਉਮਰ ਵਿਚ ਵਾਧਾ ਕਰਨਾ ਹੈ। ਮਰੀਜ਼ ਦੀ ਜ਼ਿੰਦਗੀ ਵਿਚ ਮਿਆਰੀ ਵਾਧਾ ਕਰਨਾ ਵੀ ਇਲਾਜ ਦਾ ਨਿਸ਼ਾਨਾ ਹੈ ਜਿਸ ਵਿਚ ਸਰੀਰਕ, ਮਾਨਸਿਕ ਅਤੇ ਰੂਹਾਨੀ/ਬੌਧਿਕ ਜ਼ਿੰਦਗੀ ਦੇ ਨਾਲ-ਨਾਲ ਤਿਮਾਰਦਾਰੀ ਬਹੁਤ ਅਹਿਮ ਤੱਤ ਹਨ। ਇਲਾਜ ਦੌਰਾਨ ਪਰਿਵਾਰ ਦੇ ਜੀਆਂ ਦੀ ਸਰੀਰਕ, ਮਾਨਸਿਕ ਅਤੇ ਰੂਹਾਨੀ/ਬੌਧਿਕ ਸਿਹਤਮੰਦੀ ਲਾਜ਼ਮੀ ਹੈ ਕਿਉਂਕਿ ਇਸ ਨਾਲ ਹੀ ਮਰੀਜ਼ ਦੀ ਜ਼ਿੰਦਗੀ ਵਿਚ ਮਿਆਰੀ ਵਾਧਾ ਹੁੰਦਾ ਹੈ ਅਤੇ ਉਸ ਦਾ ਦਰਦ ਨਿਵਾਰਨ ਹੁੰਦਾ ਹੈ।

ਇਸ ਵੇਲੇ ਕੌਮਾਂਤਰੀ ਪੱਧਰ ਉੱਤੇ ਵਿਸ਼ਵ ਸਿਹਤ ਸੰਸਥਾ ਸਮੇਤ ਸਯੁੰਕਤ ਰਾਸ਼ਟਰ ਦੀਆਂ ਸੰਸਥਾਵਾਂ ਨੇ ਸਰਗਰਮੀ ਨਾਲ ਉਪਰਾਲਾ ਕਰਨਾ ਸ਼ੁਰੂ ਕੀਤਾ ਹੈ ਕਿ ਸਰਕਾਰਾਂ ਸਿਆਸੀ ਇਕਰਾਰ ਰਾਹੀਂ ਕੈਂਸਰ ਦੀ ਰੋਕਥਾਮ ਅਤੇ ਇਲਾਜ ਨੂੰ ਆਪਣੇ ਮੋਨਰਥ ਦਾ ਹਿੱਸਾ ਬਣਾਉਣ। ਤਾਲਮੇਲ ਅਤੇ ਖੋਜ ਰਾਹੀਂ ਕੈਂਸਰ ਦੇ ਕਾਰਨਾਂ, ਰੋਕਥਾਮ ਅਤੇ ਇਲਾਜ ਬਾਬਤ ਵਿਧੀ-ਵਿਧਾਨ ਬਣਾਉਣਾ ਇਸ ਸਰਗਰਮੀ ਦਾ ਹਿੱਸਾ ਹੈ। ਇਸ ਦਾ ਮਕਸਦ ਸਿਹਤ ਸਹੂਲਤਾਂ ਨੂੰ ਬਿਹਤਰ ਕਰਕੇ ਹਰ ਉਮਰ ਦੇ ਲੋਕਾਂ ਲਈ ਸਸਤੀਆਂ ਦਰਾਂ ਉੱਤੇ ਕੈਂਸਰ ਦੀ ਰੋਕਥਾਮ, ਇਸਦਾਸਮੇਂ ਸਿਰ ਨਿਦਾਨ, ਅਸਰਦਾਰ ਇਲਾਜ ਅਤੇ ਤਿਮਾਰਦਾਰੀ ਨੂੰ ਯਕੀਨੀ ਬਣਾਉਣ ਲਈ ਰਣਨੀਤੀ ਤਿਆਰ ਕਰਨਾ ਹੈ।

ਜੇ ਦੇਖਿਆ ਜਾਵੇ ਤਾਂ ਉਪਰੋਕਤ ਤੱਥਾਂ ਵਿਚ ਬੀਮਾਰੀ ਅਤੇ ਇਸ ਦੀ ਮਾਰ ਦਾ ਬਿਆਨੀਆ ਮਿਲਦਾ ਹੈ ਅਤੇ ਨਾਲ ਹੀ ਇਸ ਨਾਲ ਨਜਿੱਠਣ ਦੇ ਢੰਗ-ਤਰੀਕਿਆਂ ਦੀ ਜਾਣਕਾਰੀ ਮਿਲਦੀ ਹੈ। ਇਸ ਲਈ ਸਭ ਤੋਂ ਜ਼ਰੂਰੀ ਸੁਆਲ ਇਹ ਹੋ ਜਾਂਦਾ ਹੈ ਕਿ ਸਿਹਤ ਸਹੂਲਤਾਂ ਸਰਕਾਰ ਦੇ ਆਵਾਮ ਨਾਲ ਵਾਅਦੇ ਵਿਚ ਕਿੱਥੇ ਹਨ ਅਤੇ ਇਨ੍ਹਾਂ ਲਈ ਲੋੜੀਂਦੇ ਸਾਧਨਾਂ ਦਾ ਇੰਤਜ਼ਾਮ ਕਿੱਥੇ ਹਨ? ਇਹ ਦੇਖਿਆ ਜਾ ਰਿਹਾ ਹੈ ਕਿ ਸਿਹਤ ਉੱਤੇ ਸਰਕਾਰੀ ਖ਼ਰਚਾ ਲਗਾਤਾਰ ਘਟ ਰਿਹਾ ਹੈ। ਸਰਕਾਰਾਂ ਨਿੱਜੀ ਅਦਾਰਿਆਂ ਨਾਲ ਸਾਂਝ ਪੈਦਾ ਕਰਕੇ ਆਵਾਮ ਨੂੰ ਨਿੱਜੀ ਅਦਾਰਿਆਂ ਦੇ ਹਵਾਲੇ ਕਰ ਰਹੀਆਂ ਹਨ ਜਿਨ੍ਹਾਂ ਦਾ ਮੁੱਖ ਮਕਸਦ ਮੁਨਾਫ਼ਾ ਹੈ। ਇਸ ਤੋਂ ਅੱਗੇ ਬੀਮਾ ਸਨਅਤ ਹੈ ਜਿਸ ਦਾ ਮਕਸਦ ਲੋਕ ਕਲਿਆਣ ਦੀ ਥਾਂ ਮੁਨਾਫ਼ਾ ਹੈ। ਇਨ੍ਹਾਂ ਹਾਲਾਤ ਵਿਚ ਸਾਧਨਹੀਣ ਲੋਕ ਇਲਾਜਯੋਗ ਬੀਮਾਰੀਆਂ ਨਾਲ ਮਰ ਰਹੇ ਹਨ। ਗਿਣਤੀ ਦੇ ਸਰਕਾਰੀ ਹਸਪਤਾਲਾਂ ਉੱਤੇ ਮਰੀਜ਼ਾਂ ਦਾ ਬੋਝ ਇੰਨਾ ਜ਼ਿਆਦਾ ਹੈ ਕਿ ਸੜਕਾਂ ਉੱਤੇ ਮਰੀਜ਼ ਵਾਰੀ ਉਡੀਕ ਰਹੇ ਹਨ। ਉਹ ਹਰ ਮੌਸਮ ਦੀ ਮਾਰ ਝਲਦੇ ਹੋਏ ਸੜਕਾਂ ਉੱਤੇ ਖਾਣ-ਪੀਣ ਅਤੇ ਨਹਾਉਣ-ਧੋਣ ਦਾ ਜੁਗਾੜ ਕਰਕੇ ਸਰਕਾਰੀ ਇਲਾਜ ਕਰਵਾਉਣ ਦੀ ਆਸ ਲਗਾਏ ਹੋਏ ਹਨ। ਉਹ ਵੀ ਹਨ ਜੋ ਮੁਸ਼ਕਲ ਨਾਲ ਲੰਬੇ ਸਫ਼ਰ ਕਰ ਕੇ ਸਰਕਾਰੀ ਹਸਪਤਾਲਾਂ ਵਿਚ ਪਹੁੰਚੇ ਹਨ ਪਰ ਖਾਣੇ ਜਾਂ ਰਿਹਾਇਸ਼ ਲਈ ਇੰਤਜ਼ਾਮ ਕਰਨ ਤੋਂ ਅਸਮਰੱਥ ਹਨ। ਸਰਕਾਰ ਵੱਲੋਂ ਦਿੱਤੀਆਂ ਪੰਜ ਲੱਖ ਜਾਂ ਦਸ ਲੱਖ ਦੀਆਂ ਸਹੂਲਤਾਂ ਹਾਸਿਲ ਕਰਨ ਲਈ ਖ਼ਜਲ-ਖ਼ੁਆਰ ਹੁੰਦੇ ਮਰੀਜ਼ਾਂ ਲਈ ਦਵਾਈ ਖ਼ਰੀਦਣ ਅਤੇ ਇਲਾਜ ਦੇ ਖ਼ਰਚੇ ਦਾ ਮਸਲਾ ਕੁਝ ਸਮੇਂ ਲਈ ਟਲਿਆ ਹੈ ਕਿਉਂਕਿ ਮਹਿੰਗੇ ਇਲਾਜ ਇਨ੍ਹਾਂ ਸਹੂਲਤਾਂ ਦੇ ਘੇਰੇ ਤੋਂ ਬਾਹਰ ਹਨ। ਸੁਆਲ ਸਰਕਾਰ ਲਈ ਸਿਹਤ ਸਹੂਲਤਾਂ ਬਿਹਤਰ ਕਰਨ ਦਾ ਹੈ ਅਤੇ ਉਨ੍ਹਾਂ ਨੂੰ ਸਮੂਹ ਆਵਾਮ ਦੀ ਪਹੁੰਚ ਲਿਆਉਣ ਦਾ ਹੈ। ਇਹ ਰਪਟ ਤੋਂ ਨਿਚੋੜ ਕੱਢਿਆ ਜਾ ਸਕਦਾ ਹੈ ਕਿ ਸਿਹਤ ਸਹੂਲਤਾਂ ਦੇ ਇੰਤਜ਼ਾਮ ਵਿਚ ਸਰਕਾਰਾਂ ਦੀ ਭੂਮਿਕਾ ਉੱਤੇ ਸੰਜੀਦਾ ਪੜਚੋਲ ਅਤੇ ਚਰਚਾ ਹੋਣੀ ਚਾਹੀਦੀ ਹੈ। ਸਰਕਾਰੀ ਸਿਹਤ ਨੀਤੀਆਂ ਉੱਤੇ ਨਜ਼ਰਸਾਨੀ ਰਾਹੀਂ ਇਲਾਜਯੋਗ ਬੀਮਾਰੀਆਂ ਦਾ ਇਲਾਜ ਹੋ ਸਕਦਾ ਹੈ ਅਤੇ ਸਮੇਂ ਸਿਰ ਨਿਦਾਨ, ਰੋਕਥਾਮ ਅਤੇ ਇਲਾਜ ਨਾਲ ਕੈਂਸਰ ਵਰਗੀਆਂ ਬੀਮਾਰੀਆਂ ਦੀ ਮਾਰ ਸੀਮਤ ਕੀਤੀ ਜਾ ਸਕਦੀ ਹੈ। ਜੇ ਅਜਿਹਾ ਨਹੀਂ ਹੁੰਦਾ ਤਾਂ ਅਮੀਰ ਬੰਦੇ ਦਾ ਗ਼ਰੀਬ ਦੀ ਮੌਤ ਦਾ ਗਵਾਹ ਬਣਨਾ ਅਤੇ ਗ਼ੁਰਬਤ ਮਾਰੇ ਬੰਦੇ ਦਾ ਅਮੀਰਜ਼ਾਦਿਆਂ ਦੇ ਇਲਾਜ ਦੀ ਗਵਾਹੀ ਭਰਨਾ ਤੈਅ ਹੈ।


***(ਲੇਖਕ ਐਜੂਕੇਸ਼ਨਲ ਮਲਟੀਮੀਡੀਆ ਰਿਸਰਚ ਸੈਂਟਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਬਤੌਰ ਡਾਇਰੈਕਟਰ ਕੰਮ ਕਰਦਾ ਹੈ।)***

# ਜਦੋਂ ਅਫ਼ਗ਼ਾਨਿਸਤਾਨ ਦੇ ਬਾਦਸ਼ਾਹ ਨੇ ਫ਼ੈਸਲਾ ਦਿੱਤਾ ਕਿ ਗੁਰਦੁਆਰੇ ਵਿਚ ਬੁਤ ਪੂਜਾ ਨਹੀਂ ਹੋ ਸਕਦੀ

## 'ਇਕ ਤਵਾਰੀਖ਼ੀ ਦਸਤਵੇਜ਼'

***25 ਮਾਰਚ 2020 ਦੇ ਦਿਨ ਦਹਿਸ਼ਤਗਰਦਾਂ ਨੇ ਹਮਲਾ ਕਰ ਕੇ 25 ਸਿੱਖ ਮਾਰ ਦਿੱਤੇ ਸਨ ਤੇ 8 ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਸੀ। ਗੁਰੂ ਨਾਨਕ ਰੀਸਰਚ ਇੰਸਟੀਚਿਊਟ, ਬ੍ਰਿਮਿੰਘਮ, ਇੰਗਲੈਂਡ ਦੇ ਡਾਇਰੈਕਟਰ ਡਾ. ਹਰਜਿੰਦਰ ਸਿੰਘ ਦਿਲਗੀਰ ਦਾ ਲਿਖਿਆ ਇਹ ਲੇਖ 'ਪੰਜਾਬ ਟਾਈਮਜ਼' ਦੇ ਪਾਠਕਾਂ ਦੀ ਨਜ਼ਰ ਹੈ। ਇਸ ਤਵਾਰੀਖ਼ੀ ਦਸਤਾਵੇਜ਼ ਦੀ ਫਾਰਸੀ ਵਿਚ ਲਿਖੀ ਅਸਲ ਕਾਪੀ ਵੀ ਪਾਠਕਾਂ ਲਈ ਹਾਜ਼ਰ ਹੈ।***

ਅਫ਼ਗ਼ਾਨਿਸਤਾਨ ਦੇ ਸ਼ਹਿਰ ਕਾਬਲ ਵਿਚ ਸ਼ੋਰ ਬਾਜ਼ਾਰ ਵਿਚ ਗੁਰਦੁਆਰਾ ਗੁਰੂ ਹਰਰਾਇ ਹੈ। ਉਥੇ ਕਈ ਚਿਰਾਂ ਤੋਂ ਇਕ ਬ੍ਰਾਹਮਣ ਨੌਕਰ ਰੱਖਿਆ ਹੋਇਆ ਸੀ। ਉਸ ਕੋਲ ਇਕ-ਦੋ ਮਿਥਿਹਾਸਕ ਹਿੰਦੂ ਦੇਵੀ ਦੇਵਤਿਆਂ ਦੇ ਬੁਤ ਸਨ ਜਿਸ ਨੂੰ ਉਹ 'ਠਾਕਰ' ਕਿਹਾ ਕਰਦਾ ਸੀ। ਕਿਉਂਕਿ ਉਹ ਗੁਰਦੁਆਰੇ ਰਹਿੰਦਾ ਹੁੰਦਾ ਸੀ ਤੇ ਆਪਣੇ ਕੋਲ ਆਪਣੇ 'ਠਾਕਰ' (ਬੁਤ) ਇਕ ਬਾਰੀ (ਕੰਧ ਵਿਚ ਆਲਾ) ਵਿਚ ਰੱਖਿਆ ਕਰਦਾ ਸੀ। ਕਦੇ-ਕਦੇ ਉਹ ਆਪਣੇ 'ਠਾਕਰ' ਗੁਰਦੁਆਰੇ ਵਿਚ ਹੀ ਛੱਡ ਜਾਇਆ ਕਰਦਾ ਸੀ। ਸਿੱਖ ਕਿਉਂਕਿ ਖੁਲ੍ਹੇ ਸੁਭਾਅ ਦੇ ਹੁੰਦੇ ਹਨ, ਉਨ੍ਹਾਂ ਨੇ ਬ੍ਰਾਹਮਣ ਦੇ 'ਠਾਕਰਾਂ' ਨੂੰ ਪਿਆ ਰਹਿਣ ਦਿੱਤਾ। ਸੰਨ 1905 ਵਿਚ



**ਡਾ. ਹਰਜਿੰਦਰ ਸਿੰਘ ਦਿਲਗੀਰ**

ਬ੍ਰਾਹਮਣ ਮਰ ਗਿਆ। ਗੁਰਦੁਆਰੇ ਦੇ ਪ੍ਰਬੰਧਕ ਸਿੱਖਾਂ ਨੇ ਉਸ ਬ੍ਰਾਹਮਣ ਦੇ ਬੁੱਤ ਇਕ ਹੋਰ ਬ੍ਰਾਹਮਣ ਨੂੰ ਦੇ ਦਿੱਤੇ। ਪਰ ਹੁਣ ਬ੍ਰਾਹਮਣਾਂ ਨੇ ਦਾਅਵਾ ਕੀਤਾ ਕਿ ਉਹ ਗੁਰਦੁਆਰੇ ਵਿਚ ਬ੍ਰਾਹਮਣ ਦੇ ਰਹਿਣ ਵਾਲੀ ਥਾਂ 'ਤੇ ਆਪਣੇ 'ਠਾਕਰਾਂ' ਦੀ ਪੂਜਾ ਕਰਿਆ ਕਰਨਗੇ। ਅਖ਼ੀਰ ਜਦ ਝਗੜਾ ਵਧ ਗਿਆ ਤਾਂ ਇਹ ਮਸਲਾ ਸਰਕਾਰ ਕੋਲ ਪਹੁੰਚਿਆ। ਸਰਕਾਰ ਨੇ ਕਮਿਸ਼ਨ ਬਿਠਾ ਦਿੱਤਾ। ਕਮਿਸ਼ਨ ਦੇ ਮੈਂਬਰਾਂ ਦੀ ਬ੍ਰਾਹਮਣਾਂ ਨਾਲ ਨੇੜਤਾ ਸੀ। ਉਨ੍ਹਾਂ ਨੇ ਫ਼ੈਸਲਾ ਦਿੱਤਾ ਕਿ ਬੁਤ ਗੁਰਦੁਆਰੇ ਦੇ ਕਮਰੇ ਵਿਚ ਹੀ ਰਹਿਣ ਦਿੱਤੇ ਜਾਣੇ ਚਾਹੀਦੇ ਹਨ। ਇਸ ਫ਼ੈਸਲੇ ਦੇ ਖ਼ਿਲਾਫ਼ ਸਿੱਖਾਂ ਨੇ ਆਵਾਜ਼ ਉਠਾਈ ਤਾਂ ਕਾਬੁਲ ਦੇ ਅਮੀਰ (ਬਾਦਸ਼ਾਹ) ਅਬਦੁਲ ਰਹਿਮਾਨ ਨੇ ਇਹ ਕੇਸ ਆਪਣੇ ਹੱਥ ਵਿਚ ਲੈ ਲਿਆ। ਪੜਤਾਲ ਮਗਰੋਂ ਬਾਦਸ਼ਾਹ ਨੇ ਫ਼ੈਸਲਾ ਦਿੱਤਾ ਕਿ ਗੁਰੂ ਨਾਨਕ ਸਾਹਿਬ ਦੇ ਪੈਰੋਕਾਰ ਇਕ ਰੱਬ ਦੀ ਇਬਾਦਤ ਕਰਦੇ ਹਨ ਤੇ ਉਹ ਬੁੱਤਪ੍ਰਸਤੀ ਦੇ ਖ਼ਿਲਾਫ਼ ਹਨ। ਇਸ ਕਰਕੇ ਗੁਰਦੁਆਰੇ ਵਿਚ ਬੁਤਾਂ ਦਾ ਕੋਈ ਮਤਲਬ ਨਹੀਂ। ਹਿੰਦੂਆਂ ਦਾ ਗੁਰਦੁਆਰੇ ਤੇ ਸਿੱਖਾਂ ਦਾ 'ਠਾਕਰ ਦੁਆਰੇ' ਤੇ 'ਸ਼ਿਵ ਦੁਆਰੇ' (ਯਾਨੀ ਮੰਦਰ) ਨਾਲ ਕੋਈ ਸਬੰਧ ਨਹੀਂ ਹੋ ਸਕਦਾ। ਇਸ ਮਗਰੋਂ ਹਿੰਦੂ ਉਨ੍ਹਾਂ ਬੁਤਾਂ ਨੂੰ ਗੁਰਦੁਆਰੇ ਵਿਚੋਂ ਚੁਕ ਕੇ ਲੈ ਗਏ। ਇਹ ਫ਼ੈਸਲਾ ਇੰਜ ਸੀ:

{**ਫ਼ਾਰਸੀ ਤੋਂ ਤਰਜਮਾ:** ਮੈਂ ਅਮੀਰ ਕਾਬਲ ਅਬਦੁਲ ਰਹਿਮਾਨ ਖ਼ਾਂ ਅਫ਼ਗ਼ਾਨਿਸਤਾਨ ਦਾ ਇਸ ਵੇਲੇ ਬਾਦਸ਼ਾਹ ਹਾਂ। ਮੇਰੇ ਰਾਜ ਵਿਚ ਇਕ ਝਗੜਾ ਰੱਬ ਦੇ ਉਪਾਸ਼ਕਾਂ ਤੇ ਬੁਤ ਪੂਜਕਾਂ ਵਿਚ ਖੜਾ ਹੋ ਗਿਆ ਹੈ; ਇਕ ਧਰਮਸ਼ਾਲ ਜੋ 'ਗੁਰੂ ਹਰਿ ਰਾਇ ਧਰਮਸਾਲ' ਦੇ ਨਾਂ ਨਾਲ ਕਾਬਲ ਸ਼ਹਿਰ ਦੀ ਵਸੋਂ ਵਿਚ ਹੈ, ਬੁਤ ਪੂਜਕਾਂ ਨੇ ਸ਼ਿਕਾਇਤ ਕੀਤੀ ਹੈ ਕਿ ਧਰਮਸਾਲਾ ਦਾ ਇਕ ਮਕਾਨ ਸਾਡੇ ਕਬਜ਼ੇ ਵਿਚ ਹੈ ਤੇ ਸਾਡੇ ਲੋਕ ਉਥੇ ਠਾਕਰ ਪੂਜਦੇ ਹਨ। ਖ਼ੁਦਾ ਪਰਸਤ ਕਹਿੰਦੇ ਹਨ ਕਿ ਧਰਮਸਾਲਾ ਦਾ ਇਕ ਬਹੁਤ ਪੁਰਾਣਾ ਨੌਕਰ ਇਕ ਬ੍ਰਾਹਮਣ ਸੀ, ਉਹ ਇੱਥੇ ਰਹਿੰਦਾ ਹੋਇਆ ਇਕ ਬਾਰੀ ਵਿਚ ਆਪਣੇ ਬੁਤਾਂ ਨੂੰ ਲੁਕਾ ਕੇ ਰਖਦਾ ਹੁੰਦਾ ਸੀ। ਅਸੀਂ ਸਿੱਖਾਂ ਨੇ ਉਸ ਬ੍ਰਾਹਮਣ ਦੇ ਮਰਨ ਪਿੱਛੋਂ ਬੁਤ ਇਕ ਹੋਰ ਬ੍ਰਾਹਮਣ ਨੂੰ ਸੌਂਪ ਦਿੱਤੇ ਹਨ। ਖ਼ੁਦਾ ਪਰਸਤਾਂ ਦਾ ਦਾਅਵਾ ਵਜ਼ਨ ਰਖਦਾ ਹੈ ਤੇ ਸਹੀ ਸਾਬਿਤ ਹੁੰਦਾ ਹੈ। ਮੇਰੀ ਰਾਇ ਵਿਚ ਜਿਸ ਜਗ੍ਹਾ ਦਾ ਨਾਂ ਧਰਮਸਾਲਾ ਗੁਰੂ ਹਰਿ ਰਾਇ ਜੀ ਦੇ ਨਾਂ 'ਤੇ ਕਾਇਮ ਹੈ, ਗੁਰੂ ਹਰਿ ਰਾਇ ਜੀ ਗੁਰੂ ਨਾਨਕ ਜੀ ਦੇ ਸਤਵੇਂ ਥਾਂ ਗੱਦੀ ਨਸ਼ੀਨ ਸਨ, ਜੋ ਇਕ ਰੱਬ ਦੀ ਪੂਜਾ ਕਰਨ ਵਾਲਿਆਂ ਵਿਚੋਂ ਸਭ ਤੋਂ ਸ਼੍ਰੋਮਣੀ ਇਕ ਦੀ ਪੂਜਾ ਕਰਨ ਵਾਲੇ ਮੰਨੇ ਜਾਂਦੇ ਹਨ ਅਤੇ ਬੁਤ ਪੂਜਾ ਦੇ ਮੁਖ਼ਾਲਿਫ਼ ਸਨਸ। ਹਰ ਜਗ੍ਹਾ ਜੋ ਠਾਕਰਦੁਆਰਾ ਜਾਂ ਸ਼ਿਵ ਦੁਆਰਾ ਅਖਵਾਵੇ ਉਸ ਜਗ੍ਹਾ ਨਾਲ ਬੁਤ ਪਰਸਤਾਂ ਦਾ ਤਅੱਲਕ ਹੈ, ਸਿੱਖਾਂ ਦਾ ਉਸ ਨਾਲ ਕੋਈ ਵਾਸਤਾ ਨਹੀਂ। ਸੋ ਇਹ ਜਗ੍ਹਾ ਧਰਮਸਾਲਾ ਹੈ ਅਤੇ ਇਸ ਨਾਲ ਤਅੱਲਕ ਖ਼ੁਦਾ ਪਰਸਤ ਹੀ ਰਖਦੇ ਹਨ। ਅਸੀਂ ਬਾਦਸ਼ਾਹ ਹੋਣ ਦੀ ਹੈਸੀਅਤ ਵਿਚ ਹੁਕਮ ਦੇਂਦੇ ਹਾਂ ਕਿ ਬੁਤ ਪਰਸਤਾਂ ਦਾ ਦਾਅਵਾ ਖ਼ਾਰਜ ਹੈ}।

*'ਮਨ ਕਿਹ ਅਮੀਰ ਕਾਬੁਲ ਅਬਦੁਲ ਰਹਿਮਾਨ ਖ਼ਾਨ ਹਾਲ ਬਾਦਸ਼ਾਹੇ ਸਲਤਨਤੇ ਅਫ਼ਗ਼ਾਨਸਤਾਨ ਮੀ ਬਾਸ਼ਮ, ਦਰ ਅਹਿਦੇ ਮਾ ਯਕ ਮੁਕੱਦਮਾ ਮਾਬੈਨ ਖ਼ੁਦਾ ਪਰਸਤਾਂ ਵ ਬੁਤ ਪਰਸਤਾਂ ਪੇਸ਼ ਆਮਦ। ਯਕ ਧਰਮਸਾਲਾ ਮੌਸੂਮ 'ਧਰਮਸਾਲ ਗੁਰੂ ਹਰਿ ਰਾਇ' ਦਰ ਆਬਾਦੀਏ ਸ਼ਹਿਰ ਅਸਤ। ਬੁਤ ਪਰਸਤਾ ਦਾਅਵਾ ਮੇ ਕੁਨਦ ਕਿ ਯਕ ਮਕਾਨ ਦਰ ਧਰਮਸ਼ਾਲਾ ਬਾ ਕਬਜ਼ਾਏ ਮਾ ਮਰਦੁਮ ਮੇ ਬਾਸ਼ਦ ਕਿ ਆਂ ਜਾਇ ਮਾ ਮਰਦੁਮਾਂ ਬੁਤ ਪਰਸਤੀ ਮੇ ਕੁਨੰਦ। ਖ਼ੁਦਾ ਪਰਸਤਾ ਮੇ ਗੋਇੰਅੰਦ ਕਿ ਬਾ ਯਕ ਤਾਕਚਹਾ ਖ਼ਿਦਮਤਗਾਰੈਸ ਧਰਮਸ਼ਾਲ ਬ੍ਰਾਹਮਨ ਬੂਦ, ਕਯਾਮਸ਼ ਬੁਤਾਂ ਰਾ ਪੋਸ਼ੀਦਾ ਨਿਗਾਹ ਕਰਦਾ ਬੂਦ, ਪਦ ਅਜ਼ ਮੁਰਦਨੇ ਓ ਬ੍ਰਾਹਮਨ; ਮਾ ਸਿਖਾਂ ਰਾਬ-ਹਵਾਲਾ ਯਕ ਬਰਾਹਮਨ ਕਰਦੇਮ। ਕੌਲੇ ਖ਼ੁਦਾ ਪਰਸਤਾਂ ਵਜ਼ਨ ਦਾਰਦ ਵ ਤਸਦੀਕ ਸ਼ੁਦ। ਬਖ਼ਿਆਲੇ-ਮਾ ਮਰ ਜਾਏ ਕਿ ਨਾਮਸ਼ ਧਰਮਸ਼ਾਲ ਬਾਸ਼ਦ, ਬਾ ਓ ਜਾਏ ਬੁਤ ਪਰਸਤਾਂ ਹੇਚ ਨਾ ਗਰਜ਼ ਨ ਦਾਰੰਦ। ਈਂ ਧਰਮਸ਼ਾਲਾ ਬਾ ਨਾਮੇ ਗੁਰੂ ਹਰਿ ਰਾਇ ਕਾਇਮ ਅਸਤ। ਗੁਰੂ ਹਰਿ ਰਾਇ ਹਫ਼ਤਮ ਸੱਜਾਦਾ ਨਸ਼ੀਨੇ ਬਾਬਾ ਨਾਨਕ ਸਾਹਿਬ ਬੂਦ। ਕਿ ਓ-ਮਵਾਹਿਦ ਤਰ ਅਜ਼ ਮਵਾਹਿਦਾ ਬੂਦ, ਵ ਮੁਖ਼ਾਲਿਫ਼ ਬੁਤ-ਪਰਸਤੀ ਬੂਦ। ਹਰਿ ਜਾਇ ਕਿ ਨਾਮਸ਼ ਠਾਕਰ ਦੁਆਰਾ ਯਾ ਸ਼ਿਬ ਦੁਆਰਾ ਬਾਸ਼ਦ ਬਾ ਓ ਜਾਏ ਬੁਤ ਪਰਸਤਾਂ ਤਅੱਲਕ ਦਾਰੰਦ, ਸਿਖਾਂ ਹੇਚ ਗਰਜ਼ ਨੇਸਤ। ਉਲਾਚਿ ਈ ਜਾਇ ਧਰਮਸਾਲ ਅਸ, ਹਮਹ ਤਅੱਲਕ ਬਾ-ਖ਼ੁਦਾ ਪਰਸਤਾਂ ਮੇ ਦਾਰਦ। ਮਾ ਬ-ਹੈਸੀਅਤੇ ਬਾਦਸ਼ਾਹ ਹੁਕਮ ਮੇ ਦਿਹੇਮ ਕਿ ਦਾਅਵਾ ਏ ਬੁਤ ਪਰਸਤਾਂ ਖ਼ਾਰਜ ਅਸਤ"*

---

### ਫੇਸ ਬੁੱਕ ਦਾ ਸੱਚ!

ਸਿਆਸਤਾਂ ਦੇ ਘਰ ਬੜੀ ਦੂਰ ਹੁੰਦੇ ਨੇ,  
ਹੁੰਦੀਆਂ ਲੜਾਈਆਂ ਨਹੀਂ ਫੇਸ ਬੁੱਕ 'ਤੇ।  
ਦੰਗਲ ਚ ਢਹਿਣਾ ਅਤੇ ਢਾਹੁਣਾ ਪੈਂਦਾ ਹੈ,  
ਵੱਜਣ ਭਕਾਈਆਂ ਨਹੀਂ ਫੇਸ ਬੁੱਕ 'ਤੇ।  
ਲੋਕਾਂ ਦੀ ਕਚਹਿਰੀ ਵਿਚ ਹੁੰਦੇ ਫੈਸਲੇ,  
ਹੋਣ ਚਤੁਰਾਈਆਂ ਨਹੀਂ ਫੇਸ ਬੁੱਕ 'ਤੇ।  
ਪਹਿਨਣ ਤੋਂ ਪਹਿਲਾਂ ਰਾਹ ਰੱਖੇ ਹੁੰਦੇ ਨੇ,  
ਸੁੱਥਣਾ ਸਿਵਾਈਆਂ ਨਹੀਂ ਫੇਸ ਬੁੱਕ 'ਤੇ।  
ਗੰਦਗੀ ਦੇ ਵਿਚ ਖੁਦ ਜਾਣਾ ਹੁੰਦਾ ਹੈ,  
ਹੁੰਦੀਆਂ ਸਫਾਈਆਂ ਨਹੀਂ ਫੇਸ ਬੁੱਕ 'ਤੇ।  
ਵਿਰਲੇ ਤੇ ਵਾਂਝੇ ਬਹੁਤ ਘੱਟ ਹੋਣਗੇ,  
ਇੱਜਤਾਂ ਗਵਾਈਆਂ ਨਹੀਂ ਫੇਸ ਬੁੱਕ 'ਤੇ।  
ਦੱਸੋ ਕਿਸ ਹੀਰ ਨੇ ਤੇ ਦੱਸੋ ਕਿਸ ਰਾਂਝੇ ਨੇ,  
ਕੀਤੀਆਂ ਟਰਾਈਆਂ ਨਹੀਂ ਫੇਸ ਬੁੱਕ 'ਤੇ।  
ਮੰਨਣੇ ਹੀ ਪੈਂਦੇ ਫੈਸਲੇ ਅਦਾਲਤੀ,  
ਹੋਣ ਸੁਣਵਾਈਆਂ ਨਹੀਂ ਫੇਸ ਬੁੱਕ 'ਤੇ।  
*-ਗੁਲਪੁਰ*

---

### ਗੀਤ

ਮਿਹਨਤਕਸ਼ ਦੀ ਮਿਹਨਤ ਇਕ ਦਿਨ ਰੰਗ ਵਿਖਾਉਂਦੀ ਏ।  
ਹੌਲੀ-ਹੌਲੀ ਕਰਕੇ ਗੁੱਡੀ ਸਿਖਰ ਚੜ੍ਹਾਉਂਦੀ ਏ।  
ਹਰ ਵੇਲੇ ਜੋ ਬੁਰਾ ਸੋਚਦਾ ਰਹਿੰਦਾ ਦੂਜਿਆਂ ਦਾ,  
ਇੱਕ ਨਾ ਇੱਕ ਦਿਨ ਕੁਦਰਤ ਉਸਨੂੰ ਸਬਕ ਸਿਖਾਉਂਦੀ ਏ।  
ਆਦਤ ਜਿਸ ਨੂੰ ਪੈ ਜੇ ਹੱਕ ਬਿਗਾਨਾ ਖਾਵਣ ਦੀ,  
ਉਸ ਬੰਦੇ ਨੂੰ ਨੀਂਦ ਭਲਾਂ ਫਿਰ ਕਿੱਥੇ ਆਉਂਦੀ ਏ।  
ਮਾਂ ਦਾ ਰੁਤਬਾ ਵੀ ਤਾਂ ਹੁੰਦਾ ਰੱਬ ਬਰਾਬਰ ਦਾ,  
ਧੀਆਂ-ਪੁੱਤਾਂ ਦੀ ਜੋ ਹਰਦਮ ਸੁੱਖ ਮਨਾਉਂਦੀ ਏ।  
ਐਦਾਂ ਦੀ ਸਰਕਾਰ ਨੂੰ ਲਾਂਭੇ ਕਰਨਾ ਚਾਹੀਦਾ,  
ਹੱਕ ਮੰਗਦਿਆਂ ਲੋਕਾਂ 'ਤੇ ਜੋ ਡਾਂਗ ਵਰ੍ਹਾਉਂਦੀ ਏ।  
ਕੁੱਝ ਨਾ ਕੁੱਝ ਤਾਂ ਨਾਤਾ ਉਸਦੇ ਸੰਗ ਹੋਵੇਗਾ,  
ਨਿੱਤ ਦਿਹਾੜੇ ਜਿਸਦੀ ਯਾਦ ਸਤਾਉਂਦੀ ਏ।  
ਜਿਹੜਾ ਬੰਦਾ ਕਰਦਾ ਹੈ ਕੰਮ ਲੋਕ ਭਲਾਈ ਦੇ,  
ਉਸ ਬੰਦੇ ਦੇ ਗੁਣ ਫਿਰ 'ਨਾਗਰਾ' ਖ਼ਲਕਤ ਗਾਉਂਦੀ ਏ।  
*-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'*  
*ਫੋਨ: +13604481989*

---

### ਗ਼ਜ਼ਲ

ਬਿਨ ਮੁਹੱਬਤ ਮੈਂ ਨਾ ਹਰਗਿਜ਼ ਰਹਿ ਸਕਾਂਗਾ।  
ਦਿਲ 'ਚ ਉਸਦੇ ਜ਼ੋਰ ਨਾਲ ਨਾ ਲਹਿ ਸਕਾਂਗਾ।  
ਉਹ ਨਦੀ ਹੈ, ਖ਼ੂਬਸੂਰਤ ਵਹਿਣ ਉਸਦਾ  
ਮੈਂ ਹਾਂ ਸਾਗਰ ਵਾਂਗ ਉਸ ਨਾ ਵਹਿ ਸਕਾਂਗਾ।

## ਕਾਵਿ-ਕਿਆਰੀ

ਕਰ ਲਿਆ ਦੀਦਾਰ ਉਸਦਾ ਜੇ ਕਦੇ ਤਾਂ  
ਚੈਨ ਦੇ ਸੰਗ ਫਿਰ ਕਿਵੇਂ ਮੈਂ ਬਹਿ ਸਕਾਂਗਾ।

ਦਿਲ 'ਤੇ ਮੇਰੇ ਦੇ ਰਹੀ ਹੈ ਉਹ ਹੀ ਦਸਤਕ  
ਗੱਲ ਏਨੀ ਵੀ ਨਾ ਉਸਨੂੰ ਕਹਿ ਸਕਾਂਗਾ।

ਹੋਰ ਭਾਵੇਂ ਸਾਰਾ ਕੁਝ ਹੀ ਸਹਿ ਲਵਾਂ ਪਰ  
ਮੈਂ ਵਿਛੋੜਾ ਯਾਰ ਦਾ ਨਾ ਸਹਿ ਸਕਾਂਗਾ।

ਇਹ ਕਿਨਾਰੇ ਵੀ ਤਾਂ ਮੇਰੇ ਆਪਣੇ ਹਨ  
ਹੋ ਕੇ ਦਰਿਆ ਨਾ ਇਨ੍ਹਾਂ ਨਾਲ ਖਹਿ ਸਕਾਂਗਾ।  
*-ਹਰਦੀਪ ਬਿਰਦੀ*

---

# ਤਮਾਸ਼ਾ-ਏ-ਬੱਕਰੀ..!

**ਚੰਡੀਗੜ੍ਹ:** ਜਦੋਂ ਪੰਥ ਨੂੰ ਖ਼ਤਰਾ ਹੁੰਦਾ ਤਾਂ ਅਕਾਲੀ ਧਰਮ ਯੁੱਧ ਮੋਰਚਾ ਲਾਉਂਦੇ। ਜੈਕਾਰੇ ਛੱਡ ਜੇਲ੍ਹਾਂ ਤੂੜੀ ਵਾਂਗੂੰ ਭਰ ਦਿੰਦੇ। ਭਾਈ ਜਾਨ! ਅੱਜ ਕੱਲ੍ਹ ਬੱਕਰੀ ਨੂੰ ਖ਼ਤਰੈ, ਹੁਣ 'ਬੱਕਰੀ ਅੰਦੋਲਨ' ਕੌਣ ਕਰੂ। ਸਾਥੀਓ! ਥੋੜ੍ਹੀ ਖੇਚਲ ਕਰੋ, ਬਣੋ ਮਾਰਕਸ ਤੇ ਲਾ ਦਿਓ ਹੋਕਾ, ਦੁਨੀਆ ਭਰ ਦੇ ਆਜੜੀਓ! ਇੱਕ ਹੋ ਜਾਓ...। ਪੰਜਾਬ ਚੋਣਾਂ ਅਗਲੇ ਸਾਲ ਨੇ, ਸਿਆਸੀ ਵਾੜੇ 'ਚ ਬੱਕਰੀ ਅਗੇਤੀ ਆ ਵੜੀ ਹੈ। ਗੱਲ ਦੀ ਗੰਢ ਖੋਲ੍ਹਦੇ ਹਾਂ, ਆਹ ਜੋ ਆਪਣਾ ਜਸਵੀਰ ਸਿਓਂ ਗੜ੍ਹੀ ਐ, ਉਹਨੂੰ 'ਆਪ' ਆਲਿਆਂ ਨੇ ਪਹਿਲਾਂ ਚੇਅਰਮੈਨ, ਹੁਣ ਚਮਕੌਰ ਸਾਹਿਬ ਦਾ ਲਾਣੇਦਾਰ ਲਾਇਐ। ਤਾਹੀਂ ਗੂੰਜ ਪਈ ਐ...'ਆਜਾ ਮੇਰੇ ਬਾਲਮਾ, ਤੇਰਾ ਇੰਤਜ਼ਾਰ ਹੈ।'

ਚਮਕੌਰ ਸਾਹਿਬ 'ਚ ਗੜ੍ਹੀ ਦੀ ਹਲਕਾ ਇੰਚਾਰਜੀ ਦਾ ਮਹੂਰਤ ਇੰਜ ਹੋਇਆ। ਇਨਕਲਾਬੀ ਯੋਧਿਆਂ ਦਾ ਇਕੱਠ ਸਜਿਆ। ਇੱਕ ਠੇਕੇਦਾਰ ਕਿਧਰੋਂ ਬੱਕਰੀ ਲੈ ਹਾਜ਼ਰ ਹੋਇਆ। ਗੜ੍ਹੀ ਸਾਹਿਬ ਨੇ ਬੱਕਰੀ ਦੀ ਰੱਸੀ ਫੜੀ, ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਖਿਲਾਫ਼ ਮੈਦਾਨ-ਏ-ਜੰਗ 'ਚ ਗੱਜ ਪਏ, 'ਚੰਨੀ ਵਾਪਸ ਜਾਓ, ਜਾ ਕੇ ਆਪਣੀ ਬੱਕਰੀ ਚਰਾਓ।' ਲੋਹੇ ਲਾਖੇ ਹੋਏ ਕ੍ਰਾਂਤੀਵੀਰ ਨੇ ਲਲਕਾਰ ਵੀ ਮਾਰੀ, 'ਚੰਨੀ ਨੂੰ ਪੁੱਠੀ



**ਚਰਨਜੀਤ ਭੁੱਲਰ**

ਸਿਆਸਤ ਨੀ ਕਰਨ ਦੇਵਾਂਗਾ।' ਇੱਕ ਦਫ਼ਾ ਤਾਂ ਮੈਨੂੰ ਪਿਆਰੇ ਗੜ੍ਹੀ ਚੋਂ ਮੰਗਲ ਪਾਂਡੇ ਦਾ ਝਉਲਾ ਪਿਐ। ਵੈਸੇ ਕਿਸੇ ਨੇ ਸੋਹਣਾ ਲਿਖਿਐ, 'ਆਖਣ ਲੋਕ ਕੁਰਬਾਨੀ ਦੀ ਹੱਦ ਹੋ ਗਈ, ਚੜ੍ਹਿਆ ਹੱਸ ਕੇ ਜਦੋਂ ਮਨਸੂਰ ਸੂਲੀ।'

ਵਿਆਹ 'ਚ ਬੀ ਦਾ ਲੇਖਾ, ਭਲਿਓ! ਚੰਨੀ ਦਾ ਤਾਂ ਆਪਣਾ ਮਸਲਾ ਅੜਿਆ ਪਿਐ, ਤੁਸਾਂ ਨੇ ਨਵਾਂ ਹੀ ਮੈਂ-ਮੈਂ ਦਾ ਰਾਗ ਸ਼ੁਰੂ ਕਰ'ਤਾ। ਚੰਨੀ ਪਿਛਲੀ ਚੋਣ ਵੇਲੇ ਬੱਕਰੀ ਕਾਹਦੀ ਚੋਅ ਬੈਠਾ, ਚਾਰੇ ਪਾਸੇ ਬੌਂ-ਬੌਂ ਹੋ ਗਈ। ਮੁਹੰਮਦ ਸਦੀਕ ਤੋਂ ਰਿਹਾ ਨਾ ਗਿਆ, 'ਚੁੰਘੀ ਬੱਕਰੀ ਬਣਾ'ਤਾ ਡਾਕਾ, ਮਾੜੀ ਹੋਈ ਅਮਲੀ ਨਾਲ।' 'ਚੰਨੀ ਆਲੀ ਬੱਕਰੀ' ਚਹੁੰ ਕੂਟਾਂ ਮਸ਼ਹੂਰੀ ਖੱਟ ਗਈ। ਖ਼ੈਰ, ਗੜ੍ਹੀ ਦਾ ਅੰਦਾਜ਼-ਏ-ਬਿਆਂ ਨਿਰਾਲਾ ਹੈ। ਐਰੇ ਗੈਰੇ ਨਹੀਂ, ਪੱਤਣਾਂ ਦੇ ਤਾਰੂ ਨਿਕਲੇ। ਗੜ੍ਹੀ ਵੀਰ ਕੋਲ ਭੈਣ ਮਾਇਆਵਤੀ ਦੇ ਹਾਥੀ ਦੀ ਸਵਾਰੀ ਦਾ ਖ਼ਾਸਾ ਤਜਰਬੈ, ਉਹਦੇ ਅੱਗੇ ਬੱਕਰੀ ਦੀ ਕੀ ਮਜਾਲ।

ਲੋਕ ਪੁੱਛਦੇ ਪਏ ਨੇ, ਅਖੇ! ਬਦਲਾਅ ਕੀ ਹੁੰਦੈ। ਮੁਰਖਦਾਸੋ, ਬੱਕਰੀ ਹਾਜ਼ਰ-ਨਾਜ਼ਰ ਹੈ, ਤੁਸੀਂ ਬੱਕਰੀ ਮਾਰਕਾ ਬਦਲਾਅ ਦਾ ਅਨੰਦ ਲਓ, ਇਨਕਲਾਬ ਨੂੰ ਹੋਰ ਕਿਹੜਾ ਫੁੱਲ ਲੱਗੇ ਹੁੰਦੇ ਨੇ। ਉਹ ਦਿਨ ਦੂਰ ਨਹੀਂ ਜਦੋਂ ਚਮਕੌਰ ਸਾਹਿਬ ਦੀ ਧਰਤੀ ਤੋਂ 'ਬੱਕਰੀ ਮੋਰਚਾ' ਸ਼ੁਰੂ ਹੋਵੇਗਾ। 'ਕੌਣ ਕਿਸੇ ਦੇ ਆਵੇ-ਜਾਵੇ, ਦਾਣਾ-ਪਾਣੀ ਖਿੱਚ ਲਿਆਵੇ।' ਸੋ ਮਾਈ-ਭਾਈ, ਗੜ੍ਹੀ ਸਾਹਿਬ ਥੋਡੀ ਸੇਵਾ 'ਚ ਹਾਜ਼ਰ ਹੋਏ ਨੇ। ਬੱਕਰੀ ਟ੍ਰੇਲਰ ਤੁਸਾਂ ਦੇਖ ਹੀ ਲਿਆ। ਨਾਅਰੇ ਗੂੰਜ ਰਹੇ ਸਨ, ਬੱਕਰੀ 'ਕੱਠ 'ਚ ਸਹਿਮੀ ਖੜ੍ਹੀ ਸੀ, ਕਿਤੇ ਹਾਰਟ ਅਟੈਕ ਆ ਜਾਂਦਾ, ਬੱਕਰੀ ਦੇ ਮਾਲਕ ਦੇ ਘਰ ਸੱਥਰ ਵਿਛ ਜਾਣਾ ਸੀ।

ਖ਼ੈਰ ਸਵਰਗਵਾਸੀ ਬੱਕਰੀ ਦੇ ਮੁਆਵਜ਼ੇ ਦਾ ਚੈਕ ਵੀ ਖ਼ੁਦ ਗੜ੍ਹੀ ਨੇ ਆਪਣੇ ਕਰ ਕਮਲਾਂ ਨਾਲ ਦੇਣਾ ਸੀ। ਭਗਵੰਤ ਮਾਨ ਦੇ ਬੋਲ ਪੁੱਗ ਜਾਣੇ ਸੀ, 'ਮੁਰਗੀ ਤੇ ਮਰੀ ਬੱਕਰੀ ਦਾ ਵੀ ਮੁਆਵਜ਼ਾ ਦੇਊਂ।' ਚਮਕੌਰ ਸਾਹਿਬ 'ਚ ਤਾਂ ਪਹਿਲਾਂ ਹੀ ਦੋ-ਦੋ ਡਾਕਟਰ ਨੇ, ਚੰਨੀ ਨੇ ਪੀਐੱਚ.ਡੀ ਕੀਤੀ ਐ, ਦੂਜਾ 'ਆਪ' ਆਲਾ ਐੱਮ.ਐੱਲ.ਏ. ਡਾ. ਚਰਨਜੀਤ। 'ਆਪ' ਨੇ ਹੁਣ ਨਵਾਂ ਵੈਦ ਹਲਕੇ 'ਚ ਭੇਜ'ਤਾ। ਜਸਵੀਰ ਗੜ੍ਹੀ ਸਿਰਫ਼ ਰਾਈ ਦਾ ਪਹਾੜ ਹੀ ਨੀ ਬਣਾਉਂਦੇ, ਉਹ ਪਹਾੜ 'ਤੇ ਬੱਕਰੀ ਵੀ ਚਾੜ੍ਹਦੇ ਨੇ। ਜਿਵੇਂ ਮਾਲਵੇ ਆਲੇ ਦੋ ਹਾੜੇ ਲਾ ਕੇ ਬੱਕਰੇ ਬੁਲਾਉਂਦੇ ਨੇ, ਉਵੇਂ ਦੁਆਬੇ ਕੇ ਲਾਲ ਬੱਕਰੀ ਰਾਗ ਵੀ ਤਰੰਨੁਮ 'ਚ ਗਾਉਂਦੇ ਨੇ। 'ਹਮ ਤੋ ਭਾਈ ਜੈਸੇ ਹੈ, ਵੈਸੇ ਹੀ ਰਹੇਂਗੇ।'

ਬੱਦਲ ਆਉਣ 'ਤੇ ਡੱਡੂ ਪ੍ਰਗਟ ਹੁੰਦੇ ਨੇ, ਚੋਣਾਂ ਨੇੜੇ ਨੇਤਾ। ਗੜ੍ਹੀ ਨੂੰ ਬੱਕਰੀ ਬ੍ਰਹਮ ਅਸਤਰ ਜਾਪੀ ਹੋਵੇਗੀ। ਸੋਚਦੇ ਹੋਣਗੇ ਕਿ ਜੇ ਰਾਂਝਾ ਪ੍ਰੇਮ 'ਚ ਮੱਝਾਂ ਚਾਰ ਸਕਦੈ ਤਾਂ ਉਹ ਲੋਕਾਂ ਨੂੰ ਕਿਉਂ ਨੀ ਚਾਰ ਸਕਦੇ। ਭਲਿਆ ਲੋਕਾ! ਜੇ ਬੱਕਰੀ ਚੋਣ ਜਿਤਾਉਂਦੀ ਹੁੰਦੀ ਤਾਂ ਚੰਨੀ ਨਾ ਜਿੱਤ ਜਾਂਦਾ। ਕੈਪਟਨ ਅਮਰਿੰਦਰ ਸਿੰਘ ਨੇ ਚੋਣਾਂ ਵੇਲੇ ਕੱਟਾ ਦਾਨ ਕੀਤਾ। ਚਾਰ ਛਿੱਲੜ ਵੀ ਪੰਡਿਤ ਲੈ ਗਏ, ਉੱਪਰੋਂ ਅਮਰਿੰਦਰ ਚੋਣ ਵੀ ਹਾਰ ਗਏ। 'ਕਾਗਜ਼ਾਂ ਦੇ ਘੋੜੇ, ਕਦ ਤੱਕ ਦੌੜੇ।' ਬੱਕਰੀਵਾਦ 'ਚ ਨਾ ਪਓ, ਬਦਨਾਮੀ ਦੀਆਂ ਮੀਂਗਣਾਂ ਹੀ ਝੋਲੀ ਪੈਂਦੀਆਂ ਨੇ। ਗੜ੍ਹੀ ਸਾਹਿਬ ਨਿੱਕੇ ਹੁੰਦੇ ਜ਼ਰੂਰ ਪੀਚੋ ਬੱਕਰੀ ਖੇਡਦੇ ਰਹੇ ਹੋਣਗੇ।

ਅੰਮ੍ਰਿਤਾ ਪ੍ਰੀਤਮ ਦੀ ਰੂਹ ਤੋਂ ਮੁਆਫ਼ੀ ਮੰਗ ਕਹਿਣ ਨੂੰ ਦਿਲ ਕਰਦੈ, 'ਅੱਜ ਆਖਾਂ ਵਾਰਸ ਸ਼ਾਹ ਨੂੰ, ਕਿਉਂ ਬੱਕਰੀ ਦਿੱਤੀ ਖੋਲ੍ਹ।' ਚੰਗਾ ਹੁੰਦਾ, ਨੇਤਾ ਜਣ! ਬੱਕਰੀ ਵਿਰਲਾਪ ਦੀ ਥਾਂ ਵਾਰਤਾਲਾਪ ਛੇੜਦੇ। ਕੇਰਾਂ ਕਿਸੇ ਮੰਤਰੀ ਦੀ ਬੱਸ ਥੱਲੇ ਆ ਕੇ ਬੱਕਰੀ ਮਰ ਗਈ। ਵਿਧਾਨ ਸਭਾ 'ਚ ਰੌਲਾ ਪੈ ਗਿਆ ਕਿ ਮੰਤਰੀ ਅਸਤੀਫ਼ਾ




ਦੇਵੇ। ਜਦੋਂ ਟੈਸਟ ਰਿਪੋਰਟ ਆਈ ਤਾਂ ਖ਼ੂਨ ਬੰਦੇ ਦਾ ਨਿਕਲਿਆ। ਫਿਰ ਮੰਤਰੀ ਅੜ ਗਿਆ, 'ਇਨਸਾਨੀ ਖ਼ੂਨ ਐ, ਮੈਂ ਕਿਉਂ ਦੇਵਾਂ ਅਸਤੀਫ਼ਾ।' ਸਿਆਸਤ ਖਾਲਾ ਜੀ ਦਾ ਵਾੜਾ ਨੀ, ਹੁਣ ਪਸ਼ੂਆਂ ਦਾ ਵਾੜਾ ਬਣੀ ਹੈ। ਭਲੇ ਬੰਦੇ ਨੂੰ ਨੱਕ ਲਪੇਟ ਕੇ ਲੰਘਣਾ ਪੈਂਦੈ।

'ਤੇਰੀ ਹਰ ਮੱਸਿਆ ਬਦਨਾਮੀ, ਨੀ ਮੋਤੀਆਂ ਦੇ ਲੌਂਗ ਵਾਲੀਏ।' ਚੋਣਾਂ ਮੌਕੇ ਸਿਆਸੀ ਘਰਾਂ 'ਚ ਜ਼ਮੀਰ ਲੰਮੀਆਂ ਤਾਣ ਕੇ ਸੌਂ ਜਾਂਦੀ ਹੈ ਤੇ ਪੰਜਾਬ 'ਤੇ ਪੰਜਾਲੀ ਪਾਉਣ ਲਈ ਨੇਤਾ ਜਣ ਬੂਰੇ ਦੇ ਘਰ ਤੱਕ ਜਾਂਦੇ ਨੇ। ਪੰਛੀਆਂ ਤੇ ਜਾਨਵਰਾਂ ਨੂੰ ਵੀ ਸਿਆਸੀ ਚਰਵਾਹੇ ਨਹੀਂ ਬਖ਼ਸ਼ਦੇ। ਚੋਣਾਂ ਮੌਕੇ ਨੇਤਾ ਲੋਕ ਪੰਛੀਆਂ/ਜਾਨਵਰਾਂ ਨੂੰ ਚੋਣ ਪ੍ਰਚਾਰ 'ਚ ਵਰਤਦੇ ਸਨ। ਚੋਣ ਕਮਿਸ਼ਨ ਨੇ 1991 'ਚ ਕਰੂਰਤਾ ਰੋਕਣ ਲਈ ਪੰਛੀਆਂ/ਜਾਨਵਰਾਂ ਦੀ ਚੋਣ ਪ੍ਰਚਾਰ 'ਚ ਵਰਤੋਂ 'ਤੇ ਪਾਬੰਦੀ ਲਾ'ਤੀ ਸੀ। ਕਿਸੇ ਵੇਲੇ ਕਾਂਗਰਸ ਦਾ ਚੋਣ ਨਿਸ਼ਾਨ ਵੀ ਗਊ ਵੱਛਾ ਹੁੰਦਾ ਸੀ।

ਮਹਾਤਮਾ ਗਾਂਧੀ ਵੀ ਬੱਕਰੀ ਪ੍ਰੇਮੀ ਸਨ। ਉਹ 1931 'ਚ ਆਪਣੀ ਬੱਕਰੀ 'ਨਿਰਮਲਾ' ਨੂੰ ਲੰਡਨ ਜਹਾਜ਼ 'ਚ ਨਾਲ ਲੈ ਕੇ ਗਏ ਸਨ। ਆਮਿਰ ਖ਼ਾਨ ਦਾ ਡਾਇਲਾਗ ਐ, 'ਹਮਾਰੇ ਗੋਲਾ ਪਰ ਲੋਗ ਝੂਠ ਨਹੀਂ ਬੋਲਤਾ ਹੈ।' ਸਿਆਸੀ ਪਿੜ 'ਚ ਜਾਨਵਰਾਂ ਦੀ ਹਾਜ਼ਰੀ ਪੁਰਾਣੀ ਹੈ। ਇੰਦਰਾ ਗਾਂਧੀ ਨੇ ਚਿਕਮਗਲੂਰ ਤੋਂ ਜ਼ਿਮਨੀ ਚੋਣ ਲੜੀ, ਨਾਅਰਾ ਵੱਜਿਆ 'ਏਕ ਸ਼ੇਰਨੀ ਸੌ ਲੰਗੂਰ.. ਚਿਕਮਗਲੂਰ।' ਮੁੜਦੇ ਹਾਂ ਆਪਣੀ ਗੱਲ 'ਤੇ। ਸ਼ਾਸਤਰੀ ਜੀ ਆਖਦੇ ਨੇ ਕਿ ਭੇਡ, ਬੱਕਰੀ ਤੇ ਮੁਰਗੇ ਦੇ ਗ੍ਰਹਿ ਇੱਕੋ ਹੁੰਦੇ ਨੇ। ਹਾਲਾਂਕਿ ਭੇਡਾਂ ਕੋਮਲ ਹੁੰਦੀਆਂ ਨੇ ਪਰ ਆਪਣੀ ਰਾਖੀ ਆਪ ਨੀ ਕਰ ਸਕਦੀਆਂ।

ਸਿਆਣੇ ਆਖਦੇ ਹਨ ਕਿ ਹੁਕਮ ਚਲਾਉਣਾ ਵੀ ਇੱਕ ਕਲਾ ਹੁੰਦੀ ਹੈ, ਭਾਵੇਂ ਭੇਡਾਂ ਦੇ ਇੱਜੜ 'ਤੇ ਹੀ ਚਲਾਉਣਾ ਹੋਵੇ। ਪੰਜਾਬੀ ਜ਼ਰੂਰੀ ਨਹੀਂ ਕਿ ਭੇਡਾਂ ਹੀ ਹੋਣ, ਭੂਸਰੀ ਗਾਂ ਵੀ ਬਣਦੇ ਨੇ, ਉਦੋਂ ਪਤਾ ਲੱਗਦੈ ਜਦੋਂ ਸਿੰਗਾਂ 'ਤੇ ਚੁੱਕ ਲੈਂਦੇ ਨੇ। ਨਾਲੇ ਚੀਨੀ ਮਾਲ ਵਾਂਗੂੰ ਪੰਜਾਬੀ ਵੀਰਾਂ ਦੀ ਕਾਹਦੀ ਗਾਰੰਟੀ। ਆਈ ਤੇ ਆ ਜਾਣ, ਫਿਰ ਕਿਸੇ ਗਾਰੰਟੀ ਦੀ ਪ੍ਰਵਾਹ ਵੀ ਨੀ ਕਰਦੇ। ਠੀਕ ਆਹ ਗਾਣੇ ਵਾਂਗੂ, 'ਇੱਕ ਤੇਰੀ ਅੜ ਭੰਨਣੀ, ਲੱਸੀ ਪੀਣ ਦਾ ਸ਼ੌਕ ਨਾ ਕਾਈ।' ਪੁਰਾਣੀ ਗੱਲ ਐ, ਚੀਨ ਨੇ 1965 'ਚ ਗਾਰੰਟੀ ਨਾਲ ਕਿਹਾ ਕਿ ਭਾਰਤੀ ਸੈਨਿਕਾਂ ਨੇ 700 ਚੀਨੀ ਭੇਡਾਂ ਚੋਰੀ ਕੀਤੀਆਂ ਨੇ। ਅਟੱਲ ਬਿਹਾਰੀ ਵਾਜਪਾਈ ਗੁੱਸਾ ਕਰ ਗਏ। ਭੇਡਾਂ ਦੇ ਗਲਾਂ 'ਚ ਤਖ਼ਤੀਆਂ ਪਾ ਸਿੱਧਾ ਚੀਨੀ ਦੂਤਾਵਾਸ ਅੱਗੇ ਮੁਜ਼ਾਹਰਾ ਕਰਨ ਪੁੱਜ ਗਏ ਸਨ।


ਅਰਜਨ ਵੈਲੀ ਦੀ ਗੰਡਾਸੀ ਨਾਲੋਂ ਵੱਧ ਅੱਜ ਕੱਲ੍ਹ ਪੰਜਾਬ 'ਚ ਭੇਡ ਪ੍ਰਜਾਤੀ ਮਸ਼ਹੂਰ ਹੋਈ ਹੈ। ਕਿਤੇ ਭੇਡਾਂ ਦੀ ਪੰਚਾਇਤ ਹੁੰਦੀ, ਨੇਤਾਵਾਂ 'ਤੇ ਸਿੱਧਾ ਮਾਣਹਾਨੀ ਦਾ ਕੇਸ ਠੋਕਦੀ। ਜੌਰਜ ਔਰਵੈੱਲ ਦਾ ਨਾਵਲ ਏ 'ਐਨੀਮਲ ਫਾਰਮ', ਸਿਆਸਤ 'ਤੇ ਤਿੱਖਾ ਤੇ ਖਰਾ ਵਿਅੰਗ। ਨਾਵਲ 'ਚ ਭੇਡਾਂ ਨੂੰ ਅੰਨ੍ਹੇ ਭਗਤ ਕਿਹਾ ਹੈ ਤੇ ਭੇਡਾਂ ਦੇ ਖ਼ੁਦ ਨਾ ਸੋਚਣ ਦੀ ਗੱਲ ਬਿਆਨੀ ਹੈ। ਇਹ ਵੀ ਕਿਹੈ ਕਿ ਜੇ ਲੋਕ ਸਵਾਲ ਨਹੀਂ ਕਰਨਗੇ ਤਾਂ ਸ਼ਾਸਕ ਸ਼ੋਸ਼ਣ ਕਰਨਗੇ। ਅਖ਼ੀਰ 'ਚ ਚਮਕੌਰ ਸਾਹਿਬ ਦੀ ਸਟੇਜ ਤੋਂ ਢਾਡੀ ਜਥੇ ਦੇ ਬੋਲ,'ਜਿਊਂਦੀ ਹੈ ਪੰਜਾਬੀਆਂ ਦੀ ਅਣਖ ਸਦਾ, ਵੱਸਦੇ ਨੇ ਅੜ ਕੇ।'

# 'ਬੱਚਿਓ ! ਸਾਨੂੰ ਮਾਫ਼ ਕਰਨਾ...' ਇੱਕ ਜ਼ਿੰਦਾ-ਦਿਲ ਇਨਸਾਨ ਦਾ ਮਾਫ਼ੀਨਾਮਾ

ਕੁਝ ਕਿਤਾਬਾਂ ਸਿਰਫ਼ ਸਫ਼ੇਦ ਵਰਕਿਆਂ 'ਤੇ ਉੱਕਰੇ ਕਾਲੇ ਅੱਖਰ ਨਹੀਂ ਹੁੰਦੀਆਂ, ਬਲਕਿ, ਮਨ ਦੇ ਅਹਿਸਾਸ ਅਤੇ ਦਿਲ ਦੇ ਜਜ਼ਬਾਤਾਂ ਦੀ ਦਾਸਤਾਨ ਹੁੰਦੀਆਂ ਹਨ। ਪੰਜਾਬੀ ਸਾਹਿਤ ਜਗਤ ਦੀ ਜਾਣੀ ਪਛਾਣੀ ਸ਼ਖ਼ਸੀਅਤ ਡਾ. ਗੁਰਬਖ਼ਸ਼ ਸਿੰਘ ਭੰਡਾਲ ਦੀ ਨਵੀਂ ਪੁਸਤਕ 'ਬੱਚਿਓ! ਸਾਨੂੰ ਮਾਫ਼ ਕਰਨਾ' ਵੀ ਇੱਕ ਅਜਿਹੀ ਮਾਰਮਿਕ ਰਚਨਾ ਹੈ ਜਿਸ ਨੂੰ ਪੜ੍ਹਦਿਆਂ ਉਨ੍ਹਾਂ ਦੀ ਦਾਨਿਸ਼ਵਰੀ, ਸੰਵੇਦਨਸ਼ੀਲਤਾ, ਮੁਹੱਬਤੀ ਰੂਹ ਅਤੇ ਬੇਬਾਕ ਮਨ ਦੇ ਵਿਲੱਖਣ ਅੰਦਾਜ਼ ਦੀ ਝਲਕ ਪੈਂਦੀ ਹੈ!

**ਵਾਰਤਕ ਦੇ ਬਾਦਸ਼ਾਹ ਗੁਰਬਖ਼ਸ਼ ਸਿੰਘ ਭੰਡਾਲ...**

ਜਦੋਂ ਕਦੇ ਵੀ ਕਿਸੇ ਸਿਰਮੌਰ ਲੇਖਕ ਬਾਰੇ ਕੁੱਝ ਸਾਂਝਾ ਕਰਨਾ ਪਵੇ ਤਾਂ ਮੇਰੇ 'ਪਾਠਕ ਮਨ' ਨੂੰ ਧੁੜਕੂ ਜਿਹਾ ਲੱਗ ਜਾਂਦਾ ਹੈ, ਇਹ ਸੋਚਦਿਆਂ ਕਿ ਕੁੱਜੇ ਵਿੱਚ ਸਮੁੰਦਰ ਬੰਦ ਕਿਵੇਂ ਹੋਵੇਗਾ? ਲੇਖਕ ਦੇ ਨਾਲ-ਨਾਲ ਜੇਕਰ ਉਹ ਬਹੁਪੱਖੀ ਸ਼ਖ਼ਸੀਅਤ ਇੱਕ ਨਿਊਕਲੀਅਰ ਸਾਇੰਸਦਾਨ, ਅਧਿਆਪਕ ਅਤੇ ਚੰਗਾ ਇਨਸਾਨ ਵੀ ਹੋਵੇ ਤਾਂ ਇਹ ਕਾਰਜ ਕੁਛ ਹੋਰ



ਕੁਲਵਿੰਦਰ ਸਿੰਘ ਬਾਠ
ਫੋਨ: 209-600-2897

ਕਠਿਨ ਬਣ ਜਾਂਦਾ ਹੈ।

ਵਿਭਿੰਨ ਵਿਸ਼ਿਆਂ ਅਤੇ ਵਿਭਿੰਨ ਰੰਗਾਂ-ਰਸਾਂ ਵਾਲੀਆਂ 26 ਮਿਆਰੀ ਪੁਸਤਕਾਂ ਦੇ ਸਿਰਜਣਹਾਰ, ਪੰਜਾਬੀ ਸਾਹਿਤ ਦੇ ਧਰੂ-ਤਾਰੇ, ਬਹੁਪੱਖੀ ਤੇ ਬਹੁਰੰਗੀ ਪ੍ਰਤਿਭਾ ਵਾਲੇ ਲੇਖਕ ਗੁਰਬਖ਼ਸ਼ ਸਿੰਘ ਭੰਡਾਲ ਬਹੁਤੀ ਰਸਮੀ ਜਾਣ-ਪਛਾਣ ਦੇ ਮੁਥਾਜ ਨਹੀਂ ਹਨ!

'ਹਾਉਕੇ ਦੀ ਜੂਨ' ਕਾਵਿ ਸੰਗ੍ਰਹਿ ਨਾਲ ਆਪਣੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਕਰਨ ਵਾਲੇ ਅਤੇ 'ਪੰਜਾਬੀ ਵਾਰਤਕ ਦੇ ਬਾਦਸ਼ਾਹ' ਵਜੋਂ ਜਾਣੇ ਜਾਂਦੇ ਏਸ 'ਮੰਡ ਦੇ ਮੋਤੀ' ਦੀ ਵਿਦਵਤਾ ਅਤੇ ਸਾਹਿਤਕ ਦੇਣ ਬਾਰੇ ਸੁਹਿਰਦ ਪਾਠਕ ਭਲੀ-ਭਾਂਤ ਜਾਣਦੇ ਹਨ। ਕਵਿਤਾ ਅਤੇ ਵਾਰਤਕ ਸਿਰਜਣਾ ਤੋਂ ਇਲਾਵਾ ਬਹੁਤ ਦਿਲਚਸਪ ਸਫ਼ਰਨਾਮਿਆਂ ਨਾਲ ਪਾਠਕਾਂ ਨੂੰ ਦੂਰ-ਦੁਰਾਡੇ ਦੀ ਸੈਰ ਵੀ ਕਰਾ ਚੁੱਕੇ ਹਨ।

ਭਾਵੇਂ ਮਾਫ਼ੀ ਅਤੇ ਮਾਫ਼ੀਨਾਮੇ ਦਾ ਮਨੁੱਖ ਦੀ ਜ਼ਿੰਦਗੀ ਵਿੱਚ ਮਹੱਤਵਪੂਰਣ ਰੋਲ ਹੈ, ਪਰ ਬਹੁਤੇ ਇਨਸਾਨਾਂ ਲਈ ਇਹ ਇੱਕ ਚੁਣੌਤੀ ਅਤੇ ਸੰਘਰਸ਼ ਭਰਪੂਰ ਕਾਰਜ ਵੀ ਹੈ। ਹਾਲਾਂ ਕਿ, ਮਨੁੱਖ ਨੂੰ ਗਲਤੀ ਦਾ ਪੁਤਲਾ ਮੰਨਿਆ ਗਿਆ ਹੈ, ਪਰ ਉਹੀ ਮਨੁੱਖ ਅਕਸਰ ਗਲਤੀ ਕਰਕੇ ਜਾਂ ਗਲਤ ਹੁੰਦਿਆਂ ਵੀ ਮਾਫ਼ੀ ਮੰਗਣ ਨੂੰ ਆਪਣੀ ਹੇਠੀ ਸਮਝਦਾ ਹੈ। ਉਸ ਦੇ ਅੰਦਰਲੀ 'ਮੈਂ' ਦੀ ਭਾਵਨਾ ਬਾਹਰ ਆ ਕੇ ਐਨ ਵਿਚਕਾਰ ਅੜ ਜਾਂਦੀ ਹੈ। ਹੰਕਾਰ ਨਾਲ ਭਰਿਆ ਮਨ ਸੱਚਾਈ ਨੂੰ ਸਵੀਕਾਰ ਨਹੀਂ ਕਰਦਾ ਤੇ ਗੱਲ ਮੁੱਕਦੀ ਨਹੀਂ ਹੈ। ਬਾਬਾ ਬੁੱਲੇ ਸ਼ਾਹ ਤਾਂ ਚਿਰ ਪਹਿਲਾਂ ਕਹਿ ਗਿਆ...

ਬੁੱਲੇ ਸ਼ਾਹ ਗੱਲ ਤਾਹੀਓਂ ਮੁੱਕਦੀ
ਜਦੋਂ ਮੈਂ ਨੂੰ ਦਿਲੋਂ ਗਵਾਈਏ

ਮਾਫ਼ੀ ਮੰਗਣਾ ਕੋਈ ਸ਼ਰਮਿੰਦਗੀ ਜਾਂ ਨਿਰਾਦਰੀ ਵਾਲਾ ਕਾਰਜ ਨਹੀਂ, ਬਲਕਿ, ਮਾਫ਼ੀ ਮੰਗਣ ਵਾਲੇ ਅਤੇ ਮਾਫ਼ ਕਰਨ ਵਾਲੇ ਤਾਂ ਆਮ ਇਨਸਾਨ ਤੋਂ ਖਾਸ ਬਣ ਜਾਂਦੇ ਹਨ, ... ਜਿਸ ਨਾਲ ਕਈ ਉਲਝੇ ਹੋਏ ਮਸਲੇ ਸੁਲਝ ਜਾਂਦੇ ਨੇ!

ਚਾਰ-ਚੁਫੇਰੇ ਨਜ਼ਰ ਮਾਰਦਿਆਂ ਹਕੀਕਤ ਨਜ਼ਰੀਂ ਪੈਂਦੀ ਹੈ ਕਿ ਅਜੋਕਾ ਮਨੁੱਖ ਆਪਣੀਆਂ ਖ਼ੁਦਗ਼ਰਜ਼ੀਆਂ ਕਾਰਨ ਅਗਲੀਆਂ ਨਸਲਾਂ ਦੀ ਤਬਾਹੀ ਦਾ ਕਾਰਨ ਬਣ ਰਿਹਾ ਹੈ ਅਤੇ ਸ਼ਰੇਆਮ ਤਬਾਹੀਆਂ ਮਚਾ ਵੀ ਰਿਹਾ ਹੈ। ਡਾ. ਗੁਰਬਖ਼ਸ਼ ਭੰਡਾਲ ਨੇ ਇਹ ਮਾਫ਼ੀਨਾਮਾ ਛੋਟੇ ਬੱਚਿਆਂ ਦੇ ਨਾਮ ਕੀਤਾ ਹੈ ਜੋ ਸਾਡਾ ਆਉਣ ਵਾਲਾ ਕੱਲ੍ਹ ਹਨ। ਇਸ ਕਾਵਿ ਸੰਗ੍ਰਹਿ ਦੀ ਪਹਿਲੀ ਕਵਿਤਾ 'ਡਾਕਟਰ ਮਾਂ' ਇੱਕ ਕੋਮਲ ਅਤੇ ਸੰਵੇਦਨਸ਼ੀਲ ਕਾਵਿ-ਮਨ ਦੀ ਰੂਹ ਵਿੱਚੋਂ ਜਨਮ ਲੈਂਦੀ ਹੈ। ਇੱਕ ਨੰਨ੍ਹੀ ਬੱਚੀ ਦੇ ਮਨ ਵਿਚਲੇ ਅਹਿਸਾਸਾਂ ਨੂੰ ਸ਼ਬਦੀ ਰੂਪ ਵਿਚ ਪਾਠਕਾਂ ਸਾਹਵੇਂ ਕਰਦਿਆਂ...

ਫਿਰ
ਬੱਚੀ ਨੇ ਯੱਕਦਮ
ਖਿਡੌਣਾ ਸਟੈਥੋਸਕੋਪ ਲਿਆ
ਮਾਂ ਨੂੰ ਚੈੱਕ ਕੀਤਾ
ਤੇ ਕਹਿਣ ਲੱਗੀ
'ਸੱਭ ਠੀਕ ਹੈ।'

ਖ਼ਾਬਾਂ, ਉਮੀਦਾਂ, ਸੱਧਰਾਂ, ਆਸਾਂ ਅਤੇ ਅਰਦਾਸਾਂ ਦਾ ਮਨੁੱਖੀ ਜੀਵਨ ਵਿਚ ਅਹਿਮ ਰੋਲ ਹੈ। ਸੁਪਨਸਾਜ਼ ਆਪਣੇ ਖ਼ਾਬਾਂ ਦੇ ਕੈਨਵਸ ਵਿਚ ਰੂਹ ਨਾਲ ਰੰਗ ਭਰਦਾ ਹੈ। ਕੁਝ ਖ਼ਾਬ ਸਮੁੰਦਰ ਵਾਂਗ ਬੇਪ੍ਰਵਾਹ ਤੇ ਵਸੀਹ। ਕੁਝ ਰਮਣੀਕ ਹਵਾਵਾਂ ਵਰਗੇ। ਕਦੇ-ਕਦੇ ਇਨਸਾਨ ਜਾਗਦਿਆਂ ਵੀ ਅਲੌਕਿਕ ਚਮਤਕਾਰ ਦੇਖ ਲੈਂਦਾ ਹੈ। ਡਾ. ਗੁਰਬਖ਼ਸ਼ ਭੰਡਾਲ ਦੀ ਛਾਤੀ ਉਪਰ ਸੌਂ ਰਹੀ ਛੋਟੀ ਬੱਚੀ ਦੀ ਘੂਕ ਨੀਂਦਰ ਦੌਰਾਨ ਉਸ ਦੇ ਮਨ ਅੰਦਰ ਬਚਪਨੀ ਤਲਿਸਮ ਬਣਦਾ ਹੈ। ਬੱਚੀ ਦੀ ਅੱਖ ਖੁੱਲ੍ਹਦਿਆਂ ਹੀ ਟੁੱਟ ਜਾਂਦਾ ਹੈ, ਜਿਸ ਨੂੰ ਉਸ ਨੇ 'ਤਲਿਸਮ' ਕਵਿਤਾ ਦੇ ਰੰਗ ਵਿੱਚ ਰੰਗਿਆ ਹੈ...

ਬੱਚੀ ਨੂੰ ਸੁੱਤਿਆਂ ਦੇਖ
ਮੇਰਾ ਬਚਪਨਾ ਪਰਤਿਆ
ਜਾਪਿਆ ਮੈਂ ਬਾਪ ਦੀ ਗੋਦ 'ਚ
ਨੀਂਦ ਦੇ ਹਿਲੋਰੇ ਮਾਣ ਰਿਹਾ ਹੋਵਾਂ।
ਬੱਚੀ ਜਾਗ ਪੈਂਦੀ ਹੈ
ਮੇਰਾ ਬਚਪਨੀ ਤਲਿਸਮ ਟੁੱਟ ਜਾਂਦਾ ਹੈ
ਤੇ ਮੈਂ ਬਜ਼ੁਰਗ ਬਣ ਜਾਂਦਾ ਹਾਂ।

'ਘਰ ਤੇ ਬੱਚੀ' ਰਚਨਾ ਵਿੱਚ ਗੁਰਬਖ਼ਸ਼ ਭੰਡਾਲ ਹੱਸਦੇ ਵੱਸਦੇ ਘਰਾਂ ਅੰਦਰ ਬੱਚਿਆਂ ਦੀ ਚਹਿਲ-ਪਹਿਲ, ਸੁਭਾਗ ਅਤੇ ਅਹਿਮੀਅਤ ਨੂੰ ਪਾਠਕਾਂ ਦੇ ਰੂਬਰੂ ਕਰਦੇ ਹਨ।

ਨਿੱਕੀ ਬੱਚੀ ਘਰ ਆਉਂਦੀ
ਗਮਲਿਆਂ ਦੇ ਬੂਟਿਆਂ ਨੂੰ ਪਾਣੀ ਪਾਉਂਦੀ
ਪੱਤਿਆਂ ਨੂੰ ਪਲੋਸਦੀ
ਤੇ ਬੂਟਿਆਂ ਨਾਲ ਗੱਲਾਂ ਕਰਦੀ...
ਸੱਚੀਂ!
ਬੱਚੀ ਦੀ ਹਾਜ਼ਰੀ ਵਿਚ
ਘਰ, ਬੱਚਾ ਬਣ ਜਾਂਦਾ
ਅਤੇ ਬੱਚੀ, ਘਰ ਬਣ ਜਾਂਦੀ।

ਅਸੀਂ ਅਕਸਰ ਸੁਣਦੇ ਹਾਂ ਜਾਂ ਫਿਰ ਕਹਿ ਦਿੰਦੇ ਹਾਂ ਕਿ ਕੁੜੀਆਂ ਦਾ ਨਾ ਪੇਕਾ ਤੇ ਨਾ ਹੀ ਸਹੁਰਾ ਘਰ ਆਪਣਾ ਬਣਦਾ ਹੈ। ਪਰ ਮੈਨੂੰ ਲੱਗਦਾ ਹੈ ਕਿ ਪੇਕਿਆਂ ਅਤੇ ਸਹੁਰਿਆਂ ਦੇ ਬੇਜਾਨ 'ਮਕਾਨ' ਸਿਰਫ਼ ਕੁੜੀਆਂ ਕਰਕੇ ਹੀ ਹੱਸਦੇ-ਵੱਸਦੇ 'ਘਰ' ਬਣੇ ਰਹਿੰਦੇ ਹਨ। ਗੁਰਬਖ਼ਸ਼ ਭੰਡਾਲ ਦੀ ਖ਼ੂਬਸੂਰਤ ਰਚਨਾ 'ਧੀਆਂ ਪੇਕੇ ਆਉਂਦੀਆਂ' ਨੂੰ ਪੜ੍ਹਦਿਆਂ ਅਤੇ ਮਾਣਦਿਆਂ ਵੀ ਇੰਜ ਮਹਿਸੂਸ ਹੁੰਦਾ ਹੈ।

ਕਦੇ ਕਦਾਈਂ
ਚਾਈਂ ਚਾਈਂ
ਧੀਆਂ ਦਾ ਆਉਣਾ
ਘਰ ਨੂੰ ਬਹੁਤ ਚੰਗਾ ਲੱਗਦਾ।
ਸੱਚੀਂ !
ਧੀਆਂ ਪੇਕੇ ਆਉਂਦੀਆਂ
ਤਾਂ ਸੁੰਨੇ ਘਰ ਨੂੰ ਧੜਕਣ ਲਾਉਂਦੀਆਂ।

ਮਿੱਟੀ, ਪੌਣ, ਪਾਣੀ, ਬੱਦਲ, ਬਨਸਪਤੀ ਅਤੇ ਚਾਨਣ ਦੀਆਂ ਰਿਸ਼ਮਾਂ ਦਾ ਮਨੁੱਖ ਦੇ ਜੀਵਨ ਨਾਲ ਅਨਿੱਖੜਵਾਂ ਸਬੰਧ ਹੈ। ਅਜੋਕਾ ਮਨੁੱਖ ਆਪਣੇ ਮੂਲ ਆਧਾਰ ਨੂੰ ਵਿੱਸਰ ਕੇ ਭਟਕਦਾ ਫਿਰਦਾ ਹੈ। ਖ਼ੁਦ ਨੂੰ ਖ਼ੁਦ ਹੀ ਤਬਾਹ ਕਰਨ 'ਤੇ ਤੁਲਿਆ ਹੋਇਆ ਹੈ। 'ਆਪਣਾ ਮੂਲੁ ਪਛਾਣੁ' ਕਵਿਤਾ ਵਿੱਚ ਭੰਡਾਲ ਜੀ ਦਾ ਮਨ ਆਪਣੇ ਆਧਾਰ ਨੂੰ ਪਛਾਣਨ ਲਈ ਅੰਤਰੀਵ 'ਚ ਝਾਕਣ ਦੀ ਤਾਕੀਦ ਗੁਰਬਾਣੀ ਦੀਆਂ ਲਾਈਨਾਂ ਨਾਲ ਕਰਦੇ ਨੇ...

ਮੈਂ ਅੰਦਰ ਨੂੰ ਮੁੜਿਆ ਤੇ ਹੈਰਾਨ ਰਹਿ ਗਿਆ
ਮੇਰੇ ਅੰਤਰੀਵ 'ਚ,
'ਮਨ ਤੂੰ ਜੋਤਿ ਸਰੂਪੁ ਹੈ
ਆਪਣਾ ਮੂਲੁ ਪਛਾਣੁ।'
ਸ਼ਬਦ ਗੂੰਜ ਰਿਹਾ ਸੀ।

'ਭੇਤ' ਵੀ ਅਜਿਹੇ ਰੰਗਾਂ ਰੂਪਾਂ ਅਤੇ ਰਸਾਂ ਵਾਲੀ ਦਾਰਸ਼ਨਿਕ ਰਚਨਾ ਹੈ।

ਕਵੀ ਆਪਣੇ ਆਲੇ-ਦੁਆਲੇ ਅਤੇ ਕਾਇਨਾਤ ਨੂੰ ਅਲੱਗ ਨਜ਼ਰੀਏ ਨਾਲ ਦੇਖਦਿਆਂ ਵਿਲੱਖਣ ਅਹਿਸਾਸਾਂ ਅਤੇ ਅਨੁਭਵਾਂ ਨੂੰ ਆਪਣੇ ਕਾਵਿ-ਮਨ ਵਿਚ ਉਤਾਰ ਲੈਂਦਾ ਹੈ। ਫੇਰ ਉਹੀ ਅਨੁਭਵ ਲਫਜ਼ਾਂ ਵਿਚ ਪਰੋ ਕੇ ਪਾਠਕਾਂ ਨਾਲ ਸਾਂਝੇ ਕਰਦਾ ਹੈ। ਡਾ. ਭੰਡਾਲ ਆਪਣੀ ਬਾਕਮਾਲ ਰਚਨਾ 'ਪੱਤੇ ਕਵਿਤਾ ਲਿਖਦੇ ਨੇ' ਵਿੱਚ ਪੱਤੇ ਦੇ ਜੀਵਨ-ਸਫ਼ਰ ਦੀ ਗੱਲ ਕਰਦੇ ਨੇ। ਬਿਰਖ ਦੀਆਂ ਟਾਹਣੀਆਂ 'ਤੇ ਪੁੰਗਰਨ ਤੋਂ ਲੈ ਕੇ ਪਤਝੜ ਵਿੱਚ ਲਾਲ-ਪੀਲ਼ੇ ਰੰਗਾਂ ਨਾਲ ਜ਼ਮੀਨ 'ਤੇ ਕਿਰਦਿਆਂ, ਹਵਾ ਸੰਗ ਉਡਦਿਆਂ ਤੇ ਆਖ਼ਰ ਮਿੱਟੀ ਦੇ ਹੀ ਹੁੰਦਿਆਂ...


ਪੱਤੇ ਤਾਂ ਕਵਿਤਾ ਸਿਰਜਦੇ
ਰੰਗਾਂ ਦੀ ਚਾਦਰ ਵਿਛਾਉਂਦਿਆਂ,
ਮਹਿਫ਼ਲ ਸਜਾਉਂਦਿਆਂ,
ਬੀਤੇ ਦੇ ਸੋਹਲੇ ਗਾਉਂਦਿਆਂ,
ਤੇ ਮੌਤ ਦੇ ਜਸ਼ਨ ਮਨਾਉਂਦਿਆਂ।

ਪਰਦੇਸ ਦੀ ਤ੍ਰਾਸਦੀ ਅਤੇ ਦੂਹਰੀ ਜ਼ਿੰਦਗੀ ਦੇ ਸੰਤਾਪ ਨੂੰ ਇੱਕ ਪਰਦੇਸੀ ਤੋਂ ਜ਼ਿਆਦਾ ਹੋਰ ਕੌਣ ਜਾਣੇ? ਬਾਸ਼ਿੰਦਿਆਂ ਤੋਂ ਵਿਹੂਣੇ ਹੱਸਦੇ ਵੱਸਦੇ ਘਰ ਖੋਲ਼ੇ ਬਣਦਿਆਂ ਭੁਰ-ਭੁਰ ਮਿੱਟੀ ਦਾ ਢੇਰ ਬਣ ਜਾਂਦੇ ਹਨ। ਉਦਾਸ ਪਏ ਬੰਦ ਦਰਵਾਜ਼ੇ ਅਤੇ ਜੰਗਾਲ਼ ਨਾਲ ਖਾਧੇ ਜਿੰਦਰੇ ਸੁੰਨੀਆਂ ਗਲੀਆਂ ਨਾਲ ਸਵੇਰ ਸ਼ਾਮ ਸੁਆਲ ਕਰਦੇ ਹਨ ਕਿ ਖੱਟਣ ਕਮਾਉਣ ਗਏ ਪਰਦੇਸੀ ਆਖ਼ਰ ਕਦੋਂ ਮੁੜਨਗੇ? ਖੁਸ਼ੀਆਂ ਅਤੇ ਚਾਵਾਂ ਦੀ ਰੁੱਤ ਕਦੋਂ ਮੁੜੇਗੀ? ਕਦੇ ਮੁੜੇਗੀ ਵੀ ਕਿ ਨਹੀਂ? ਡਾ. ਭੰਡਾਲ ਦਾ ਪਰਦੇਸੀ ਮਨ 'ਅੱਧਜਲੀ ਮੋਮਬੱਤੀ' ਰਚਨਾ ਵਿਚ ਕਈ ਕੁਛ ਬੋਲ ਗਿਆ...

ਬੜੇ ਚਿਰ ਬਾਅਦ
ਮੈਂ ਆਪਣੇ ਵਤਨ ਪਰਤਿਆ ਹਾਂ...
ਬੰਨੇਰੇ ਤੇ ਇੱਕ ਅੱਧਜਲੀ ਮੋਮਬੱਤੀ
ਪਤਾ ਨਹੀਂ ਕਿੰਨੇ ਚਿਰ ਤੋਂ
ਨਿਆਮਤੀ ਹੱਥਾਂ ਨੂੰ ਉਡੀਕ ਰਹੀ ਹੈ
ਮੈਂ ਮੋਮਬੱਤੀ ਜਗਾਉਂਦਾ ਹਾਂ
ਰੋਸ਼ਨੀ ਨਾਲ ਭਰ ਜਾਂਦਾ ਹੈ ਬੰਨੇਰਾ ਤੇ ਵਿਹੜਾ
ਤੇ ਬੰਦ ਪਿਆ ਮਕਾਨ ਘਰ ਬਣ ਜਾਂਦਾ ਹੈ।

ਅਜਿਹੀਆਂ ਹੀ ਕਵਿਤਾਵਾਂ 'ਮੈਂ ਪਿੰਡ ਤੋਂ ਪਰਤਿਆਂ' ਅਤੇ 'ਦਸਤਕ' ਵਿੱਚ ਇੱਕ ਪ੍ਰਵਾਸੀ ਮਨ ਦੀ ਆਪਣੀ ਜਨਮ ਭੋਇੰ ਤੋਂ ਵਖਰੇਵੇਂ ਅਤੇ ਵਿਛੋੜੇ ਦੇ ਦਰਦ ਦੀ ਚੀਸ ਸੁਣਦੀ ਅਤੇ ਮਹਿਸੂਸ ਹੁੰਦੀ ਹੈ। ਵੰਡਾਂ ਅਤੇ ਉਜਾੜਿਆਂ ਦੇ ਫੱਟ ਕਦੋਂ ਮਿਟਦੇ ਨੇ? ਉਹ ਤਾਂ ਰਿਸਦੇ ਨੇ!

ਫਿਰਨੀ ਤਾਕ ਫੈਲੇ
ਇੱਟਾਂ ਪੱਥਰਾਂ ਦੇ ਜੰਗਲ 'ਚ
ਕਿਧਰੇ ਨਜ਼ਰ ਨਾ ਆਇਆ
ਬੁੱਢੇ ਘਰ ਦਾ ਦਰਵਾਜ਼ਾ
ਅਤੇ
ਮੈਂ 'ਬੇਘਰਾ' ਜੇਹਾ ਹੋ
ਪਿੰਡ ਤੋਂ ਪਰਤ ਆਇਆ ਹਾਂ।
ਦਸਤਕ...




ਬੰਦ ਦਰਾਂ ਨੇ
ਪ੍ਰਦੇਸੀ ਪੁੱਤ ਦੀ ਪੈੜ-ਚਾਲ ਸੁਣੀ
ਕੰਧਾਂ ਤੇ ਕਮਰੇ
ਜਿਉਂਦੇ ਹੋ ਗਏ।
ਮੈਂ
ਪਹਿਲੀ ਵਾਰ
ਵਾਹਗੇ ਦੀ ਲੀਕ ਟੱਪਿਆ
ਪੁਰਖ਼ਿਆਂ ਦੀ ਧਰਤੀ
ਪੈਰਾਂ ਨੂੰ ਚਿੰਬੜ ਗਈ।

ਮਨੁੱਖੀ ਤਾਣੇ-ਬਾਣੇ ਦੀਆਂ ਵਿਭਿੰਨ ਤੰਦਾਂ ਵਿੱਚੋਂ 'ਦੋਸਤੀ' ਇੱਕ ਅਜਿਹਾ ਪਵਿੱਤਰ ਅਤੇ ਖ਼ੂਬਸੂਰਤ ਬੰਧਨ ਹੈ ਜੋ ਆਪਸੀ ਪਿਆਰ, ਭਰੋਸੇ ਅਤੇ ਸੱਚਾਈ ਉੱਤੇ ਟਿਕਿਆ ਹੁੰਦਾ ਹੈ। ਦੋਸਤ ਸੁੱਖ-ਦੁੱਖ ਵਿੱਚ ਸਾਥ ਦਿੰਦੇ ਅਤੇ ਆਪਣੇ ਢਿੱਡ ਤੇ ਦਿਲ ਦੀਆਂ ਗੱਲਾਂ ਸਾਂਝੀਆਂ ਕਰਦੇ ਹਨ। ਉਦਾਸ ਪਲਾਂ ਵਿੱਚੋਂ ਉਪਜੀ 'ਤਸਵੀਰ' ਕਵਿਤਾ ਦੇ ਸ਼ਬਦ ਗੁਰਬਖ਼ਸ਼ ਭੰਡਾਲ ਦੇ ਦੋਸਤੀ ਪ੍ਰਤੀ ਅਨੁਭਵਾਂ ਦਾ ਆਪ ਮੁਹਾਰਾ ਪ੍ਰਵਾਹ ਹੈ। ਜਿਉਂਦੇ-ਜਾਗਦੇ ਅਜ਼ੀਜ਼ ਦੋਸਤ ਦਾ ਇੱਕ ਦਿਨ ਤਸਵੀਰ ਬਣ ਜਾਣਾ ਰੂਹ ਨੂੰ ਧੂਹ ਤਾਂ ਪਾਏਗਾ ਹੀ!

ਤਸਵੀਰ
ਇਹ ਅਕਸਰ ਹੀ
ਮੇਰੀਆਂ ਯਾਦਾਂ ਵਿੱਚ ਉਤਰੇਗੀ
ਮੈਨੂੰ ਬਹੁਤ ਰੁਆਵੇਗੀ
ਅਤੇ ਬੀਤੇ ਨੂੰ ਮੋੜ ਲਿਆਣ ਲਈ ਤਰਲੇ ਪਾਵੇਗੀ।

ਪੁਸਤਕ ਦੇ ਸਿਰਲੇਖ ਵਾਲੀ ਕਵਿਤਾ, 'ਬੱਚਿਓ! ਸਾਨੂੰ ਮੁਆਫ਼ ਕਰਨਾ' ਬਹੁਤ ਗਹਿਰੇ ਅਨੁਭਵਾਂ ਤੇ ਅਹਿਸਾਸਾਂ ਨੂੰ ਪ੍ਰਗਟਾਉਂਦੀ ਸਿਰਜਣਾ ਹੈ। ਮਹਿਜ਼ ਇੱਕ ਕਵਿਤਾ ਹੀ ਨਹੀਂ, ਬਲਕਿ, ਏਸ ਬੰਬਾਰੀਆਂ, ਤਬਾਹੀਆਂ ਅਤੇ ਮਨੁੱਖਤਾ ਦੇ ਘਾਣ ਨਾਲ ਝੰਬੇ ਅਤੇ ਉਦਾਸ ਯੁੱਗ ਦੀ ਤ੍ਰਾਸਦੀ ਦਾ ਦਸਤਾਵੇਜ਼ ਹੈ। ਸੰਵੇਦਨਸ਼ੀਲ ਮਨ ਵਿੱਚੋਂ ਉਪਜਿਆ ਮੁਆਫ਼ੀਨਾਮਾ ਹੈ! ਦੁਨੀਆ ਦੇ ਹਰੇਕ ਕੋਨੇ ਵਿਚ ਜੰਗਾਂ ਕਾਰਨ ਕਿਤਨੀਆਂ ਬੇਕਸੂਰ ਜਾਨਾਂ ਇਸ ਜਹਾਨ ਤੋਂ ਅਜਾਈਂ ਤੁਰ ਰਹੀਆਂ ਹਨ। ਨੈਣਾਂ ਵਿਚੋਂ ਨਾ-ਵਗਣ ਵਾਲੇ ਅੱਥਰੂ ਅੰਦਰੋਂ-ਅੰਦਰੀਂ ਮਨੁੱਖ ਅਤੇ ਮਨੁੱਖਤਾ ਨੂੰ ਤਬਾਹ ਕਰ ਰਹੇ ਹਨ...

ਬੱਚਿਓ! ਸਾਨੂੰ ਮੁਆਫ਼ ਕਰਨਾ
ਘਰਾਂ ਵਿੱਚ ਉੱਗੀਆਂ ਕਬਰਾਂ ਫਰੋਲਦੇ
ਬੇਬਸ, ਮਸੂਮ, ਤੇ ਯਤੀਮ ਬੱਚਿਓ
ਸਾਨੂੰ ਵੱਡਿਆਂ ਨੂੰ ਮੁਆਫ਼ ਕਰਨਾ
ਅਸੀਂ ਤੁਹਾਡੇ ਬਚਾਅ ਲਈ ਕੁਝ ਨਹੀਂ ਕਰ ਸਕੇ।

'ਬੱਚੀ ਜਦ ਸਕੂਲੋਂ ਨਹੀਂ ਪਰਤਦੀ' ਵੀ ਡੂੰਘੇ ਅਤੇ ਜੜ੍ਹਾਂ ਵਾਲੇ ਰਿਸਦੇ ਜ਼ਖ਼ਮਾਂ ਦੀ ਉਦਾਸੀ ਭਰੀ ਦਾਸਤਾਨ ਹੈ...

ਬੱਚੀ ਦਾ ਸਕੂਲੋਂ ਨਾ ਪਰਤਣਾ
ਘਰ ਨੂੰ ਸੂਲ਼ੀ 'ਤੇ ਟੰਗਦਾ
ਤਿੱਲ ਤਿੱਲ ਮਰਦੀ ਮਾਂ
ਹੱਥ ਜੋੜ ਕੇ ਕਹਿੰਦੀ,
'ਐ ਖ਼ੁਦਾ !
ਬੰਬਾਂ ਦੀ ਬਰਸਾਤੀਂ
ਮੇਰੀ ਧੀ ਲਈ ਛੱਤਰੀ ਬਣੀਂ...

ਇਸ ਕਾਵਿ ਸੰਗ੍ਰਹਿ ਦੀਆਂ ਆਖ਼ਰੀ ਤਿੰਨ ਕਵਿਤਾਵਾਂ, 'ਮਿਲ ਜਾ ਸੱਜਣ', 'ਲਾਸ਼ਾਂ' ਅਤੇ 'ਕਵਿਤਾ ਦਾ ਹਰਫ਼ਨਾਮਾ' ਲੰਮੀਆਂ ਕਵਿਤਾਵਾਂ ਹਨ ਜਿਨ੍ਹਾਂ ਦੇ ਅੰਤਰੀਵ ਅੰਦਰ ਖ਼ੂਬਸੂਰਤ ਅਤੇ ਭਾਵਪੂਰਤ ਸੁਨੇਹੇ ਹਨ। ਪਾਠਕਾਂ ਨਾਲ ਕੁੱਝ ਲਾਈਨਾਂ ਸਾਂਝੀਆਂ ਕਰਦੇ ਹਾਂ...

**ਮਿਲ ਜਾ ਸੱਜਣ...**

ਦੋਸਤਾ
ਕਦੇ ਤਾਂ ਮਿਲ ਜਾ
ਕਿਧਰੇ ਦੇਰ ਨਾ ਹੋ ਜਾਵੇ
ਮੈਂ ਦਰਾਂ ਤੇ ਤੇਰੀ ਦਸਤਕ ਨੂੰ ਉਡੀਕਦਾ ਹਾਂ
ਮੇਰੇ ਜਾਣ ਤੋਂ ਬਾਅਦ
ਬੰਦ ਦਰਾਂ ਨੇ ਤੈਨੂੰ ਹੁੰਗਾਰਾ ਨਹੀਂ ਭਰਨਾ।
ਮਿਲਾਂਗੇ ਸੱਜਣ
ਜਿਵੇਂ
ਸਰੀਰ ਨੂੰ ਸਾਹ
ਮੰਜ਼ਲਾਂ ਨੂੰ ਰਾਹ
ਅੱਖਰਾਂ ਵਿੱਚ ਸ਼ਬਦ
ਸ਼ਬਦਾਂ ਵਿੱਚ ਅਰਥ
ਅਤੇ ਅਰਥਾਂ ਵਿੱਚ ਲੋਅ।

**ਲਾਸ਼ਾਂ...**

ਸਿਰਫ਼ ਉਹ ਨਹੀਂ ਹੁੰਦੀਆਂ
ਜੋ ਸਿਵਿਆਂ 'ਚ ਸੜਦੀਆਂ
ਕਬਰਾਂ 'ਚ ਦਫ਼ਨਾਈਆਂ ਜਾਂਦੀਆਂ
ਜਾਂ ਦਰਿਆਵਾਂ 'ਚ ਰੋੜ੍ਹੀਆਂ ਜਾਂਦੀਆਂ
ਸਗੋਂ
ਅਸੀਂ ਸਾਰੇ ਤੁਰਦੀਆਂ ਫਿਰਦੀਆਂ ਲਾਸ਼ਾਂ
ਜੋ ਮਰ ਚੁੱਕੇ ਭਾਵਾਂ ਦੀ ਅਰਥੀ ਚੁੱਕੀ
ਆਪਣਾ ਮਰਸੀਆ ਅਲਾਹੁੰਦੇ
ਕਬਰਾਂ ਮੱਲਣ ਲਈ ਕਾਹਲੇ।

**ਲਾਸ਼ਾਂ ਦੀ ਰੁੱਤ**

ਵਿਹੜਿਆਂ ਵਿਚ ਉੱਤਰ ਆਈ ਹੈ
ਚੌਗਿਰਦੇ ਵਿਚ ਛਹਿ ਗਈ ਏ ਚੁੱਪ
ਅੱਖਾਂ 'ਚ ਉਗਦੀਆਂ ਨੇ ਅਰਥੀਆਂ
ਸ਼ਬਦਾਂ ਵਿੱਚ ਬਲਦੇ ਨੇ ਸਿਵੇ
ਵਾਕਾਂ ਵਿਚ ਨੇ ਵੈਣ ਤੇ ਕੀਰਨੇ
ਕਿਤਾਬਾਂ 'ਚ ਉਗਦੀਆਂ ਨੇ ਕਬਰਾਂ
ਅਤੇ ਆਲੇ-ਦੁਆਲੇ ਲਾਸ਼ਾਂ ਹੀ ਲਾਸ਼ਾਂ।

'ਕਵਿਤਾ' ਕੀ ਹੈ?

ਇਹ ਸਵਾਲ ਅਕਸਰ ਪੁੱਛਿਆ, ਦੱਸਿਆ ਅਤੇ ਕਵੀਆਂ ਵੱਲੋਂ ਸਮਝਾਇਆ ਵੀ ਜਾਂਦਾ ਹੈ। ਕਦੇ-ਕਦੇ ਖੱਲ੍ਹੀ ਜਾਂ ਛੰਦ-ਬੱਧ ਵਾਲੀ ਕਵਿਤਾ ਦਾ ਭੰਬਲਭੂਸਾ ਵੀ ਪਾਇਆ ਜਾਂਦਾ ਹੈ। ਅਜਿਹੇ ਵਿਸ਼ੇ ਨੂੰ ਸਮਰਪਿਤ 'ਕਵਿਤਾ ਦਾ ਹਰਫ਼ਨਾਮਾ' ਅੰਦਰ ਕਵਿਤਾ ਦੀ ਪਰਿਭਾਸ਼ਾ ਨੂੰ ਸੁਹਜ ਅਤੇ ਵਿਲੱਖਣ ਰੰਗ ਵਿੱਚ ਰੰਗਿਆ ਹੈ, ਗੁਰਬਖ਼ਸ਼ ਭੰਡਾਲ ਦੇ ਕਾਵਿ ਮਨ ਨੇ। ਕਵਿਤਾ ਅੰਤਰੀਵ 'ਚ ਸਮਾਏ ਨਜ਼ਰੀਏ ਦੀ ਗੱਲ ਕੀਤੀ ਹੈ। ਕਵਿਤਾ ਕੋਈ ਸ਼ਬਦਾਂ ਦਾ ਜਾਲ ਨਹੀਂ ਹੁੰਦੀ ਅਤੇ ਨਾ ਹੀ ਤੁਕਬੰਦੀ। ਕਵੀ ਦੇ ਕਵਿਤਾ ਨੂੰ ਜਿਉਣ ਦੀ ਬਾਤ ਪਾਈ ਹੈ। ਕਵੀ ਅਤੇ ਕਵਿਤਾ ਦੇ ਸੰਗਮ ਦੀ ਗੱਲ ਕੀਤੀ ਹੈ।

ਸੋਹਣਿਆਂ !
ਤੂੰ ਪੁੱਛਦੈਂ ਕਵਿਤਾ ਕੀ ਏ ?
ਕਵਿਤਾ
ਨਾ ਹੀ ਸ਼ਬਦ-ਜਾਲ
ਨਾ ਹੀ ਕੋਈ ਭਰਮ-ਖ਼ਿਆਲ
ਇਹ ਤਾਂ ਸਰੋਕਾਰ, ਸੰਵੇਦਨਾ
ਹਰਫ਼ੀਂ ਬੈਠੀ ਸੁਹਜ-ਸੁਚੇਤਨਾ
ਅਹਿਸਾਸਾਂ ਦੀ ਬੀਹੀ 'ਚ ਗੇੜੀ
ਸੁਪਨ, ਸੋਚ, ਸ਼ਬਦਾਂ ਦੀ ਬੇੜੀ।
... ਜਦ ਵੀ ਮੈਂ
ਬਹੁਤ ਉਦਾਸ ਹੋਵਾਂ
ਹਤਾਸ਼ ਹੋਵਾਂ, ਨਿਰਾਸ਼ ਹੋਵਾਂ
ਬੇ-ਆਸ ਹੋਵਾਂ, ਤੇ ਜ਼ਿੰਦਾ ਲਾਸ਼ ਹੋਵਾਂ
ਤਾਂ
ਕਵਿਤਾ ਮੈਨੂੰ ਪੁਚਕਾਰਦੀ
ਬਾਹਾਂ 'ਚ ਲੈ ਦੁਲਾਰਦੀ
ਨਿਹਾਰਦੀ ਤੇ ਪਿਆਰਦੀ
ਬਲਾਵਾਂ ਉਤਾਰਦੀ...

ਡਾ. ਗੁਰਬਖ਼ਸ਼ ਭੰਡਾਲ ਨੇ ਇਸ ਕਾਵਿ ਸੰਗ੍ਰਹਿ ਨੂੰ ਖ਼ੂਬਸੂਰਤ ਸਤਰਾਂ ਨਾਲ ਨਿਰੰਤਰ ਚੱਲਦਿਆਂ ਰਹਿਣ ਦਿੱਤਾ ਹੈ... 'ਉਸ ਕਵਿਤਾ ਦੇ ਨਾਮ ਜੋ ਅਜੇ ਉਨ੍ਹਾਂ ਲਿਖਣੀ ਹੈ'।

ਕਵਿਤਾ ਨੇ...
ਮੈਨੂੰ ਮੇਰਾ ਮੂਲ ਸਮਝਾਇਆ
ਜੀਵਨ-ਪਰਤਾਂ ਤੋਂ ਪਰਦਾ ਲਾਹਿਆ
ਮਰ ਕੇ ਜੀਣ ਦਾ ਮੰਤਰ ਪੜ੍ਹਾਇਆ
ਨਾਦੀ ਰਾਗ ਸੁਣਾਇਆ
ਤੇ ਮੈਨੂੰ ਖ਼ੁਦ ਦੇ ਲੜ ਲਾਇਆ।


ਇਸ ਪੁਸਤਕ ਵਿੱਚ ਕਈ ਹੋਰ ਖ਼ੂਬਸੂਰਤ ਕਵਿਤਾਵਾਂ ਸ਼ਾਮਲ ਹਨ ਜੋ ਪਾਠਕ ਨੂੰ ਆਪਣੇ ਨਾਲ ਜੋੜੀ ਅਤੇ ਤੋਰੀ ਰੱਖਦੀਆਂ ਹਨ। ਪਾਠਕ ਵਜੋਂ ਮੈਂ ਇਤਨਾ ਕਹਿ ਸਕਦਾ ਹਾਂ ਕਿ ਇਹ ਕਾਵਿ ਸੰਗ੍ਰਹਿ ਸੰਵੇਦਨਸ਼ੀਲ ਅਤੇ ਵਿਚਾਰਪੂਰਨ ਸਾਹਿਤਕ ਰਚਨਾ ਹੈ ਜੋ ਪਾਠਕਾਂ ਨੂੰ ਆਪਣੇ ਅੰਦਰ ਝਾਤੀ ਮਾਰਨ ਲਈ ਪ੍ਰੇਰਿਤ ਕਰਦੀ ਹੈ। ਡਾ. ਗੁਰਬਖ਼ਸ਼ ਸਿੰਘ ਭੰਡਾਲ ਨੂੰ ਮੁਬਾਰਕਬਾਦ ਦਿੰਦਿਆਂ ਪੰਜਾਬੀ ਸਾਹਿਤ ਪ੍ਰੇਮੀਆਂ ਨੂੰ ਇਸ 'ਮਾਫ਼ੀਨਾਮੇ' ਨੂੰ ਪੜ੍ਹਨ ਦੀ ਪੁਰਜ਼ੋਰ ਸਿਫ਼ਾਰਸ਼ ਵੀ ਕਰਦਾ ਹਾਂ।

ਜ਼ਿੰਦਗੀ ਜ਼ਿੰਦਾਬਾਦ।

# ਇਹੁ ਜਨਮੁ ਤੁਮਹਾਰੇ ਲੇਖੇ !

## ਕਿਸ਼ਤ - 25

***ਪੰਜਾਬੀ ਸਾਹਿਤ ਨੂੰ ਕਣਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਨਾਵਲ ਦੀ 25ਵੀਂ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ***




ਚਰਨਜੀਤ ਨਾਲ ਦੋਸਤੀ ਵਿਚ ਫਿੱਕ ਬੰਬਈ ਜਾ ਕੇ ਪਈ ਸੀ, ਬਾਕੀ ਸਭ ਇਸ ਘਰ ਵਿਚ ਰਹਿੰਦਿਆਂ ਚਿਰੋਕਣੇ ਉਸ ਦੇ ਜੀਵਨ ਵਿਚੋਂ ਨਿੱਕਲ ਚੁੱਕੇ ਸਨ। ਉਹ ਜੀਵਨ ਵਿਚੋਂ ਹੀ ਨਹੀਂ, ਮਨ ਵਿਚੋਂ ਵੀ ਨਿੱਕਲ ਚੁੱਕੇ ਸਨ। ਇਕ ਬੱਸ ਸਾਹਿਰ ਸੀ ਜੋ ਭਾਵੇਂ ਪਿਆਰ ਦੇ ਅਫ਼ਸਾਨੇ ਨੂੰ ਅਧੂਰਾ ਛੱਡ ਗਿਆ ਸੀ, ਪਰ ਅੱਜ ਤੱਕ ਨਸ-ਨਸ ਵਿਚ ਸਮਾਇਆ ਹੋਇਆ ਸੀ। ਚਰਨਜੀਤ ਆਇਆ ਤੇ ਸਾਉਣ ਦੀ ਘਟਾ ਵਾਂਗ ਮਨ ਦੇ ਅੰਬਰ ਉੱਤੇ ਛਾ ਗਿਆ। ਤਾਂ ਵੀ ਜਗਦੀਪ ਨੇ ਅੰਬਰ ਦਾ ਉਹ ਟੋਟਾ ਬਚਾ ਰੱਖਿਆ ਜੋ ਸਿਰਫ਼ ਤੇ ਸਿਰਫ਼ ਸਾਹਿਰ ਦਾ ਸੀ। ਇਹਨਾਂ ਉਦਾਸ-ਮਾਯੂਸ ਦਿਨਾਂ ਦੀ ਇਕੱਲ ਵਿਚ ਸਾਹਿਰ ਦਾ ਯਾਦ ਆਉਣਾ ਤਾਂ ਸੁਭਾਵਿਕ ਸੀ। ਉਹ ਛੱਡ ਕੇ ਚਲੇ ਜਾਣ ਦੇ ਬਾਵਜੂਦ ਦਿਲ ਵਿਚੋਂ ਨਹੀਂ ਸੀ ਨਿੱਕਲ ਸਕਿਆ। ਬਾਕੀ ਸਭ ਦੀਆਂ ਚੰਗੀਆਂ-ਬੁਰੀਆਂ ਯਾਦਾਂ ਮੁੜ-ਮੁੜ ਕਿਉਂ ਪਰੇਸ਼ਾਨ ਕਰ ਰਹੀਆਂ ਸਨ!



ਚਰਨਜੀਤ ਵਾਲੇ ਕਿੱਸੇ ਨਾਲ ਗੁਰੂ ਸਾਹਮਣੇ, ਸਾਹਿਤਕ ਸੰਸਾਰ ਸਾਹਮਣੇ, ਸਮਾਜ ਸਾਹਮਣੇ ਜੋ ਹੇਠੀ ਹੋਈ ਸੀ, ਉਸ ਨੂੰ ਉਹ ਨਾਰੀ ਦੀ ਆਜ਼ਾਦੀ ਦੇ ਵਿਚਾਰ ਦੀ ਚਾਦਰ ਨਾਲ ਕੱਜਣਾ ਚਾਹੁੰਦੀ। ਪਰ ਅਹਿਸਾਸ ਏਨਾ ਤਿੱਖਾ ਸੀ ਕਿ

**ਗੁਰਬਚਨ ਸਿੰਘ ਭੁੱਲਰ**
**ਫੋਨ:+91 8076363058**
**bhullargs@gmail.com**

ਉਹ ਚਾਦਰ ਵਿਚੋਂ ਸਿੰਮ ਕੇ ਬਾਹਰ ਡੁੱਲ੍ਹਣ ਲਗਦਾ। ਮਨ ਦੀ ਇਸ ਡਾਵਾਂਡੋਲ ਹਾਲਤ ਵਿਚ ਸਿਰਫ਼ ਚਰਨਜੀਤ ਹੀ ਨਹੀਂ ਸੀ ਉਭਰਦਾ, ਉਹ ਵੀ ਵੇਲੇ-ਕੁਵੇਲੇ ਚੇਤੇ ਵਿਚ ਉਭਰ ਖਲੋਂਦੇ ਸਨ ਜਿਨ੍ਹਾਂ ਨਾਲ ਕਿਸੇ ਸਮੇਂ ਬਣੀ ਥੋੜ੍ਹੀ-ਬਹੁਤੀ ਨੇੜਤਾ ਮੁੱਦਤਾਂ ਤੋਂ ਦੂਰੀ ਬਣ ਚੁੱਕੀ ਸੀ। ਜੋ ਆਪਣੀ ਵਾਰ-ਵਾਰ ਦੀ ਦਸਤਕ ਦੇ ਬਾਵਜੂਦ ਇਸ ਦੇ ਪਿਆਰ ਦਾ ਬੂਹਾ ਅਨਖੁੱਲ੍ਹਿਆ ਦੇਖ ਕੇ ਮੁੱਦਤਾਂ ਪਹਿਲਾਂ ਪਰਤਦੇ ਰਹੇ ਸਨ, ਉਹ ਫੇਰ ਬੰਦ ਬੂਹੇ ਅੱਗੇ ਆ ਬੈਠੇ ਸਨ। ਇਹ ਸਭ ਖ਼ਿਆਲਾਂ ਵਿਚ ਅਜਿਹੀ ਭੀੜ, ਅਜਿਹਾ ਸ਼ੋਰ, ਅਜਿਹੀ ਹੁੰਮਸ ਬਣ ਗਏ ਸਨ ਜਿਸ ਵਿਚ ਘਿਰਿਆਂ ਉਸ ਦੀ ਦਿਨ ਦੀ ਸ਼ਾਂਤੀ ਤੇ ਰਾਤਾਂ ਦੀ ਨੀਂਦ, ਦੋਵੇਂ ਗ਼ਾਇਬ ਹੋ ਗਈਆਂ ਸਨ।

ਗੁਰਮੁਖ ਸਿੰਘ ਦੁਕਾਨ ਚਲਿਆ ਜਾਂਦਾ। ਪਾਰਵਤੀ ਸਵੇਰ ਦਾ ਕੰਮ ਮੁਕਾ ਕੇ ਸ਼ਾਮ ਤੱਕ ਹੋਰ ਘਰ ਭੁਗਤਾਉਣ ਚਲੀ ਜਾਂਦੀ। ਬੱਚੇ ਤਾਂ ਉਸ ਨੇ ਆਪ ਹੀ ਗੁਰਮੁਖ ਸਿੰਘ ਨੂੰ ਆਖ ਕੇ ਹੋਸਟਲ ਵਿਚ ਪੁਜਦੇ ਕੀਤੇ ਹੋਏ ਸਨ। ਉਹ ਇਕੱਲੀ ਰਹਿ ਜਾਂਦੀ ਤਾਂ ਇਸ ਇਕੱਲ ਵਿਚ ਗ਼ਰਕਣ ਲਗਦੀ। ਉਹ ਹੁੰਦੀ ਤੇ ਉਸ ਦਾ ਆਪੇ ਵਿਹਾਜਿਆ ਅਤੀਤ ਹੁੰਦਾ ਜੋ ਮੁੜ-ਮੁੜ ਮਨ ਦੀਆਂ ਅੱਖਾਂ ਅੱਗੇ ਉਭਰਦਾ ਤੇ ਉਸ ਦੇ ਚੈਨ ਨੂੰ ਹਰਾਮ ਕਰਦਾ।

ਮੋਹਨ ਸਿੰਘ ਉਹਦੇ ਪੱਟਾਂ ਉੱਤੇ ਸਿਰ ਰੱਖ ਕੇ ਰੋਣ ਲਗਦਾ। ਸ਼ਾਂਤ ਦੀਆਂ ਭੁੱਖੀਆਂ ਨਜ਼ਰਾਂ ਘਰ ਵਿਚ ਫਿਰਦੀ ਦਾ ਉਸ ਦਾ ਪਿੱਛਾ ਕਰਦੀਆਂ ਰਹਿੰਦੀਆਂ। ਫ਼ਕੀਰੀ ਦਾ ਭੇਖੀ ਸਤਿਮਾਰਗੀ ਮਨ ਦੇ ਬੰਦ ਬੂਹੇ ਦੇ ਬਾਹਰ ਖਲੋਤਾ ਭਿੱਖੂ ਨੂੰ ਭਿਖਸ਼ਾ ਪਾਉਣ ਦੀ ਸਦਾਅ ਦਿੰਦਾ ਰਹਿੰਦਾ। ਅਧਿਆਤਮ ਦਾ ਪਖੰਡੀ ਗਿਆਨਦੂਤ ਸਿੱਲ੍ਹੀਆਂ ਅੱਖਾਂ ਬੰਦ ਕਰ ਕੇ ਤੇ ਕਾਗ਼ਜ਼ ਦਿਖਾ-ਦਿਖਾ ਕੇ ਆਖਦਾ ਰਹਿੰਦਾ, ਮੇਰੇ ਰੱਬ ਜੀ ਤੋਂ ਬਾਅਦ ਦਿਲ ਵਿਚ ਬੱਸ ਤੁਸਾਂ ਲਈ ਹੀ ਸ਼ਰਧਾ-ਭਾਵਨਾ ਹੈ, ਹੋਰ ਨਹੀਂ ਤਾਂ ਇਸ ਸ਼ਰਧਾ ਵਿਚੋਂ ਉਪਜੀ ਦਾਸ ਦੀ ਇਹ ਕਵਿਤਾ ਤਾਂ ਸੁਣ ਲਵੋ। ਕਿੰਨੇ ਹੋਰ ਪਛਾਣੇ-ਬੇਪਛਾਣੇ ਚਿਹਰੇ ਇਹਨਾਂ ਲੋਕਾਂ ਦੇ ਪਿੱਛੇ ਖਲੋਤੇ ਹੋਏ ਹੁੰਦੇ। ਇਹਨਾਂ ਸਭਨਾਂ ਦੀ ਭੀੜ ਬੂਹਾ ਭੰਨਦੀ, ਵਿਹੜੇ ਵਿਚ ਧਮੱਚੜ ਪਾਉਂਦੀ, ਬੂਹੇ-ਬਾਰੀਆਂ ਵਿਚੋਂ ਝਾਤੀਆਂ ਮਾਰਦੀ, ਕੰਧਾਂ ਵਿਚੋਂ ਦੇਖਦੀ, ਉਸ ਦੇ ਲੰਮੀ ਪਿਆਂ ਛੱਤ ਵਿਚੋਂ ਝਾਕਣ ਲਗਦੀ। ਉਹ ਪਰੇਸ਼ਾਨ ਹੋ ਅੱਖਾਂ ਬੰਦ ਕਰ ਕੇ ਕੰਨਾਂ ਉੱਤੇ ਹੱਥ ਰੱਖ ਲੈਂਦੀ ਪਰ ਨਾ ਉਹਨਾਂ ਦੇ ਚਿਹਰੇ ਲੋਪ ਹੁੰਦੇ, ਨਾ ਉਹਨਾਂ ਦੀਆਂ ਆਵਾਜ਼ਾਂ ਅਨਸੁਣੀਆਂ ਹੁੰਦੀਆਂ।

ਦਿਲ ਕਰਦਾ, ਕਿਤੇ ਹੋਰ ਚਲੀ ਜਾਵੇ। ਇਹ ਸਭ ਇਸ ਘਰ ਦੇ ਬੂਹੇ, ਵਿਹੜੇ, ਛੱਤ ਤੇ ਕੰਧਾਂ ਨਾਲ ਟੱਕਰਾਂ ਮਾਰਦੇ ਰਹਿਣ ਤੇ ਉਹ ਚੁੱਪ ਕਰ ਕੇ ਕਿਤੇ ਦੂਰ ਜਾ ਟਿਕਾਣਾ ਕਰੇ। ਦੂਹਰੀ ਮਾਰ ਇਹ ਸੀ ਕਿ ਉਹ ਆਪਣਾ ਦੁੱਖ ਕਿਸੇ ਨਾਲ ਸਾਂਝਾ ਵੀ ਤਾਂ ਨਹੀਂ ਸੀ ਕਰ ਸਕਦੀ। ਇਕ ਬੱਸ ਹਰਵਿੰਦਰ ਸੀ ਜੋ ਹਮਦਰਦੀ ਨਾਲ ਸਭ ਸੁਣ ਸਕਦਾ ਸੀ, ਠਰ੍ਹੰਮੇ ਨਾਲ ਸੋਚ ਸਕਦਾ ਸੀ ਤੇ ਸੁਹਿਰਦ ਸਲਾਹ ਦੇ ਸਕਦਾ ਸੀ। ਉਸ ਨਾਲ ਰਿਸ਼ਤਾ ਅਜਿਹੀ ਗੰਭੀਰ ਸੋਚ-ਵਿਚਾਰ ਦੇ ਹਾਣ ਦਾ ਨਾ ਲਗਦਾ। ਲੇਖਕ ਸੀ ਪਰ ਉਸ ਤੋਂ ਬਹੁਤ ਛੋਟਾ ਸੀ। ਸਾਂਝ ਸੀ ਜਿਸ ਵਿਚ ਸੁਹਿਰਦਤਾ ਤਾਂ ਸੀ ਪਰ ਜਜ਼ਬਾ ਨਹੀਂ। ਇਸ ਦੁਬਿਧਾ ਵਿਚ ਸਿਆਣਿਆਂ ਦੇ ਇਸ ਕਥਨ ਨੇ ਉਸ ਨੂੰ ਨਿਰਣੇ ਉੱਤੇ ਪਹੁੰਚਦੀ ਕਰ ਦਿੱਤਾ ਕਿ ਜੇ ਕੋਈ ਹੋਰ ਨਾ ਮਿਲੇ, ਕੰਧ ਨਾਲ ਸਲਾਹ ਕਰ ਲੈਣੀ ਵੀ ਚੰਗੀ। ਤੇ ਹਰਵਿੰਦਰ ਕੰਧ ਤੋਂ ਤਾਂ ਯਕੀਨਨ ਚੰਗਾ ਸੀ।

ਸਾਰੀ ਗੱਲ ਸੁਣ ਕੇ ਉਹ ਕਹਿੰਦਾ, "ਦੀਦੀ, ਇਸ ਅਹੁਰ ਦਾ ਇਕੋ ਉਪਾਅ ਹੈ, ਸਾਹਿਤ ਦੇ ਹੋ ਰਹਿਣਾ, ਰਚਨਾ ਵਿਚ ਗੁਆਚ ਜਾਣਾ। ਦੀਦੀ, ਪਾਠਕਾਂ ਦੀ ਉਡੀਕ ਪੂਰੀ ਕਰੋ, ਨਵੀਆਂ ਨਜ਼ਮਾਂ ਲਿਖੋ, ਨਵੀਆਂ ਗ਼ਜ਼ਲਾਂ ਲਿਖੋ, ਨਵੇਂ ਕਹਾਣੀਆਂ-ਨਾਵਲ ਲਿਖੋ। ਉਹਨਾਂ ਵਿਚ ਆਪਣੀ ਇਹ ਸਾਰੀ ਭਾਵਨਾ, ਸਾਰੀ ਪੀੜ, ਸਾਰੀ ਦੁਬਿਧਾ ਭਰ ਦਿਉ। ਸਾਰੀ ਸਮੱਸਿਆ ਹੀ ਇਹ ਹੈ, ਦੀਦੀ, ਤੁਹਾਡੇ ਰਚਨਾਕਾਰ ਮਨ ਵਿਚ ਏਨਾ ਕੁਛ ਇਕੱਠਾ ਹੋਇਆ ਪਿਆ ਹੈ ਜੋ ਚੜ੍ਹੀ ਲਹਿਰ ਵਾਲੇ ਸਮੁੰਦਰ ਵਾਂਗ ਖੌਲ ਰਿਹਾ ਹੈ, ਜੋ ਨਿਕਾਸ ਮੰਗਦਾ ਹੈ, ਪਰ ਤੁਸੀਂ ਜਿਸ ਨੂੰ ਬੰਨ੍ਹ ਮਾਰ ਛੱਡਿਆ ਹੈ। ਤੋੜ ਦਿਉ ਇਹ ਬੰਨ੍ਹ ਦੀਦੀ ਤੇ ਆ ਜਾਣ ਦਿਉ ਰਚਨਾ ਦਾ ਹੜ੍ਹ। ਦੁਨੀਆ ਦੇਖਦੀ ਰਹਿ ਜਾਵੇ ਤੇ ਅਨਵਰ੍ਹੀਆਂ ਰਹਿਣ ਸਦਕਾ ਪਰੇਸ਼ਾਨ ਗਜਦੀਆਂ-ਕੜਕਦੀਆਂ ਕਾਲੀਆਂ ਘਟਾਵਾਂ ਵਾਂਗ ਬੋਝਲ ਤੁਹਾਡਾ ਮਨ ਮੀਂਹ ਤੋਂ ਮਗਰੋਂ ਦੇ ਮਾਹੌਲ ਵਾਂਗ ਧੋਤਾ-ਨਿੱਖਰਿਆ, ਨਿਰਮਲ, ਸੁਗੰਧਿਤ ਤੇ ਸ਼ਾਂਤ ਹੋ ਜਾਵੇ।"

"ਤੇਰੀ ਗੱਲ ਵਿਚ ਬਹੁਤ ਵਜ਼ਨ ਹੈ, ਵਿੰਦੀ, ਪਰ ਇਸ ਭੀੜ, ਇਸ ਸ਼ੋਰ ਵਿਚ ਮਨ ਕਲਮ-ਕਾਗ਼ਜ਼ ਚੁੱਕਣ ਨੂੰ ਮੰਨੇ ਤਦ ਹੀ ਕੁਛ ਹੋਵੇ ਨਾ!"

"ਤੁਸੀਂ ਕਲਮ ਤਾਂ ਚੁੱਕੋ ਦੀਦੀ, ਇਹ ਭੀੜ, ਇਹ ਸ਼ੋਰ ਸਭ ਦੀਵਾ ਜਗੇ ਤੋਂ ਹਨੇਰੇ ਵਾਂਗ ਖ਼ਤਮ ਹੋ ਜਾਣਗੇ।"

"ਨਹੀਂ ਵਿੰਦੀ, ਤੂੰ ਸਮੱਸਿਆ ਨੂੰ ਉਲਟੇ ਪਾਸਿਉਂ ਦੇਖਦਾ ਹੈਂ। ਇਹ ਮਾਹੌਲ ਖ਼ਤਮ ਹੋਵੇ ਤਾਂ ਮੈਂ ਕਲਮ ਚੁੱਕਾਂ। ਤੂੰ ਕਹਿੰਦਾ ਹੈਂ, ਮੈਂ ਕਲਮ ਚੁੱਕ ਲਵਾਂ, ਇਹ ਮਾਹੌਲ ਆਪੇ ਖ਼ਤਮ ਹੋ ਜਾਵੇਗਾ। ਇੰਜ ਮੇਰਾ ਕਲਮ ਚੁੱਕਣਾ ਸੰਭਵ ਨਹੀਂ।"

ਅਗਲੀ ਵਾਰ ਹਰਵਿੰਦਰ ਆਇਆ ਤਾਂ ਨਵੀਂ ਵਿਉਂਤ ਲੈ ਕੇ ਆਇਆ, "ਦੀਦੀ, ਜਿੰਨਾ ਚਿਰ ਤੁਸੀਂ ਸਹਿਜ ਹੋ ਕੇ ਨਵਾਂ ਕੁਛ ਨਹੀਂ ਲਿਖਦੇ, ਇਕ ਹੋਰ ਕੰਮ ਤਾਂ ਕਰੀਏ। ਕੱਲ੍ਹ ਕੌਫ਼ੀ ਹਾਊਸ ਵਿਚ ਮੈਨੂੰ ਯੂਨੀਵਰਸਿਟੀ ਵਿਚ ਹਿੰਦੀ ਦੀ ਐਮ. ਏ. ਕਰ ਰਿਹਾ ਇਕ ਮੁੰਡਾ ਮਿਲਿਆ ਸੀ। ਪੰਜਾਬੀ ਹੈ ਉਹ, ਖ਼ੁਦ ਵੀ ਕਵਿਤਾਵਾਂ-ਕਹਾਣੀਆਂ ਲਿਖਣ ਨੂੰ ਮੂੰਹ ਮਾਰਦਾ ਹੈ। ਤੁਹਾਡੀਆਂ ਰਚਨਾਵਾਂ ਦਾ ਬਹੁਤ ਪ੍ਰਸੰਸਕ ਹੈ। ਕਹਿੰਦਾ ਕਵਿਤਾ ਦਾ ਅਨੁਵਾਦ ਤਾਂ ਮੁਸ਼ਕਿਲ ਹੈ, ਜੇ ਉਹ ਆਗਿਆ ਦੇਣ, ਮੈਂ ਜਗਦੀਪ ਜੀ ਦੀਆਂ ਕਹਾਣੀਆਂ ਹਿੰਦੀ ਵਿਚ ਅਨੁਵਾਦ ਕਰਨਾ ਚਾਹੁੰਦਾ ਹਾਂ।... ਮੈਂ ਕੱਲ੍ਹ ਲੈ ਕੇ ਆਵਾਂਗਾ ਉਸ ਨੂੰ। ਹਰਜਸ ਨਾਂ ਹੈ ਉਸਦਾ। ਦੀਦੀ, ਇਕ ਵਾਰ ਰਚਨਾ ਹਿੰਦੀ ਵਿਚ ਹੋ ਜਾਵੇ, ਅੱਗੇ ਰਾਹ ਖੁੱਲ੍ਹ ਜਾਂਦਾ ਹੈ। ਪੰਜਾਬੀ ਜਾਣਨ ਵਾਲੇ ਹੋਰ ਜ਼ਬਾਨਾਂ ਦੇ ਅਨੁਵਾਦਕ ਲੱਭਣੇ ਮੁਸ਼ਕਿਲ ਨੇ, ਹਿੰਦੀ ਤਾਂ ਸਭ ਜਾਣਦੇ ਨੇ। ਇੰਜ ਹਿੰਦੀ ਵਿਚੋਂ ਰਚਨਾਵਾਂ ਅੱਗੇ ਆਪਣੇ ਆਪ ਹੋਰ ਜ਼ਬਾਨਾਂ ਵਿਚ ਪਹੁੰਚਣ ਲਗਦੀਆਂ ਨੇ।"

"ਕੱਲ੍ਹ ਲਿਆਵੀਂ ਉਸ ਨੂੰ", ਜਗਦੀਪ ਨੂੰ ਗੱਲ ਚੰਗੀ ਲੱਗੀ।

"ਦੀਦੀ, ਇਕ ਵਾਰ ਉਹ ਕਹਾਣੀਆਂ ਅਨੁਵਾਦ ਕਰਨ ਲੱਗੇ, ਨਾਵਲ ਵੀ ਕਰਾਵਾਂਗੇ ਉਸ ਤੋਂ। ਬਾਕੀ ਸਭ ਫੇਰ ਦੇਖਾਂਗੇ। ਇਹ ਇਕੱਲਾ ਏਨਾ ਕੰਮ ਨਾ ਕਰ ਸਕਿਆ, ਤੁਹਾਡੇ ਨਾਂ ਦੇ ਸਹਾਰੇ ਕੋਈ ਹੋਰ ਲੱਭ ਲਵਾਂਗੇ। ਇਕ ਵਾਰ ਗੱਲ ਅੱਗੇ ਤਾਂ ਵਧੇ।" ਹਰਵਿੰਦਰ ਨੇ ਰਾਹ ਦੂਰ ਤੱਕ ਉਲੀਕ ਦਿੱਤਾ, "ਏਨੇ ਨੂੰ ਮੈਂ ਕੋਈ ਹਿੰਦੀ ਪ੍ਰਕਾਸ਼ਕ ਵੀ ਲਭਦਾ ਹਾਂ। ਬਥੇਰੇ ਤਿਆਰ ਹੋ ਜਾਣਗੇ ਤੁਹਾਡੇ ਨਾਂ ਨੂੰ!" ਜਗਦੀਪ ਨੂੰ ਤਾਂ ਉਸ ਨੇ ਨਾ ਆਖਿਆ ਪਰ ਉਸ ਦੀ ਨਜ਼ਰ ਨਿਧੀ ਪ੍ਰਕਾਸ਼ਨ ਵੱਲ ਚਲੀ ਗਈ ਕਿਉਂਕਿ ਵੱਖ-ਵੱਖ ਪੰਜਾਬੀ ਕਹਾਣੀਕਾਰਾਂ ਦੀ ਇਕ-ਇਕ ਕਹਾਣੀ ਲੈ ਕੇ ਉਹਨਾਂ ਨੇ ਹਿੰਦੀ ਵਿਚ ਜੋ ਸੰਗ੍ਰਹਿ ਛਾਪਿਆ ਸੀ, ਉਸ ਵਿਚ ਇਕ ਕਹਾਣੀ ਹਰਵਿੰਦਰ ਦੀ ਵੀ ਸੀ। ਇਹ ਬਹੁਤ ਬਰੀਕ ਤੰਦ ਸਹੀ ਪਰ ਇਸ ਨੂੰ ਪ੍ਰਕਾਸ਼ਕ ਨਾਲ ਜੋੜਦੀ ਤਾਂ ਸੀ। ਇਸ ਬਰੀਕ ਤੰਦ ਦੇ ਸਹਾਰੇ ਗੱਲ ਤਾਂ ਸ਼ੁਰੂ ਕੀਤੀ ਹੀ ਜਾ ਸਕਦੀ ਸੀ! ਇਹ ਹਿੰਦੀ ਵਾਲੀ ਗੱਲ ਸੁਣ ਕੇ ਜਗਦੀਪ ਕਾਫ਼ੀ ਸਹਿਜ ਹੋ ਗਈ। ਸਾਹਿਤ ਦੀ ਦੁਨੀਆ ਸਾਰੀ ਦੀ ਸਾਰੀ ਤਾਂ ਮਾੜੀ ਨਹੀਂ, ਹਰਵਿੰਦਰ ਵਰਗਾ ਸੁਹਿਰਦ ਬੰਦਾ ਵੀ ਤਾਂ ਉਸ ਨੂੰ ਇਸੇ ਸਾਹਿਤਕ ਦੁਨੀਆ ਵਿਚੋਂ ਹੀ ਮਿਲਿਆ ਹੈ!

ਹਰਵਿੰਦਰ ਗਿਆ ਤਾਂ ਨਾਲ ਹੀ ਸਾਹਿਤਕ ਮਾਹੌਲ ਵੀ ਗਿਆ। ਉਹੋ ਭੀੜ ਸੀ, ਉਹੋ ਸ਼ੋਰ ਸੀ। ਉਹ ਫੇਰ ਪਰੇਸ਼ਾਨੀ ਦੇ ਹਨੇਰੇ ਵਿਚ ਘਿਰ ਗਈ। ਕੀ ਕਰੇ? ਇਸ ਮੁਸੀਬਤ ਵਿਚੋਂ ਕਿਵੇਂ ਨਿੱਕਲੇ? ਅਚਾਨਕ ਚਾਨਣ ਦੀ ਇਕ ਲਕੀਰ ਦਿਖਾਈ ਦਿੱਤੀ। ਇਹ ਘਰ ਵੇਚ ਕੇ ਕੋਈ ਹੋਰ ਘਰ ਖ਼ਰੀਦਿਆ ਜਾਵੇ। ਖ਼ਰੀਦਿਆ ਨਹੀਂ, ਆਪਣੀ ਇੱਛਾ, ਆਪਣੇ ਸੁਪਨੇ ਅਨੁਸਾਰ ਨਵਾਂ ਬਣਾਇਆ ਜਾਵੇ!

ਸ਼ਾਮ ਨੂੰ ਗੁਰਮੁਖ ਸਿੰਘ ਨੇ ਚਾਹ ਦੀ ਪਿਆਲੀ ਸਟੂਲ ਉੱਤੇ ਰੱਖ ਕੇ ਸਵੇਰ ਦਾ ਅਧ-ਪੜ੍ਹਿਆ ਅਖ਼ਬਾਰ ਖੋਲ੍ਹਿਆ ਤਾਂ ਜਗਦੀਪ ਆ ਗਈ, "ਤੁਹਾਡੇ ਨਾਲ ਇਕ ਗੱਲ ਕਰਨੀ ਹੈ..."

ਗੁਰਮੁਖ ਸਿੰਘ ਨੂੰ ਉਸ ਦੇ ਇਹਨਾਂ ਸ਼ਬਦਾਂ ਤੋਂ ਬਹੁਤ ਡਰ ਲੱਗਿਆ। ਕਿਤੇ ਉਹ ਹੁਣ ਫੇਰ ਕੋਈ ਨਵੀਂ ਮੁਸੀਬਤ ਨਾ ਲੈ ਕੇ ਆਈ ਹੋਵੇ! ਜਦੋਂ ਤੋਂ ਗੁਰੂ ਦੀ ਥਾਂ ਉਸ ਨੇ ਤੁਸੀਂ/ਤੁਹਾਡੇ ਆਖਣਾ ਸ਼ੁਰੂ ਕੀਤਾ ਸੀ, ਉਸ ਦੀ ਕਿਸੇ ਗੱਲ ਨੇ ਸੁਖ ਤਾਂ ਕਦੀ ਘੱਟ ਹੀ ਦਿੱਤਾ ਸੀ। ਖਾਸ ਕਰਕੇ ਜਦੋਂ ਉਹ "ਤੁਹਾਡੇ ਨਾਲ ਇਕ ਗੱਲ ਕਰਨੀ ਹੈ" ਆਖਦੀ, ਗੁਰਮੁਖ ਸਿੰਘ ਸੋਚਦਾ, ਹੁਣ ਉਹ ਜ਼ਰੂਰ ਕੋਈ ਨਵੀਂ ਸਮੱਸਿਆ ਖੜ੍ਹੀ ਕਰੇਗੀ! ਤਾਂ ਵੀ ਬਾਹਰੋਂ ਸਹਿਜ ਰਹਿੰਦਿਆਂ ਉਸ ਨੇ ਦੂਜੀ ਕੁਰਸੀ ਵੱਲ ਇਸ਼ਾਰਾ ਕੀਤਾ, "ਬੈਠ!...ਦੱਸ, ਕੀ ਗੱਲ ਹੈ?"

ਅਜਿਹੇ ਮੌਕੇ ਬਹੁਤੀ ਪਰੇਸ਼ਾਨੀ ਝੱਲਣ ਨਾਲੋਂ ਸਿੱਧੀ ਅਸਲ ਮੁੱਦੇ ਉੱਤੇ ਪਹੁੰਚਣ ਦੀ ਕਲਾ ਜਗਦੀਪ ਨੇ ਖ਼ੂਬ ਸਿੱਖ ਲਈ ਸੀ। ਲੰਮੀ ਕਹਾਣੀ ਪਾਉਣ ਦੀ ਥਾਂ ਉਹ ਬੋਲੀ, "ਮੈਥੋਂ ਇਸ ਘਰ ਦੇ ਚੱਪੇ-ਚੱਪੇ ਵਿਚ ਰਚੇ-ਵਸੇ ਹੋਏ ਅਤੀਤ ਦਾ ਬੋਝ ਚੁੱਕ ਕੇ ਨਹੀਂ ਜੀਵਿਆ ਜਾਂਦਾ। ਆਪਾਂ ਦੂਰ ਕਿਤੇ ਕਿਸੇ ਚੰਗੀ ਕਾਲੋਨੀ ਵਿਚ ਨਵਾਂ ਘਰ ਬਣਾਈਏ।"

ਗੁਰਮੁਖ ਸਿੰਘ ਨੇ ਅਖ਼ਬਾਰ ਰੱਖ ਦਿੱਤਾ, "ਨਵਾਂ ਘਰ? ਜਗਦੀਪ ਤੈਨੂੰ ਪਤਾ ਵੀ ਹੈ, ਕੀ ਆਖ ਰਹੀ ਹੈਂ ਤੂੰ? ਦਿੱਲੀ ਵਿਚ ਨਵਾਂ ਘਰ ਪਾਉਣਾ ਬੱਚਿਆਂ ਦੀ ਖੇਡ ਹੈ ਕੋਈ!... ਤੇ ਮਨੁੱਖ ਨੂੰ ਅਤੀਤ ਘਰ ਬਦਲਿਆਂ ਨਹੀਂ ਭੁਲਦਾ ਜਗਦੀਪ, ਮਨ ਬਦਲਿਆਂ ਭੁਲਦਾ ਹੈ!"

"ਮੈਨੂੰ ਨਹੀਂ ਪਤਾ ਕਿਸੇ ਗੱਲ ਦਾ। ਬੱਸ ਮੈਂ ਨਹੀਂ ਰਹਿ ਸਕਦੀ ਇਸ ਘਰ ਵਿਚ", ਉਹ ਰੋਣਹਾਕੀ ਹੋ ਗਈ, "ਨਵੇਂ ਘਰ ਵਿਚ ਅਸੀਂ ਨਵਾਂ ਜੀਵਨ ਸ਼ੁਰੂ ਕਰਾਂਗੇ।"

ਨਵੇਂ ਘਰ ਵਿਚ ਆਪਣੇ ਨਾਲ ਨਵੇਂ ਜੀਵਨ ਦੀ ਸ਼ੁਰੂਆਤ ਸੁਣ ਕੇ ਗੁਰਮੁਖ ਸਿੰਘ ਨੂੰ ਕੁਛ ਹੈਰਾਨੀ ਵੀ ਹੋਈ ਤੇ ਕੁਛ ਤਸੱਲੀ ਵੀ। ਉਹ ਬੋਲਿਆ, "ਠੀਕ ਹੈ, ਮੈਨੂੰ ਸੋਚ-ਵਿਚਾਰ ਵਾਸਤੇ ਕੁਛ ਸਮਾਂ ਚਾਹੀਦਾ ਹੈ।"

ਜਾਣ ਲੱਗੀ ਜਗਦੀਪ ਕਹਿ ਗਈ, "ਇਹ ਨਾ ਸੋਚਣਾ, ਸਮੇਂ ਨਾਲ ਗੱਲ ਆਈ-ਗਈ ਹੋ ਜਾਵੇਗੀ। ਬੱਸ, ਮੈਂ ਹੁਣ ਇਸ ਮਕਾਨ ਵਿਚ ਨਹੀਂ ਰਹਿਣਾ।"

ਗੁਰਮੁਖ ਸਿੰਘ ਕੌੜੀ ਹਾਸੀ ਹੱਸਿਆ, "ਇਸ ਘਰ ਵਿਚ ਤੂੰ ਕੋਈ ਨਵੀਂ-ਨਵੀਂ ਆਈ ਹੈਂ ਜਿਸ ਦੇ ਸੁਭਾਅ ਨੂੰ ਮੈਂ ਜਾਣਦਾ ਨਹੀਂ। ਤੂੰ ਪਹਿਲੀ ਵਾਰ ਤਾਂ ਕੋਈ ਜ਼ਿੱਦ ਕਰਨ ਨਹੀਂ ਲੱਗੀ!"

ਉਸ ਦਾ ਧਿਆਨ ਜਗਦੀਪ ਦੇ ਕਹੇ ਲਫ਼ਜ਼ 'ਮਕਾਨ' ਉੱਤੇ ਟਿਕ ਗਿਆ। ਇਹ ਘਰ ਹੁਣ ਉਸ ਲਈ ਘਰ ਨਹੀਂ ਸੀ ਰਹਿ ਗਿਆ, ਮਕਾਨ ਬਣ ਗਿਆ ਸੀ। ਪਰ ਮਾਮਲਾ ਏਨਾ ਸਰਲ ਤਾਂ ਨਹੀਂ ਸੀ ਜਿੰਨਾ ਉਹ ਸਮਝਦੀ ਸੀ। ਇਕ ਬੋਰੀ ਨੋਟ ਦਿੱਲੀ ਦੀ ਕਿਸੇ ਚੰਗੀ ਕਾਲੋਨੀ ਵਿਚ ਪਲਾਟ ਖਰੀਦਣ ਲਈ ਚਾਹੀਦੇ ਸਨ ਤੇ ਫੇਰ ਇਕ ਬੋਰੀ ਹੋਰ ਮਕਾਨ ਪਾਉਣ ਲਈ ਚਾਹੀਦੇ ਸਨ। ਸਭ ਹਿਸਾਬ-ਕਿਤਾਬ ਲਾ ਕੇ ਉਹ ਇਸ ਨਤੀਜੇ ਉੱਤੇ ਪਹੁੰਚਿਆ ਕਿ ਅਜਿਹਾ ਕਰਨਾ ਸੰਭਵ ਨਹੀਂ। ਸਭ ਪੱਖ ਸੋਚ-ਵਿਚਾਰ ਕੇ ਉਸ ਦੀ ਪੁੱਜਤ ਕੋਈ ਬਣਿਆ-ਬਣਾਇਆ ਮਕਾਨ ਖ਼ਰੀਦ ਲੈਣ ਤੱਕ ਉਡਾਰੀ ਮਾਰ ਸਕੀ।

ਦੂਜੇ ਦਿਨ ਉਸ ਨੇ ਦੱਸਿਆ, "ਸਭ ਹੀਲੇ-ਵਸੀਲੇ ਸੋਚ ਕੇ ਵੀ ਨਵਾਂ ਮਕਾਨ ਬਣਾਉਣਾ ਸੰਭਵ ਨਹੀਂ। ਜੇ ਇਥੇ ਨਹੀਂ ਹੀ ਰਹਿਣਾ, ਜੇਬ ਮੁਤਾਬਿਕ ਕੋਈ ਦਰਮਿਆਨਾ ਜਿਹਾ ਬਣਿਆ-ਬਣਾਇਆ ਮਕਾਨ ਦੇਖ ਲੈਂਦੇ ਹਾਂ।"

"ਨਹੀਂ ਬਣਿਆ-ਬਣਾਇਆ ਨਹੀਂ। ਘਰ ਆਪ ਬਣਾਵਾਂਗੇ। ਪੈਸੇ ਨਹੀਂ ਤਾਂ ਇਹ ਮਕਾਨ ਵੇਚ ਦਿਉ। ਨਾਲੇ ਮੇਰੇ ਅਤੀਤ ਦਾ ਝੰਜਟ ਮੁੱਕੇ!"

"ਇਸ ਘਰ ਨਾਲ ਤੇਰਾ ਅਤੀਤ ਹੀ ਨਹੀਂ, ਜਗਦੀਪ, ਮੇਰਾ ਅਤੀਤ ਵੀ ਜੁੜਿਆ ਹੋਇਆ ਹੈ। ਤੇ ਇਸ ਘਰ ਦੇ ਮੇਰੇ ਅਤੀਤ ਵਿਚ ਜਿਥੇ ਮੇਰੇ ਕਿਸੇ ਗੁਨਾਹ ਤੋਂ, ਕਿਸੇ ਦੋਸ਼ ਤੋਂ ਬਿਨਾਂ ਮਾੜਾ ਬਹੁਤ ਕੁਛ ਹੋਇਆ ਹੈ, ਚੰਗਾ ਵੀ ਬਹੁਤ ਵਾਪਰਿਆ ਹੈ।" ਗੁਰਮੁਖ ਸਿੰਘ ਨੇ ਸਾਫ਼ ਕੀਤਾ, "ਇਸ ਘਰ ਨੇ ਸਾਨੂੰ ਉਜੜਿਆਂ ਨੂੰ ਵਸਾਇਆ, ਇਸ ਘਰ ਵਿਚ ਮੇਰੇ ਬਜ਼ੁਰਗਾਂ ਦੀਆਂ ਰੂਹਾਂ ਵਸਦੀਆਂ ਨੇ, ਇਸ ਘਰ ਵਿਚ ਮੇਰਾ ਪਿਆਰ-ਵਿਆਹ ਹੋਇਆ, ਮੇਰੇ ਪਿਆਰੇ ਬਾਲ ਆਏ, ਇਸੇ ਘਰ ਵਿਚ ਰਹਿੰਦਿਆਂ ਮੇਰੇ ਕਾਰੋਬਾਰ ਦੀਆਂ ਬੁਨਿਆਦਾਂ ਪੱਕੀਆਂ ਹੋਈਆਂ ..."

"ਠੀਕ ਹੈ, ਤੁਸੀਂ ਇਹ ਮਕਾਨ ਨਾ ਵੇਚੋ", ਜਗਦੀਪ ਨੇ ਕਮਰੇ ਤੋਂ ਬਾਹਰ ਜਾਂਦਿਆਂ ਗੱਲ ਮੁਕਾਈ, "ਬੱਸ, ਨਵਾਂ ਘਰ ਛੇਤੀ ਬਣਵਾ ਕੇ ਨਵਾਂ ਜੀਵਨ ਸ਼ੁਰੂ ਕਰੀਏ। ਘਰੋਂ ਨਾ ਸਰਿਆ ਤਾਂ ਕਰਜ਼ਾ ਲੈ ਲਵਾਂਗੇ।"

ਉਸ ਦੀ ਨਵੇਂ ਜੀਵਨ ਦੀ ਗੱਲ ਨੇ ਗੁਰਮੁਖ ਸਿੰਘ ਨੂੰ ਡੂੰਘੀ ਸੋਚ ਵਿਚ ਪਾ ਦਿੱਤਾ। ਉਸ ਨੇ ਲੰਮਾ ਸਾਹ ਲਿਆ, "ਬੰਦਾ ਕਈ ਵਾਰ ਸਵੇਰ ਦਾ ਭੁੱਲਿਆ ਆਪਣੀ ਗ਼ਲਤੀ ਦਾ ਅਹਿਸਾਸ ਕਰ ਕੇ ਸ਼ਾਮ ਨੂੰ ਘਰ ਪਰਤ ਆਉਂਦਾ ਹੈ। ਕੀ ਪਤਾ!..."

ਗੁਰਮੁਖ ਸਿੰਘ ਨੂੰ ਕਿਸੇ ਨਾਲ ਸਲਾਹ ਕਰਨ ਦੀ ਲੋੜ ਮਹਿਸੂਸ ਹੋਈ। ਤੇ ਇਹ ਕੋਈ ਹਰਪ੍ਰੀਤ ਸਿੰਘ ਹਿਤੈਸ਼ੀ ਤੋਂ ਬਿਨਾਂ ਹੋਰ ਕੌਣ ਹੋ ਸਕਦਾ ਸੀ! ਸਾਰੀ ਗੱਲ ਸੁਣ ਕੇ ਉਹ ਬੋਲੇ, "ਗੁਰਮੁਖ ਸਿੰਘ ਜੀ, ਜਗਦੀਪ ਜੀ ਨੂੰ ਸਮਝਾਓ। ਤੁਸੀਂ ਆਪ ਸਿਆਣੇ ਹੋ, ਕਾਰੋਬਾਰੀ ਹੋ, ਨਵਾਂ ਪਲਾਟ ਲੈ ਕੇ ਮਕਾਨ ਪਾਉਣਾ ਕਿਤੇ ਖੇਡ ਹੈ?"

"ਹਿਤੈਸ਼ੀ ਜੀ, ਤੁਸੀਂ ਉਸ ਨੂੰ ਏਨੇ ਪੁਰਾਣੇ ਜਾਣਦੇ ਹੋ", ਗੁਰਮੁਖ ਸਿੰਘ ਨੇ ਹੌਕਾ ਲਿਆ, "ਉਸ ਦੀ ਜ਼ਿੱਦ ਅੱਗੇ ਕਦੀ ਕੋਈ ਦਲੀਲ ਖਲੋ ਸਕੀ ਹੈ ਭਲਾ!... ਡਰ ਇਹ ਹੈ, ਹਿਤੈਸ਼ੀ ਜੀ, ਮੈਂ ਕਰਜ਼ੇ ਹੇਠ ਦੱਬਿਆ ਜਾਵਾਂਗਾ।"

ਹਿਤੈਸ਼ੀ ਜੀ ਵੀ ਇਹ ਗੱਲ ਦਿਲੋਂ ਸਮਝਦੇ ਸਨ, "ਮੁਸ਼ਕਿਲ ਤਾਂ ਤੁਹਾਡੇ ਵਾਸਤੇ ਬਹੁਤ ਹੋਵੇਗੀ, ਪਰ ਇਸ ਸਾਰੇ ਝੰਜਟ ਵਿਚ ਇਕ ਕਿਰਨ ਚਾਨਣ ਦੀ ਹੈ ਜੋ ਸ਼ਾਇਦ ਸਭ ਮੁਸ਼ਕਿਲਾਂ ਨਾਲੋਂ ਮੁੱਲਵਾਨ ਹੈ। ਉਸ ਦੀ ਤੁਹਾਡੇ ਨਾਲ ਨਵੇਂ ਸਿਰਿਉਂ ਸਾਂਝਾ ਘਰ ਵਸਾਉਣ ਦੀ ਇੱਛਾ! ਗੁਰਮੁਖ ਸਿੰਘ ਜੀ, ਕਈ ਵਾਰ ਬੰਦੇ ਨੂੰ ਕੋਈ ਅਨਕਿਆਸੀ ਠੋਹਕਰ, ਜਿਹੋ ਜਿਹੀ ਇਸ ਨੂੰ ਬੰਬਈ ਵਿਚ ਲੱਗੀ ਹੈ, ਹੋਸ਼ ਵਿਚ ਲਿਆ ਦਿੰਦੀ ਹੈ। ਬੱਸ ਸਿਰਫ਼ ਇਸ ਪੱਖੋਂ ਕਰਜ਼ੇ ਸਮੇਤ ਇਹ ਕੌੜਾ ਅੱਕ ਚੱਬਣ ਬਾਰੇ ਸੋਚਿਆ ਜਾ ਸਕਦਾ ਹੈ।"

ਗੁਰਮੁਖ ਸਿੰਘ ਨੇ ਕਿਹਾ, "ਚਲੋ, ਜੇ ਅੱਕ ਚੱਬਣਾ ਹੀ ਪੈਣਾ ਹੈ ਤਾਂ ਚਬਦੇ ਹਾਂ!... ਤੁਸੀਂ ਵੀ ਕਿਸੇ ਪਲਾਟ ਦੀ ਨਜ਼ਰ ਰੱਖਣਾ। ਚੰਗਾ ਹੈ, ਗਰੇਟਰ ਕੈਲਾਸ਼ ਵਿਚ ਜਾਂ ਤੁਹਾਡੇ ਨੇੜੇ ਹੀ ਹੋਰ ਕਿਤੇ ਹੋਵੇ। ਆਪਣਿਆਂ ਦੇ ਨੇੜ ਦੀ ਜ਼ਿੰਦਗੀ ਵਿਚ ਬਹੁਤ ਲੋੜ ਰਹਿੰਦੀ ਹੈ, ਹਿਤੈਸ਼ੀ ਜੀ! ਨਾਲੇ ਪ੍ਰਾਪਰਟੀ ਡੀਲਰਾਂ ਦੇ ਚੱਕਰ ਵਿਚ ਨਾ ਪਈਏ ਤਾਂ ਹੀ ਚੰਗਾ। ਉਹਨਾਂ ਨੂੰ ਵਿਚੋਲਾ ਬਣਾਇਆਂ ਪਲਾਟ ਸਗੋਂ ਉਲਟਾ ਮਹਿੰਗਾ ਪੈਂਦਾ ਹੈ।"

ਉਸ ਨੇ ਹੋਰ ਚੰਗੀਆਂ ਕਾਲੋਨੀਆਂ ਵਿਚ ਰਹਿੰਦੇ ਵਾਕਫ਼ਾਂ ਨੂੰ ਤੇ ਮਾਰਕਿਟ ਦੇ ਕੁਛ ਦੁਕਾਨਦਾਰਾਂ ਨੂੰ ਵੀ ਪੁੱਛਣਾ ਸ਼ੁਰੂ ਕਰ ਦਿੱਤਾ। ਆਖ਼ਰ ਹਿਤੈਸ਼ੀ ਜੀ ਦਾ ਦੱਸਿਆ ਗਰੇਟਰ ਕੈਲਾਸ਼ ਵਾਲਾ ਪਲਾਟ ਹੀ ਪਸੰਦ ਆਇਆ। ਸ਼ੁਕਰ ਦੀ ਗੱਲ ਇਹ ਹੋਈ ਕਿ ਉਹ ਜਗਦੀਪ ਨੂੰ ਵੀ ਪਸੰਦ ਆ ਗਿਆ।

ਨਕਸ਼ੇ ਤੋਂ ਲੈ ਕੇ ਉਸਾਰੀ ਤੱਕ ਹਰ ਕਦਮ ਉੱਤੇ ਜਗਦੀਪ ਦੀ ਚਾਹ ਹੀ ਮੁੱਖ ਰਹੀ। ਗੁਰਮੁਖ ਸਿੰਘ ਦਾ ਜਤਨ ਖਰਚ ਤੇ ਖੇਚਲ, ਦੋਵਾਂ ਦੀ ਮਾਰ ਝਲਦਿਆਂ ਜਗਦੀਪ ਦੇ ਸੁਪਨੇ ਨੂੰ, ਜੋ ਹੁਣ ਇਕ ਤਰ੍ਹਾਂ ਨਾਲ ਉਸਦਾ ਆਪਣਾ ਸੁਪਨਾ ਵੀ ਬਣ ਗਿਆ ਸੀ, ਸਾਕਾਰ ਕਰਨਾ ਸੀ। ਇਸ ਵਿਚ ਗਰਮੀ-ਸਰਦੀ, ਮੀਂਹ-ਝੱਖੜ ਵੀ ਕੋਈ ਰੋਕ ਨਹੀਂ ਸਨ ਬਣ ਸਕੇ। ਉਸਾਰੀ ਪੂਰੀ ਹੋਈ ਤਾਂ ਸਜਾਵਟ ਵੇਲੇ ਇਕ ਪੇਸ਼ਾਵਰ ਡੈਕੋਰੇਟਰ ਮਿਸਿਜ਼ ਖੰਨਾ ਦੀ ਸਲਾਹ ਨਾਲ ਜਗਦੀਪ ਨੇ ਰੀਝਾਂ ਲਾਹ ਲਈਆਂ। ਰੀਝ ਦੇ ਨਾਲ-ਨਾਲ ਉਸਦੀ ਇਹ ਇੱਛਾ ਵੀ ਸੀ ਕਿ ਫ਼ਸਟ ਫ਼ਲੋਰ ਦੇ ਉਹਦੀ ਵਰਤੋਂ ਵਾਲੇ ਕਮਰਿਆਂ ਵਿਚ, ਖਾਸ ਕਰਕੇ ਡਰਾਇੰਗ ਰੂਮ, ਉਹਦੇ ਸਟਡੀ ਰੂਮ ਤੇ ਬੈੱਡਰੂਮ ਵਿਚ ਕਰੋਲਬਾਗ਼ ਵਾਲੇ ਘਰ ਦੀ ਕੋਈ ਚੀਜ਼ ਨਾ ਆਵੇ। ਇਹ ਨਾ ਹੋਵੇ, ਉਹ ਜਿਧਰ ਦੇਖੇ, ਕਰੋਲਬਾਗ਼ ਯਾਦ ਆ ਜਾਵੇ! ਮਿਸਿਜ਼ ਖੰਨਾ ਨੂੰ ਤਾਂ ਇਸ਼ਾਰੇ-ਮਾਤਰ ਦੀ ਲੋੜ ਸੀ ਕਿਉਂਕਿ ਉਸ ਨੂੰ ਹਰ ਕੰਮ, ਹਰ ਚੀਜ਼ ਵਿਚੋਂ ਹਿੱਸਾ ਮਿਲ ਜਾਣਾ ਸੀ। ਕਰੋਲ ਬਾਗ਼ ਤੋਂ ਜੋ ਕੁਛ ਆਉਣਾ ਸੀ, ਉਹ ਬਾਕੀ ਕਮਰਿਆਂ ਵਿਚ, ਖਾਸ ਕਰ ਕੇ ਗਰਾਊਂਡ ਫ਼ਲੋਰ ਵਿਚ, ਟਿਕਣਾ ਸੀ ਜਿਥੇ ਜਾਣ ਦੀ ਜਗਦੀਪ ਨੂੰ ਲੋੜ ਹੀ ਨਹੀਂ ਸੀ ਪੈਣੀ।

# ਜੋ ਆਪਣੇ ਹੱਥੀਂ ਲਾਈ ਅੱਗ, ਉਹੋ ਘਰ ਨੂੰ ਆਈ ਅੱਗ

## ਲਾਲਾ ਜਗਤ ਨਰਾਇਣ ਜੀ ਨੂੰ 45ਵੀਂ ਬਰਸੀ ਮੌਕੇ ਯਾਦ ਕਰਦਿਆਂ

9 ਸਤੰਬਰ 1981 ਨੂੰ ਲਾਲਾ ਜਗਤ ਨਰਾਇਣ ਜੀ ਦਾ ਕਤਲ ਹੋ ਗਿਆ। ਲਾਲਾ ਜੀ ਵੱਡੇ ਨੇਤਾ, ਸਾਬਕਾ ਮੰਤਰੀ ਅਤੇ ਸਾਬਕਾ ਸੰਸਦ ਮੈਂਬਰ, ਹਿੰਦ ਸਮਾਚਾਰ ਅਖ਼ਬਾਰ ਸਮੂਹ ਦੇ ਮਾਲਕ ਅਤੇ ਸੰਪਾਦਕ ਸਨ। ਇਸ ਤੋਂ ਵੀ ਉੱਪਰ ਉਹ ਜਨ ਸੰਘੀ ਅਤੇ ਹਿੰਦੂ ਨੇਤਾ ਸਨ। 1978 ਤੋਂ ਬਾਅਦ ਪੰਜਾਬ ਦਾ ਮਾਹੌਲ ਸਿੱਖ ਨਿਰੰਕਾਰੀ ਟਕਰਾਅ ਕਾਰਨ ਤਣਾਅ ਵਾਲਾ ਬਣ ਰਿਹਾ ਸੀ। ਨਿਰੰਕਾਰੀ ਮੁਖੀ ਦੇ ਦਿੱਲੀ ਵਿਚ ਹੋਏ ਕਤਲ ਤੋਂ ਬਾਅਦ ਪੰਜਾਬ ਵਿਚ ਵੀ ਨਿਰੰਕਾਰੀਆਂ ਦੇ ਕਤਲਾਂ ਦੀਆਂ ਘਟਨਾਵਾਂ ਵਾਪਰ ਚੁੱਕੀਆ ਸਨ। ਪੰਜਾਬ ਵਿਚ ਦਰਬਾਰਾ ਸਿੰਘ ਦੀ ਕਾਂਗਰਸੀ ਸਰਕਾਰ ਸੀ ਅਤੇ ਦਿੱਲੀ ਵਿਚ ਇੰਦਰਾ ਗਾਂਧੀ ਮੁੜ ਸੱਤਾ ਵਿਚ ਆ ਚੁੱਕੀ ਸੀ ਜਿਸ ਵਿਚ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਸੀ।

ਲਾਲਾ ਜੀ ਵਰਗੇ ਵੱਡੇ ਹਿੰਦੂ ਆਗੂ ਦੇ ਕਤਲ ਨੇ ਦੇਸ਼ ਹਿਲਾ ਦਿੱਤਾ। ਸੂਝਵਾਨ ਲੋਕਾਂ ਸਮਝ ਲਿਆ ਸੀ ਕਿ ਇਹ ਕਤਲ ਭਵਿੱਖ ਵਿਚ ਵਾਪਰਨ ਵਾਲੀ ਕਿਸੇ ਵੱਡੀ ਅਣਹੋਣੀ ਦੀ

ਹਜ਼ਾਰਾ ਸਿੰਘ ਮਿਸੀਸਾਗਾ
ਫੋਨ: 647-685-5997

ਆਹਟ ਹੈ, ਜਿਸ ਨਾਲ ਹਿੰਦੂ ਭਾਈਚਾਰੇ ਅੰਦਰ ਗੁੱਸਾ ਅਤੇ ਰੋਹ ਵਧਣਾ ਲਾਜ਼ਮੀ ਸੀ। ਰੋਹ ਅਤੇ ਗੁੱਸੇ ਦੇ ਨਾਲ-ਨਾਲ ਪੰਜਾਬ ਅੰਦਰ ਡਰ ਦਾ ਮਾਹੌਲ ਵੀ ਪੈਦਾ ਹੋਣਾ ਸ਼ੁਰੂ ਹੋ ਗਿਆ। ਲੋਕਾਂ ਵਿਚ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਚੱਲਣੀਆਂ ਸੁਭਾਵਿਕ ਸਨ। ਸਾਧਾਰਨ ਸਿੱਖ ਲਾਲਾ ਜੀ ਨੂੰ ਐਸਾ ਲਿਖਾਰੀ ਅਤੇ ਨੇਤਾ ਸਮਝਦੇ ਸਨ, ਜੋ ਆਨੇ-ਬਹਾਨੇ ਸਿੱਖਾਂ ਨੂੰ ਚਿੜ੍ਹਾਉਣ ਦੇ ਆਹਰ ਲੱਗਿਆ ਰਹਿੰਦਾ ਸੀ। ਉਨ੍ਹਾਂ ਨੂੰ ਲਾਲਾ ਜੀ ਦੀ ਹਸਤੀ ਬਾਰੇ ਇਹ ਅਹਿਸਾਸ ਨਹੀਂ ਸੀ ਕਿ ਹਿੰਦੂਆਂ ਦੀ ਵੱਡੀ ਗਿਣਤੀ ਉਸਨੂੰ ਆਪਣਾ ਤਰਜ਼ਮਾਨ ਅਤੇ ਹਿਤਾਂ ਦਾ ਪਹਿਰੇਦਾਰ ਵੀ ਤਸਲੀਮ ਕਰਦੀ ਹੈ। ਵੱਡੀ ਗਿਣਤੀ ਹਿੰਦੂ ਭਾਈਚਾਰਾ ਅਫਸੋਸ ਦੇ ਗ਼ਮਗੀਨ ਮਾਹੌਲ ਵਿਚ ਡੁੱਬਿਆ ਹੋਇਆ ਸੀ। ਸਿਰਦਾਰ ਕਪੂਰ ਸਿੰਘ ਨੇ ਵੀ ਲਾਲਾ ਜੀ ਦੇ ਕਤਲ 'ਤੇ ਅਫਸੋਸ ਪ੍ਰਗਟ ਕੀਤਾ। ਉਨ੍ਹਾਂ ਕਿਹਾ, 'ਮਾੜਾ ਹੋਇਆ, ਬਹੁਤ ਹੀ ਮਾੜਾ ਹੋਇਆ, ਲਾਲਾ ਤਾਂ ਸੁੱਤੇ ਹੋਏ ਸਿੱਖਾਂ ਨੂੰ ਜਗਾਉਣ ਦਾ ਕੰਮ ਕਰ ਰਿਹਾ ਸੀ।' ਕੁੱਲ ਮਿਲਾ ਕੇ ਹੁਣ ਤੱਕ ਜਿਹੜਾ ਮਸਲਾ ਸਿੱਖ- ਨਿਰੰਕਾਰੀ ਟਕਰਾਅ ਵਜੋਂ ਪੰਜਾਬ ਦੇ ਮਾਹੌਲ 'ਤੇ ਛਾ ਰਿਹਾ ਸੀ, ਇਸ ਕਤਲ ਮਗਰੋਂ ਉਹ ਸਿੱਖ ਅਤੇ ਹਿੰਦੂ ਦਾ ਮਸਲਾ ਬਣਨ ਦੇ ਰਾਹ ਪੈ ਗਿਆ ਸੀ।

ਲਾਲਾ ਜਗਤ ਨਰਾਇਣ ਲਾਹੌਰ ਕਾਲਿਜ ਦਾ ਗ੍ਰੈਜੂਏਟ ਸੀ। ਉਹ ਵਕਾਲਤ ਦੀ ਪੜ੍ਹਾਈ ਵਿਚੇ ਛੱਡ ਕੇ ਗਾਂਧੀ ਜੀ ਦੇ ਅੰਦੋਲਨ ਵਿਚ ਸ਼ਾਮਿਲ ਹੋ ਕੇ ਦੇਸ਼ ਦੀ ਆਜ਼ਾਦੀ ਲਈ ਜੇਲ੍ਹ ਵੀ ਗਏ। ਆਜ਼ਾਦੀ ਤੋਂ ਬਾਅਦ ਪੰਜਾਬ ਦੇ ਸਿਹਤ, ਵਿੱਦਿਆ ਅਤੇ ਟਰਾਂਸਪੋਰਟ ਮੰਤਰੀ ਵੀ ਰਹੇ। ਰਾਜ ਸਭਾ ਦੇ ਮੈਂਬਰ ਵੀ ਬਣੇ। ਜਲੰਧਰ ਤੋਂ ਹਿੰਦੀ ਅਤੇ ਉਰਦੂ ਦੇ ਅਖ਼ਬਾਰ ਵੀ ਕੱਢਦੇ ਸਨ। ਕਹਿਣ ਦਾ ਭਾਵ ਕਿ ਉਹ ਲਿਆਕਤ ਪੱਖੋਂ ਵੀ ਵੱਡੇ ਸਨ ਅਤੇ ਤਜਰਬੇ ਪੱਖੋਂ ਵੀ। ਇਸ ਕਰਕੇ ਉਨ੍ਹਾਂ ਦੇ ਕਤਲ ਕਾਰਨ ਦੇਸ਼ ਦੇ ਲੋਕਾਂ ਦਾ ਸੋਗ ਵਿਚ ਡੁੱਬਣਾ ਅਤੇ ਝੰਜੋੜੇ ਜਾਣਾ ਸੁਭਾਵਿਕ ਸੀ।


ਲਾਲਾ ਜੀ ਵੱਡੇ ਆਗੂ ਸਨ ਅਤੇ ਵੱਡੀ ਲਿਆਕਤ ਵਾਲੇ ਵੀ ਪਰ ਉਨ੍ਹਾਂ ਵੱਲੋਂ ਪੰਜਾਬ, ਪੰਜਾਬੀ ਅਤੇ ਸਿੱਖਾਂ ਬਾਰੇ ਲਈਆਂ ਪੁਜ਼ੀਸ਼ਨਾਂ ਦਰੁਸਤ ਸਾਬਿਤ ਨਾ ਹੋਈਆਂ। ਉਨ੍ਹਾਂ ਪੰਜਾਬੀ ਸੂਬੇ ਦਾ ਵਿਰੋਧ ਕੀਤਾ। ਵਿਰੋਧ ਜਾਂ ਹਮਾਇਤ ਕੋਈ ਵੱਡੀ ਗੱਲ ਨਹੀਂ। ਅਹਿਮੀਅਤ ਵਿਰੋਧ ਦੇ ਕਾਰਨ ਦੀ ਹੋਇਆ ਕਰਦੀ ਹੈ ਪਰ ਲਾਲਾ ਜੀ ਨੇ ਪੰਜਾਬੀ ਸੂਬੇ ਦਾ ਵਿਰੋਧ ਫਿਰਕੂ ਲੀਹਾਂ 'ਤੇ ਕੀਤਾ। ਉਨ੍ਹਾਂ ਨੇ ਹਿੰਦੂਆਂ ਨੂੰ ਆਪਣੀ ਮਾਤ ਭਾਸ਼ਾ ਪੰਜਾਬੀ ਦੀ ਥਾਂ ਹਿੰਦੀ ਲਿਖਾਉਣ ਲਈ ਮੁਹਿੰਮ ਵਿੱਢੀ। ਕਿਸੇ ਸੂਝਵਾਨ ਵੱਲੋਂ ਐਸੇ ਅਨੈਤਿਕ ਕਰਮ ਦੀ ਆਸ ਕੋਈ ਸੁਪਨੇ ਵਿਚ ਵੀ ਨਹੀਂ ਕਰ ਸਕਦਾ ਕਿ ਹਿੰਦੂ ਹਿਤਾਂ ਦੀ ਪਹਿਰੇਦਾਰੀ ਲਈ ਤੁਸੀਂ ਉਨ੍ਹਾਂ ਨੂੰ ਆਪਣੀ ਮਾਤ ਭਾਸ਼ਾ ਤੋਂ ਹੀ ਮੁੱਕਰ ਜਾਣ ਦੀ ਪ੍ਰੇਰਨਾ ਕਰਨ ਲੱਗ ਪਓ, ਇਹ ਕਰਮ ਕਿਸੇ ਤਰਕ ਨਾਲ ਵੀ ਵਾਜਿਬ ਨਹੀਂ ਠਹਿਰਾਇਆ ਜਾ ਸਕਦਾ। ਲਾਲਾ ਜੀ ਨੇ ਪੰਜਾਬੀ ਸੂਬੇ ਦਾ ਵਿਰੋਧ ਜਾਰੀ ਰੱਖਿਆ। ਵੱਡੀ ਗਿਣਤੀ ਹਿੰਦੂਆਂ ਨੇ ਪੰਜਾਬੀ ਦੀ ਥਾਂ ਆਪਣੀ ਮਾਤਾ ਭਾਸ਼ਾ ਹਿੰਦੀ ਲਿਖਵਾਈ। ਪਰ 1966 ਵਿਚ ਪੰਜਾਬੀ ਸੂਬਾ ਬਣ ਗਿਆ। ਲਾਲਾ ਜੀ ਦੇ ਕਲਪੇ ਖ਼ੌਫ ਅਨੁਸਾਰ ਹਿੰਦੂਆਂ ਦਾ ਕੋਈ ਨੁਕਸਾਨ ਨਾ ਹੋਇਆ ਸਗੋਂ ਅਕਾਲੀਆਂ ਨੇ ਪਹਿਲੀ ਸਰਕਾਰ ਜਨ ਸੰਘ ਨਾਲ ਰਲ ਕੇ ਬਣਾਈ ਅਤੇ ਬਾਅਦ ਵਿਚ ਵੀ ਸਮੇਂ-ਸਮੇਂ ਇਹ ਰਲੇਵਾਂ ਕਿਸੇ ਨਾ ਕਿਸੇ ਰੂਪ ਵਿਚ ਚਲਦਾ ਰਿਹਾ।

ਪੰਜਾਬੀ ਸੂਬੇ ਤੋਂ ਬਾਅਦ 1969 ਵਿਚ ਜਦ ਗੁਰੂ ਨਾਨਕ ਯੂਨੀਵਰਸਿਟੀ ਬਣੀ ਤਾਂ ਲਾਲਾ ਜੀ ਨੇ ਝੰਡਾ ਚੁੱਕ ਲਿਆ ਕਿ ਡੀ.ਏ.ਵੀ. ਕਾਲਿਜ ਗੁਰੂ ਨਾਨਕ ਯੂਨੀਵਰਸਿਟੀ ਨਾਲ ਨਾ ਜੋੜੇ ਜਾਣ। ਉਹ ਗੁਰੂ ਨਾਨਕ ਯੂਨੀਵਰਸਿਟੀ ਨੂੰ ਸਿੱਖਾਂ ਦੀ ਯੂਨੀਵਰਸਿਟੀ ਕਹਿ ਕੇ ਹਿੰਦੂ ਸਿੱਖ ਵਾਲੇ ਵਖਰੇਵੇਂ ਨੂੰ ਹਵਾ ਦੇਣ ਦਾ ਕਾਰਜ ਜਾਰੀ ਰੱਖ ਰਹੇ ਸਨ। ਕਾਲਜ ਤਾਂ ਯੂ.ਜੀ.ਸੀ. ਦੇ ਨਿਯਮਾਂ ਅਨੁਸਾਰ ਹੀ ਯੂਨੀਵਰਸਿਟੀ ਨਾਲ ਜੁੜਦੇ ਹਨ ਅਤੇ ਯੂਨੀਵਰਸਿਟੀ ਦਾ ਕਾਲਜ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਨਹੀਂ ਹੁੰਦਾ ਪਰ ਲਾਲਾ ਜੀ ਡੀ.ਏ.ਵੀ. ਕਾਲਜਾਂ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਧੀਨ ਆਉਣ ਨੂੰ ਸਿੱਖਾਂ ਦਾ ਹਿੰਦੂਆਂ ਉੱਤੇ ਦਾਬਾ ਸਮਝ ਕੇ ਹੀ ਆਪਣੀ ਹਿੰਦੂ-ਸਿੱਖ ਵਖਰੀ ਲੀਹ 'ਤੇ ਚੱਲ ਰਹੇ ਸਨ। ਅੰਤ ਨਿਯਮਾਂ ਅਨੁਸਾਰ ਜਲੰਧਰ, ਗੁਰਦਾਸਪੁਰ, ਅੰਮ੍ਰਿਤਸਰ ਦੇ ਸਾਰੇ ਕਾਲਜ ਗੁਰੂ ਨਾਨਕ ਯੂਨੀਵਰਸਿਟੀ ਨਾਲ ਜੁੜ ਗਏ। ਲਾਲਾ ਜੀ ਦਾ ਖੜ੍ਹਾ ਕੀਤਾ ਖ਼ੌਫ ਐਵੇਂ ਦਾ ਹੀ ਨਿਕਲਿਆ ਅਤੇ ਕਿਸੇ ਕਾਲਜ ਜਾਂ ਹਿੰਦੂ ਨੂੰ ਕੋਈ ਮੁਸ਼ਕਿਲ ਨਾ ਆਈ। ਆਪਣੇ ਆਪ ਨੂੰ ਰਾਸ਼ਟਰਵਾਦੀ ਕਹਿਣ ਵਾਲੇ ਲਾਲਾ ਜੀ ਵਰਗੇ ਸੂਝਵਾਨ ਵਿਅਕਤੀ ਵੀ ਜੇਕਰ ਪੰਜਾਬੀਆਂ ਨੂੰ ਭਾਸ਼ਾ ਜਾਂ ਯੂਨਿਵਰਸਿਟੀ ਦੇ ਨਾਂ 'ਤੇ ਹਿੰਦੂਆਂ ਅਤੇ ਸਿੱਖਾਂ ਵਿਚ ਵੰਡ ਰਹੇ ਹੋਣ ਤਾਂ ਪੰਜਾਬ ਨੂੰ ਫਿਰਕੂ ਅੱਗ ਤੋਂ ਕੌਣ ਬਚਾ ਸਕਦਾ ਸੀ।

ਗੱਲ ਇੱਥੇ ਰੁਕੀ ਨਹੀਂ ਅਤੇ ਨਾ ਲਾਲਾ ਜੀ। ਅਕਾਲੀਆਂ ਅਨੰਦਪੁਰ ਸਾਹਿਬ ਦਾ ਮਤਾ ਲਿਖ ਲਿਆ, ਜੋ ਉਹ ਦੂਸਰਿਆਂ ਨੂੰ ਅੱਜ ਤੱਕ ਸਪੱਸ਼ਟ ਤੌਰ 'ਤੇ ਦੱਸ ਨਹੀਂ ਸਕੇ, ਪਰ ਲਾਲਾ ਜੀ ਨੇ ਇਸ ਮਤੇ ਨੂੰ ਵੱਖਵਾਦੀ ਕਹਿ ਕੇ ਭੰਡਣ ਦੀ ਮੁਹਿੰਮ ਬਹਾਨੇ ਅਕਾਲੀਆਂ ਅਤੇ ਸਿੱਖਾਂ 'ਤੇ ਨਿਸ਼ਾਨੇ ਲਗਾਉਣੇ ਸ਼ੁਰੂ ਕਰ ਦਿੱਤੇ। ਉਹ ਵਿਰੋਧ ਕਰਦਿਆਂ ਸਿੱਖ ਧਰਮ ਅਤੇ ਪ੍ਰੰਪਰਾਵਾਂ ਨੂੰ ਆਪਣੇ ਹਮਲੇ ਦੇ ਘੇਰੇ ਵਿਚ ਲੈ ਆਉਂਦੇ। ਜਿਸ ਤੋਂ ਸਿੱਖ ਚਿੜ੍ਹਦੇ। ਸ਼ਾਇਦ ਲਾਲਾ ਜੀ ਨੂੰ ਅਸਲ ਮਜ਼ਾ ਹੀ ਸਿੱਖਾਂ ਨੂੰ ਚਿੜ੍ਹਾ ਕੇ ਆਉਂਦਾ ਸੀ। ਉਨ੍ਹਾਂ ਨੂੰ ਪੰਜਾਬੀ ਅਤੇ ਸਿੱਖਾਂ ਦੇ ਨੇੜੇ ਰਹਿਣ ਵਾਲੇ ਹੋਣ ਕਾਰਨ ਸਿੱਖਾਂ ਦੀ ਸੰਵੇਦਨਸ਼ੀਲਤਾ ਦੀ ਸਮਝ ਹੋਣੀ ਚਾਹੀਦੀ ਸੀ ਅਤੇ ਰਾਸ਼ਟਰ ਦੇ ਹਿਤ ਵਿਚ ਆਪਣੀਆਂ ਲਿਖਤਾਂ ਰਾਹੀਂ ਬਾਕੀ ਦੇਸ਼ ਵਾਸੀਆਂ ਨੂੰ ਘੱਟ-ਗਿਣਤੀ ਸਿੱਖਾਂ ਦੀ ਸੰਵੇਦਨਾ ਬਾਰੇ ਜਾਣੂ ਕਰਵਾਉਣਾ ਚਾਹੀਦਾ ਸੀ, ਪਰ ਐਸਾ ਕਰਮ ਕਰਨ ਦੀ ਥਾਂ ਉਹ ਪੰਜਾਬ ਵਿਚ ਲਾਈ ਫਿਰਕੂ ਚਿੰਗਿਆੜੀ ਨੂੰ ਵੱਡਾ ਭਾਂਬੜ ਬਣਾਉਣ ਵਾਲੀਆਂ ਲਿਖਤਾਂ ਲਿਖਣ ਲੱਗੇ ਰਹੇ।

ਜਦ ਨਿਰੰਕਾਰੀਆਂ ਅਤੇ ਸਿੱਖਾਂ ਦਾ ਵਿਵਾਦ ਵਧ ਰਿਹਾ ਸੀ ਤਾਂ ਲਾਲਾ ਜੀ ਵਰਗੇ ਬੁੱਧੀਜੀਵੀ ਅਤੇ ਕੱਦਾਵਰ ਸ਼ਖ਼ਸੀਅਤ ਨੂੰ ਚਾਹੀਦਾ ਸੀ ਕਿ ਉਹ ਖ਼ਤਰੇ ਨੂੰ ਭਾਂਪ ਕੇ ਇਸ ਮਸਲੇ ਨੂੰ ਸੁਲਝਾਉਣ ਲਈ ਸੁਹਿਰਦ ਯਤਨ ਕਰਦੇ। ਪਰ, 'ਉਹ ਕਿਹੜੀ ਗਲੀ, ਜਿੱਥੇ ਭਾਗੋ ਨਹੀਂ ਖਲੀ', ਵਾਂਗ ਲਾਲਾ ਜੀ ਅਪ੍ਰੈਲ 1978 ਨੂੰ ਅੰਮ੍ਰਿਤਸਰ ਹੋਏ ਨਿਰੰਕਾਰੀ ਸਮਾਗਮ ਵਿਚ ਵੀ ਸ਼ਾਮਿਲ ਸਨ। ਲਾਲਾ ਜੀ ਜਾਂ ਤਾਂ ਇਸ ਵਿਵਾਦ ਨੂੰ ਟਕਰਾਅ ਵਿਚ ਬਦਲਦਾ ਵੇਖਣ ਦੇ ਸਮਰੱਥ ਨਹੀਂ ਸਨ ਜਾਂ ਉਹ ਤਮਾਸ਼ਬੀਨਾਂ ਵਾਂਗ ਇਸ ਭੜਕੀ ਅੱਗ ਦੇ ਭਾਂਬੜ ਨੂੰ ਬਸੰਤਰ ਵਾਂਗ ਵੇਖਣ ਦੇ ਚਾਹਵਾਨ ਸਨ।

ਚਲਦੇ-ਚਲਦੇ ਲਾਲਾ ਜੀ ਨੇ ਸਿੱਖ ਧਾਰਨਾਵਾਂ ਅਤੇ ਪ੍ਰੰਪਰਾਵਾਂ ਨੂੰ ਛੁਟਿਆਉਣ ਵਾਲਾ ਕਾਰਜ ਹੋਰ ਤੇਜ਼ ਕਰ ਦਿੱਤਾ। ਦਮਦਮੀ ਟਕਸਾਲ ਦੇ ਮੁਖੀ ਅਤੇ ਗੁਸੈਲੇ ਸਿੱਖ ਨੇਤਾ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਉਨ੍ਹਾਂ ਦੀਆਂ ਇਨ੍ਹਾਂ ਲਿਖਤਾਂ ਦਾ ਸਖ਼ਤ ਨੋਟਿਸ ਲੈਣਾ ਸ਼ੁਰੂ ਕਰ ਦਿੱਤਾ। ਲਾਲਾ ਜੀ ਨੇ ਆਪਣੀ ਸਮਾਜਿਕ ਜ਼ਿੰਮੇਵਾਰੀ ਸਮਝਣ ਦੀ ਥਾਂ ਲਿਖਤਾਂ ਹੋਰ ਤਿੱਖੀਆਂ ਕਰ ਦਿੱਤੀਆਂ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਅਤੇ ਮਹਾਤਮਾ ਗਾਂਧੀ ਦਾ ਮੁਕਾਬਲਾ ਕਰਨ ਵਾਲੀਆਂ ਲਿਖਤਾਂ ਅਤੇ ਫੋਟੋਆਂ ਛਾਪ ਕੇ ਗਾਂਧੀ ਨੂੰ ਗੁਰੂ ਗੋਬਿੰਦ ਸਿੰਘ ਨਾਲੋਂ ਬਿਹਤਰ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ। ਸਿੱਖ ਮਨਾਂ ਨੇ ਇਸ ਕਰਮ ਨੂੰ ਸਿੱਖ ਗੁਰੂਆਂ ਦੀ ਤੌਹੀਨ ਜਾਣਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਅਕਾਲ ਤਖ਼ਤ ਦੇ ਜਥੇਦਾਰ ਬਾਰੇ ਵੀ ਅੱਪਸ਼ਬਦ ਲਿਖੇ ਗਏ। ਲਾਲਾ ਜੀ, ਜੋ ਪੰਜਾਬੀ, ਪੰਜਾਬੀ ਸੂਬੇ, ਅਕਾਲੀ ਦਲ



ਦੀਆਂ ਨੀਤੀਆਂ ਆਦਿ ਦੇ ਮੁੱਦਿਆਂ 'ਤੇ ਅਕਾਲੀਆਂ ਅਤੇ ਸਿੱਖਾਂ ਨਾਲ ਪਿਛਲੇ ਤੀਹ ਸਾਲਾਂ ਤੋਂ ਖਹਿੰਦੇ ਆ ਰਹੇ ਸਨ, ਹੁਣ ਸੰਤ ਜਰਨੈਲ ਸਿੰਘ ਨਾਲ ਫਸ ਪਏ। ਸੰਤ ਜਰਨੈਲ ਸਿੰਘ ਦੇ ਲਾਲਾ ਜੀ ਖ਼ਿਲਾਫ਼ ਗੁਸੈਲੇ ਬਿਆਨ ਧਮਕੀਆਂ ਵਰਗੇ ਸਨ। ਸਰਕਾਰ ਨੇ ਮਾਹੌਲ ਵਿਚ ਵਧਦੇ ਤਣਾਅ ਨੂੰ ਵੇਖਦਿਆਂ ਲਾਲਾ ਜੀ ਨੂੰ ਪੰਜਾਬ ਪੁਲੀਸ ਦਾ ਇੱਕ ਗੰਨਮੈਨ ਦੇ ਦਿੱਤਾ, ਪਰ ਲਾਲਾ ਜੀ ਨੇ ਹਾਲਾਤ ਦੀ ਗੰਭੀਰਤਾ ਨੂੰ ਨਾ ਸਮਝਿਆ। ਕਤਲ ਵਾਲੇ ਦਿਨ ਉਹ ਪਟਿਆਲੇ ਜਾਣ ਲੱਗੇ ਆਪਣੇ ਗੰਨਮੈਨ ਸ਼ਿੰਗਾਰਾ ਸਿੰਘ ਨੂੰ ਨਾਲ ਨਾ ਲੈ ਕੇ ਗਏ। ਉਨ੍ਹਾਂ ਨੂੰ ਸ਼ਾਇਦ ਇਸ ਗੱਲ ਦਾ ਅਹਿਸਾਸ ਹੀ ਨਹੀਂ ਸੀ ਕਿ ਉਨ੍ਹਾਂ ਦੀਆਂ ਲਿਖਤਾਂ ਕਾਰਨ ਸਮਾਜ ਵਿਚ ਅੱਗ ਲੱਗ ਰਹੀ ਹੈ। ਇਸ ਗੈਰ-ਜ਼ਿੰਮੇਵਾਰੀ ਦੇ ਨਾਲ-ਨਾਲ ਸ਼ਾਇਦ ਉਹ ਲਾਪ੍ਰਵਾਹ ਵੀ ਸਨ। ਉਨ੍ਹਾਂ ਨੇ ਸ਼ਾਇਦ ਸੁਪਨੇ ਵਿਚ ਵੀ ਨਾ ਸੋਚਿਆ ਹੋਏਗਾ ਕਿ ਉਨ੍ਹਾਂ ਦੀ ਲਗਾਈ ਅੱਗ ਉਨ੍ਹਾਂ ਦੇ ਬਰੂਹਾਂ ਤੱਕ ਵੀ ਆ ਸਕਦੀ ਹੈ। ਐਸੀ ਤੀਖਣ ਬੁੱਧੀ ਦਾ ਕੀ ਲਾਭ ਜੋ ਤੁਹਾਡੇ ਆਪਣੇ ਵਾਸਤੇ ਵੀ ਨੁਕਸਾਨਦੇਹ ਹੋਏ ਅਤੇ ਸਮਾਜ ਲਈ ਵੀ।

ਸਵਾਲਾਂ ਦਾ ਸਵਾਲ ਹੈ ਕਿ ਲਾਲਾ ਜੀ ਇਸ ਕੁਰਾਹੇ ਪਏ ਕਿਉਂ? ਸ਼ਾਇਦ ਉਨ੍ਹਾਂ ਦੇ ਮਨ ਅੰਦਰ ਪੰਜਾਬ ਦੇ ਘੱਟ-ਗਿਣਤੀ ਹਿੰਦੂਆਂ ਦੇ ਹਿਤਾਂ ਦੀ ਸੁਰੱਖਿਆ ਦਾ ਤੌਖਲਾ ਸੀ। ਉਨ੍ਹਾਂ ਦੀਆਂ ਲਿਖਤਾਂ ਅਤੇ ਕਾਰ ਵਿਹਾਰ ਤੋਂ ਲਗਦਾ ਹੈ ਕਿ ਉਹ ਪੰਜਾਬੀ ਹਿੰਦੂਆਂ ਉੱਪਰ ਸਿੱਖ ਬਹੁਗਿਣਤੀ ਦਾ ਗਲਬਾ ਪੈ ਜਾਣ ਤੋਂ ਖ਼ੌਫਜ਼ਦਾ ਸਨ। ਹੈਰਾਨੀ ਦੀ ਗੱਲ ਹੈ ਕਿ 1026 ਈ: ਨੂੰ ਪੰਜਾਬ (ਪੁਰਾਣਾ ਵਿਸ਼ਾਲ ਪੰਜਾਬ) ਦੇ ਆਖਰੀ ਹਿੰਦੂ ਹੁਕਮਰਾਨ ਰਾਜਾ ਭੀਮਪਾਲ ਤੋਂ ਬਾਅਦ 921 ਸਾਲਾਂ ਮਗਰੋਂ ਪੰਜਾਬ ਦਾ ਹਿੰਦੂ ਹੁਕਮਰਾਨ ਗੋਪੀ ਚੰਦ ਭਾਰਗਵ ਬਣਿਆ। ਇਨ੍ਹਾਂ 921 ਸਾਲਾਂ ਦੌਰਾਨ ਪੰਜਾਬ ਮੁਸਲਮਾਨਾਂ, ਮੁਗ਼ਲਾਂ ਅਤੇ ਅੰਗਰੇਜ਼ਾਂ ਅਧੀਨ ਰਿਹਾ। ਇਸ ਅਰਸੇ ਦੌਰਾਨ ਪੰਜਾਬ ਅਫ਼ਗਾਨ ਸਾਮਰਾਜ ਦਾ ਹਿੱਸਾ ਬਣ ਗਿਆ। ਸਿੱਖਾਂ ਨੇ ਲਹੂ ਡੋਲ੍ਹ ਕੇ ਪੰਜਾਬ ਨੂੰ ਅਫ਼ਗਾਨਾਂ ਤੋਂ ਵਾਪਿਸ ਲਿਆ ਅਤੇ ਪੱਛਮ ਵੱਲੋਂ ਹੋਣ ਵਾਲੇ ਹਮਲਿਆਂ ਨੂੰ ਠੱਲ੍ਹ ਪਾਈ। ਅਠਾਰ੍ਹਵੀਂ ਸਦੀ ਵਿਚ ਸਿੱਖਾਂ ਦਾ ਇਹ ਸੰਘਰਸ਼ ਖੁੱਸੇ ਪੰਜਾਬ ਨੂੰ ਮੁੜ ਭਾਰਤ ਨਾਲ ਜੋੜਨ ਦਾ ਪਹਿਲਾ ਮੌਕਾ ਸੀ। ਦੂਸਰੀ ਵਾਰ 1947 ਵਿਚ ਸਿੱਖਾਂ ਨੇ ਪੰਜਾਬ ਦੀ ਅਸੰਬਲੀ ਵਿਚ ਵੋਟ ਪਾ ਕੇ ਪੂਰਬੀ ਪੰਜਾਬ ਭਾਰਤ ਵਿਚ ਸ਼ਾਮਿਲ ਕਰਵਾਇਆ। ਜੇ ਸਿੱਖ ਇਹ ਵੋਟ ਪਾ ਕੇ ਭਾਰਤ ਨਾਲ ਆਉਣ ਦਾ ਫੈਸਲਾ ਨਾ ਕਰਦੇ ਤਾਂ ਪੰਜਾਬ ਵੰਡਿਆ ਨਹੀਂ ਸੀ ਜਾਣਾ ਅਤੇ ਅਣਵੰਡਿਆ ਸਾਰਾ ਪੰਜਾਬ ਪਾਕਿਸਤਾਨ ਵਿਚ ਚਲਾ ਜਾਣਾ ਸੀ। ਹੁਣ ਦੇ ਪਾਕਿਸਤਾਨ ਦੀ ਹੱਦ ਵਾਹਗੇ ਦੀ ਥਾਂ ਗੁੜਗਾਓਂ ਹੋਣੀ ਸੀ। ਇਸ ਤੋਂ ਅੱਗੇ ਗੱਲ ਆਉਂਦੀ ਹੈ ਹਿੰਦੀ ਬੋਲੀ ਦੀ, ਇਹ ਵੀ ਇੱਕ ਸਿੱਖ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਦੀ ਵੋਟ ਦਾ ਕ੍ਰਿਸ਼ਮਾ ਸੀ ਜਿਸ ਨਾਲ ਹਿੰਦੀ ਭਾਰਤ ਦੀ ਸਰਕਾਰੀ ਭਾਸ਼ਾ ਬਣੀ। ਸਵਾਲ ਇਹ ਹੈ ਕਿ 921 ਸਾਲ ਗ਼ੈਰ-ਹਿੰਦੂ ਹੁਕਮਰਾਨਾਂ ਅਧੀਨ ਰਹਿਣ ਵਾਲੇ ਪੰਜਾਬ ਦੇ ਹਿੰਦੂਆਂ ਨੂੰ ਇਤਿਹਾਸ ਵਿਚ ਇੱਕ ਵਾਰ ਨਹੀਂ ਦੋ ਵਾਰ ਪੰਜਾਬ ਨੂੰ ਭਾਰਤ ਨਾਲ ਜੋੜਨ ਵਾਲੇ ਅਤੇ ਹਿੰਦੀ ਨੂੰ ਭਾਰਤ ਦੀ ਭਾਸ਼ਾ ਬਣਾਉਣ ਵਾਲੇ ਸਿੱਖਾਂ ਤੋਂ ਖ਼ਤਰੇ ਦੀ ਕੀ ਤੁਕ ਸੀ? ਸਮੇਂ ਨੇ ਇਹ ਸਾਬਿਤ ਕੀਤਾ ਹੈ ਕਿ ਪੰਜਾਬੀ ਸੂਬਾ ਬਣਨ ਨਾਲ ਅਤੇ ਪੰਜਾਬੀ ਭਾਸ਼ਾ ਦੇ ਲਾਗੂ ਹੋਣ ਨਾਲ ਪੰਜਾਬੀ ਹਿੰਦੂਆਂ ਦਾ ਕੋਈ ਨੁਕਸਾਨ ਨਹੀਂ ਹੋਇਆ, ਪਰ ਲਾਲਾ ਜੀ ਵੱਲੋਂ ਹਿੰਦੂਆਂ ਨੂੰ ਪੰਜਾਬੀ ਬੋਲੀ ਤੋਂ ਮੁੱਕਰ ਜਾਣ ਦੀ ਅਨੈਤਿਕ ਪ੍ਰੇਰਨਾ ਅੱਜ ਤੱਕ ਵੀ ਇੱਕ ਬਦਨੁਮਾ ਦਾਗ ਬਣੀ ਹੋਈ ਹੈ।

ਲਾਲਾ ਜੀ ਦਾ ਕਤਲ ਅਫ਼ਸੋਸਨਾਕ ਸੀ। ਇਸਦੇ ਨਾਲ ਹੀ ਉਨ੍ਹਾਂ ਵੱਲੋਂ ਗ਼ੈਰ-ਜ਼ਿੰਮੇਵਾਰੀ ਅਤੇ ਲਾਪ੍ਰਵਾਹੀ ਨਾਲ ਭਾਸ਼ਾ ਦੇ ਮੁੱਦੇ ਨੂੰ ਫਿਰਕੂ ਲੀਹਾਂ 'ਤੇ ਚਾੜ੍ਹ ਦੇਣ ਦੀ ਕਵਾਇਦ ਵੀ ਅਫ਼ਸੋਸਨਾਕ ਸੀ। ਪੜ੍ਹੇ-ਲਿਖੇ ਸੂਝਵਾਨ ਵਿਅਕਤੀ ਹੋਣ ਦੇ ਨਾਤੇ ਉਨ੍ਹਾਂ ਦੀ ਜ਼ਿੰਮੇਵਾਰੀ ਅਨਪੜ੍ਹ ਸੰਤ ਮੁਕਾਬਲੇ ਵੱਧ ਬਣਦੀ ਸੀ। ਲਾਲਾ ਜੀ ਵੱਲੋਂ ਭਾਸ਼ਾ ਨੂੰ ਦਿੱਤੀ ਫਿਰਕੂ ਰੰਗਤ ਨੇ ਪੰਜਾਬੀ ਹਿੰਦੂਆਂ ਅੰਦਰ ਮਾਤ ਭਾਸ਼ਾ ਤੋਂ ਮੁੱਕਰਨ ਵਾਲੇ ਦੋਸ਼ ਦੀ ਭਾਵਨਾ ਭਰੀ ਅਤੇ ਸੂਬੇ ਦੇ ਵਸਨੀਕਾਂ ਨੇ ਜੋ ਸੰਤਾਪ ਹੰਢਾਇਆ ਉਹ, 'ਲਮਹੋਂ ਨੇ ਖ਼ਤਾ ਕੀ ਥੀ, ਸਦੀਓਂ ਨੇ ਸਜ਼ਾ ਪਾਈ', ਵਰਗੀ ਗੱਲ ਹੋ ਨਿਬੜੀ। ਅੱਜ ਲਾਲਾ ਜੀ ਦੇ ਕਤਲ ਤੇ 45 ਸਾਲ ਬਾਅਦ ਅਫ਼ਸੋਸ ਕਰਦਿਆਂ ਸਾਨੂੰ ਸਭ ਨੂੰ ਸੁਹਿਰਦ ਹੋ ਕੇ ਹਰ ਕਰਮ ਕਰਦਿਆਂ ਇਹ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਬਾਹਰ ਲਗਾਈ ਅੱਗ ਸਾਡੇ ਘਰ ਨੂੰ ਵੀ ਆ ਸਕਦੀ ਹੈ।

ਜੋ ਆਪਣੇ ਹੱਥੀਂ ਲਾਈ ਅੱਗ, ਉਹ ਨਾ ਗਈ ਬੁਝਾਈ ਅੱਗ।

ਜਿਸ ਨੇ ਇਹ ਭੜਕਾਈ ਅੱਗ, ਉਸਦੇ ਘਰ ਨੂੰ ਆਈ ਅੱਗ।

## ਸੰਪਾਦਕ ਦੇ ਨਾਂ ਡਾਕ

ਪਿਛਲੇ ਹਫਤੇ ਦੇ 'ਪੰਜਾਬ ਟਾਈਮਜ਼' ਵਿਚ ਗੁਰਦਿਆਲ ਬੱਲ ਹੁਰਾਂ ਦੀ ਲਿਖਤ, 'ਬਾਬਾ ਬਰਾੜ: ਸਾਕਾ ਨੀਲਾ ਤਾਰਾ ਤੋਂ ਸਾਂਈ ਮੀਆਂ ਮੀਰ ਤੱਕ' ਪੜ੍ਹੀ, ਇਹ ਲਿਖਤ ਸ. ਹਰਭਜਨ ਸਿੰਘ ਬਰਾੜ ਨੂੰ ਉਨ੍ਹਾਂ ਦੇ ਅਕਾਲ ਚਲਾਣੇ 'ਤੇ ਯਾਦ ਕਰਨ ਵਜੋਂ ਦਿੱਤੀ ਗਈ ਢੁੱਕਵੀਂ ਸ਼ਰਧਾਂਜਲੀ ਹੈ। ਸ. ਹਰਭਜਨ ਸਿੰਘ ਬਰਾੜ ਬੇਬਾਕ ਅਤੇ ਜ਼ਿੰਦਾ-ਦਿਲ ਇਨਸਾਨ ਸਨ ਜਿਨ੍ਹਾਂ ਨੇ ਦੋਹਾਂ ਪੰਜਾਬਾਂ ਦੇ ਲੋਕਾਂ ਨੂੰ ਨੇੜੇ ਕਰਨ ਵਾਲੀ ਸਾਂਝੀ ਕੜੀ ਸਾਂਈ ਮੀਆਂ ਮੀਰ ਦੀ ਪਛਾਣ ਕਰਕੇ 'ਸਾਂਈ ਮੀਆਂ ਮੀਰ ਫਾਊਂਡੇਸ਼ਨ' ਖੜ੍ਹੀ ਕੀਤੀ। ਜਿਸ ਰਾਹੀਂ ਉਨ੍ਹਾਂ ਨੇ ਦੋਹਾਂ ਦੇਸ਼ਾਂ ਵਿਚਕਾਰ ਪਸਰੇ ਜੰਗ ਦੇ ਮਾਹੌਲ ਵਿਚ ਅਮਨ ਸ਼ਾਂਤੀ ਦਾ ਸੁਨੇਹਾ ਦਿੱਤਾ। ਇਹ ਸੁਨੇਹਾ ਅੱਜ ਵੀ ਸਾਰਥਕ ਹੈ ਅਤੇ ਸ. ਬੱਲ ਨੇ ਆਪਣੀ ਲਿਖਤ ਰਾਹੀਂ ਜਿਵੇਂ ਉਸ ਸੁਨੇਹੇ ਨੂੰ ਫਿਰ ਦੁਹਰਾਇਆ ਹੈ, ਉਹ ਸਰਾਹੁਣਯੋਗ ਹੈ।

1984 ਦੀਆਂ ਦੁੱਖਦਾਈ ਘਟਨਾਵਾਂ ਬਾਰੇ ਬਾਕੀਆਂ ਵਾਂਗ ਸ. ਹਰਭਜਨ ਸਿੰਘ ਬਰਾੜ ਵੀ ਦੁਖੀ ਸੀ। ਉਹ ਇਸਦੇ ਕਾਰਨ ਫਰੋਲਣ ਅਤੇ ਹੋਈਆਂ ਉਕਾਈਆਂ ਬਾਰੇ ਚਿੰਤਨ ਮੰਥਨ ਵੀ ਕਰਦਾ ਸੀ। ਉਹ ਆਪਣੇ ਤਜਰਬੇ ਅਤੇ ਬੁੱਧੀ ਅਨੁਸਾਰ ਫੌਜ ਦੀ ਸ਼ਕਤੀ ਅਤੇ ਕੰਮ ਬਾਰੇ ਜਾਣਦਾ ਸੀ। ਉਸਦੀ ਲੋਚਾ ਸੀ ਕਿ ਦਰਬਾਰ ਸਾਹਿਬ ਅੰਦਰ ਮੋਰਚਾ ਲਾਉਣ ਵਾਲੇ ਇਸ ਦੀ ਭਿਆਨਕਤਾ ਅਤੇ ਗੰਭੀਰਤਾ ਨੂੰ ਸਮਝਣ ਦਾ ਯਤਨ ਕਰਦੇ। ਪਰ ਐਸਾ ਹੋ ਨਾ ਸਕਿਆ। ਸ. ਹਰਭਜਨ ਸਿੰਘ ਬਰਾੜ ਦੇ ਵਿਚਾਰ ਅਨੁਸਾਰ ਸ. ਦਲਬੀਰ ਸਿੰਘ ਦੀ ਸਲਾਹਕਾਰੀ ਵੀ ਸਮੁੱਚੇ ਘਟਨਾਕ੍ਰਮ ਨੂੰ ਵੱਡੇ ਟਕਰਾਅ ਵੱਲ ਲੈ ਗਈ, ਜੇ ਉਸ ਦੀ ਥਾਂ ਦੂਸਰੇ ਕਾਮਰੇਡਾਂ ਦੀ ਸਲਾਹ ਪ੍ਰਵਾਨ ਚੜ੍ਹ ਜਾਂਦੀ ਤਾਂ ਸ਼ਾਇਦ ਇਤਿਹਾਸ ਹੋਰ ਹੁੰਦਾ।

ਇਨ੍ਹਾਂ ਘਟਨਾਵਾਂ ਦਾ ਅਸਲ ਸੱਚ ਅਜੇ ਤੱਕ ਬਾਹਰ ਨਹੀਂ ਆਇਆ। ਖਾਸ ਕਰਕੇ ਸਰਕਾਰੀ ਪੱਖ ਵੱਲੋਂ ਇਸ ਬਾਰੇ ਦਸਤਾਵੇਜ਼ ਜਾਰੀ ਨਹੀਂ ਕੀਤੇ ਗਏ। ਸਮੇਂ ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਸਾਰੇ ਦਸਤਾਵੇਜ਼ ਜਾਰੀ ਕਰ ਦੇਣ ਤਾਂ ਜੋ ਦੇਸ਼ ਦੇ ਲੋਕ ਸੱਚਾਈ ਜਾਣ ਸਕਣ ਅਤੇ ਆਉਣ ਵਾਲੇ ਸਮੇਂ ਵਿਚ ਐਸੇ ਸੰਤਾਪਾਂ ਤੋਂ ਬਚਿਆ ਜਾ ਸਕੇ। ਸ. ਹਰਭਜਨ ਸਿੰਘ ਬਰਾੜ ਦੇ ਚਲਾਣੇ 'ਤੇ ਉਨ੍ਹਾਂ ਵੱਲੋਂ ਅਮਨ ਸ਼ਾਂਤੀ ਲਈ ਕੀਤੇ ਯਤਨਾਂ ਅਤੇ ਦਿੱਤੇ ਸੁਨੇਹਿਆਂ ਨੂੰ ਯਾਦ ਰੱਖਣ ਦੀ ਲੋੜ ਹੈ। ਅਦਾਰਾ 'ਪੰਜਾਬ ਟਾਈਮਜ਼' ਦਾ ਧੰਨਵਾਦ ਜਿਨ੍ਹਾਂ ਨੇ ਗੁਰਦਿਆਲ ਬੱਲ ਦੀ ਲਿਖਤ ਜ਼ਰੀਏ ਇਸ ਸੁਨੇਹੇ ਨੂੰ ਦੇਸ਼ ਵਿਦੇਸ਼ ਦੇ ਪੰਜਾਬੀ ਪਾਠਕਾਂ ਤੱਕ ਪੁਚਾ ਕੇ ਸ. ਹਰਭਜਨ ਸਿੰਘ ਬਰਾੜ ਦੇ ਵਿੱਢੇ ਕਾਰਜ ਨੂੰ ਅੱਗੇ ਵਧਾਇਆ ਹੈ।

*-ਹਜ਼ਾਰਾ ਸਿੰਘ ਮਿਸੀਸਾਗਾ*

## ਰੱਬ ਦਾ ਰੂਪ

ਦੂਰ-ਦੂਰ ਤੱਕ ਹਰ ਕਸਬੇ ਅਤੇ ਸ਼ਹਿਰ ਦੀਆਂ ਕੰਧਾਂ 'ਤੇ ਵੱਡੇ-ਵੱਡੇ ਬੋਰਡ ਲਿਖੇ ਹੋਏ ਸਨ- ਤਾਕਤ ਦੇ ਬਾਦਸ਼ਾਹ ਔਰਤਾਂ ਅਤੇ ਮਰਦਾਂ ਦੇ ਹਰ ਰੋਗ ਦੇ ਇਲਾਜ ਦੇ ਮਾਹਰ ਡਾਕਟਰ ਤੁੱਕਾ ਰਾਮ (MPBMF) ਪਤਾ:- ਢੱਠੇ ਪੁਲ ਦੇ ਨਜ਼ਦੀਕ ਬੱਸ ਅੱਡਾ (ਅਕਲੋਵਾਲ)। ਭੋਲਾ ਛਾਪ ਪਰ ਤੇਜ਼ ਬੁੱਧੀ ਤੁੱਕਾ ਰਾਮ ਲੰਮੇ ਸਮੇਂ ਤੱਕ ਕਿਸੇ ਹਕੀਮ ਕੋਲ



ਹਰਦੀਪ ਸਿੰਘ ਸੋਢੀ
ਫੋਨ: 480-794-0325

ਦੇਸੀ ਦਵਾਈਆਂ ਕੁੱਟ-ਕੁੱਟ ਕੇ ਪੁੜੀਆਂ ਬੰਨ੍ਹਦਾ ਰਿਹਾ ਅਤੇ ਤੀਖਣ ਬੁੱਧ ਹੋਣ ਕਾਰਨ ਕੁਝ ਫਾਰਮੂਲੇ ਸਿੱਖ ਗਿਆ ਅਤੇ ਉਸ ਕਾਂ ਵਾਂਗ ਬਣ ਗਿਆ ਜਿਸ ਨੂੰ ਕਿਤੋਂ ਜਲੇਬੀ ਲੱਭੀ ਸੀ ਅਤੇ ਉਸ ਜਲੇਬੀ ਨੂੰ ਪੰਜਿਆਂ ਵਿੱਚ ਫਸਾ ਕੇ ਉਡ ਰਿਹਾ ਸੀ, ਆ ਜਾਓ ਜਿਸ ਨੇ ਹਫ਼ਿਜ਼ਆਬਾਦੀਆਂ ਦੀਆਂ ਜਲੇਬੀਆਂ ਖਾਣੀਆਂ ਹਨ, ਮੈਂ ਹੀ ਹਾਂ ਉਹ ਹਲਵਾਈ। ਕੁਝ ਤਾਂ ਤੁੱਕਾ ਰਾਮ ਗੱਲ ਬਾਤ ਨੂੰ ਤੇਜ਼ ਸੀ ਤੇ ਕੁਝ ਕੁਦਰਤ ਮਦਦ ਕਰਦੀ ਸੀ, ਲਿਹਾਜ਼ਾ ਉਸ ਨੇ ਗੱਡੀ ਰੇੜ੍ਹ ਲਈ। ਵੀਹਾਂ ਵਿੱਚੋਂ ਦਸ ਮਰੀਜ਼ ਠੀਕ ਹੋਏ ਤੇ ਉਨ੍ਹਾਂ ਨੇ ਸੌ ਨੂੰ ਹੋਰ ਭੇਜ ਦਿੱਤਾ ਜਿਹੜੇ

## ਵਿਅੰਗ

ਦਸਾਂ ਨੂੰ ਫਾਇਦਾ ਨਹੀਂ ਮਿਲਿਆ ਉਨ੍ਹਾਂ ਸ਼ਰਮ ਦੇ ਮਾਰਿਆਂ ਨੇ ਕੋਈ ਗੱਲ ਹੀ ਨਾ ਕੀਤੀ ਕਿ ਕਿਉਂ ਲੋਕਾਂ ਕੋਲ ਜਲੂਸ ਕਢਾਉਣਾ ਹੈ? ਗੱਲ ਕੀ ਤਾਕਤ ਦੇ ਬਾਦਸ਼ਾਹ ਡਾਕਟਰ ਦੀ ਵਾਹਵਾ ਮਸ਼ਹੂਰੀ ਹੋ ਗਈ। ਇੱਕ ਦਿਨ ਪਿੰਡ ਦੀ ਸੱਥ ਵਿਚ ਬੈਠੇ-ਬੈਠੇ ਡਾਕਟਰ ਦੀ ਗੱਲ ਚੱਲ ਪਈ। ਬਾਹਰੋਂ ਆਏ ਕਿਸੇ ਸੱਜਣ ਨੇ ਪੁੱਛਿਆ ਕਿ (MPBMF) ਡਿਗਰੀ ਕੀ ਹੈ? ਮਾਸਟਰ ਜੀ ਹੱਸ ਕੇ ਕਹਿੰਦੇ, 'ਮਿਡਲ ਪਾਸ ਬੱਟ ਮੈਟ੍ਰਿਕ ਫੇਲ੍ਹ' ਹਾਸੇ ਦਾ ਫੁਹਾਰਾ ਛੁੱਟ ਪਿਆ, ਵਿਚੇ ਬੋਲ ਕੇ ਜਾਗਰ ਅਮਲੀ ਕਹਿੰਦਾ, ਉਹ ਤਾਂ ਰੱਬ ਐ ਰੱਬ ਨਿਰਾ ਰੱਬ ਦਾ ਰੂਪ। ਮਾਸਟਰ ਜੀ ਕਹਿੰਦੇ ਜਾਗਰ ਸਿਹਾਂ ਜੇ ਤੇਰੀ ਕੋਈ ਮਾੜੀ ਮੋਟੀ ਬਿਮਾਰੀ ਠੀਕ ਹੋ ਗਈ ਤਾਂ ਏਨਾ ਸੌਖਾ ਰੱਬ ਨਹੀਂ ਬਣਦਾ ਨਾ ਬਣਾਈ ਦਾ ਹੈ। ਅੱਗੋਂ ਜਾਗਰ ਕਹਿੰਦਾ, 'ਮਾਸਟਰ ਜੀ ਮੈਂ ਉਸ 'ਤੋਂ ਕੋਈ ਦਵਾਈ ਨਹੀਂ ਲਈ, ਨਾ ਹੀ ਮੈਨੂੰ ਲੋੜ ਹੈ। ਰੱਬ ਕਹਿਣ ਦਾ ਮੇਰਾ ਮਕਸਦ ਹੈ ਕਿ ਸ਼ਰੀਕੇ ਵਿਚ ਕੋਈ ਕਿਸੇ ਦੀ ਬਾਂਹ ਨਹੀਂ ਫੜਦਾ, ਪਰ ਇਸ ਦੇਵਤਾ ਸਰੂਪ ਬੰਦੇ ਨੇ ਆਪਣੇ ਭਰਾ ਨੂੰ ਵੀ ਡਾਕਟਰ ਬਣਾ ਲਿਆ ਹੈ, ਪਹਿਲਾਂ ਜਿਹੜਾ ਰਈਏ ਨਹਿਰ 'ਤੇ ਸਾਈਕਲਾਂ ਨੂੰ ਪੈਂਚਰ ਲਾਉਂਦਾ ਸੀ। ਸਾਰੇ ਹੱਸ ਪਏ, ਕਹਿੰਦੇ ਸਾਈਕਲਾਂ ਨੂੰ ਪੈਂਚਰ ਲਾਉਣ ਵਾਲਾ ਡਾਕਟਰ ਬਣ ਕੇ ਬੰਦੇ ਹੀ ਮਾਰੂ, ਜਿਵੇਂ ਸਰਕਾਰਾਂ ਨੇ ਨਲਕੇ ਲਾਉਣ ਵਾਲੇ, ਮੱਝਾਂ ਦੇ ਦਲਾਲ ਅਤੇ ਘੜੀਆਂ, ਮੋਬਾਈਲਾਂ ਵਿਚ ਸੈੱਲ ਪਾਉਣ ਵਾਲੇ MP…MLA ਬਣਾ ਕੇ ਪੰਜਾਬ ਦਾ ਸਤਿਆਨਾਸ਼ ਕੀਤਾ ਹੈ। ਜੇ ਐਂ ਇੱਕ ਅੱਧ ਵਾਰ ਹੋਰ ਰੱਬ ਦੇ ਰੂਪ ਲਿਆਂਦੇ ਤਾਂ ਪੰਜਾਬ ਗਹਿਣੇ ਪਿਆ ਸਮਝਿਓ।

# ਯੂਰਪ ਯੂਰਪ, ਅਮਰੀਕਾ ਅਮਰੀਕਾ

ਮੁਗਦਰ ਵਰਗੇ ਜੁੱਸੇ ਵਾਲ਼ੇ, 'ਬਾਊਂਸਰ' ਜਾਪਦੇ, ਅਫ਼ਰੀਕੀ ਮੂਲ ਦੇ ਗਾਰਡ ਨੇ ਮੈਨੂੰ ਪੱਗ ਤੋਂ ਪੈਰਾਂ ਤੱਕ ਘੋਖਵੀਂ ਨਜ਼ਰ ਨਾਲ਼ ਵੇਖਿਆ। ਮੇਰੇ ਅਗਾਂਹ ਵਧਾਏ ਹੱਥ ਵਿਚੋਂ ਝਪਟਣ ਵਾਂਗ ਪਾਸਪੋਰਟ ਫੜਿਆ, ਲਾਪ੍ਰਵਾਹੀ ਜਿਹੀ ਨਾਲ਼ ਵਰਕੇ ਉਥੱਲੇ, ਪੂਰੀ ਨੀਝ ਨਾਲ਼ ਮੇਰੀ ਫੋਟੋ ਅਤੇ ਮੇਰੇ ਚਿਹਰੇ ਨੂੰ ਮਿਲਾ ਕੇ ਪਰਖਿਆ। ਬੁੱਲ੍ਹ ਭਚੀੜ ਕੇ, ਪਲ਼ ਕੁ ਨਾਟਕ ਦੇ ਫਰੀਜ਼ ਹੋ ਗਏ ਅਦਾਕਾਰ ਵਾਂਗ ਅਟਕਿਆ ਰਿਹਾ, ਜਿਵੇਂ ਬਹੁਤ ਡੂੰਘਾਈ ਨਾਲ਼ ਸੋਚ ਕੇ ਕੋਈ ਫੈਸਲਾ ਲੈ ਰਿਹਾ ਹੋਵੇ। ਫਿਰ ਚੁੱਪ-ਚਾਪ ਇੱਕ ਸਟਿੱਕਰ ਮੇਰੇ ਪਾਸਪੋਰਟ ਦੀ ਜਿਲਦ ਉੱਤੇ ਚਿਪਕਾਇਆ ਅਤੇ ਅੰਤ ਤਨਜ਼ੀ ਜਿਹਾ ਮੁਸਕਰਾ ਕੇ ਘੁਰਕੀ ਭਰੇ ਲਹਿਜ਼ੇ 'ਚ ਕਿਹਾ, 'ਗੋ...ਅ...ਅ...।' ਮੇਰੇ ਧੌਂਕਣੀ ਵਾਂਗ ਚਲਦੇ ਸਾਹ ਅਤੇ ਧੜਕ-ਧੜਕ ਧੜਕਦੇ ਦਿਲ ਨੇ ਦੱਸਿਆ ਕਿ ਅਜੇ ਮੈਂ ਖੜ੍ਹਾ ਭਾਵੇਂ ਯੂਰਪ ਦੀ

**ਬਲਦੇਵ ਸਿੰਘ ਧਾਲੀਵਾਲ**
**ਫੋਨ: 9872835835**

ਧਰਤੀ ਉੱਤੇ ਹੀ ਹਾਂ ਪਰ ਕਾਗ਼ਜ਼ੀਂ-ਪੱਤਰੀਂ ਅਮਰੀਕਾ ਦੇ ਔਰੇ ਵਾਲ਼ੀ ਜੂਹ ਵਿਚ ਪੈਰ ਰੱਖ ਲਿਆ ਹੈ। ਯੂਰਪ ਦੀ ਯਾਤਰਾ ਲਈ ਵੀਹ ਦਿਨ ਪਹਿਲਾਂ ਜਦੋਂ ਨਾਰਵੇ ਉਤਰ ਕੇ ਇੰਮੀਗਰੇਸ਼ਨ ਦਾ ਠੱਪਾ ਲੁਆ ਰਿਹਾ ਸਾਂ ਤਾਂ ਮਾਲੂਮ ਹੀ ਨਹੀਂ ਸੀ ਹੋਇਆ ਕਿ ਮੈਂ ਕਿਸੇ ਦੂਜੇ ਪੱਛਮੀ ਦੇਸ਼ ਵਿਚ ਦਾਖ਼ਲ ਹੋ ਗਿਆ ਹਾਂ। ਗੋਰਿਆਂ ਦੀ ਬਸਤੀ ਬਣੇ ਰਹੇ ਦੇਸ਼ ਵਿਚੋਂ ਆਇਆ ਹੋਣ ਕਰਕੇ ਤੌਖ਼ਲਾ ਸੀ ਕਿ ਨਾਰਵੇ ਦਾ ਇੰਮੀਗਰੇਸ਼ਨ



ਅਧਿਕਾਰੀ ਵੀ ਬਾਹਲੀ ਨਹੀਂ ਤਾਂ ਥੋੜ੍ਹੀ, ਹੱਬ-ਦੱਬ ਤਾਂ ਕਰੇਗਾ ਹੀ, ਪਰ ਉਸ ਨੇ ਤਾਂ ਸਹਿਜ ਨਾਲ਼ ਪਾਸਪੋਰਟ ਉੱਤੇ ਸਟੈਂਪ ਲਾਉਂਦਿਆਂ ਪਿਆਰ ਨਾਲ਼ ਮੁਸਕਰਾ ਕੇ ਕਿਹਾ ਸੀ, 'ਵੈੱਲਕਮ ਟੂ ਨਾਰਵੇ...।'

...ਤੇ ਹੁਣ ਵਾਪਸੀ ਵੇਲ਼ੇ ਜਦੋਂ ਮੈਂ ਫਰੈਂਕਫਰਟ ਤੋਂ ਲਾਸ ਏਂਜਲਸ (ਅਮਰੀਕਾ) ਲਈ ਫਲਾਈਟ ਲੈਣੀ ਸੀ ਤਾਂ ਜਹਾਜ਼ 'ਚ ਚਾੜ੍ਹਨ ਤੋਂ ਪਹਿਲਾਂ ਹੀ ਵਿਸ਼ੇਸ਼ ਪੁੱਛ-ਪੜਤਾਲ ਸ਼ੁਰੂ ਹੋ ਗਈ ਸੀ। ਵਾੜ ਜਿਹੀ ਲਾ ਕੇ ਇੱਕ 'ਮਿੰਨੀ ਅਮਰੀਕਾ' ਇੱਥੇ ਏਅਰਪੋਰਟ ਉੱਤੇ ਹੀ ਬਣਾ ਛੱਡਿਆ ਸੀ। ਲੱਗੇਜ ਜਮ੍ਹਾਂ ਕਰਾਉਣ ਵਾਲ਼ੇ ਕਾਊਂਟਰ ਤੋਂ ਪਹਿਲਾਂ ਹੀ ਅਮਰੀਕੀ 'ਬਾਊਂਸਰ' ਘੂਰਵੀਂ ਘੋਖ ਕਰਦਾ ਸੀ ਅਤੇ ਇੰਡੀਅਨ ਪਾਸਪੋਰਟ ਵਾਲ਼ਿਆਂ ਦਾ ਤ੍ਰਾਹ ਕੱਢਣਾ ਤਾਂ ਜਿਵੇਂ ਆਪਣਾ ਮੌਲਿਕ ਅਧਿਕਾਰ ਹੀ ਸਮਝਦਾ ਸੀ।

ਬੋਰਡਿੰਗ ਪਾਸ ਲੈ ਕੇ ਸਕਿਓਰਟੀ ਚੈੱਕ ਵੱਲ ਜਾਂਦਿਆਂ ਇਉਂ ਜਾਪਿਆ ਜਿਵੇਂ ਲੱਤਾਂ ਵਿਚ ਸੱਤਿਆ ਹੀ ਨਹੀਂ ਹੈ। ਅਜੇ ਵੀ ਅੱਖਾਂ ਮੂਹਰੇ 'ਬਾਊਂਸਰ' ਦੀ ਦਾਨਵ-ਸ਼ਕਲ ਹੀ ਘੁੰਮੀ ਜਾਂਦੀ ਸੀ। ਸਕਿਓਰਟੀ ਚੈੱਕ ਤੋਂ ਪਹਿਲਾਂ ਹੀ ਇੱਕ ਹੋਰ ਬੈਰੀਕੇਡ ਆ ਗਿਆ। ਗੋਰੀਆਂ ਸਵਾਰੀਆਂ ਦੀ ਛੋਟੀ ਜਿਹੀ ਕਤਾਰ ਇੱਕ ਮਸ਼ੀਨ ਅੱਗੇ ਲੱਗੀ ਹੋਈ ਸੀ। ਪੈਸੰਜਰ ਆਪਣਾ ਪਾਸਪੋਰਟ ਮਸ਼ੀਨ ਵਿਚ ਪਾਉਂਦਾ, ਸਕਰੀਨ ਉੱਤੇ 'ਯੈੱਸ' ਲਿਖਿਆ ਆ ਜਾਂਦਾ ਅਤੇ ਉਹ ਖੁੱਲ੍ਹ ਗਏ ਬੈਰੀਕੇਡ 'ਚੋਂ ਲੰਘ ਜਾਂਦਾ। ਸਕਿਓਰਟੀ ਚੈੱਕ ਤੋਂ ਪਹਿਲਾਂ ਅਜਿਹਾ ਵਿਸ਼ੇਸ਼ ਚੈੱਕ ਮੈਂ ਪਹਿਲਾਂ ਕਦੇ ਨਹੀਂ ਸੀ ਵੇਖਿਆ, ਇਸ ਲਈ ਇਹ ਵੀ ਡਰਾਉਣਾ ਜਿਹਾ ਜਾਪਿਆ। ਵਾਰੀ ਆਉਣ 'ਤੇ ਮੈਂ ਆਪਣਾ ਪਾਸਪੋਰਟ ਮਸ਼ੀਨ ਵਿਚ ਪਾਇਆ ਤਾਂ ਅਲਾਰਮ ਦੀ ਭਿਆਨਕ ਜਿਹੀ ਆਵਾਜ਼ ਆਈ ਅਤੇ ਸਕਰੀਨ ਉੱਤੇ ਵੱਡਾ ਲਾਲ਼ ਕਾਟਾ ਆ ਗਿਆ। ਪਲ਼ ਕੁ ਲਈ ਤਾਂ ਠਠੰਬਰ ਕੇ ਖੜ੍ਹ ਗਿਆ, ਫਿਰ ਹੌਸਲਾ ਕਰਕੇ ਦੂਜੀ ਵਾਰ ਫੇਰ ਕੋਸ਼ਿਸ਼ ਕੀਤੀ ਤਾਂ ਉਵੇਂ ਹੀ ਫੇਰ ਵਾਪਰਿਆ। ਮੈਂ ਹੁਣ ਥੋੜ੍ਹਾ ਭੈਅਭੀਤ ਜਿਹਾ ਹੋ ਕੇ ਆਲ਼ੇ-ਦੁਆਲ਼ੇ ਝਾਕਿਆ ਕਿ ਸ਼ਾਇਦ ਕੋਈ ਮੱਦਦਗਾਰ ਬਹੁੜ ਪਵੇ। 'ਕਿਤੇ ਬਾਊਂਸਰ ਦੇ ਸਟਿੱਕਰ ਨੇ ਤਾਂ ਨਹੀਂ ਸੇਵੀਆਂ 'ਚ ਲੂਣ ਪਾ ਦਿੱਤਾ?' ਭਮੱਤਰੇ ਹੋਏ ਨੇ ਸੋਚਿਆ।

'ਸਰ ਜੇ ਇੰਡੀਅਨ ਪਾਸਪੋਰਟ ਐ ਤਾਂ ਓਧਰ ਦੀ ਜਾਓ।' ਨਾਲ਼ ਵਾਲ਼ੇ ਕਾਊਂਟਰ 'ਤੇ ਬੈਠੀ ਪੰਜਾਬੀ ਬੀਬੀ ਨੇ ਮੇਰੀ ਵਾੜ 'ਚ ਫਸੇ ਬਿੱਲੇ ਵਾਲ਼ੀ ਸਥਿਤੀ ਭਾਂਪਦਿਆਂ ਹਮਦਰਦੀ ਨਾਲ਼ ਦੂਜੇ ਕਾਊਂਟਰ ਵੱਲ ਇਸ਼ਾਰਾ ਕਰਕੇ ਦੱਸਿਆ। ਅਸਲ ਵਿਚ ਜਿਸ ਮਸ਼ੀਨ ਨਾਲ਼ ਮੈਂ ਖੌਝਲ ਰਿਹਾ ਸਾਂ ਉਹ ਯੂਰਪੀ ਮੁਸਾਫ਼ਰਾਂ ਲਈ ਵਿਸ਼ੇਸ਼ ਰਿਆਇਤ ਵਾਲ਼ੀ ਸੀ।'ਸ਼ੁਕਰ ਐ ਇੱਥੇ ਤਾਂ ਬਾਊਂਸਰ ਦੀ ਥਾਂ ਸੋਹਲ ਜਿਹੀ ਗੋਰੀ ਕੁੜੀ ਬੈਠੀ ਐ।' ਮੈਂ ਦੂਜੇ ਕਾਊਂਟਰ ਅੱਗੇ ਖੜ੍ਹੇ ਨੇ ਸੁਖ ਦਾ ਸਾਹ ਲੈਂਦਿਆਂ ਸੋਚਿਆ, ਪਰ ਇਹ ਤਾਂ ਮੇਰਾ ਭਰਮ ਹੀ ਸੀ,



ਉਹ ਤਾਂ ਜਿਵੇਂ ਉਸ ਦੀ ਛੋਟੀ ਭੈਣ ਹੀ ਨਿਕਲੀ ਸੀ, ਉਵੇਂ ਹੀ ਪੱਗ, ਪਾਸਪੋਰਟ, ਚਿਹਰਾ ਵਾਰ-ਵਾਰ ਜਾਂਚਿਆ, ਸਟਿੱਕਰ ਨੂੰ ਕੰਪਿਊਟਰ ਨਾਲ਼ ਪੜ੍ਹਿਆ ਅਤੇ ਫਿਰ ਜਿਵੇਂ ਅਣਮੰਨੇ ਜਿਹੇ ਮਨ ਨਾਲ਼ ਸਿਰ ਘੁਮਾ ਕੇ ਅਗਾਂਹ ਵੱਲ ਜਾਣ ਦਾ ਸੰਕੇਤ ਦਿੱਤਾ, ਜਿਵੇਂ ਕਿਹਾ ਹੋਵੇ, 'ਤੁਰ ਪੈਂਦੇ ਆ ਮੂੰਹ ਚੁੱਕ ਕੇ ਅਮਰੀਕਾ ਨੂੰ, ਅਖੇ ਇਹ ਮੂੰਹ ਤੇ ਮਸਰਾਂ ਦੀ ਦਾਲ਼।' ਅੱਗੇ ਲੰਘ ਕੇ ਦੂਰ ਤੱਕ ਨਿਗਾਹ ਮਾਰੀ, ਕੋਈ ਸਕਿਓਰਟੀ ਚੈੱਕ ਨਜ਼ਰ ਨਾ ਆਇਆ। ਫਿਰ ਹੈਂਡ-ਬੈਗ ਕਿੱਥੇ ਚੈੱਕ ਹੋਣਾ ਸੀ? ਸ਼ਸ਼ੋਪੰਜ ਜਿਹੀ ਪਿਆ ਸੋਚਦਾ-ਸੋਚਦਾ ਬੋਰਡਿੰਗ ਪਾਸ ਉੱਤੇ ਲਿਖੇ ਗੇਟ ਨੰਬਰ ਵੱਲ ਤੁਰ ਪਿਆ। ਕੋਈ ਯਾਤਰੀ ਅੱਗੇ ਨਾ ਪਿੱਛੇ, ਇਕੱਲਾ ਹੀ ਮੈਂ ਇੱਕ ਲੰਮੀ ਗ਼ਲੀ ਵਿਚ ਤੁਰਿਆ ਜਾ ਰਿਹਾ ਸਾਂ। 'ਕਿਤੇ ਇਹ ਵੀ ਭਾਰਤੀਆਂ ਲਈ ਵੱਖਰੀ ਗ਼ਲੀ ਤਾਂ ਨਹੀਂ?' ਸੋਚਦਿਆਂ ਆਪਣੇ ਮੁਲਕ ਦੇ ਪਾਸਪੋਰਟ ਦੀ ਹੀਣਤਾ ਭਰੀ ਹੈਸੀਅਤ ਦੇ ਖ਼ਿਆਲ ਨੇ ਨਿਰਾਸਤਾ ਨਾਲ਼ ਭਰ ਦਿੱਤਾ। ਰਾਹ ਵਿਚ ਮਸਾਂ ਹੀ ਇੱਕ ਗਾਰਡ ਬੈਠਾ ਦਿਸਿਆ ਤਾਂ ਉਸ ਤੋਂ ਪੁੱਛਿਆ ਕਿ ਕੀ ਮੈਂ ਸਹੀ ਰਸਤੇ ਜਾ ਰਿਹਾ ਹਾਂ ? 'ਯੂ ਆਰ ਆਨ ਰਾਈਟ ਵੇ, ਫਾਅਲੋ ਦਾ ਸਾਈਨਜ਼।' ਗਾਰਡ ਨੇ ਸਾਈਨ ਬੋਰਡ ਵੱਲ ਇਸ਼ਾਰਾ ਕਰਦਿਆਂ ਤਸੱਲੀ ਦਿੱਤੀ। ਪਰ ਬਾਕੀ ਪੈਸੰਜਰ ਕਿੱਥੇ ਸਨ? ਇਹ ਸੁਆਲ ਅਜੇ ਵੀ ਮੱਥੇ 'ਚ ਚਸਕ ਰਿਹਾ ਸੀ। ਕਰੀਬ ਅੱਧਾ ਕਿਲੋਮੀਟਰ ਅੱਗੇ ਜਾ ਕੇ ਸਕਿਓਰਟੀ ਚੈੱਕ ਦਾ ਏਰੀਆ ਦਿਸਿਆ। ਇਹ ਅਮਰੀਕਾ ਨੂੰ ਜਾਣ ਵਾਲ਼ੀਆਂ ਫਲਾਈਟਾਂ ਲਈ ਵੱਖਰਾ ਬਣਾਇਆ ਹੋਇਆ ਸੀ। ਇਹ ਵੀ ਸੁੰਨਾ ਹੀ ਪਿਆ ਸੀ ਜਿਵੇਂ ਸਭ ਪਹਿਲਾਂ ਹੀ ਲੰਘ ਚੁੱਕੇ ਹੋਣ।

ਮੈਂ ਟਰੇਅ ਵਿਚ ਘੜੀ, ਬੈਲਟ, ਬੂਟ, ਬਟੂਆ ਵਗੈਰਾ ਰੱਖੇ। ਟਰੇਅ ਘੁੰਮਦੇ ਪਟੇ ਉੱਤੇ ਰੱਖਣ ਲੱਗਿਆ ਹੀ ਸੀ ਕਿ 'ਬਾਊਂਸਰ ਦੀ ਇੱਕ ਹੋਰ ਭੈਣ', ਅਫ਼ਰੀਕਨ ਮੂਲ ਦੀ ਹੁੰਦੜਹੇਲ ਜਿਹੀ ਮੁਟਿਆਰ ਨੇ ਪੁੱਛਿਆ ਕਿ ਬੈਗ ਵਿਚ ਕੋਈ ਬੈਟਰੀ, ਬੀਜ, ਲਿਕੁਅਡ, ਪਾਊਡਰ ਆਦਿ ਤਾਂ ਨਹੀਂ ਹੈ? ਆਪਣੇ ਪੱਗ-ਪਿੰਨ, ਸਰਬਾਜ ਵਗੈਰਾ ਤਾਂ ਮੈਂ ਪਹਿਲਾਂ ਹੀ ਵੱਡੇ ਅਟੈਚੀ 'ਚ ਪਾ ਦਿੱਤੇ ਸਨ। ਬੱਸ ਇੱਕ ਪੰਜੀਰੀ ਦਾ ਮਿੰਨੀ ਪੈਕਟ ਸੀ ਕੋਲ਼। ਇਹ ਮੇਰੇ ਮੇਜ਼ਬਾਨ ਅਮਜਦ ਆਰਫ਼ੀ ਨੇ ਸ੍ਰੀ ਕਰਤਾਰਪੁਰ ਸਾਹਿਬ ਦਾ ਪ੍ਰਸ਼ਾਦ ਕਹਿ ਕੇ ਸ਼ਰਧਾ ਨਾਲ਼ ਦਿੱਤਾ ਸੀ। ਸੋਚਿਆ ਸੀ ਸਕਿਓਰਟੀ ਚੈੱਕ ਤੋਂ ਪਹਿਲਾਂ ਖਾ ਲਊਂਗਾ ਪਰ 'ਬਾਊਂਸਰ' ਦੀ ਘੁਰਕੀ ਨਾਲ਼ ਸਭ ਕੁਝ ਵਿੱਸਰ ਗਿਆ ਸੀ।

'ਆਈ ਹੈਵ ਦਿਸ ਵੰਨ... ਕੈਨ ਆਈ ਕੈਰੀ...' ਮੈਂ ਬੈਗ ਦੀ ਬਾਹਰਲੀ ਛੋਟੀ ਜੇਭ 'ਚੋਂ ਪੈਕਟ ਕੱਢ ਕੇ ਗਾਰਡ ਨੂੰ ਵਿਖਾਉਂਦਿਆਂ ਪੁੱਛਿਆ। ਹਰਬੜੀ ਵਿਚ 'ਪ੍ਰਸ਼ਾਦ' ਲਈ ਕੋਈ ਅੰਗਰੇਜ਼ੀ ਸ਼ਬਦ ਵੀ ਚੇਤੇ ਨਾ ਆਇਆ।

'ਨੋਅ...ਅ..., ਨੋ...ਅ...ਅ... ਹੈਂਡਓਵਰ ਇਟ...।' ਕਹਿੰਦਿਆਂ ਉਸ ਨੇ ਕਾਹ਼ਲੀ ਨਾਲ਼ ਦਸਤਾਨੇ ਚੜ੍ਹਾਏ, ਮੁਸਤੈਦੀ ਨਾਲ਼ ਪੈਕਟ ਇੱਕ ਚਿਮਟੀ ਨਾਲ਼ ਫੜ ਕੇ ਛੋਟੀ ਟਰੇਅ ਵਿਚ ਰੱਖਿਆ ਅਤੇ ਇਉਂ ਟੱਪਣ ਲੱਗੀ ਜਿਵੇਂ ਕਿਸੇ ਨਾਮੀ ਸਮੱਗਲਰ ਤੋਂ ਡਰੱਗਜ਼ ਦੀ ਕੋਈ ਵੱਡੀ ਖੇਪ ਫੜ ਕੇ ਮਾਅਰਕਾ ਮਾਰ ਵਿਖਾਇਆ ਹੋਵੇ। 'ਅੱਜ ਦਾ ਦਿਨ ਈ ਮਾੜਾ ਚੜ੍ਹਿਆ ਐ ਕਿ ਸਹੁਰੇ ਅਮਰੀਕੀ ਹੀ ਐਵੇਂ ਹਾਈਪਰ ਹੋਏ ਪਏ ਐ।' ਝੁੰਜਲਾਹਟ ਜਿਹੀ ਵਿਚ ਮੈਨੂੰ ਤੁਰੰਤ ਕੁਝ ਨਾ ਸੁੱਝਿਆ ਕਿ ਉਸ ਨੂੰ 'ਪ੍ਰਸ਼ਾਦ' ਵਾਲ਼ੀ ਗੱਲ ਕਿਵੇਂ ਸਮਝਾਵਾਂ। ਕੁਝ ਕਹਿਣ ਦੀ ਥਾਂ ਵਿਚਾਰਾ ਜਿਹਾ ਮੂੰਹ ਬਣਾ ਕੇ, ਤਰਸ ਮੰਗਦੀਆਂ ਨਜ਼ਰਾਂ ਨਾਲ਼, ਉਸ ਭੱਜ-ਨੱਠ ਕਰਦੀ ਬੀਬੀ ਵੱਲ ਤੱਕ ਰਿਹਾ ਸਾਂ ਕਿ ਸ਼ਾਇਦ ਚਿੱਟੀ ਦਾਹੜੀ ਦਾ ਲਿਹਾਜ਼ ਕਰਦਿਆਂ ਕੁਝ ਤਰਸ ਖਾ ਕੇ ਰਹਿਮ ਹੀ ਕਰ ਦੇਵੇ। ਉਸ ਨੇ ਬਿਨਾਂ ਮੇਰੇ ਵੱਲ ਵੇਖਿਆਂ ਆਪਣਾ 'ਮਾਅਰਕਾ' ਪਰ੍ਹੇ ਖੜ੍ਹੇ ਸੀਨੀਅਰ ਅਫ਼ਸਰ ਨਾਲ਼ ਸਾਂਝਾ ਕੀਤਾ ਤਾਂ ਉਹ ਤੇਜ਼ੀ ਨਾਲ਼ ਚਾਰ ਕਦਮ ਪੁੱਟ ਕੇ ਮੇਰੇ ਵੱਲ ਆਇਆ।

'ਏਹ ਭਲਾ ਕੀ ਜੇ ਸਰਦਾਰ ਜੀ, ਕੋਈ ਖ਼ਤਰਨਾਕ ਸ਼ੈਅ ਤੇ ਨਈਂ ਨਾ?' ਉਸ ਨੇ ਬੜੀ ਹਲੀਮੀ ਨਾਲ਼ ਪਾਕਿਸਤਾਨੀ ਲਹਿਜ਼ੇ ਵਾਲ਼ੀ ਪੰਜਾਬੀ ਵਿਚ ਪੁੱਛਿਆ।

'ਪ੍ਰਸ਼ਾਦ ਐ ਜੀ ਸ੍ਰੀ ਕਰਤਾਰਪੁਰ ਸਾਹਿਬ ਦਾ, ਆਪਣੇ ਮੁਸਲਿਮ ਭਾਈ ਸਾਹਿਬ ਨੇ ਦਿੱਤਾ ਸੀ ਮੁਹੱਬਤ ਨਾਲ਼।' ਜਾਨ ਖਲਾਸੀ ਹੁੰਦੀ ਵੇਖ ਮੈਂ ਤਰਲੇ ਜਿਹੇ ਨਾਲ਼ ਕਿਹਾ, ਜਿਵੇਂ ਬਿਪਤਾ ਪੈਣ 'ਤੇ ਦਰੋਪਤੀ ਨੇ ਕ੍ਰਿਸ਼ਨ ਭਗਵਾਨ ਨੂੰ ਪੁਕਾਰਿਆ ਹੋਵੇ।

'ਲੈ ਜਾਓ, ਲੈ ਜਾਓ ਫਿਰ ਕੋਈ ਮਸਲਾ



ਨਈਂ ਜੇ...।' ਉਸ ਨੇ ਹੱਥ ਨਾਲ਼ ਪੈਕਟ ਚੁੱਕ ਕੇ ਮੈਨੂੰ ਫੜਾਉਂਦਿਆਂ ਦਿਲਦਾਰੀ ਨਾਲ਼ ਕਿਹਾ।

'ਲੇ...ਜਾ...ਓ, ਲੇ...ਜਾ...ਓ..., ਹਾ ਹਾ ਹਾ।' ਹੱਸਦਿਆਂ ਹੁਣ ਅਫਰੀਕਨ ਬੀਬੀ ਨੇ ਵੀ ਆਪਣੇ ਸੀਨੀਅਰ ਦੀ ਨਕਲ ਲਾਹੁੰਦਿਆਂ ਇਉਂ ਕਿਹਾ ਜਿਵੇਂ ਕੁਝ ਹੋਇਆ ਹੀ ਨਾ ਹੋਵੇ।

ਮੇਰੀ ਜਾਨ 'ਚ ਜਾਨ ਆਈ। ਬੋਰਡਿੰਗ ਵਿਚ ਅਜੇ ਅੱਧਾ ਘੰਟਾ ਬਾਕੀ ਸੀ। ਮੈਂ ਸਹਿਜ ਹੋਣ ਲਈ ਲਾਂਜ ਵਿਚ ਬੈਠਾ ਆਪਣੇ ਆਪ ਨਾਲ਼ ਹੀ ਗੱਲੀਂ ਪੈ ਗਿਆ। 'ਸਫ਼ਰ ਵਿਚ ਕਿੰਨਾ ਵੀ ਧਿਆਨ ਰੱਖ ਲਵੋ ਫਿਰ ਵੀ ਕੋਈ ਨਾ ਕੋਈ ਕਲੋਲ ਹੋ ਹੀ ਜਾਂਦੀ ਐ, ਇੰਮੀਗਰੈਂਟਾਂ ਉੱਤੇ ਟਰੰਪ ਦੀਆਂ ਨਵੀਆਂ ਬੰਧਸ਼ਾਂ ਦਾ ਹੀ ਸ਼ਾਇਦ ਪ੍ਰਭਾਵ ਐ ਕਿ ਹੇਠਲਾ ਸਟਾਫ਼ ਵੀ ਵਧੇਰੇ ਹੀ ਸ਼ੰਕਾਲੂ ਤੇ ਨਿਰਦਈ ਜਿਹਾ ਹੋ ਗਿਆ ਐ, ਅਜੇ ਅਗਾਂਹ ਲਾਸ ਏਂਜਲਸ 'ਚ ਇੰਮੀਗਰੇਸ਼ਨ ਅਫ਼ਸਰ ਪਤਾ ਨਹੀਂ ਕੀ ਕੀ ਸੱਪ ਕੱਢ ਕੇ ਵਿਖਾਊਗਾ।' ਸੋਚਦਿਆਂ ਮੈਂ ਲਾਂਜ ਵਿਚ ਦੂਰ ਤੱਕ ਨਿਗਾਹ ਮਾਰੀ, ਪੱਗ ਵਾਲ਼ਾ ਮੈਂ ਇਕੱਲਾ ਹੀ ਸਾਂ। ਇੱਥੇ ਬੇਗਾਨਿਆਂ ਵਿਚ ਤਾਂ 'ਸਵਾ ਲੱਖ' ਕਹਿਣਾ ਵੀ ਠੀਕ ਨਹੀਂ ਸੀ ਲਗਦਾ। ਮੈਨੂੰ ਹੀਣਤਾ-ਭਰਿਆ ਬੜਾ ਓਪਰਾ ਜਿਹਾ ਅਹਿਸਾਸ ਹੋਇਆ। ਯੂਰਪ ਦੇ ਜਿੰਨੇ ਵੀ ਦੇਸ਼ਾਂ ਵਿਚ ਮੈਂ ਗਿਆ ਸਾਂ, ਬੜੇ ਮਾਣ ਨਾਲ਼ ਨਿਝੱਕ ਪੱਗ ਬੰਨ੍ਹ ਕੇ ਨਿਕਲਦਾ ਸਾਂ। ਕਿਸੇ ਦੀ ਕੋਈ ਨਸਲੀ ਟਿੱਪਣੀ ਵੀ ਸੁਣਨ ਨੂੰ ਨਹੀਂ ਮਿਲੀ ਸੀ। ਓਸਲੋ ਦੀ ਏਅਰਪੋਰਟ ਉੱਤੇ ਤਾਂ ਸਕਿਓਰਟੀ ਚੈੱਕ ਲਈ ਮੇਰੇ ਪਿੱਛੇ ਖੜ੍ਹੀ ਇੱਕ ਗੋਰੀ ਮਾਈ ਨੇ ਮੇਰੀ ਪੱਗ ਵੱਲ ਇਸ਼ਾਰਾ ਕਰਕੇ 'ਬਿਊਟੀਫੁੱਲ' ਕਿਹਾ ਸੀ ਅਤੇ ਪਿਆਰ ਨਾਲ਼ ਇਹ ਇਜਾਜ਼ਤ ਵੀ ਮੰਗੀ ਸੀ ਕਿ 'ਕੈਨ ਆਈ ਟੱਚ ਇੱਟ...।' ਉਸ ਦੇ ਅਜਿਹੇ ਮਾਣ ਦੇਣ ਨਾਲ਼ ਆਪਣੀ ਪੱਗ ਮੈਨੂੰ ਕਿਸੇ ਸ਼ਾਹੀ ਮੁਕਟ ਵਾਂਗ ਮਹਿਸੂਸ ਹੋਈ ਸੀ। 'ਇਨ੍ਹਾਂ ਅਮਰੀਕਨਾਂ ਨੂੰ ਹੀ ਪਤਾ ਨਈਂ ਕੀ ਫ਼ਤੂਰ ਚੜ੍ਹਿਆ ਸੀ ਕਿ ਪੱਗ ਵੰਨੀ ਬਿਨਾ ਵਜ੍ਹਾ ਹੀ ਮਾਰਖੋਰੇ ਸਾਨ੍ਹ ਵਾਂਗ ਵੇਖਦੇ ਸਨ।' ਖੈਰ ਪਤਾ ਤਾਂ ਮੈਨੂੰ ਹੈ ਹੀ ਸੀ, ਅਜਿਹੇ ਫ਼ਤੂਰ 'ਸੁਪਰ ਪਾਵਰ' ਹੋਣ ਦੀ ਹੈਸੀਅਤ ਨਾਲ਼ ਆਉਂਦੇ ਹਨ, ਜਿਵੇਂ ਆਖਦੇ ਹਨ ਕਿ ਖ਼ੁਦਾ ਜਬ ਹੁਸਨ ਦੇਤਾ ਹੈ, ਨਜ਼ਾਕਤ ਆ ਹੀ ਜਾਤੀ ਹੈ। ਜਦੋਂ ਬਰਤਾਨਵੀ ਸਾਮਰਾਜ ਦਾ ਸੂਰਜ ਨਹੀਂ ਸੀ ਛਿਪਦਾ ਤਾਂ ਚਾਰੇ ਪਾਸੇ ਵਲਾਇਤ-ਵਲਾਇਤ ਹੁੰਦੀ ਸੀ ਅਤੇ ਉਵੇਂ ਹੀ ਹੁਣ ਚਹੁੰ ਕੂਟੀਂ ਅਮਰੀਕਾ-ਅਮਰੀਕਾ ਹੁੰਦੀ ਹੈ। 'ਕਾਸ਼! ਕਦੇ ਇਉਂ ਹੀ ਭਾਰਤ-ਭਾਰਤ ਵੀ ਹੋਣ ਲੱਗ ਜਾਵੇ ਅਤੇ ਭਾਰਤੀ ਪਾਸਪੋਰਟ ਦੀ ਕਦਰ ਦਾ ਡੰਕਾ ਵੀ ਚਾਰੇ ਪਾਸੇ ਇਉਂ ਹੀ ਵੱਜੇ ਜਿਵੇਂ ਪੱਛਮੀ ਮੁਲਕਾਂ ਦੇ ਪਾਸਪੋਰਟ ਦੀ ਤੂਤੀ ਬੋਲਦੀ ਹੈ।

# ਕੁਲਵਕਤੀ ਵਿਚੋਲਾ

ਜਿਊਂਦੇ ਹੋਣ ਦਾ ਪਰਮਾਣ ਦੇਣ ਮਗਰੋਂ ਬਜ਼ੁਰਗ ਪੈਨਸ਼ਨਰ ਮੇਰੇ ਸਾਹਮਣੇ ਚੁੱਪ-ਚਾਪ ਕੁਰਸੀ 'ਤੇ ਬੈਠਾ ਰਿਹਾ। ਦੋ-ਤਿੰਨ ਹੋਰ ਗਾਹਕ ਭੁਗਤਾਉਣ ਤੋਂ ਬਾਅਦ ਮੈਂ ਵਿਹਲਾ ਹੋਇਆ ਤਾਂ ਉਹ ਕਹਿਣ ਲੱਗਾ 'ਸਰ ਜੀ ਮੈਂ ਤੁਹਾਡੇ ਨਾਲ ਇੱਕ ਗੱਲ ਕਰਨੀ ਆਂ।' ਮੇਰੇ 'ਦੱਸੋ' ਦੇ ਜਵਾਬ 'ਚ ਕਹਿਣ ਲੱਗਾ 'ਪੈਨਸ਼ਨ ਲੋਨ ਤਾਂ ਮੈਂ



**ਤਰਸੇਮ ਸਿੰਘ ਜੰਡਿਆਲਾ**
**ਫੋਨ: 98728-30235**

ਪਹਿਲਾਂ ਹੀ ਲਿਆ ਹੋਇਆ, ਮੈਨੂੰ ਹੋਰ ਪੈਸਿਆਂ ਦੀ ਲੋੜ ਆ।' ਮੇਰੇ ਕਿਸ ਕੰਮ ਲਈ ਅਤੇ ਕਿੰਨੇ ਕੁ ਪੁੱਛਣ 'ਤੇ ਉਹ ਮੇਰੇ ਨੇੜੇ ਹੋ ਕੇ ਕਹਿਣ ਲੱਗਾ 'ਮੈਂ ਝੂਠ ਨਹੀਂ ਬੋਲਣਾ, ਸੱਚੀ ਗੱਲ ਇਹ ਆ ਕਿ ਮੇਰੀ ਰਿਸ਼ਤੇਦਾਰੀ ਵਿਚ ਲੜਕੀ ਦੀ ਸ਼ਾਦੀ ਆ, ਇੱਕ ਲੱਖ ਰੁਪਈਆ ਸ਼ਗਨ ਦੇਣਾ ਪੈਣਾ। ਹੋਰ ਲੋਨ ਦੇ ਸਕੋ ਤਾਂ ਤੁਹਾਡੀ ਮਿਹਰਬਾਨੀ ਹੋਊਗੀ, ਕਿਸ਼ਤ ਹਰ ਮਹੀਨੇ ਪੈਨਸ਼ਨ ਵਿਚੋਂ ਕੱਟ ਲੈਣਾ।'

ਮੈਂ ਹੈਰਾਨਗੀ ਨਾਲ ਪੁੱਛਿਆ 'ਬਜ਼ੁਰਗੋ, ਸ਼ਗਨ ਘੱਟ ਦੇ ਦਿਉ, ਕਰਜ਼ਾ ਸਿਰ ਕਾਹਨੂੰ ਚੜ੍ਹਾਉਣਾ?'

ਬਜ਼ੁਰਗ ਕਹਿੰਦਾ 'ਘੱਟੋ-ਘੱਟ ਇੱਕ ਲੱਖ ਦੇਣਾ ਤਾਂ ਸਾਡੀ ਮਜਬੂਰੀ ਆ, ਵੱਧ ਭਾਵੇਂ ਜਿੰਨੇ ਮਰਜ਼ੀ ਦੇ ਦੇਈਏ। ਤੁਹਾਨੂੰ ਸ਼ਾਇਦ ਪਤਾ ਨਹੀਂ, ਸਾਡੇ ਭਾਈਚਾਰੇ ਵਿਚ ਰਵਾਇਤ ਹੈ ਕਿ ਸਾਡੇ ਬੱਚਿਆਂ ਦੇ ਵਿਆਹਾਂ ਤੇ ਜਿੰਨਾ ਸ਼ਗਨ ਕੋਈ ਰਿਸ਼ਤੇਦਾਰ ਜਾਂ ਸ਼ਰੀਕ ਦੇ ਗਿਆ, ਉਨ੍ਹਾਂ ਦੇ ਧੀਆਂ-ਪੁੱਤਾਂ ਦੇ ਵਿਆਹਾਂ ਵੇਲੇ ਸਾਨੂੰ ਦੁੱਗਣਾ ਦੇਣਾ ਪੈਂਦਾ।'

ਬਜ਼ੁਰਗ ਦੀਆਂ ਗੱਲਾਂ ਸੁਣ ਕੇ ਮੇਰੇ ਮਨ ਵਿਚ ਇਲਾਕੇ ਵਿਚ ਬਹੁ-ਗਿਣਤੀ ਬਰਾਦਰੀ ਦੇ ਰੀਤੀ-ਰਿਵਾਜ਼ਾਂ ਬਾਰੇ ਜਾਨਣ ਦੀ ਉਤਸੁਕਤਾ ਜਾਗ ਪਈ। ਸਾਡੀ ਬੈਂਕ ਬਰਾਂਚ ਵਿਚ ਉਸ ਬਰਾਦਰੀ ਦਾ ਇੱਕ ਸੰਦੀਪ ਸਿੰਘ ਨਾਂ ਦਾ ਨੌਜਵਾਨ ਸੇਵਾਦਾਰ ਵਜੋਂ ਕੰਮ ਕਰਦਾ ਸੀ। ਇੱਕ ਦਿਨ ਡਿਊਟੀ ਟਾਈਮ ਵਿਚ ਕਹਿੰਦਾ 'ਸਾਬ ਜੀ ਮੇਰੀ ਮਾਸੀ ਪੂਰੀ ਹੋ ਗਈ, ਉਹਦੇ ਸੰਸਕਾਰ 'ਤੇ ਜਾਣੈ, ਦੋ-ਤਿੰਨ ਘੰਟੇ ਲੱਗ ਜਾਣੇ ਆਂ, ਜਾ ਆਵਾਂ?' ਦਸ-ਪੰਦਰਾਂ ਦਿਨ ਬਾਅਦ ਕਦੇ ਚਾਚੀ, ਕਦੇ ਭੂਆ, ਕਦੇ ਮਾਮੇ, ਕਦੇ ਨਾਨੇ ਦੇ ਸੰਸਕਾਰ ਜਾਂ ਭੋਗ 'ਤੇ ਜਾਣ ਦਾ ਕਹਿ ਕੇ ਚਲੇ ਜਾਣਾ। ਭੋਗ ਤੋਂ ਆਉਣ ਦਾ ਯਕੀਨ ਦੁਆਉਣ ਲਈ ਜਲੇਬੀਆਂ ਦਾ ਲਿਫਾਫਾ ਸਟਾਫ ਅੱਗੇ ਰੱਖ ਦੇਣਾ। ਇੱਕ ਦਿਨ ਸੰਸਕਾਰ 'ਤੇ ਜਾਣ ਦੇ ਪੱਜ ਦਾ ਝੂਠ ਫੜਿਆ ਗਿਆ, ਜਦੋਂ ਪਹਿਲਾਂ ਹੀ ਨਾਨੇ ਦੇ ਸੰਸਕਾਰ 'ਤੇ ਗਏ ਹੋਣ ਦਾ ਚੇਤਾ ਭੁੱਲ ਕੇ ਸਕੇ ਨਾਨੇ ਦੇ ਸੰਸਕਾਰ 'ਤੇ ਜਾਣ ਲਈ ਛੁੱਟੀ ਮੰਗੀ। ਸੰਦੀਪ ਦੀ ਗੈਰ-ਹਾਜ਼ਰੀ ਵਿਚ ਦੂਸਰੇ ਸੇਵਾਦਾਰ ਨੇ ਮੈਨੂੰ ਸਚਾਈ ਦੱਸ ਦਿੱਤੀ। ਸੰਸਕਾਰ ਦੇ ਪੱਜ ਜਾ ਕੇ ਉਹ ਬਰਾਦਰੀ ਦੇ ਮੁੰਡੇ-ਕੁੜੀਆਂ ਦੇ ਰਿਸ਼ਤੇ ਕਰਵਾਉਂਦਾ ਸੀ। ਦੋ-ਤਿੰਨ ਘੰਟੇ ਵਿਚ ਮੁੰਡੇ-ਕੁੜੀ ਦਾ ਦੇਖ-ਦਿਖਾਲਾ ਕਰਵਾ ਕੇ ਵਾਪਸ ਆਉਂਦਾ ਹੋਇਆ ਹਲਵਾਈ 'ਤੋਂ ਕਿਲੋ ਜਲੇਬੀਆ ਖਰੀਦ ਕੇ ਸੱਚੀ-ਮੁੱਚੀ ਭੋਗ ਤੋਂ ਆਉਣ ਦਾ ਯਕੀਨ ਕਰਵਾ ਦਿੰਦਾ। ਰਿਸ਼ਤਾ ਕਰਵਾਉਣ ਦੀ ਫੀਸ ਵਜੋਂ ਦੋਹਾਂ ਪਾਸਿਆਂ 'ਤੋਂ ਉਂਗਲੀਆਂ ਪੀਲੀਆਂ ਕਰਵਾਉਂਦਾ। ਸਾਰੀ ਗੱਲ ਖੁੱਲ੍ਹਣ ਤੇ 'ਸੰਦੀਪ ਵਿਚੋਲਾ ਵੀ ਸਾਰੇ ਸਟਾਫ ਨਾਲ ਖੁੱਲ੍ਹ ਕੇ ਹੱਸਿਆ।

ਇਲਾਕੇ ਦੇ ਰੀਤੀ-ਰਿਵਾਜ਼ਾਂ ਬਾਰੇ ਜਾਨਣ ਲਈ ਮੈਨੂੰ ਸਰੋਤ ਮਿਲ ਗਿਆ ਸੀ। ਇੱਕ ਦਿਨ ਸੰਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਬਰਾਦਰੀ ਵਿਚ ਮਾਨਤਾ-ਪ੍ਰਾਪਤ ਵਿਚੋਲੇ ਹਨ, ਜੋ ਸਾਰੇ ਇਲਾਕੇ ਵਿਚ ਬਰਾਦਰੀ ਦੇ ਘਰ-ਘਰ ਦੀ ਜਾਣਕਾਰੀ ਰੱਖਦੇ ਹਨ। ਕੁੜੀ ਜਾਂ ਮੁੰਡੇ ਦੇ ਵਿਆਹ ਦੀ ਤਰੀਕ ਮਿੱਥਣ ਵੇਲੇ ਵਿਆਹ ਲਈ ਖਰਚੇ ਜੋਗੇ ਪੈਸੇ ਨਾ ਵੀ ਹੋਣ ਤਾਂ ਵੀ ਵਿਆਹ ਗੱਜ-ਵੱਜ ਕੇ ਹੁੰਦਾ ਹੈ। ਜਿਨ੍ਹਾਂ ਦੇ 'ਨੇਂਦਾ' ਪਾਇਆ ਹੁੰਦਾ ਹੈ ਉਹ ਦੁੱਗਣਾ ਕਰਕੇ ਮੋੜ ਦਿੰਦੇ ਹਨ। ਬਰਾਤ ਦੀ ਸੇਵਾ ਦਾ ਮਿਆਰ ਵਿਆਹ ਵਿਚ ਪਕਾਏ ਗਏ ਬੱਕਰਿਆਂ ਦੀ ਗਿਣਤੀ ਤੈਅ ਕਰਦੀ ਹੈ। ਮਿਲਣੀ ਵੇਲੇ ਸਮਰੱਥਾ ਤੋਂ ਵੱਧ ਉਂਗਲੀਆਂ ਪੀਲੀਆਂ ਕੀਤੀਆਂ ਜਾਂਦੀਆਂ ਹਨ। ਦੋਵੇਂ ਪਾਸੇ ਵਿਚੋਲੇ ਨੂੰ ਮੁੰਦਰੀ ਪਾਉਣੀ ਨਹੀਂ ਭੁੱਲਦੇ। ਅੱਜ ਕਲ ਟੂੰਬ ਦੀ ਜਗ੍ਹਾ ਨਕਦ ਰਾਸ਼ੀ ਦੇਣ ਦਾ ਰਿਵਾਜ਼ ਹੋ ਗਿਆ ਹੈ।

ਇਲਾਕੇ ਵਿਚ ਵਿਚੋਲੇ ਵਜੋਂ 'ਕੱਦੂ ਬਾਬਾ' ਦੀ ਬੜੀ ਮਸ਼ਹੂਰੀ ਸੀ। ਕੱਦੂ ਬਾਬਾ ਦਾ ਸਾਡੀ ਬੈਂਕ ਬਰਾਂਚ ਵਿਚ ਕਾਫੀ ਆਉਣ-ਜਾਣ ਸੀ। ਤਿੰਨ ਮੁੰਡੇ ਅਤੇ ਦੋ ਕੁੜੀਆਂ ਅਮਰੀਕਾ-ਕਨੇਡਾ ਸੈੱਟ ਸਨ। ਫੌਜ ਦੀ ਪੈਨਸ਼ਨ ਆਉਂਦੀ ਸੀ। ਵਿਚੋਲਪੁਣੇ ਦੀ ਵੀ ਚੋਖੀ ਖੱਟੀ ਸੀ। ਜ਼ਮੀਨ ਦਾ ਠੇਕਾ ਵੀ ਕਾਫੀ ਆ ਜਾਂਦਾ। ਦੋਵੇਂ ਤੀਵੀਂ-ਆਦਮੀ ਪਿੰਡ ਰਹਿੰਦੇ ਸਨ। ਬੈਂਕ ਵਿਚ ਜਮ੍ਹਾਂ ਪੂੰਜੀ ਵਾਲੇ ਖਾਤਿਆਂ ਵਿਚ ਪੁੱਤਰਾਂ-ਧੀਆਂ ਨੂੰ ਬਰਾਬਰ ਦੇ ਵਾਰਸ ਬਣਾਇਆ ਹੋਇਆ ਸੀ। ਕੱਦੂ ਬਾਬਾ ਚੜ੍ਹਾਈ ਕਰ ਗਿਆ ਤਾਂ ਸਾਰੇ ਧੀਆਂ-ਪੁੱਤਰ ਅਤੇ ਉਸਦੀ ਪਤਨੀ ਬੈਂਕ ਆਏ। ਖਾਤੇ ਫਰੋਲਣ ਤੋਂ ਪਤਾ ਲੱਗਾ ਕਿ ਸਭ ਖਾਤਿਆਂ ਵਿਚ ਵਾਰਸ ਦਾ ਨਾਂ ਲ਼ਿਖਵਾਇਆ ਹੋਇਆ ਸੀ ਪਰ ਲਾਕਰ ਖਾਤੇ ਵਿਚ ਕਿਸੇ ਵਾਰਸ ਦਾ ਨਾਂ ਨਹੀਂ ਲਿਖਵਾਇਆ ਸੀ। ਕਾਨੂੰਨੀ ਵਾਰਸਾਂ ਨੂੰ ਲਾਕਰ ਵਿਚਲਾ ਸਮਾਨ ਦੇਣ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਸਮਰੱਥ ਅਧਿਕਾਰੀ ਦੀ ਮੰਨਜ਼ੂਰੀ ਨਾਲ ਲਾਕਰ ਤੁੜਵਾਇਆ ਗਿਆ ਤਾਂ ਉਸ ਵਿਚੋਂ ਲਗਪਗ ਦੋ ਕਿਲੋ ਸੋਨੇ ਦੇ ਗਹਿਣੇ ਨਿਕਲੇ ਜਿਨ੍ਹਾਂ ਵਿਚ ਕੜੇ, ਮੁੰਦਰੀਆ, ਵਾਲੀਆਂ, ਕਾਂਟੇ, ਝੁਮਕੇ, ਚੇਨੀਆਂ ਦੀ ਗਿਣਤੀ ਕੀਤੀ ਗਈ ਤਾਂ ਤਿੰਨ ਸੌ ਤੋਂ ਉੱਪਰ ਸੀ। ਇਹ ਸੱਭ ਵਿਚੋਲਗਿਰੀ ਦੀ ਖੱਟੀ ਸੀ। ਸੌਖਿਆ ਹੀ ਅੰਦਾਜ਼ਾ ਲਗਾ ਸਕਦੇ ਹਾਂ ਕਿ ਉਸਨੇ ਤਿੰਨ ਸੌ ਤੋਂ ਉਪਰ ਰਿਸ਼ਤੇ ਜੋੜੇ ਹੋਣਗੇ।

ਕੱਦੂ ਬਾਬੇ ਤੋਂ ਬਾਅਦ ਸੰਦੀਪ ਵਿਚੋਲੇ ਦੀ ਚੜ੍ਹਤ ਤੋਂ ਅਸੀਂ ਹੈਰਾਨ ਸਾਂ। ਉਹ ਆਪਣੇ ਪਿੰਡ ਤੋਂ ਬੈਂਕ ਗੱਡੀ 'ਤੇ ਆਉਣ ਲੱਗ ਪਿਆ ਸੀ। ਬੈਂਕ ਦੇ ਅਫਸਰ-ਕਲਰਕ ਦੋ-ਤਿੰਨ ਬੱਸਾਂ ਬਦਲ ਕੇ ਧੱਕੇ ਖਾਂਦੇ ਬਰਾਂਚ ਪਹੁੰਚਦੇ ਸਨ। ਹੁਣ ਸੰਦੀਪ ਸਵੇਰੇ ਸਾਨੂੰ ਸੁਭਾਨਪੁਰ ਅੱਡੇ ਤੋਂ ਲੈ ਜਾਂਦਾ ਅਤੇ ਕਦੇ-ਕਦੇ ਸ਼ਾਮ ਨੂੰ ਸੁਭਾਨਪੁਰ ਤੋਂ ਜਲੰਧਰ ਵਾਲੀ ਬੱਸ ਚੜ੍ਹਵਾ ਦਿੰਦਾ। ਹੁਣ ਉਸਨੂੰ ਵਿਚੋਲਗਿਰੀ ਦੇ ਕੰਮ ਲਈ ਸੰਸਕਾਰ ਤੇ ਜਾਣ ਦਾ ਪੱਜ ਨਹੀਂ ਲਗਾਉਣਾ ਪੈਂਦਾ ਸੀ। ਮੈਂ ਦਸੰਬਰ 2015 ਵਿਚ ਰਿਟਾਇਰ ਹੋ ਗਿਆ। ਚਾਰ-ਪੰਜ ਸਾਲ ਬਾਅਦ ਬੈਂਕ ਬਰਾਂਚ ਜਾਣ ਦਾ ਸਬੱਬ ਬਣਿਆਂ ਤਾਂ ਪਤਾ ਲੱਗਾ ਕਿ ਸੰਦੀਪ ਸਿੰਘ ਕਲਰਕ ਬਣ ਗਿਆ ਸੀ ਅਤੇ ਬੈਂਕ ਦੀ ਨੌਕਰੀ ਛੱਡ ਕੇ ਕੁਲਵਕਤੀ-ਵਿਚੋਲਾ ਬਣ ਚੁੱਕਾ ਹੈ।

# ਨਾਰਨੋਲ (ਪਾਕਿਸਤਾਨ) ਇਲਾਕੇ ਦੇ ਮੰਦਰ ਢੱਠਣ ਦਾ ਮਾਮਲਾ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਪਿਛਲੇ ਦਸ ਦਿਨਾਂ ਤੋਂ ਨਾਰਨੋਲ ਖੇਤਰ ਵਿਚ ਪੈਂਦੇ ਪਿੰਡ ਸਮਾਜ ਦਾ ਸੌ ਸਾਲ ਪੁਰਾਣਾ ਮੰਦਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਲਾਹੌਰ ਤੋਂ 130 ਕਿਲੋਮੀਟਰ ਦੀ ਦੂਰੀ ਉੱਤੇ 1,000 ਵਰਗ ਵਿਚ ਬਣੇ ਇਸ ਮੰਦਰ ਦਾ ਢਹਿਣਾ ਇੱਕ ਵੱਡਾ ਵਿਵਾਦ ਬਣ ਚੁੱਕਿਆ ਹੈ। ਇਹ ਕਾਰਜ ਕਟੜਪੰਥੀਆਂ ਦੇ ਸਿਰ ਮੜ੍ਹਦਾ ਹੈ ਤੇ ਕੁਝ ਭਾਰੀ ਵਰਖਾ ਦੀ ਕਰਤੂਤ। ਇਹ ਵੀ ਗੱਲ ਚੱਲ ਰਹੀ ਹੈ ਕਿ ਇਸ ਮੰਦਰ ਦੀ ਜ਼ਮੀਨ ਲੀਜ਼ ਉੱਤੇ ਦਿੱਤੀ ਗਈ ਸੀ ਜੋ ਇਸਦੇ ਢਾਹੇ ਜਾਣ ਦਾ ਕਾਰਨ ਬਣੀ। ਢਾਹੁਣ ਵਾਲੀ ਧਿਰ ਤਾਂ ਇਹ ਵੀ ਕਹਿੰਦੀ ਹੈ ਕਿ ਅੱਗੇ ਤੋਂ ਇਹ ਥਾਂ ਸਕੂਲ ਦੇ ਮਦਰੱਸੇ ਲਈ ਵਰਤੀ ਜਾਣੀ ਹੈ ਜਿਸ ਲਈ ਵਿਵਾਦ ਉੱਕਾ ਹੀ ਗਲਤ ਹੈ।

ਮਸਲਾ ਕੁਝ ਵੀ ਹੋਵੇ ਇਸ ਵਿਵਾਦ ਨੇ ਮੈਨੂੰ ਆਪਣੀ ਅਪਰੈਲ 1998 ਵਾਲੀ ਪਾਕਿਸਤਾਨ ਫੇਰੀ ਚੇਤੇ ਕਰਵਾ ਦਿੱਤੀ ਹੈ। ਮੇਰੇ ਨਾਲ ਮੇਰੀ ਬੀਵੀ ਵੀ ਸੀ। ਉੱਥੋਂ ਦੇ ਵਸਨੀਕ ਮੇਰੀ ਦਾੜ੍ਹੀ ਪਗੜੀ ਤੋਂ ਸਮਝ ਜਾਂਦੇ ਸਨ ਕਿ ਮੈਂ ਸਿੱਖ ਹਾਂ।

ਪਾਕਿਸਤਾਨ ਲੈ ਕੇ ਜਾਣ ਵਾਲਾ ਕਰਨਲ ਪ੍ਰਤਾਪ ਸਿੰਘ ਗਿੱਲ ਸੀ। ਉਸਨੇ ਇੱਕ 'ਹਿੰਦ-ਪਾਕਿ ਮਿਲਾਪ' ਨਾਂ ਦਾ ਟਰੱਸਟ ਸਥਾਪਤ ਕੀਤਾ ਸੀ। ਸਾਡੇ 12-15 ਮੈਂਬਰਾਂ ਦੇ ਜਥੇ ਵਿਚ ਪਾਣੀਪਤ ਵਾਲਾ ਨਿਰੰਜਣ ਸਿੰਘ ਵੀ ਸੀ ਤੇ ਕਾਰ ਸੇਵਾ ਨੂੰ ਪਰਨਾਇਆ ਗੁਰਮੰਦਰ ਸਿੰਘ ਵੀ। ਨਿਰੰਜਣ ਸਿੰਘ ਨੇ ਦੇਸ਼ ਵੰਡ ਸਮੇਂ ਮੁਸਲਮਾਨ ਬਣ ਕੇ ਉਧਰ ਰਹਿ ਗਈ ਆਪਣੀ ਭੈਣ ਨੂੰ ਮਿਲਣਾ ਸੀ ਤੇ ਗੁਰਮਿੰਦਰ ਸਿੰਘ ਨੇ ਆਪਣੀ ਮਾਂ ਨੂੰ ਜਿਹੜੀ ਆਪ ਤਾਂ ਮੁਸਲਮਾਨ ਹੋਣ ਦੇ ਨਾਤੇ ਸਰਹੱਦ ਪਾਰ ਕਰ ਗਈ ਸੀ ਪਰ ਛੇ ਸਾਲ ਦਾ ਗੁਰਮਿੰਦਰ (ਅਸਲ ਨਾਂ ਅਮਾਨਤ ਉਲਾ) ਉਸ ਤੋਂ ਵਿਛੜ ਗਿਆ ਸੀ। ਮੇਰੇ ਜ਼ਿੰਮੇ ਇੱਕ ਨੂੰ ਉਸਦੀ ਭੈਣ ਮਿਲਾਉਣਾ ਸੀ ਤੇ ਦੂਜੇ ਨੂੰ ਉਸਦੀ ਮਾਂ। ਸਾਡੇ ਕੋਲ ਨਵਾਜ਼ ਸ਼ਰੀਫ ਦੀਆਂ ਕਾਰਾਂ ਸਨ ਤੇ ਕੁਰਾਨ ਸ਼ਰੀਫ ਦੀਆਂ ਤਿੰਨ ਜਿਲਦਾਂ ਅਸੀਂ ਬਜ਼ਾਰ ਤੋਂ ਖਰੀਦ ਲਈਆਂ ਸਨ। ਉਨ੍ਹਾਂ ਵਿਚੋਂ ਇੱਕ ਜਿਲਦ ਨਿਰੰਜਣ ਸਿੰਘ ਦੀ ਭੈਣ ਲਈ ਸੀ। ਇਹ ਜਤਾਉਣ ਲਈ ਕਿ ਸਾਨੂੰ ਉਸਦੇ ਮੁਸਲਮਾਨ ਹੋਣ ਦਾ ਕੋਈ ਝੋਰਾ ਨਹੀਂ ਸੀ।

ਛੇ ਸਾਲ ਦੇ ਗੁਰਮਿੰਦਰ ਉਰਫ ਅਮਾਨਤ ਨੂੰ ਕਿਸੇ ਜੱਟ ਸਿੱਖ ਪਰਿਵਾਰ ਨੇ ਪਾਲ ਲਿਆ ਸੀ। ਨਿਰੰਜਣ ਸਿੰਘ ਦੀ ਭੈਣ ਇੱਕ ਮੁਸਲਮਾਨ ਦੇ ਘਰ ਵੱਸ ਚੁੱਕੀ ਸੀ। ਸਾਡੇ ਉੱਤੇ ਪੁਲੀਸ ਦਾ ਪਹਿਰਾ ਓਨਾ ਹੀ ਵਿਆਪਕ ਸੀ ਜਿੰਨੀਆਂ ਸਲਾਮਾਂ। ਮੈਨੂੰ ਇੱਕ ਗੱਲ ਕਦੀ ਨਹੀਂ ਭੁਲਣੀ। ਮੈਂ ਤੇ ਮੇਰੀ ਬੀਵੀ ਮਹਾਰਾਜਾ ਰਣਜੀਤ ਸਿੰਘ ਦੇ ਕਿਲੇ ਕੋਲ ਇੱਕ ਬੈਂਚ ਉੱਤੇ ਬੈਠੇ ਸਾਂ ਤਾ 10-12 ਮੁਸਲਿਮ ਔਰਤਾਂ, ਜਿਨ੍ਹਾਂ ਨੇ ਬੁਰਕੇ ਪਹਿਨ ਰੱਖੇ ਸਨ, ਸਾਡੇ ਵੱਲ ਨੂੰ ਵਧੀਆਂ ਤੇ ਮੇਰੀ ਬੀਵੀ ਨੂੰ ਕਹਿਣ ਲੱਗੀਆਂ ਕਿ ਉਨ੍ਹਾਂ ਦਾ 9-10 ਵਰ੍ਹੇ ਦਾ ਬਾਲਕ ਸਾਰੇ ਨਾਲ ਫੋਟੋ ਖਿਚਵਾਉਣਾ ਚਾਹੁੰਦਾ ਹੈ। ਸਾਡੇ ਸਹਿਮਤ ਹੋਣ 'ਤੇ ਬੱਚਾ ਸਾਡੇ ਗੋਡਿਆਂ ਵਿਚਕਾਰ ਆ ਗਿਆ। ਉਹਦੇ ਆਉਣ ਸਾਰ ਸਾਰੀਆਂ ਮੁਸਲਿਮ ਔਰਤਾਂ ਸਾਡੇ ਪਿੱਛੇ ਖਲੋ ਗਈਆਂ। ਉਨ੍ਹਾਂ ਨੇ ਬਦਲ-ਬਦਲ ਕੇ ਤਿੰਨ-ਚਾਰ ਤਸਵੀਰਾਂ ਖਿੱਚੀਆਂ ਤਾਂ ਕਿ ਆਪਣੇ ਸਾਥੀਆਂ ਨੂੰ ਦਸ ਸਕਣ ਕਿ ਉਨ੍ਹਾਂ ਨੇ ਸਿੱਖ ਜੋੜੀ ਨਾਲ ਫੋਟੋ ਖਿਚਵਾਈ ਹੈ।

ਨਾਰਨੋਲ ਦੇ ਮੰਦਰ ਦਾ ਮਸਲਾ ਵਖਰਾ ਹੈ। ਸਾਰੇ ਸਮਝ ਗਏ ਹੋਣਗੇ! ਐਨ ਸੰਭਵ ਹੈ ਕਿ ਜੇ ਮੰਦਰ ਦੀ ਥਾਂ ਗੁਰਦਵਾਰਾ ਹੁੰਦਾ ਤਾਂ ਉਸਨੂੰ ਕਿਸੇ ਨੇ ਨਹੀਂ ਸੀ ਛੇੜਨਾ। ਆਮੀਨ!

**ਗੱਲ ਅੰਮ੍ਰਿਤਸਰ ਤੋਂ ਛਪਦੇ 'ਸੁਰਤਿ' ਮੈਗਜ਼ੀਨ ਦੀ**

'ਸੁਰਤਿ' ਪੰਜਾਬੀ ਸਾਹਿਤ, ਕਲਾ, ਸੱਭਿਆਚਾਰ ਅਤੇ ਸਮਾਜਕ ਸਰੋਕਾਰਾਂ ਦੀ ਬਹੁ-ਪਰਤੀ ਰੰਗਤ ਨੂੰ ਆਪਣੇ ਅੰਦਰ ਸਮੇਟਣ ਵਾਲਾ ਨਵਾਂ ਮੈਗਜ਼ੀਨ ਹੈ। ਇਸ ਦੇ ਪੰਨਿਆਂ ਵਿਚ ਦਰਜ ਰਚਨਾਵਾਂ ਕੇਵਲ ਪਾਠਕ ਦਾ ਮਨੋਰੰਜਨ ਨਹੀਂ ਕਰਦੀਆਂ, ਸਗੋਂ ਉਸ ਦੀ ਚੇਤਨਾ ਨੂੰ ਝੰਜੋੜਦੀਆਂ ਸੋਚ ਨੂੰ ਨਵੀਂ ਦਿਸ਼ਾ ਦਿੰਦੀਆਂ ਹਨ।

ਇਸ ਮੈਗਜ਼ੀਨ ਦੀ ਸੰਪਾਦਕੀ, ਮੁਲਾਕਾਤ, ਕਵਿਤਾ, ਕਹਾਣੀ, ਗ਼ਜ਼ਲ, ਲੇਖ, ਫੋਟੋਗ੍ਰਾਫੀ, ਅਤੇ ਕਲਾ ਸਬੰਧੀ ਲਿਖਤਾਂ ਸਾਹਿਤ ਦੀ ਵਿਭਿੰਨਤਾ ਅਤੇ ਵਿਸ਼ਾਲਤਾ ਨੂੰ ਰੂਪਮਾਨ ਕਰਦੀਆਂ ਹਨ। 'ਸੁਰਤਿ' ਦੀ ਵਿਲੱਖਣਤਾ ਇਸ ਗੱਲ ਵਿਚ ਵੀ ਹੈ ਕਿ ਇਹ ਪਰੰਪਰਾ ਦੀਆਂ ਜੜ੍ਹਾਂ ਨਾਲ ਜੁੜੇ ਰਹਿੰਦਿਆਂ ਸਮਕਾਲੀ ਜੀਵਨ ਦੀਆਂ ਧੜਕਣਾਂ ਨੂੰ ਵੀ ਪੂਰੀ ਸੰਵੇਦਨਸ਼ੀਲਤਾ ਨਾਲ ਪੇਸ਼ ਕਰਦਾ ਹੈ। ਬਦਲਦੇ ਸਮਾਜਿਕ ਰਿਸ਼ਤੇ, ਮਨੁੱਖੀ ਇਕੱਲਾਪਣ, ਸੱਭਿਆਚਾਰਕ ਸੰਕਟ ਅਤੇ ਸਮੇਂ ਦੇ ਨਵੇਂ ਸਵਾਲ ਇਸ ਦੇ ਮੈਟਰ ਵਿਚ ਅਰਥਪੂਰਨ ਢੰਗ ਨਾਲ ਉਭਰਦੇ ਹਨ।

ਇੱਥੇ ਸ਼ਬਦ ਸਿਰਫ਼ ਵਿਚਾਰ ਪ੍ਰਗਟ ਕਰਨ ਦਾ ਮਾਧਿਅਮ ਨਹੀਂ, ਸਗੋਂ ਅਨੁਭਵ, ਸੰਵੇਦਨਾ ਅਤੇ ਚੇਤਨਾ ਦੇ ਵਾਹਕ ਬਣਦੇ ਹਨ। ਇਸ ਪਖ ਤੋਂ 'ਸੁਰਤਿ' ਮਹਿਜ਼ ਇਕ ਸਾਹਿਤਕ ਮੈਗਜ਼ੀਨ ਨਹੀਂ, ਸਗੋਂ ਆਪਣੇ ਸਮੇਂ ਦੀ ਰਚਨਾਤਮਕ, ਸੱਭਿਆਚਾਰਕ ਅਤੇ ਮਨੁੱਖੀ ਚੇਤਨਾ ਦਾ ਦਸਤਾਵੇਜ਼ ਹੈ। ਉਂਞ ਤਾਂ ਪੰਜਾਬੀ ਮੈਗਜ਼ੀਨਾਂ ਦਾ ਕੋਈ ਅੰਤ ਨਹੀਂ। ਉਪਲੱਬਧੀ ਹਾਸਿਲ ਕਰਨ ਵਿਚ 'ਸੁਰਤਿ' ਚੰਗਾ ਮੰਨਿਆ ਜਾਂਦਾ ਹੈ। ਇਸ ਲਈ ਪਾਕਿਸਤਾਨ ਵਿਚ ਛਪ ਰਹੇ ਅਜੋਕੇ ਸਾਹਿਤ ਨਾਲ ਸਾਂਝ ਪਾਉਣੀ ਵੀ ਸੰਭਵ ਹੈ। ਮੁਬਾਰਕਾਂ!

**'ਮੰਤਵ' ਮੈਗਜ਼ੀਨ ਦਾ ਸਤੰਬਰ-ਦਸੰਬਰ ਅੰਕ**

ਨਵੇਂ ਪੰਜਾਬੀ ਰਸਾਲਿਆਂ ਵਿਚ 'ਮੰਤਵ' ਵੀ 'ਸੁਰਤਿ'



ਜਿੰਨਾ ਹੀ ਧਿਆਨ ਮੰਗਦਾ ਹੈ। 'ਸੁਰਤਿ' ਨੇ ਡਾ. ਸਰਦਾਰਾ ਸਿੰਘ ਜੌਹਲ ਦਾ ਗੁਣ ਗਾਇਨ ਕੀਤਾ ਹੈ ਤਾਂ 'ਮੰਤਵ' ਨੇ ਚਿੱਤਰਕਾਰ ਦੇਵ ਦਾ। ਗੱਲ ਜੌਹਲ ਸਾਹਬ ਤੋਂ ਸ਼ੁਰੂ ਕਰਦੇ ਹਾਂ। ਪ੍ਰੋਫੈਸਰ ਬਿਸ਼ਨ ਸਿੰਘ ਸਮੁੰਦਰੀ ਆਨੰਦਪੁਰ ਸਾਹਿਬ ਦੀ ਪਵਿੱਤਰ ਭੂਮੀ ਵਿਚ ਜੌਹਲ ਸਾਹਿਬ ਨੂੰ ਮਿਲਦਿਆਂ ਸਾਰ ਸਰਦਾਰਾ ਸਿੰਘ ਦਾ ਪਗੜੀ ਹੀਣ ਘੋਨਾ ਸਿਰ ਵੇਖ ਕੇ ਉਸਨੂੰ ਗਿਚੀਓਂ ਫੜ ਕੇ ਬੋਲੇ, 'ਬੱਚੂ ਤੂੰ ਆਨੰਦਪੁਰ ਸਾਹਿਬ ਵਿਚ ਹੈਂ, ਗੁਰੂ ਗੋਬਿੰਦ ਸਿੰਘ ਦੀ ਨਗਰੀ ਵਿਚ। ਅੱਜ ਤੋਂ ਕੇਸਾਂ ਨੂੰ ਕੈਂਚੀ ਨਾ ਲਾਈਂ ਤੇ ਸਿਰ ਤੋਂ ਪਗੜੀ ਨਾ ਉਤਾਰੀਂ।' ਇਸ ਹੁਕਮ ਦਾ ਅਸਰ ਹੀ ਸੀ ਕਿ ਸਰਦਾਰਾ ਸਿੰਘ ਨੇ ਉਸ ਤੋਂ ਪਿਛੋਂ ਕੇਸ ਨਹੀਂ ਕੱਟੇ ਤੇ ਪਗੜੀ ਬੰਨ੍ਹਣੀ ਸ਼ੁਰੂ ਕਰ ਦਿੱਤੀ। ਜਿਸ ਬਾਰੇ ਜੌਹਲ ਸਾਹਿਬ ਦਾ ਮੰਨਣਾ ਹੈ ਕਿ 'ਪਗੜੀ ਨੇ ਮੈਨੂੰ ਬੜੀਆਂ ਇੱਜ਼ਤਾਂ ਤੇ ਮਾਣ ਬਖਸ਼ੇ। ਇਹ ਪਗੜੀ ਅੰਤਰਰਾਸ਼ਟਰੀ ਸੈਮੀਨਾਰਾਂ ਤੇ ਕਾਨਫਰੰਸਾਂ ਵਿਚ ਸਭ ਦਾ ਧਿਆਨ ਖਿੱਚਦੀ ਰਹੀ ਤੇ ਮੇਰੀ ਵੱਖਰੀ ਪਹਿਚਾਣ ਕਰਾਉਂਦੀ ਰਹੀ।'

ਡਾ. ਜੌਹਲ ਦਾ ਮੰਨਣਾ ਹੈ: 'ਬਰੂਦ ਮੇਰੇ ਅੰਦਰ ਸੀ ਉਸਤਾਦ ਨੇ ਅੱਗ ਲਗਾ ਦਿੱਤੀ, ਫੇਰ ਮੈਂ ਪਿੱਛੇ ਮੁੜ ਕੇ ਨਹੀਂ ਦੇਖਿਆ।'

ਐਵੇਂ ਤਾਂ ਨਹੀਂ ਉਸਦੀ ਉਸਤਤ ਕਰਨ ਵਾਲੇ ਵੱਡੇ ਨੇ ਉਸ ਬਾਰੇ ਹੇਠ ਲਿਖੇ ਸ਼ਬਦ ਬੋਲੇ:

ਡਾ. ਮਨਮੋਹਨ ਸਿੰਘ (ਪ੍ਰਧਾਨ ਮੰਤਰੀ)

ਡਾ. ਜੌਹਲ ਦਾ ਖੇਤੀ ਅਰਥ ਸ਼ਾਸਤਰ ਅਤੇ ਪੇਂਡੂ ਵਿਕਾਸ ਵਿਚ ਯੋਗਦਾਨ ਬੇਮਿਸਾਲ ਹੈ।

ਖੁਸ਼ਵੰਤ ਸਿੰਘ (ਪਤਰਕਾਰ ਤੇ ਲੇਖਕ

ਡਾ. ਸਰਦਾਰਾ ਸਿੰਘ ਜੌਹਲ ਪੰਜਾਬ ਦੇ ਉਨ੍ਹਾਂ ਗਿਣਵੇਂ ਬੁੱਧੀਜੀਵੀਆਂ ਵਿਚੋਂ ਹਨ ਜਿਨ੍ਹਾਂ ਨੇ ਪੰਜਾਬ ਦੇ ਭਵਿੱਖ ਬਾਰੇ ਡੂੰਘੀ ਸੋਚ ਪੇਸ਼ ਕੀਤੀ ਹੈ। ਪੰਜਾਬ ਦੇ ਸਭ ਤੋਂ ਸੂਝਵਾਨ ਨੀਤੀਕਾਰਾਂ ਵਿਚੋਂ ਇੱਕ ਹਨ।

ਸੁਰਜੀਤ ਪਾਤਰ (ਕਵੀ)

ਜੌਹਲ ਸਾਹਿਬ ਸਿਰਫ਼ ਖੇਤੀ ਵਿਗਿਆਨੀ ਨਹੀਂ, ਸਗੋਂ ਪੰਜਾਬ ਨੂੰ ਸਮਝਣ ਵਾਲੇ ਚਿੰਤਕ ਹਨ।


ਜਿੱਥੋਂ ਤੱਕ 'ਮੰਤਵ' ਵਿਚਲੀ ਦੇਣ ਦਾ ਸਬੰਧ ਹੈ ਇਸਦਾ ਸੰਗ ਸਾਥ ਉਭਾਰਨ ਵਿਚ ਦੇਵ ਦੀ ਕਵਿਤਾ ਤੇ ਯੂਰਪ ਵਿਚਲੇ ਸਟੂਡੀਓ ਨੂੰ ਉਭਾਰਨ ਵਿਚ ਕੋਈ ਕਸਰ ਨਹੀਂ ਛੱਡੀ। ਰਸਾਲੇ ਦੇ ਸੰਪਾਦਕ ਵਿਸ਼ਾਲ ਨੇ ਆਪਣੇ ਸ਼ਬਦਾਂ ਵਿਚ ਵੀ ਖੂਬ ਮੁੜ੍ਹਾ ਬੰਨ੍ਹਿਆ ਹੈ:

ਦੇਵ ਇਕ ਮਨੁੱਖ ਦਾ ਨਾਮ ਨਹੀਂ ਆਪਣੇ ਆਪ ਤੋਂ ਦੂਰ ਨਿਕਲ ਗਈ ਇੱਕ ਪੂਰੀ ਸਦੀ ਦਾ ਨਾਮ ਹੈ। ਉਹ ਧਰਤੀ ਛੱਡ ਕੇ ਅਸਮਾਨ ਵੱਲ ਉੱਡਿਆ ਸੀ, ਪਰ ਉਡਦਿਆਂ ਉਸ ਨੂੰ ਪਤਾ ਲੱਗਿਆ ਕਿ ਖੰਭ ਜੜ੍ਹਾਂ ਦਾ ਬਦਲ ਨਹੀਂ ਹੁੰਦੇ। ਉਸਨੇ ਮਿੱਟੀ ਨੂੰ ਚਿੱਤਰਾਂ ਵਿਚ ਸੰਭਾਲਿਆ, ਪਰ ਜੀਵਨ ਵਿਚੋਂ ਗੁਆ ਦਿੱਤਾ: ਮਾਂ ਦੀ ਚੁੰਨੀ ਨੂੰ ਰੰਗ ਤਾਂ ਬਣਾ ਲਿਆ, ਪਰ ਉਸਦੀ ਮਹਿਕ ਤੱਕ ਪਹੁੰਚ ਨਾ ਸਕਿਆ। ਦੇਵ ਦੀ ਤ੍ਰਾਸਦੀ ਘਰ ਤੋਂ ਦੂਰ ਹੋਣਾ ਨਹੀਂ ਕਿਸੇ ਥਾਂ ਰਹਿ ਕੇ ਵੀ ਓਥੇ ਪੂਰੀ ਤਰ੍ਹਾਂ ਮੌਜੂਦ ਨਾ ਹੋ ਸਕਣਾ ਹੈ। ਉਹ ਪੰਜਾਬ ਅਤੇ ਯੂਰਪ ਵਿਚਕਾਰ ਨਹੀਂ, ਆਪਣੇ ਬੀਤੇ ਅਤੇ ਬਣਾਏ ਹੋਏ ਮੈਂ ਵਿਚਕਾਰ ਲਟਕਿਆ ਇੱਕ ਉੱਡਦਾ ਰੁੱਖ ਹੈ, ਪਰ ਅਮਰਜੀਤ ਗਰੇਵਾਲ ਦਾ ਇੱਕ ਨਾਟਕ 'ਉੱਡਦਾ ਰੁੱਖ' ਜੜ੍ਹਾਂ ਵੱਲ ਵਾਪਸੀ ਦੀ ਕਥਾ ਵੀ ਨਹੀਂ। ਦੇਵ ਨਾਟਕ ਦੇ ਅੰਤ ਵਿਚ ਸਮਝਦਾ ਹੈ ਘਰ ਕੋਈ ਪਿੱਛੇ ਰਹਿ ਗਈ ਥਾਂ ਨਹੀਂ; ਘਰ ਉਹ ਸੱਚ ਹੈ ਜਿੱਥੇ ਮਨੁੱਖ ਆਪਣੇ ਟੁੱਟੇ ਹੋਏ ਟੁਕੜਿਆਂ ਨੂੰ ਲੁਕਾਉਣ ਦੀ ਥਾਂ ਇੱਕ ਨਵੇਂ ਕੈਨਵਸ ਉੱਤੇ ਜੋੜਨ ਦੀ ਹਿੰਮਤ ਕਰਦਾ ਹੈ। ਦੇਵ ਦਾ ਸਫ਼ਰ ਉਡਾਣ ਤੋਂ ਵਾਪਸੀ ਦਾ ਨਹੀਂ ਉਡਾਣ ਦੇ ਅੰਦਰ ਹੀ ਨਵੀਆਂ ਜੜ੍ਹਾਂ ਸਿਰਜਣ ਦਾ ਹੈ।

ਅਮਰਜੀਤ ਗਰੇਵਾਲ ਦੇ ਨਾਟਕ ਵਿਚ ਦੇਵ ਦੇ ਬੋਲਾਂ ਵਿਚਲਾ ਆਤਮ ਵਿਰਲਾਪ ਹੈ: ਪੰਜਾਬ ਤੋਂ ਯੂਰਪ ਆਇਆ ਤਾਂ ਜੋ ਵੱਡਾ ਬਣ ਸਕਾਂ। ਮੈਂ ਆਪਣੀ ਮਿੱਟੀ ਵੇਚੀ ਤਾਂ ਜੋ ਰੰਗ ਖਰੀਦ ਸਕਾਂ।

ਅਮਰਜੀਤ ਗਰੇਵਾਲ ਦੇ ਨਾਟਕ ਵਿਚ ਦੇਵ ਦਾ ਮਨ ਬੋਲਦਾ ਵੀ ਹੈ।

ਮੈਂ ਕੌਣ ਹਾਂ?<br>
ਮੈਂ ਕੌਣ ਬਣ ਗਿਆ ਹਾਂ?<br>
ਉਹ ਮੁੰਡਾ ਜੋ ਪਿੰਡ ਵਿਚ ਮਿੱਟੀ ਨਾਲ ਖੇਡਦਾ ਸੀ<br>
ਮਰ ਗਿਆ...<br>
ਮੈਂ ਉਸਨੂੰ ਮਾਰ ਦਿੱਤਾ...<br>
ਹਰ ਕਦਮ 'ਤੇ<br>
ਮੈਂ ਆਪਣੇ ਆਪ ਦਾ ਇੱਕ ਟੁਕੜਾ ਛੱਡਦਾ ਗਿਆ<br>
ਇੱਕ ਹਿੱਸਾ ਪਿੰਡ ਵਿਚ<br>
ਇੱਕ ਹਿੱਸਾ ਮਾਂ ਦੀ ਗੋਦ ਵਿਚ ਤੇ<br>
ਇੱਕ ਹਿੱਸਾ ਰੀਮਾ ਦੀਆਂ ਅੱਖਾਂ ਵਿਚ<br>
ਇੱਕ ਹਿੱਸਾ ਅਮਨ ਦੀ ਹਾਸੀ ਵਿਚ...<br>
ਅਤੇ ਹੁਣ...<br>
ਹੁਣ ਕੀ ਬਚਿਆ?<br>
ਇੱਕ ਨਾਮ?<br>
ਇੱਕ ਪਛਾਣ ਜੋ ਝੂਠੀ ਹੈ?<br>
ਪੇਂਟਿੰਗਾਂ ਜੋ ਮਸ਼ਹੂਰ ਹਨ<br>
ਪਰ ਉਹ ਝੂਠ ਬੋਲਦੀਆਂ ਹਨ...



ਤੇ ਫੇਰ ਉਸਦੀ ਮਾਂ ਹੀ ਬੋਲ ਪੈਂਦੀ ਹੈ<br>
ਜਦੋਂ ਤੂੰ ਛੋਟੀ ਸੀ<br>
ਮੈਂ ਤੈਨੂੰ ਛਾਤੀ ਨਾਲ ਲਾ ਕੇ ਸੌਂਦੀ ਸੀ<br>
ਹੁਣ ਮੈਂ ਚਲੀ ਜਾ ਰਹੀ ਹਾਂ<br>
ਤੇ ਤੂੰ ਦੂਰ ਕਿਤੇ-<br>
ਪਤਾ ਨਹੀਂ ਕਿੱਥੇ।

ਇਹ ਉਸ ਮਾਂ ਦੇ ਬੋਲ ਹਨ ਜਿਸਨੂੰ ਨਾਟਕਕਾਰ ਅੰਤਮ ਸੁਆਸ ਲੈਂਦਿਆਂ ਦਿਖਾਉਂਦਾ ਹੈ। ਪੁੱਤਰ ਦੂਰ ਕਿਧਰੇ ਸਮੁੰਦਰੋਂ ਪਾਰ ਆਪਣੀ ਪੇਂਟਿੰਗ ਬਣਾਉਣ ਤੇ ਕਵਿਤਾ ਲਿਖਣ ਵਿਚ ਮਗਨ ਹੈ।

ਅੰਤ ਵਿਚ ਉਸ ਦੇਵ ਦੀ ਕਵਿਤਾ ਜਿਹੜਾ 2025 ਦੇ ਦਸੰਬਰ ਮਹੀਨੇ ਆਪਣੀਆਂ ਕਿਤਾਬਾਂ ਦੇ ਰੈਕ ਥੱਲੇ ਦਬਿਆ ਹੋਇਆ ਮਿਲਦਾ ਹੈ। ਓਦੋਂ ਜਦੋਂ ਉਸਦਾ ਸਰੀਰ ਗਲ ਸੜ ਚੁੱਕਿਆ ਸੀ।

**ਅੰਤਿਕਾ**

—ਈਸ਼ਵਰ ਚਿੱਤਰਕਾਰ—<br>
ਦੁਸ਼ਮਣ ਬਣੀ ਹੈ ਹੁਣ ਤਾਂ ਆਪਣੀ ਇਕੱਲਤਾ ਹੀ<br>
ਮੰਜ਼ਿਲ 'ਤੇ ਆ ਗਿਆ ਹਾਂ ਹੋਰਾਂ ਤੋਂ ਮੈਂ ਅਗੇਰੇ।

# ਬੇਹੱਦ ਖਤਰਨਾਕ ਹੈ ਪਲਾਸਟਿਕ ਪ੍ਰਦੂਸ਼ਣ



ਸੰਜੀਵ ਸਿੰਘ ਸੈਣੀ, ਮੋਹਾਲੀ

ਅੱਜ ਪਲਾਸਟਿਕ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਬਣ ਚੁੱਕਿਆ ਹੈ ਅਤੇ ਇਹ ਮਨੁੱਖੀ ਜੀਵਨ ਲਈ ਖ਼ਤਰਾ ਬਣਦਾ ਜਾ ਰਿਹਾ ਹੈ। ਇੱਕ ਤਾਜ਼ਾ ਸਰਵੇ ਮੁਤਾਬਕ ਦੁਨੀਆਂ ਭਰ ਵਿਚ ਹਰ ਦੋ ਮਿੰਟ ਵਿਚ 20 ਲੱਖ ਦੇ ਕਰੀਬ ਪਲਾਸਟਿਕ ਬੋਤਲਾਂ ਖਰੀਦੀ ਜਾਂਦੀਆਂ ਹਨ। ਲੁਧਿਆਣਾ, ਅੰਮ੍ਰਿਤਸਰ, ਪਟਿਆਲਾ ਵਰਗੇ ਵੱਡੇ ਸ਼ਹਿਰਾਂ ਵਿਚ ਕੂੜਿਆਂ ਦੇ ਵਿਸ਼ਾਲ ਪਹਾੜ ਬਣ ਚੁੱਕੇ ਹਨ, ਜਿਨ੍ਹਾਂ ਵਿਚ 25 ਫੀਸਦੀ ਤੋਂ ਵੱਧ ਇਕੱਲਾ ਪਲਾਸਟਿਕ ਹੀ ਹੈ। ਇਹ ਪਲਾਸਟਿਕ ਸਿਰਫ਼ ਵਾਤਾਵਰਨ ਲਈ ਹੀ ਨਹੀਂ, ਸਗੋਂ ਜੀਵ ਜੰਤੂਆਂ ਲਈ ਵੀ ਘਾਤਕ ਸਿੱਧ ਹੋ ਰਿਹਾ ਹੈ। ਜਦੋਂ ਅਵਾਰਾ ਪਸ਼ੂ ਪਲਾਸਟਿਕ ਦੇ ਲਿਫ਼ਾਫ਼ੇ ਨਿਗਲ ਲੈਂਦੇ ਹਨ ਤਾਂ ਉਨ੍ਹਾਂ ਦੀ ਸਾਹ ਨਾਲੀ ਵਿਚ ਫਸਣ ਕਾਰਨ ਉਨ੍ਹਾਂ ਦੀ ਮੌਤ ਵੀ ਹੋ ਜਾਂਦੀ ਹੈ। ਇਹ ਪਲਾਸਟਿਕ ਕਦੇ ਵੀ ਨਸ਼ਟ ਨਹੀਂ ਹੁੰਦਾ, ਸਗੋਂ ਧਰਤੀ ਦੀ ਉਪਜਾਊ ਸ਼ਕਤੀ ਨੂੰ ਵੀ ਖ਼ਤਮ ਕਰ ਦਿੰਦਾ ਹੈ। ਅੱਜ ਪਲਾਸਟਿਕ ਦੇ ਬੈਗ, ਪਲੇਟ, ਗਲਾਸ, ਖਿਡੌਣੇ ਵੱਡੀ ਤਾਦਾਦ ਵਿਚ ਬਾਜ਼ਾਰਾਂ ਵਿਚ ਆਮ ਮਿਲਦੇ ਹਨ। ਇਨ੍ਹਾਂ ਦੀ ਵਰਤੋਂ ਕਰਕੇ ਖੁੱਲ੍ਹੇ ਵਿਚ ਸੁੱਟ ਦਿੱਤਾ ਜਾਂਦਾ ਹੈ, ਜਿਸ ਕਾਰਨ ਸ਼ਹਿਰਾਂ ਵਿਚ ਸੀਵਰੇਜ, ਨਾਲਿਆਂ ਦੇ ਬੰਦ ਹੋਣ ਦੀ ਸਮੱਸਿਆ ਆਮ ਬਣ ਗਈ ਹੈ। ਵਿਸ਼ਵ ਦੇ ਕੋਨੇ-ਕੋਨੇ ਵਿਚ ਪਲਾਸਟਿਕ ਨੇ ਆਪਣਾ ਕਹਿਰ ਮਚਾ ਰੱਖਿਆ ਹੈ। ਦੁਨੀਆਂ ਵਿਚ ਸਾਧਾਰਨ ਪਲਾਸਟਿਕ ਦਾ 80% ਹਿੱਸਾ ਸਮੁੰਦਰ ਵਿਚ ਜਾ ਰਿਹਾ ਹੈ। ਜਿਸ ਕਾਰਨ ਥਣਧਾਰੀ ਜੀਵ ਬੇਵਕਤੀ ਮੌਤ ਦਾ ਸ਼ਿਕਾਰ ਹੋਣ ਲੱਗੇ ਹਨ। ਇੱਕ ਅੰਦਾਜ਼ੇ ਅਨੁਸਾਰ ਹਰ ਸਾਲ ਇਕ ਲੱਖ ਦੇ ਕਰੀਬ ਸਮੁੰਦਰੀ ਜਾਨਵਰਾਂ ਦੀ ਮੌਤ ਹੋ ਜਾਂਦੀ ਹੈ। ਮਨੁੱਖੀ ਜੀਵਨ ਤੇ ਵੀ ਪਲਾਸਟਿਕ ਦਾ ਮਾੜਾ ਪ੍ਰਭਾਵ ਪੈ ਰਿਹਾ ਹੈ। ਪਲਾਸਟਿਕ ਨੂੰ ਸੜਨ ਲਈ 500 ਸਾਲ ਤੱਕ ਲੱਗ ਜਾਂਦੇ ਹਨ, ਨਾ ਇਹ ਗਲਦਾ ਹੈ ਤੇ ਨਾ ਹੀ ਸੜਦਾ ਹੈ। ਜਦੋਂ ਪਲਾਸਟਿਕ ਨੂੰ ਜਲਾਇਆ ਜਾਂਦਾ ਹੈ ਤਾਂ ਉਸ ਵਿਚੋਂ ਫਿਊਰਨ, ਮੀਥੇਨ, ਇਥੀਲੀਨ ਵਰਗੀਆਂ ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ, ਜੋ ਗਲੋਬਲ ਵਾਰਮਿੰਗ ਵਿਚ ਵਾਧਾ ਕਰਦੀਆਂ ਹਨ। ਜਿਨਾਂ ਨਾਲ ਸਾਹ, ਫੇਫੜਿਆਂ ਦੇ ਕੈਂਸਰ, ਜਿਗਰ ਕੈਂਸਰ ਤੱਕ ਹੋ ਰਹੇ ਹਨ। ਅਕਸਰ ਅਸੀਂ ਪਲਾਸਟਿਕ ਦੇ ਡੱਬਿਆਂ ਵਿਚ ਗਰਮ ਖਾਣਾ ਪੈਕ ਕਰਵਾ ਕੇ ਲੈ ਕੇ ਜਾਂਦੇ ਹਾਂ। ਪਲਾਸਟਿਕ ਵਿਚ ਮੌਜੂਦ ਬੀਪੀਏ ਯਾਨੀ 'ਬਿਸਫੇਨੋਲ ਏ' ਵਰਗੇ ਹਾਨੀਕਾਰਕ ਰਸਾਇਣ ਹੁੰਦੇ ਹਨ। ਬੀਪੀਏ ਔਰਤਾਂ ਵਿਚ ਐਸਟ੍ਰੋਜਨ ਨੂੰ ਪ੍ਰਭਾਵਿਤ



ਕਰਦਾ ਹੈ। ਹਾਰਮੋਨਲ ਬੈਲੈਂਸ ਨੂੰ ਵਿਗਾੜਦਾ ਹੈ। ਜਿਸ ਕਾਰਨ ਔਰਤਾਂ ਵਿਚ ਪ੍ਰਜਨਨ ਦੀ ਸਮੱਸਿਆ ਹੋ ਸਕਦੀ ਹੈ। ਇੱਕ ਹੋਰ ਘਾਤਕ ਰਸਾਇਣ 'ਫਥਾਲੇਟਸ' ਹੁੰਦਾ ਹੈ, ਜੋ ਸਰੀਰ ਦੀ ਐਂਡੋਕ੍ਰੀਨ ਪ੍ਰਣਾਲੀ ਨੂੰ ਨਸ਼ਟ ਕਰ ਦਿੰਦਾ ਹੈ। ਜਰਨਲ ਆਫ਼ ਟੌਕਸੀਕੋਲੋਜੀ 'ਚ ਖੋਜ ਅਨੁਸਾਰ ਫਥਾਲੇਟਸ (Phthalates) ਜਣਨ ਸ਼ਕਤੀ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਸਕਦਾ ਹੈ। ਦਰਿਆਵਾਂ ਦੇ ਕੰਢੇ ਵੀ ਪਲਾਸਟਿਕ ਦੇ ਕੂੜੇ-ਕਰਕਟ ਨਾਲ ਭਰੇ ਲਿਫ਼ਾਫ਼ੇ ਪਏ ਆਮ ਦੇਖੇ ਜਾ ਸਕਦੇ ਹਨ। ਜਦੋਂ ਵੀ ਤੁਸੀਂ ਦੱਖਣ ਭਾਰਤ ਵੱਲ ਜਾਂਦੇ ਹੋ ਤਾਂ ਉੱਥੇ ਜੂਟ (ਪਟਸਨ) ਨਾਲ ਬਣੀਆਂ ਚੀਜ਼ਾਂ ਆਮ ਵਰਤੋਂ ਵਿਚ ਲਿਆਈ ਜਾਂਦੀਆਂ ਹਨ। ਉੱਥੇ ਲੋਕਾਂ ਵੱਲੋਂ ਬਹੁਤ ਜ਼ਿਆਦਾ ਵਾਤਾਵਰਨ ਦਾ ਧਿਆਨ ਰੱਖਿਆ ਜਾਂਦਾ ਹੈ। ਜਦੋਂ ਵੀ ਅਸੀਂ ਘਰ ਤੋਂ ਨਿਕਲਦੇ ਹਾਂ ਤਾਂ ਸਾਨੂੰ ਆਪਣੇ ਘਰੋਂ ਕੱਪੜੇ ਦਾ ਥੈਲਾ ਨਾਲ ਲੈ ਕੇ ਜਾਣਾ ਚਾਹੀਦਾ ਹੈ। ਧਾਰਮਿਕ ਪ੍ਰੋਗਰਾਮਾਂ, ਵਿਆਹ, ਸ਼ਾਦੀਆਂ ਵਿਚ ਰਵਾਇਤੀ ਪੱਤਲਾਂ ਜਾਂ ਸਟੀਲ, ਪੀਤਲ ਦੇ ਭਾਂਡਿਆਂ ਨੂੰ ਤਰਜੀਹ ਦੇਣੀ ਚਾਹੀਦੀ ਹੈ। ਹਾਲ ਹੀ ਵਿਚ ਆਨੰਦਪੁਰ ਸਾਹਿਬ ਹੋਲੇ ਮਹੱਲੇ ਤੇ ਖਾਸ ਕਰ ਲੰਗਰਾਂ ਵਿਚ ਪਲਾਸਟਿਕ ਦੇ ਗਲਾਸ , ਪਲੇਟਾਂ ਤੇ ਪੂਰਨ ਪਾਬੰਦੀ ਲੱਗੀ ਹੋਈ ਸੀ। ਰਾਸ਼ਟਰੀ ਦੇ ਸੰਗਠਨਾਤਮਕ ਪੱਧਰ 'ਤੇ 2025 ਤੱਕ ਪਲਾਸਟਿਕ ਪ੍ਰਦੂਸ਼ਣ ਨੂੰ ਘੱਟ ਕਰਨ ਦਾ ਟੀਚਾ ਰੱਖਿਆ ਗਿਆ ਸੀ। ਸਾਨੂੰ ਆਪਣੇ ਘਰ ਨੂੰ ਵੀ ਪਲਾਸਟਿਕ-ਮੁਕਤ ਬਣਾਉਣ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ। ਸਾਡੀ ਦੇਖਾ-ਦੇਖੀ ਵਿਚ ਫਿਰ ਹੋਰ ਵੀ ਲੋਕ ਅੱਗੇ ਆਉਣਗੇ, ਜਿਸ ਕਾਰਨ ਵਾਤਾਵਰਣ ਸੁਰੱਖਿਅਤ ਰਹੇਗਾ। ਕਿਉਂਕਿ ਵਾਤਾਵਰਣ ਨੂੰ ਹਰਾ ਭਰਿਆ ਰੱਖਣਾ ਸਾਡੀ ਸਭ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ।

# ਇਨਕਲਾਬੀ ਕਵੀ ਅਵਤਾਰ ਸਿੰਘ 'ਪਾਸ਼'

## ਜਨਮ ਦਿਨ 'ਤੇ ਵਿਸ਼ੇਸ਼

ਪੰਜਾਬੀ ਕਾਵਿ-ਇਤਿਹਾਸ ਵਿਚ ਪਾਸ਼ ਦਾ ਨਾਮ ਇੱਕ ਅਜਿਹੇ ਕਵੀ ਵਜੋਂ ਦਰਜ ਹੈ, ਜਿਸ ਨੇ ਆਪਣੇ ਦੌਰ ਦੀ ਬੇਇਨਸਾਫ਼ੀ, ਦਾਬੇ, ਹਿੰਸਾ ਅਤੇ ਸਮਾਜਿਕ ਵਿਸੰਗਤੀਆਂ ਨੂੰ ਬੜੀ ਤਿੱਖੀ ਨਜ਼ਰ ਨਾਲ ਦੇਖਿਆ। ਉਸ ਦੀ ਕਵਿਤਾ ਵਿਚ ਵਿਦਰੋਹੀ ਸੁਰ ਜ਼ਰੂਰ ਹੈ, ਪਰ ਇਹ ਵਿਦਰੋਹ ਮਨੁੱਖੀ ਸੰਵੇਦਨਾ ਤੋਂ ਸੱਖਣਾ ਨਹੀਂ। ਉਸ ਦਾ ਪੂਰਾ ਨਾਮ ਅਵਤਾਰ ਸਿੰਘ ਸੰਧੂ ਸੀ ਅਤੇ ਉਸ ਨੇ ਆਪਣਾ ਤਖ਼ੱਲਸ 'ਪਾਸ਼' ਆਪਣੀ ਅਧਿਆਪਕਾ 'ਪ੍ਰਵੇਸ਼' ਦੇ ਨਾਮ ਦੇ ਪਹਿਲੇ ਅਤੇ ਆਖ਼ਰੀ ਅੱਖਰ (ਪ ਅਤੇ ਸ਼) ਨੂੰ ਜੋੜ ਕੇ ਘੜਿਆ ਸੀ।

ਪਾਸ਼ ਦਾ ਜਨਮ 9 ਸਤੰਬਰ 1950 ਨੂੰ ਪਿੰਡ ਤਲਵੰਡੀ ਸਲੇਮ, ਜ਼ਿਲ੍ਹਾ ਜਲੰਧਰ ਵਿਚ ਹੋਇਆ। ਪਿਤਾ ਮੇਜਰ ਸੋਹਣ ਸਿੰਘ ਸੰਧੂ ਵੀ ਕਵਿਤਾ ਲਿਖਦੇ ਸਨ। ਮੱਧ-ਵਰਗੀ ਕਿਸਾਨ ਪਰਿਵਾਰ ਵਿਚ ਜਨਮੇ ਪਾਸ਼ ਦੀ ਸ਼ਖ਼ਸੀਅਤ ਉੱਤੇ ਘਰ ਦੇ ਸਾਹਿਤਕ ਮਾਹੌਲ ਦੇ ਨਾਲ-ਨਾਲ ਆਪਣੇ ਸਮੇਂ



ਨਵਦੀਪ ਸਿੰਘ ਭੁਨੀਰ (ਮਾਨਸਾ)
ਫੋਨ: +91-98769-68193

ਦੀਆਂ ਸਮਾਜਕ ਤੇ ਰਾਜਨੀਤਕ ਹਲਚਲਾਂ ਦਾ ਵੀ ਡੂੰਘਾ ਅਸਰ ਪਿਆ।

ਪਾਸ਼ ਦੀ ਸਾਹਿਤਕ ਅਤੇ ਵਿਚਾਰਕ ਯਾਤਰਾ ਬਹੁਤ ਛੋਟੀ ਉਮਰ ਵਿਚ ਸ਼ੁਰੂ ਹੋ ਗਈ ਸੀ। 1964 ਵਿਚ ਹਾਈ ਸਕੂਲ ਖੀਵੇ ਤੋਂ ਮਿਡਲ ਪਾਸ ਕਰਨ ਮਗਰੋਂ ਉਹ ਜੂਨੀਅਰ ਟੈਕਨੀਕਲ ਸਕੂਲ, ਕਪੂਰਥਲਾ ਵਿਚ ਦਾਖ਼ਲ ਹੋਏ, ਪਰ ਡਿਪਲੋਮਾ ਪੂਰਾ ਨਾ ਕਰ ਸਕੇ। ਇਸੇ ਦੌਰ ਵਿਚ ਉਨ੍ਹਾਂ ਦਾ ਖੱਬੇ-ਪੱਖੀ ਰਾਜਨੀਤਕ ਕਾਰਕੁਨਾਂ ਨਾਲ ਮੇਲ-ਜੋਲ ਵਧਿਆ। ਕਵਿਤਾ ਅਤੇ ਸਾਹਿਤ ਦੇ ਨਾਲ-ਨਾਲ ਉਹ ਦਰਸ਼ਨ, ਵਿਗਿਆਨ ਅਤੇ ਸਮਾਜਕ ਵਿਚਾਰਾਂ ਵਿਚ ਵੀ ਰੁਚੀ ਰੱਖਦੇ ਸਨ ਅਤੇ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਰਾਹੀਂ ਵੱਖ-ਵੱਖ ਵਿਚਾਰਧਾਰਾਵਾਂ ਦਾ ਅਧਿਐਨ ਕਰਦੇ ਰਹੇ।

1967 ਵਿਚ ਉਹ ਬਾਰਡਰ ਸਕਿਉਰਿਟੀ ਫੋਰਸ ਵਿਚ ਭਰਤੀ ਹੋਏ, ਪਰ ਤਿੰਨ ਮਹੀਨਿਆਂ ਮਗਰੋਂ ਹੀ ਨੌਕਰੀ ਛੱਡ ਦਿੱਤੀ। 1969 ਵਿਚ ਨਕਸਲਬਾੜੀ ਲਹਿਰ ਨਾਲ ਜੁੜੇ ਲੋਕਾਂ ਨਾਲ ਉਨ੍ਹਾਂ ਦਾ ਮੇਲ-ਜੋਲ ਹੋਇਆ। ਉਸ ਦੇ ਸ਼ੁਰੂਆਤੀ ਇਨਕਲਾਬੀ ਸੁਰ ਦੀ ਝਲਕ ਉਸ ਦੀ ਇਸ ਮਕਬੂਲ ਗ਼ਜ਼ਲ ਵਿਚ ਵੀ ਮਿਲਦੀ ਹੈ:

'ਦਹਿਕਦੇ ਅੰਗਿਆਰਾਂ ਤੇ ਸੌਂਦੇ ਰਹੇ ਨੇ ਲੋਕ,
ਇਸ ਤਰ੍ਹਾਂ ਵੀ ਰਾਤ ਨੂੰ ਰੁਸ਼ਨਾਉਂਦੇ ਰਹੇ ਨੇ ਲੋਕ।'

ਜਦੋਂ ਉਸ ਉੱਤੇ ਨਕਸਲੀ ਹੋਣ ਦੇ ਠੱਪੇ ਲੱਗ ਰਹੇ ਸਨ ਤਾਂ ਉਸ ਨੇ ਆਪਣੀ ਵਿਚਾਰਧਾਰਕ ਪਛਾਣ ਨੂੰ ਵੀ ਬੜੀ ਬੇਬਾਕੀ ਨਾਲ ਲਿਖਿਆ:

'ਡੁੱਬਦਾ ਚੜ੍ਹਦਾ ਸੂਰਜ ਸਾਨੂੰ ਨਿੱਤ ਹੀ ਲਾਲ ਸਲਾਮ ਕਹੇ,
ਫੜ ਲਓ ਇਹ ਤਾਂ ਨਕਸਲੀਆ ਹੈ ਕੇਹੀ ਗੱਲ ਸ਼ਰੇਆਮ ਕਹੇ।'

ਇਹ ਬੋਲ ਉਸਦੀ ਨਿਡਰਤਾ ਅਤੇ ਆਪਣੀ ਵਿਚਾਰਧਾਰਾ ਉੱਤੇ ਮਾਣ ਦਾ ਪ੍ਰਤੀਕ ਹਨ।

19 ਮਈ 1970 ਨੂੰ ਪਾਸ਼ ਨੂੰ ਇੱਕ ਝੂਠੇ ਕਤਲ ਕੇਸ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਜੇਲ੍ਹ ਦੀਆਂ ਸਲਾਖ਼ਾਂ ਅਤੇ ਤਸ਼ੱਦਦ ਵੀ ਉਸਦੇ ਹੌਸਲੇ ਨੂੰ ਪਸਤ ਨਾ ਕਰ ਸਕੇ। ਆਪਣੇ ਮਕਸਦ ਪ੍ਰਤੀ ਅਟੁੱਟ ਸਮਰਪਣ ਨੂੰ ਬਿਆਨ ਕਰਦਿਆਂ ਕਵਿਤਾ ਯੁਗ ਪਲਟਾਵਾ ਵਿਚ ਉਸਨੇ ਲਿਖਿਆ:

'ਯੁਗ ਨੂੰ ਪਲਟਾਉਣ ਵਿਚ ਮਸਰੂਫ਼ ਲੋਕ
ਬੁਖ਼ਾਰ ਨਾਲ ਨਹੀਂ ਮਰਦੇ।'

ਇਸੇ ਸਾਲ ਉਸ ਦੀ ਪਹਿਲੀ ਕਾਵਿ-ਪੁਸਤਕ 'ਲੋਹ ਕਥਾ' ਪ੍ਰਕਾਸ਼ਿਤ ਹੋਈ। ਸਤੰਬਰ 1971 ਵਿਚ ਬਰੀ ਹੋਣ ਪਿੱਛੋਂ ਜੇਲ੍ਹ ਦੇ ਅਨੁਭਵ ਨੇ ਉਨ੍ਹਾਂ ਦੀ ਵਿਚਾਰਧਾਰਕ ਦ੍ਰਿੜਤਾ ਨੂੰ ਹੋਰ ਤਿੱਖਾ ਕੀਤਾ ਅਤੇ ਸਮਾਜਿਕ ਤਬਦੀਲੀ ਦੇ ਸਵਾਲ ਉਸ ਦੀ ਕਵਿਤਾ ਦੇ ਕੇਂਦਰ ਵਿਚ ਹੋਰ ਡੂੰਘੇ ਹੋਏ।

1972 ਵਿਚ ਪਾਸ਼ ਨੇ 'ਸਿਆੜ' ਨਾਂ ਦਾ ਪਰਚਾ ਕੱਢਣਾ ਸ਼ੁਰੂ ਕੀਤਾ। ਇਸ ਰਾਹੀਂ ਲੋਕ-ਭਾਸ਼ਾ ਅਤੇ ਲੋਕ-ਕਾਵਿ ਦੇ ਰੂਪਾਂ ਨੂੰ ਵਰਤਦਿਆਂ ਲੋਕਾਂ ਦੀਆਂ ਸਮੱਸਿਆਵਾਂ ਅਤੇ ਸਮਾਜਕ ਸਰੋਕਾਰਾਂ ਨੂੰ ਉਭਾਰਨ ਦੀ ਕੋਸ਼ਿਸ਼ ਕੀਤੀ ਗਈ। ਇਸੇ ਸਾਲ ਉਨ੍ਹਾਂ ਨੂੰ ਮੋਗਾ ਕਾਂਡ ਵਿਚ ਗ੍ਰਿਫ਼ਤਾਰ ਵੀ ਕੀਤਾ ਗਿਆ। 1973 ਵਿਚ 'ਸਿਆੜ' ਬੰਦ ਹੋ ਗਿਆ ਅਤੇ 1974 ਵਿਚ ਉਨ੍ਹਾਂ ਦੀ ਦੂਜੀ ਕਾਵਿ-ਪੁਸਤਕ 'ਉੱਡਦੇ ਬਾਜ਼ਾਂ ਮਗਰ' ਪ੍ਰਕਾਸ਼ਿਤ ਹੋਈ। ਇਸੇ ਸਾਲ ਉਸ ਨੇ 'ਪੰਜਾਬੀ ਸਾਹਿਤ ਸਭਿਆਚਾਰ ਮੰਚ' ਦੀ ਸਥਾਪਨਾ ਵੀ ਕੀਤੀ।


ਪਾਸ਼ ਦੀ ਕਲਮ ਅਤੇ ਪ੍ਰਸਿੱਧੀ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਸ ਦੀ ਤੁਲਨਾ ਜਗਤ-ਪ੍ਰਸਿੱਧ ਲੇਖਕਾਂ ਜਿਵੇਂ ਨਾਜ਼ਿਮ ਹਿਕਮਤ, ਪਾਬਲੋ ਨੇਰੂਦਾ, ਫ਼ੈਜ਼ ਅਹਿਮਦ ਫ਼ੈਜ਼, ਗਾਰਸੀਆ ਲੋਰਕਾ, ਮੈਕਸਿਮ ਗੋਰਕੀ, ਰਾਲਫ਼ ਫਾਕਸ, ਕ੍ਰਿਸਟੋਫਰ ਕਾਡਵੈੱਲ, ਮੁਕਤੀਬੋਧ ਅਤੇ ਧੂਮਿਲ ਨਾਲ ਹੋਣ ਲੱਗ ਪਈ ਸੀ।

ਮਈ 1974 ਵਿਚ ਰੇਲਵੇ ਹੜਤਾਲ ਦੌਰਾਨ ਪਾਸ਼ ਮੁੜ ਗ੍ਰਿਫ਼ਤਾਰ ਹੋਇਆ। ਇਸ ਸਮੇਂ ਉਸ ਦੀ ਸਾਹਿਤਕ ਸਰਗਰਮੀ ਵੀ ਜਾਰੀ ਰਹੀ। 'ਹੇਮ ਜਯੋਤੀ' ਦੀ ਸੰਪਾਦਕੀ ਕੀਤੀ ਅਤੇ ਲੰਡਨ ਤੋਂ ਨਿਕਲਦੇ 'ਦੇਸ-ਪ੍ਰਦੇਸ' ਲਈ ਪੱਤਰ-ਪ੍ਰੇਰਕ ਵਜੋਂ ਕੰਮ ਕੀਤਾ। ਇਸੇ ਦੌਰ ਵਿਚ ਉਨ੍ਹਾਂ ਨੇ ਪ੍ਰਸਿੱਧ ਐਥਲੀਟ ਮਿਲਖਾ ਸਿੰਘ ਦੀ ਸਵੈ-ਜੀਵਨੀ 'ਫਲਾਇੰਗ ਸਿੱਖ' ਲਿਖ ਕੇ ਦਿੱਤੀ।

1975 ਦੀ ਐਮਰਜੈਂਸੀ ਅਤੇ ਉਸ ਸਮੇਂ ਦੇ ਰਾਜਨੀਤਕ ਦਮਨ ਨੇ ਵੀ ਪਾਸ਼ ਦੇ ਜੀਵਨ ਅਤੇ ਵਿਚਾਰਾਂ ਨੂੰ ਪ੍ਰਭਾਵਿਤ ਕੀਤਾ। ਨਕਸਲਬਾੜੀ ਲਹਿਰ ਦੇ ਬਿਖਰਨ ਅਤੇ ਬਦਲਦੇ ਰਾਜਨੀਤਕ ਹਾਲਾਤਾਂ ਦੇ ਬਾਵਜੂਦ ਉਹ ਆਪਣੀ ਸਾਹਿਤਕ ਅਤੇ ਵਿਚਾਰਕ ਸਰਗਰਮੀ ਤੋਂ ਪਿੱਛੇ ਨਹੀਂ ਹਟਿਆ।

1976 ਵਿਚ ਉਸ ਨੇ ਮੈਟ੍ਰਿਕ ਅਤੇ ਗਿਆਨੀ ਪਾਸ ਕੀਤੇ ਅਤੇ ਈਵਨਿੰਗ ਕਾਲਜ, ਜਲੰਧਰ ਤੋਂ ਬੀ.ਏ. ਭਾਗ ਪਹਿਲਾ ਪਾਸ ਕੀਤਾ। 1978 ਵਿਚ ਜੇ.ਬੀ.ਟੀ. ਕੀਤੀ। ਇਸੇ ਸਾਲ ਜੂਨ ਵਿਚ ਉਸ ਦਾ ਵਿਆਹ ਰਾਜਵਿੰਦਰ ਕੌਰ ਸੰਧੂ ਨਾਲ ਹੋਇਆ ਅਤੇ ਸਤੰਬਰ 1978 ਵਿਚ ਉਸ ਦੀ ਤੀਜੀ ਪ੍ਰਮੁੱਖ ਕਾਵਿ-ਪੁਸਤਕ 'ਸਾਡੇ ਸਮਿਆਂ ਵਿਚ' ਪ੍ਰਕਾਸ਼ਿਤ ਹੋਈ।

1979 ਵਿਚ ਪਾਸ਼ ਨੇ ਗੁਰੂ ਨਾਨਕ ਨੈਸ਼ਨਲ ਮਾਡਲ



ਸਕੂਲ, ਉੱਗੀ ਸ਼ੁਰੂ ਕੀਤਾ ਅਤੇ ਨਾਲ ਹੀ ਹੱਥ-ਲਿਖਤ ਪਰਚਾ 'ਹਾਕ' ਕੱਢਿਆ। ਇਸ ਦੌਰ ਦੀਆਂ ਰਚਨਾਵਾਂ ਵਿਚ ਉਸ ਦੀ ਬੇਬਾਕੀ ਅਤੇ ਸਮਾਜਕ-ਧਾਰਮਿਕ ਰੂੜ੍ਹੀਆਂ ਨਾਲ ਟਕਰਾਉਣ ਵਾਲਾ ਸੁਭਾਅ ਹੋਰ ਸਪਸ਼ਟ ਹੋਇਆ। 'ਧਰਮ ਦੀਕਸ਼ਾ ਲਈ ਬਿਨੈ-ਪੱਤਰ' ਵਰਗੀ ਕਵਿਤਾ ਰਾਹੀਂ ਉਸ ਨੇ ਧਰਮ, ਸਮਾਜ ਅਤੇ ਵਿਅਕਤੀ ਦੀ ਆਜ਼ਾਦੀ ਨਾਲ ਜੁੜੇ ਸਵਾਲਾਂ ਨੂੰ ਆਪਣੇ ਵਿਲੱਖਣ ਅੰਦਾਜ਼ ਵਿਚ ਉਠਾਇਆ।

19 ਜਨਵਰੀ 1982 ਨੂੰ ਪਾਸ਼ ਦੇ ਘਰ ਉਨ੍ਹਾਂ ਦੀ ਧੀ ਵਿੰਕਲ ਦਾ ਜਨਮ ਹੋਇਆ। ਇਸ ਨਾਲ ਉਸ ਦੀ ਜ਼ਿੰਦਗੀ ਵਿਚ ਪਰਿਵਾਰਕ ਜ਼ਿੰਮੇਵਾਰੀਆਂ ਦਾ ਇੱਕ ਨਵਾਂ ਅਧਿਆਇ ਜੁੜਿਆ। ਪਰ ਸਾਹਿਤਕ ਸਰਗਰਮੀ ਅਤੇ ਸਮਾਜਕ ਸਰੋਕਾਰ ਉਸ ਦੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣੇ ਰਹੇ। ਪਾਸ਼ ਨੂੰ ਡਾਇਰੀ ਲਿਖਣ ਦੀ ਵੀ ਆਦਤ ਸੀ। ਉਸ ਦੀ ਡਾਇਰੀ ਵਿਚ ਨਿੱਜੀ ਅਨੁਭਵਾਂ ਦੇ ਨਾਲ-ਨਾਲ ਸਾਹਿਤਕ, ਸਮਾਜਕ ਅਤੇ ਵਿਚਾਰਕ ਟਿੱਪਣੀਆਂ ਵੀ ਮਿਲਦੀਆਂ ਹਨ।

1984 ਦੇ ਦੁਖਦਾਈ ਪੰਜਾਬੀ ਦੌਰ ਨੇ ਪਾਸ਼ ਦੀ ਚੇਤਨਾ ਨੂੰ ਹੋਰ ਝੰਜੋੜਿਆ। ਇਸ ਪਿਛੋਕੜ ਵਿਚ ਉਸ ਦੀ ਕਵਿਤਾ 'ਬੇਦਖ਼ਲੀ ਲਈ ਬਿਨੈ-ਪੱਤਰ' ਉਸ ਦੇ ਸਮੇਂ ਦੀ ਹਿੰਸਾ ਅਤੇ ਮਨੁੱਖੀ ਬੇਚੈਨੀ ਨੂੰ ਪ੍ਰਗਟ ਕਰਦੀ ਹੈ। ਪਾਸ਼ ਲਈ ਧਰਮ ਅਤੇ ਰਾਜਨੀਤੀ ਮਨੁੱਖੀ ਆਜ਼ਾਦੀ ਨੂੰ ਕੁਚਲਣ ਦੇ ਸਾਧਨ ਨਹੀਂ ਸਨ; ਇਸੇ ਲਈ ਉਹ ਹਰ ਕਿਸਮ ਦੀ ਕੱਟੜਤਾ ਦੇ ਵਿਰੁੱਧ ਖੜ੍ਹਾ ਹੋਇਆ।

1985 ਵਿਚ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਇੱਕ ਸਾਲ ਲਈ ਫੈਲੋਸ਼ਿਪ ਮਿਲੀ। ਇਸ ਤੋਂ ਅਗਲੇ ਸਾਲ ਉਹ ਵਿਦੇਸ਼ ਚਲਾ ਗਿਆ। ਜੁਲਾਈ 1986 ਵਿਚ ਇੰਗਲੈਂਡ ਹੁੰਦਾ ਹੋਇਆ ਕੈਲੀਫੋਰਨੀਆ ਪਹੁੰਚਿਆ ਅਤੇ ਉੱਥੇ 'ਐਂਟੀ-47 ਫਰੰਟ' ਦਾ ਪਰਚਾ ਕੱਢਿਆ। ਪੰਜਾਬ ਵਿਚ ਵਧ ਰਹੀ ਕੱਟੜਤਾ ਅਤੇ ਹਿੰਸਕ ਸਿਆਸਤ ਦੇ ਵਿਰੁੱਧ ਉਸ ਦੀ ਇਹ ਸਰਗਰਮੀ ਉਸ ਦੇ ਵਿਚਾਰਕ ਪੱਖ ਦੀ ਸਪਸ਼ਟ ਗਵਾਹੀ ਸੀ। ਮਾਰਚ 1987 ਵਿਚ ਉਹ ਇੰਗਲੈਂਡ ਇੱਕ ਮਹੀਨਾ ਰਹਿ ਕੇ ਅਮਰੀਕਾ ਵਾਪਸ ਗਿਆ। ਜਨਵਰੀ 1988 ਵਿਚ ਮੁੜ ਅਮਰੀਕਾ ਤੋਂ ਭਾਰਤ ਆ ਗਿਆ।

ਇਹ ਵਾਪਸੀ ਉਸ ਦੀ ਜ਼ਿੰਦਗੀ ਦੀ ਆਖ਼ਰੀ ਵਾਪਸੀ ਸਾਬਤ ਹੋਈ। 23 ਮਾਰਚ 1988 ਨੂੰ ਪਾਸ਼ ਅਤੇ ਉਸ ਦੇ ਸਾਥੀ ਹੰਸ ਰਾਜ ਦਾ ਉਸ ਦੇ ਆਪਣੇ ਪਿੰਡ ਤਲਵੰਡੀ ਸਲੇਮ ਵਿਚ ਖੇਤ ਦੀ ਮੋਟਰ ਉੱਪਰ ਕਤਲ ਕਰ ਦਿੱਤਾ ਗਿਆ। ਉਹ ਹਿੰਸਾ ਅਤੇ ਕੱਟੜਤਾ ਦਾ ਵਿਰੋਧ ਕਰਨ ਵਾਲਾ ਕਵੀ ਸੀ ਅਤੇ ਆਖ਼ਰ ਖ਼ੁਦ ਵੀ ਇਸੇ ਹਿੰਸਕ ਦੌਰ ਦਾ ਸ਼ਿਕਾਰ ਹੋ ਗਿਆ। ਉਸ ਵੇਲੇ ਉਸ ਦੀ ਉਮਰ ਕੇਵਲ 37 ਸਾਲ ਸੀ।

ਉਸ ਦੀ ਮੌਤ ਤੋਂ ਬਾਅਦ 1989 ਵਿਚ ਪਾਸ਼ ਦੇ ਸਾਥੀ ਅਮਰਜੀਤ ਚੰਦਨ ਦੀ ਸੰਪਾਦਨਾ ਹੇਠ 'ਖਿਲਰੇ ਹੋਏ ਵਰਕੇ' ਪ੍ਰਕਾਸ਼ਿਤ ਹੋਈ। ਇਸ ਸੰਗ੍ਰਹਿ ਵਿਚ ਸ਼ਾਮਲ 'ਸਭ ਤੋਂ ਖ਼ਤਰਨਾਕ' ਅਤੇ 'ਘਾਹ' ਵਰਗੀਆਂ ਬੇਹੱਦ ਮਕਬੂਲ ਕਵਿਤਾਵਾਂ ਦੀਆਂ ਅਮਰ ਸਤਰਾਂ 'ਸਭ ਤੋਂ ਖ਼ਤਰਨਾਕ ਹੁੰਦਾ ਹੈ/ਸਾਡੇ ਸੁਪਨਿਆਂ ਦਾ ਮਰ ਜਾਣਾ' ਅਤੇ 'ਮੈਂ ਘਾਹ ਹਾਂ/ਮੈਂ ਤੁਹਾਡੇ ਹਰ ਕੀਤੇ-ਕਰਾਏ 'ਤੇ ਉੱਗ ਆਵਾਂਗਾ' ਨੇ ਪਾਸ਼ ਦੀ ਕਾਵਿ-ਆਵਾਜ਼ ਨੂੰ ਮਰਨ ਉਪਰੰਤ ਵੀ ਨਵੀਆਂ ਪੀੜ੍ਹੀਆਂ ਤੱਕ ਪਹੁੰਚਾਇਆ।

ਇਸ ਤੋਂ ਬਾਅਦ 'ਆਪਣੇ ਨਾਲ ਗੱਲਾਂ, ਪਾਸ਼ ਦੀ ਡਾਇਰੀ' (1991) ਅਤੇ 'ਪਾਸ਼ ਦੀਆਂ ਚਿੱਠੀਆਂ' (1991) ਵੀ ਸਾਹਮਣੇ ਆਈਆਂ। ਪਾਸ਼ ਯਾਦਗਾਰੀ ਕੌਮਾਂਤਰੀ ਟਰਸਟ ਦੇ ਯਤਨਾਂ ਸਦਕਾ ਸਾਲ 2000 ਵਿਚ ਚੇਤਨਾ ਪ੍ਰਕਾਸ਼ਨ ਵੱਲੋਂ 'ਸੰਪੂਰਨ ਪਾਸ਼ ਕਾਵਿ' ਪ੍ਰਕਾਸ਼ਿਤ ਕੀਤਾ ਗਿਆ। ਪਾਸ਼ ਭਾਵੇਂ ਸਰੀਰਕ ਤੌਰ 'ਤੇ ਸਾਡੇ ਵਿਚਕਾਰ ਨਹੀਂ ਰਿਹਾ, ਪਰ ਉਸ ਦੀ ਕਵਿਤਾ ਅੱਜ ਵੀ ਸਾਹਿਤਕ ਚੇਤਨਾ ਨੂੰ ਝੰਜੋੜਦੀ ਹੈ। ਹੁਣ ਤੱਕ ਉਸ ਬਾਰੇ ਲਗਭਗ 200 ਕਵਿਤਾਵਾਂ ਰਚੀਆਂ ਜਾ ਚੁੱਕੀਆਂ ਹਨ ਅਤੇ ਉਸ ਦੇ ਜੀਵਨ ਤੇ ਸਾਹਿਤ ਨੂੰ ਕੇਂਦਰ ਬਣਾ ਕੇ ਅਨੇਕਾਂ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਪਾਸ਼ ਨੂੰ ਪੜ੍ਹਨ, ਸਮਝਣ ਅਤੇ ਉਸ 'ਤੇ ਲਿਖਣ ਦਾ ਇਹ ਸਿਲਸਿਲਾ ਅਜੇ ਵੀ ਜਾਰੀ ਹੈ।

# ਪੰਜਾਬ ਦੀਆਂ ਬੱਸਾਂ ਦਾ ਖ਼ੌਫ਼ਨਾਕ ਸੱਚ: ਸਫ਼ਰ ਜਾਂ ਮੌਤ ਨਾਲ ਹਰ ਰੋਜ਼ ਦਾ ਸਮਝੌਤਾ?

ਪੰਜਾਬ ਦੇ ਹਰ ਇੱਕ ਛੋਟੇ-ਵੱਡੇ ਰੂਟ ਉੱਤੇ ਚੱਲਣ ਵਾਲੀਆਂ ਬੱਸਾਂ ਦਾ ਹਾਲ ਅੱਜ ਇੱਕੋ ਜਿਹਾ ਹੋ ਚੁੱਕਾ ਹੈ। ਭਾਵੇਂ ਸਰਕਾਰੀ ਬੱਸਾਂ ਹੋਣ ਜਾਂ ਪ੍ਰਾਈਵੇਟ, ਹਰ ਪਾਸੇ ਮੁਸਾਫ਼ਰਾਂ ਦੀ ਜਾਨ ਨੂੰ ਹਥੇਲੀ 'ਤੇ ਰੱਖ ਕੇ ਸਫ਼ਰ ਕਰਵਾਇਆ ਜਾ ਰਿਹਾ ਹੈ। ਰੋਜ਼ਾਨਾ ਲੱਖਾਂ ਲੋਕ ਆਪਣੀ ਮਜਬੂਰੀ ਖ਼ਾਤਰ ਇਨ੍ਹਾਂ ਬੱਸਾਂ ਵਿੱਚ ਚੜ੍ਹਦੇ ਹਨ, ਪਰ ਬੱਸ ਅੰਦਰ ਪੈਰ ਧਰਦਿਆਂ ਹੀ ਡਰ ਦਾ ਮਾਹੌਲ ਸ਼ੁਰੂ ਹੋ ਜਾਂਦਾ ਹੈ। ਮੁਸਾਫ਼ਰਾਂ ਦੀ ਸੁਰੱਖਿਆ ਨਾ ਤਾਂ ਬੱਸ ਮਾਲਕਾਂ ਲਈ ਕੋਈ ਮਾਇਨੇ ਰੱਖਦੀ ਹੈ ਅਤੇ ਨਾ ਹੀ ਡਰਾਈਵਰਾਂ-ਕੰਡਕਟਰਾਂ ਲਈ। ਪੰਜਾਬ ਦੀਆਂ ਸੜਕਾਂ 'ਤੇ

ਕੁਲਬੀਰ ਸ਼ਰਮਾ

ਦੌੜਦੀਆਂ ਇਹ ਬੱਸਾਂ ਇੱਕ ਸੁਵਿਧਾ ਘੱਟ ਅਤੇ ਚੱਲਦੀਆਂ-ਫਿਰਦੀਆਂ ਮੌਤ ਦੀਆਂ ਗੱਡੀਆਂ ਜ਼ਿਆਦਾ ਨਜ਼ਰ ਆਉਂਦੀਆਂ ਹਨ।

ਇਨ੍ਹਾਂ ਬੱਸਾਂ ਦੇ ਡਰਾਈਵਰਾਂ ਵਿਚ ਆਪਣੇ 'ਟਾਈਮ ਪੁਗਾਉਣ' ਅਤੇ ਅਗਲੀ ਬੱਸ ਤੋਂ ਪਹਿਲਾਂ ਸਟੈਂਡ 'ਤੇ ਪਹੁੰਚਣ ਦੀ ਅਜਿਹੀ ਅੰਨ੍ਹੀ ਦੌੜ ਲੱਗੀ ਹੁੰਦੀ ਹੈ ਕਿ ਉਨ੍ਹਾਂ ਨੂੰ ਸੜਕ ਉੱਤੇ ਬੰਦੇ ਅਤੇ ਵਾਹਨ ਦਿਖਾਈ ਹੀ ਨਹੀਂ ਦਿੰਦੇ। ਬੱਸ ਨੂੰ ਬੇਲਗਾਮ ਰਫ਼ਤਾਰ 'ਤੇ ਚਲਾਉਣਾ ਅਤੇ ਖ਼ਤਰਨਾਕ ਕੱਟ ਮਾਰਨਾ ਹੁਣ ਰੋਜ਼ ਦਾ ਕੰਮ ਬਣ ਚੁੱਕਾ ਹੈ। ਸੜਕ ਉੱਤੇ ਚਾਹੇ ਕਿੰਨੇ ਵੀ ਡੂੰਘੇ ਟੋਏ ਹੋਣ ਜਾਂ ਉੱਚੇ ਸਪੀਡ ਬ੍ਰੇਕਰ, ਡਰਾਈਵਰ ਰੇਸ ਤੋਂ ਪੈਰ ਉੱਕਾ ਹੀ ਨਹੀਂ ਚੁੱਕਦੇ। ਬੱਸ ਅੰਦਰ ਬੈਠੀਆਂ ਸਵਾਰੀਆਂ ਝਟਕੇ ਖਾ-ਖਾ ਕੇ ਦੋਹਰੀਆਂ ਹੁੰਦੀਆਂ ਰਹਿੰਦੀਆਂ ਹਨ, ਕਈ ਵਾਰ ਤਾਂ ਲੋਕਾਂ ਦੇ ਸਿਰ ਅਤੇ ਪਿੱਠ 'ਤੇ ਗੰਭੀਰ ਸੱਟਾਂ ਵੀ ਲੱਗ ਜਾਂਦੀਆਂ ਹਨ, ਪਰ ਡਰਾਈਵਰਾਂ ਨੂੰ ਸਿਰਫ਼ ਆਪਣੇ ਟਾਈਮ ਦੀ ਪਰਵਾਹ ਹੁੰਦੀ ਹੈ।

ਸੁਰੱਖਿਆ ਦੇ ਨਾਂ 'ਤੇ ਬੱਸਾਂ ਅੰਦਰ ਕੀਤਾ ਗਿਆ ਡਰਾਮਾ ਹੋਰ ਵੀ ਖ਼ੌਫ਼ਨਾਕ ਹੈ। ਸਰਕਾਰਾਂ ਵੱਲੋਂ ਔਰਤਾਂ ਅਤੇ ਸਵਾਰੀਆਂ ਦੀ ਸੁਰੱਖਿਆ ਲਈ ਬੱਸਾਂ ਵਿਚ ਐਮਰਜੈਂਸੀ ਬਟਨ ਲਗਾਉਣ ਦੇ ਵੱਡੇ-ਵੱਡੇ ਦਾਅਵੇ ਕੀਤੇ ਗਏ ਸਨ, ਪਰ ਜ਼ਮੀਨੀ ਹਕੀਕਤ ਇਹ ਹੈ ਕਿ ਜ਼ਿਆਦਾਤਰ ਬੱਸਾਂ ਵਿਚ ਇਨ੍ਹਾਂ ਬਟਨਾਂ ਦੀਆਂ ਤਾਰਾਂ ਹੀ ਪੂਰੀ ਤਰ੍ਹਾਂ ਕੱਟੀਆਂ-ਟੁੱਟੀਆਂ ਪਈਆਂ ਹਨ। ਇਸੇ ਤਰ੍ਹਾਂ ਐਮਰਜੈਂਸੀ ਦਰਵਾਜ਼ਿਆਂ ਦਾ ਹਾਲ ਹੈ, ਜਿੱਥੇ ਵਾਧੂ ਸਵਾਰੀਆਂ ਬਿਠਾ ਕੇ ਪੈਸੇ ਕਮਾਉਣ ਦੇ ਲਾਲਚ ਵਿਚ ਐਮਰਜੈਂਸੀ ਦਰਵਾਜ਼ੇ ਦੇ ਬਿਲਕੁਲ ਅੱਗੇ ਹੀ ਪੱਕੀਆਂ ਸੀਟਾਂ ਜੜ ਦਿੱਤੀਆਂ ਗਈਆਂ ਹਨ। ਸਾਲਾਂ ਤੋਂ ਨਾ ਖੋਲ੍ਹੇ ਜਾਣ ਕਰਕੇ ਇਹ ਦਰਵਾਜ਼ੇ ਜੰਗਾਲ ਨਾਲ ਪੂਰੀ ਤਰ੍ਹਾਂ ਜਾਮ ਹੋ ਚੁੱਕੇ ਹਨ। ਜੇਕਰ ਪਰਮਾਤਮਾ ਨਾ ਕਰੇ ਬੱਸ ਨੂੰ ਅੱਗ ਲੱਗ ਜਾਵੇ ਜਾਂ ਕੋਈ ਭਿਆਨਕ ਹਾਦਸਾ ਵਾਪਰ ਜਾਵੇ, ਤਾਂ ਸਵਾਰੀਆਂ ਕੋਲ ਬੱਸ ਵਿਚੋਂ ਬਾਹਰ ਨਿਕਲਣ ਦਾ ਕੋਈ ਵੀ ਰਸਤਾ ਨਹੀਂ ਬਚੇਗਾ।

ਇਸ ਤੋਂ ਵੀ ਵੱਡੀ ਲਾਪਰਵਾਹੀ ਸਰਕਾਰੀ ਬੱਸਾਂ ਵਿਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਹੈ। ਸਰਕਾਰ ਨੇ ਔਰਤਾਂ ਦੀ ਸੁਰੱਖਿਆ ਦਾ ਢਿੰਡੋਰਾ ਪਿੱਟ ਕੇ ਬੱਸਾਂ ਵਿੱਚ ਕੈਮਰੇ ਤਾਂ ਲਗਾ ਦਿੱਤੇ, ਪਰ ਅੱਜ ਇਹ ਕੈਮਰੇ ਸਿਰਫ਼ ਦਿਖਾਵੇ ਦੇ ਸ਼ੋਅ-ਪੀਸ ਬਣ ਕੇ ਰਹਿ ਗਏ ਹਨ। ਜ਼ਿਆਦਾਤਰ ਬੱਸਾਂ ਵਿਚ ਕੈਮਰਿਆਂ ਦੀਆਂ ਤਾਰਾਂ ਹੀ ਲਹਿ ਚੁੱਕੀਆਂ ਹਨ ਅਤੇ ਇਹ ਪੂਰੀ ਤਰ੍ਹਾਂ ਬੰਦ ਪਏ ਹਨ। ਅੱਜ-ਕੱਲ੍ਹ ਕੰਮਕਾਜੀ ਔਰਤਾਂ, ਸਕੂਲ-ਕਾਲਜ ਜਾਣ ਵਾਲੀਆਂ ਵਿਦਿਆਰਥਣਾਂ ਅਤੇ ਧੀਆਂ-ਭੈਣਾਂ ਆਪਣੇ ਕੰਮਕਾਜ ਜਾਂ ਪੜ੍ਹਾਈ ਤੋਂ ਲੇਟ ਰਾਤ ਤੱਕ ਘਰਾਂ ਨੂੰ ਪਰਤਣ ਲਈ ਇਨ੍ਹਾਂ ਬੱਸਾਂ ਉੱਤੇ ਨਿਰਭਰ ਹੁੰਦੀਆਂ ਹਨ। ਅਜਿਹੇ ਮਾਹੌਲ ਵਿਚ ਇਨ੍ਹਾਂ ਕੈਮਰਿਆਂ ਦਾ ਚਾਲੂ ਹਾਲਤ ਵਿਚ ਹੋਣਾ ਅਤਿ ਜ਼ਰੂਰੀ ਹੈ ਤਾਂ ਜੋ ਕੋਈ ਸ਼ਰਾਰਤੀ ਅਨਸਰ ਗਲਤ ਹਰਕਤ ਕਰਨ ਤੋਂ ਡਰੇ। ਪਰ ਪ੍ਰਸ਼ਾਸਨ ਦੀ ਇਸ ਅਣਦੇਖੀ ਕਰਕੇ ਰਾਤ ਵੇਲੇ ਸਫ਼ਰ ਕਰਨ ਵਾਲੀਆਂ ਧੀਆਂ-ਭੈਣਾਂ ਦੀ ਸੁਰੱਖਿਆ ਵੱਡਾ ਸਵਾਲੀਆ ਨਿਸ਼ਾਨ ਬਣੀ ਹੋਈ ਹੈ।



ਇਨ੍ਹਾਂ ਖ਼ਾਮੀਆਂ ਤੋਂ ਵੀ ਅੱਗੇ ਵੱਧ ਕੇ, ਬੱਸਾਂ ਵਿਚ ਮੁਢਲੀ ਸੁਰੱਖਿਆ ਲਈ ਲੋੜੀਂਦੇ ਅੱਗ ਬੁਝਾਊ ਯੰਤਰ ਅਤੇ ਫਸਟ ਏਡ ਮੈਡੀਕਲ ਕਿੱਟਾਂ ਦਾ ਬਿਲਕੁਲ ਨਾ ਹੋਣਾ ਇੱਕ ਬਹੁਤ ਹੀ ਚਿੰਤਾਜਨਕ ਮੁੱਦਾ ਹੈ। ਜੇਕਰ ਚੱਲਦੀ ਬੱਸ ਵਿੱਚ ਅਚਾਨਕ ਅੱਗ ਲੱਗ ਜਾਵੇ ਜਾਂ ਕੋਈ ਮਾਮੂਲੀ ਹਾਦਸਾ ਵਾਪਰ ਜਾਵੇ, ਤਾਂ ਮੌਕੇ 'ਤੇ ਅੱਗ ਬੁਝਾਉਣ ਜਾਂ ਜ਼ਖ਼ਮੀ ਸਵਾਰੀਆਂ ਨੂੰ ਮੁਢਲੀ ਡਾਕਟਰੀ ਸਹਾਇਤਾ ਦੇਣ ਲਈ ਬੱਸ ਅੰਦਰ ਕੁਝ ਵੀ ਮੌਜੂਦ ਨਹੀਂ ਹੁੰਦਾ। ਅੱਗ ਬੁਝਾਊ ਸਿਲੰਡਰ ਜਾਂ ਤਾਂ ਗਾਇਬ ਹੁੰਦੇ ਹਨ ਜਾਂ ਫਿਰ ਉਹ ਸਾਲਾਂ ਤੋਂ ਐਕਸਪਾਇਰੀ ਡੇਟ ਲੰਘ ਚੁੱਕੇ ਖ਼ਾਲੀ ਡੱਬੇ ਬਣ ਕੇ ਧੂੜ ਚੱਟ ਰਹੇ ਹੁੰਦੇ ਹਨ। ਮੈਡੀਕਲ ਕਿੱਟਾਂ ਦੇ ਨਾਂ 'ਤੇ ਸਿਰਫ਼ ਖ਼ਾਲੀ ਪਲਾਸਟਿਕ ਦੇ ਡੱਬੇ ਰੱਖੇ ਹੁੰਦੇ ਹਨ, ਜਿਸ ਕਰਕੇ ਹਾਦਸੇ ਸਮੇਂ ਸਹੀ ਇਲਾਜ ਨਾ ਮਿਲਣ ਕਰਕੇ ਕੀਮਤੀ ਜਾਨਾਂ ਚਲੀਆਂ ਜਾਂਦੀਆਂ ਹਨ।

ਬੱਸਾਂ ਵਿੱਚ ਸਵਾਰੀਆਂ ਨੂੰ ਇਨਸਾਨ ਸਮਝਣ ਦੀ ਬਜਾਏ, ਬੇਜਾਨ ਸਮਾਨ ਵਾਂਗ ਇੱਕ-ਦੂਜੇ ਉੱਪਰ ਠੋਸ-ਠੋਸ ਕੇ ਭਰਿਆ ਜਾਂਦਾ ਹੈ। ਪੰਜਾਹ ਸੀਟਾਂ ਵਾਲੀ ਬੱਸ ਵਿੱਚ ਸੌ-ਡੇਢ ਸੌ ਸਵਾਰੀਆਂ ਚਾੜ੍ਹ ਦਿੱਤੀਆਂ ਜਾਂਦੀਆਂ ਹਨ। ਹਰ ਮੋੜ ਅਤੇ ਅੱਡੇ 'ਤੇ ਬੱਸ ਰੋਕ ਕੇ ਸਵਾਰੀਆਂ ਲੱਦੀਆਂ ਜਾਂਦੀਆਂ ਹਨ, ਜਿਸ ਨਾਲ ਬੱਸ ਅੰਦਰ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ। ਗਰਮੀ ਦੇ ਦਿਨਾਂ ਵਿੱਚ ਤਾਂ ਛੋਟੇ ਬੱਚਿਆਂ, ਬਜ਼ੁਰਗਾਂ ਅਤੇ ਔਰਤਾਂ ਦਾ ਘੁਟਣ ਨਾਲ ਦਮ ਨਿਕਲਣ ਵਾਲਾ ਹੋ ਜਾਂਦਾ ਹੈ। ਜਦੋਂ ਅੰਦਰ ਖੜ੍ਹਨ ਲਈ ਵੀ ਥਾਂ ਨਹੀਂ ਬਚਦੀ, ਤਾਂ ਲੋਕ ਦਰਵਾਜ਼ਿਆਂ 'ਤੇ ਇੱਕ ਪੈਰ 'ਤੇ ਖੜ੍ਹ ਕੇ ਜਾਂ ਖਿੜਕੀਆਂ (ਬਾਰੀਆਂ) ਨਾਲ ਲਮਕ ਕੇ ਸਫ਼ਰ ਕਰਨ ਲਈ ਮਜਬੂਰ ਹੁੰਦੇ ਹਨ। ਥੋੜ੍ਹਾ ਜਿਹਾ ਝਟਕਾ ਲੱਗਣ 'ਤੇ ਵੀ ਕੋਈ ਵੀ ਸਵਾਰੀ ਹੇਠਾਂ ਡਿੱਗ ਕੇ ਆਪਣੀ ਜਾਨ ਗੁਆ ਸਕਦੀ ਹੈ।

ਇਹ ਸਭ ਕੁਝ ਟ੍ਰੈਫਿਕ ਪੁਲਿਸ, ਆਰ.ਟੀ.ਓ. ਅਤੇ ਪ੍ਰਸ਼ਾਸਨ ਦੀਆਂ ਅੱਖਾਂ ਸਾਹਮਣੇ ਹੁੰਦਾ ਹੈ। ਨਾਕੇ ਲਗਾ ਕੇ ਖੜ੍ਹੇ ਅਧਿਕਾਰੀ ਇਨ੍ਹਾਂ ਓਵਰਲੋਡ ਅਤੇ ਬੇਲਗਾਮ ਭੱਜਦੀਆਂ ਬੱਸਾਂ ਨੂੰ ਦੇਖ ਕੇ ਵੀ ਅੱਖਾਂ ਮੀਚ ਲੈਂਦੇ ਹਨ। ਕਾਗਜ਼ਾਂ ਵਿੱਚ ਬੱਸਾਂ ਨੂੰ ਬਿਨਾਂ ਜਾਂਚ ਕੀਤੇ 'ਫਿਟਨੈਸ ਸਰਟੀਫਿਕੇਟ' ਵੰਡ ਦਿੱਤੇ ਜਾਂਦੇ ਹਨ, ਜਦਕਿ ਨਾ ਤਾਂ ਬ੍ਰੇਕਾਂ ਚੈੱਕ ਹੁੰਦੀਆਂ ਹਨ, ਨਾ ਸੀਸੀਟੀਵੀ ਕੈਮਰੇ, ਨਾ ਫਾਇਰ ਐਕਸਟਿੰਗੁਇਸ਼ਰ ਅਤੇ ਨਾ ਹੀ ਐਮਰਜੈਂਸੀ ਦਰਵਾਜ਼ੇ। ਕਮਾਈ ਅਤੇ ਸਮੇਂ ਦੀ ਹਵਸ ਵਿੱਚ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਇਹ ਖਿਲਵਾੜ ਬਹੁਤ ਵੱਡਾ ਪਾਪ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਬੱਸਾਂ ਦੇ ਟਾਈਮ-ਟੇਬਲ ਪ੍ਰਣਾਲੀ ਵਿਚ ਸੁਧਾਰ ਕਰੇ, ਓਵਰਲੋਡਿੰਗ 'ਤੇ ਭਾਰੀ ਜੁਰਮਾਨੇ ਲਗਾਏ ਅਤੇ ਹਰ ਬੱਸ ਦੇ ਐਮਰਜੈਂਸੀ ਪ੍ਰਬੰਧਾਂ ਸਮੇਤ ਸੀਸੀਟੀਵੀ ਕੈਮਰਿਆਂ ਨੂੰ ਲਾਜ਼ਮੀ ਤੌਰ 'ਤੇ ਚਾਲੂ ਹਾਲਤ ਵਿਚ ਰੱਖਣ ਦੇ ਸਖ਼ਤ ਹੁਕਮ ਜਾਰੀ ਕਰੇ।

# ਸੁਖੀ ਬੁਢਾਪੇ ਦਾ ਯੁਗ

ਜੀਵਨ ਦੇ 83ਵੇਂ ਸਾਲ 'ਚ ਹੋਣ ਕਰ ਕੇ ਮੈਨੂੰ ਵੀ ਬਜ਼ੁਰਗੀ (ਬੁਢਾਪੇ) ਦਾ ਚੰਗਾ-ਖਾਸਾ ਅਨੁਭਵ ਹੋ ਗਿਆ ਹੈ ਅਤੇ ਕੁਝ ਗੱਲਾਂ ਕਿਤਾਬਾਂ ਅਤੇ ਲੇਖ ਆਦਿ ਪੜ੍ਹ ਕੇ ਸਿੱਖ ਲਈਆਂ ਹਨ। ਇਸ ਤਰ੍ਹਾਂ ਸਮਝ ਆਈ ਹੈ ਕਿ ਬੁਢਾਪਾ ਉਸ ਨੂੰ ਹੀ ਨਸੀਬ ਹੁੰਦਾ ਹੈ ਜੋ ਜਿਉਂਦਾ ਰਹਿੰਦਾ ਹੈ। ਇਸ ਦੀ ਇੱਕ ਵਧੀਆ ਗੱਲ ਇਹ ਹੈ ਕਿ ਇਹ ਹੌਲੀ-ਹੌਲੀ ਆਉਂਦਾ ਹੈ ਅਤੇ ਆਪਣੀ ਆਮਦ ਬਾਰੇ ਸਪਸ਼ਟ ਸੁਨੇਹੇ ਦਿੰਦਾ ਰਹਿੰਦਾ ਹੈ। ਇਸ ਲਈ ਤਿਆਰੀ ਕਰਨੀ ਇੱਕ ਨਿਜੀ (Subjective) ਮਸਲਾ ਹੈ ਕਿਉਂਕਿ ਇਸ ਵਾਸਤੇ ਸਲਾਹਾਂ-ਮਸ਼ਵਰਿਆਂ, ਨਸੀਹਤਾਂ ਜਾਂ ਸਿਖਿਆਵਾਂ ਦੀ ਕੋਈ ਮਿਆਰੀ ਲਿਸਟ ਨਹੀਂ ਬਣਾਈ ਜਾ ਸਕਦੀ। ਫਿਰ ਭੀ ਸਿਆਣਿਆਂ ਦੀਆਂ ਲਿਖਤਾਂ 'ਚੋਂ ਵਿਹਾਰਕ



ਇੰਜ. ਈਸ਼ਰ ਸਿੰਘ
ਫੋਨ: 647 640 2014

ਤੌਰ 'ਤੇ ਬਹੁਤ ਕੁਝ ਲਾਭਦਾਇਕ ਸਿੱਖਣ ਨੂੰ ਮਿਲਦਾ ਹੈ, ਕਿਉਂਕ ਉਨ੍ਹਾਂ ਨੇ ਇਹ ਸਭ ਆਪਣੇ ਤਜਰਬਿਆਂ ਦੇ ਆਧਾਰ 'ਤੇ ਲਿਖਿਆ ਹੈ। ਭਾਵੇਂ ਹਰ ਕੋਈ ਆਪਣੀ ਸੂਝ-ਬੂਝ ਅਨੁਸਾਰ ਇਸ ਲਈ ਤਿਆਰੀ ਕਰਦਾ ਹੈ, ਪਰ ਤਕਦੀਰ ਦੇ ਆਪਣੇ ਰਾਹ ਹੁੰਦੇ ਹਨ। 2014 'ਚ ਮੇਰੀ ਪਤਨੀ ਸੁਰਗਵਾਸ ਹੋ ਗਈ ਅਤੇ ਉਸ ਵਕਤ ਮੇਰੀ ਉਮਰ 70 ਸਾਲ ਸੀ। ਇਸ ਸਦਮੇ ਨਾਲ ਮੈਂ ਬਹੁਤ ਪ੍ਰੇਸ਼ਾਨ ਸੀ ਅਤੇ ਆਪਣਾ ਬਹੁਤਾ ਵਕਤ ਘਰ ਬੈਠ ਕੇ ਕਿਤਾਬਾਂ ਪੜ੍ਹ ਕੇ, ਟੀ.ਵੀ ਦੇਖ ਕੇ ਅਤੇ ਸ਼ਬਦ-ਕੀਰਤਨ ਜਾਂ ਪੁਰਾਣੇ ਗਾਣੇ ਸੁਣ ਕੇ ਹੀ ਪੂਰਾ ਕਰਦਾ ਸੀ। ਜੀਵਨ ਵਿਚ ਕੀਤੀਆਂ ਗਲਤੀਆਂ, ਸਹੇੜੀਆਂ ਖੁੰਧਕਾਂ ਅਤੇ ਖੁੰਝਾਏ ਚੰਗੇ ਮੌਕੇ ਯਾਦ ਆਉਂਦੇ ਰਹਿੰਦੇ ਸਨ। ਆਪਣੇ ਅਸੂਲਾਂ ਦੀਆਂ ਕੁਰਬਾਨੀਆਂ ਦੇ-ਦੇ ਕੇ 'ਬਰਸਾਤੀ' ਰਿਸ਼ਤੇਦਾਰਾਂ ਅਤੇ ਮਿੱਤਰਾਂ ਦੇ ਕੀਤੇ ਕੰਮ, ਯਾਦ ਕਰ-ਕਰ ਕੇ ਝੁਰਦੇ ਰਹੀਦਾ ਸੀ। ਉਨ੍ਹਾਂ ਬਾਰੇ ਮੰਦੇ ਫੁਰਨਿਆਂ ਨੂੰ ਪੂਰਾ ਜ਼ੋਰ ਲਾਉਣ ਤੋਂ ਬਾਅਦ ਵੀ ਰੋਕ ਨਹੀਂ ਸਕਦਾ ਸੀ, ਕਿਉਂਕਿ ਸਾਰੇ ਹੀ ਬੁਰੇ ਲਗਦੇ ਸਨ। ਸਿਹਤ ਅਤੇ ਸੁਭਾਅ ਦੋਵੇਂ ਵਿਗੜ ਰਹੇ ਸਨ ਅਤੇ ਬੱਚੇ ਬਹੁਤ ਫਿਕਰਮੰਦ ਹੋ ਰਹੇ ਸਨ। ਪੰਜਾਬੀ ਦੀ ਟੋਟਕਾ-ਚਿਤਾਵਨੀ ਕਿ 'ਬਹਿ ਗਿਆ ਸੋ ਰਹਿ ਗਿਆ' ਵੀ ਹਰ ਵਕਤ ਜੀਅ ਦਾ ਖੌਅ ਬਣੀ ਹੋਈ ਸੀ।

ਸਬੱਬ ਨਾਲ ਉਨ੍ਹਾਂ ਦਿਨਾਂ ਵਿਚ ਇੰਜ. ਜਸਵੰਤ ਸਿੰਘ ਜ਼ਫਰ ਦੀ ਇੱਕ ਦਿਲ-ਟੁੰਬਵੀਂ ਵੀਡੀਓ ਦੇਖਣ ਨੂੰ ਮਿਲੀ। 2015 ਵਿਚ ਆਪਣੇ ਜੁਆਨ ਪੁੱਤਰ ਦੇ ਭੋਗ-ਸਮਾਗਮ 'ਤੇ ਆਪ ਸ਼ਰਧਾਂਜਲੀ ਦਿੰਦਿਆਂ ਉਨ੍ਹਾਂ ਨੇ ਕਿਹਾ ਸੀ ਕਿ ਵੱਡੀ ਮੁਸੀਬਤ ਸਮੇਂ ਇਨਸਾਨ ਕੋਲ ਦੋ ਵਿਕਲਪ ਹੁੰਦੇ ਹਨ; ਜਾਂ ਉਹ ਇੱਕ ਆਦਰਸ਼ ਬਣੇ ਜਾਂ ਲੋਕਾਂ ਦੇ ਤਰਸ ਦਾ ਪਾਤਰ ਬਣੇ। ਆਦਰਸ਼ ਬਣਨ ਵਾਸਤੇ ਸਿਰੜ ਅਤੇ ਅਸੂਲ-ਪ੍ਰਸਤੀ ਦੀ ਲੋੜ ਪੈਂਦੀ ਹੈ। ਪਰ ਤਰਸ ਦਾ ਪਾਤਰ ਬਣਨ ਵਾਸਤੇ ਕੁਛ ਵੀ ਕਰਨ ਦੀ ਲੋੜ ਨਹੀਂ - ਲੋਕ ਗੱਲਾਂ ਨਾਲ ਹੀ ਘਰ ਬੈਠੇ ਬੰਦੇ ਨੂੰ ਵਿਚਾਰਾ ਬਣਾ ਦਿੰਦੇ ਹਨ। ਇੰਜ. ਜ਼ਫਰ ਦੀ ਮੁਸੀਬਤ ਸਾਹਮਣੇ ਮੇਰੀ ਮੁਸੀਬਤ ਤਾਂ ਕਿਸੇ ਗਿਣਤੀ ਵਿਚ ਨਹੀਂ ਸੀ। ਆਦਰਸ਼ ਬਣਨ ਦੀ ਯੋਗਤਾ ਭਾਵੇਂ ਨਹੀਂ ਸੀ ਪਰ ਵਿਚਾਰਾ ਬਣਨਾ ਵੀ ਗਵਾਰਾ ਨਹੀਂ ਸੀ। ਪ੍ਰਿੰਸੀਪਲ ਸਰਵਣ ਸਿੰਘ ਜੀ ਦੇ ਖੇਡਾਂ ਬਾਰੇ ਲਿਖੇ ਅਤੇ ਮੇਰੇ ਵਲੋਂ ਪਹਿਲਾਂ ਪੜ੍ਹੇ ਹੋਏ ਲੇਖ ਯਾਦ ਆਉਣ ਲੱਗੇ ਅਤੇ ਉਨ੍ਹਾਂ ਨਾਲ ਮੇਲ ਵੀ ਹੋ ਗਿਆ। ਉਨ੍ਹਾਂ ਦਿਨਾਂ ਵਿਚ ਹੀ (2016 'ਚ- 73 ਸਾਲ ਦੀ ਉਮਰ 'ਚ) ਭਾਗ-ਵਸ ਸ੍ਰੀ ਕਿਰਪਾਲ ਸਿੰਘ ਪੰਨੂੰ ਅਤੇ ਮਿ. ਸੰਧੂਰਾ ਸਿੰਘ ਬਰਾੜ (ਪ੍ਰਧਾਨ ਰਨਰਜ਼ ਕਲੱਬ, ਬਰੈਂਪਟਨ) ਨਾਲ ਵਾਹ ਪੈ ਗਿਆ। ਪਹਿਲੀਆਂ ਦੋ ਸ਼ਖਸੀਅਤਾਂ ਨੇ ਲਿਖਣ ਲਈ ਪ੍ਰੇਰਿਆ ਅਤੇ ਤੀਜੀ ਨੇ ਸਿਹਤ ਸੰਬੰਧੀ ਕਾਰਵਾਈਆਂ ਨਾਲ ਜੋੜਿਆ। ਪੰਨੂੰ ਸਾਹਿਬ ਦੀ ਰਹਿਨੁਮਾਈ 'ਚ ਪੰਜਾਬੀ 'ਚ ਆਰਟੀਕਲ ਲਿਖਣੇ ਸ਼ੁਰੂ ਕਰ ਦਿੱਤੇ ਅਤੇ ਮਿ. ਬਰਾੜ ਦੇ ਕਲੱਬ ਦੀ ਮੈਂਬਰੀ ਲੈ ਕੇ ਸਿਹਤਕ ਗਤੀਵਿਧੀਆਂ ਸ਼ੁਰੂ ਕਰ ਦਿੱਤੀਆਂ।

ਇਹ ਗਤੀਵਿਧੀਆਂ ਸ਼ੁਰੂ ਕਰਨ ਵੇਲੇ ਤਿੰਨ ਅਜੀਬ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ - ਦੋ ਮੇਰੀਆਂ ਆਪਣੀਆਂ ਸਨ: ਸਰੀਰਕ ਸਮਰੱਥਾ ਦੀ ਘਾਟ ਅਤੇ ਮਾਨਸਿਕ ਡਰ। ਤੀਸਰੀ ਸਲਾਹਕਾਰਾਂ ਅਤੇ ਜਾਣਕਾਰਾਂ ਦੀਆਂ ਟਿੱਚਰਾਂ-ਟਕੋਰਾਂ, ਮਖ਼ੌਲ ਅਤੇ ਨਸੀਹਤਾਂ। ਜਿਵੇਂ ਕਿ 'ਐਸ ਉਮਰ 'ਚ ਇਹ ਕੀ ਪੰਗਾ ਲੈ ਰਹੇ ਓਂ? ਕੋਈ ਗਿੱਟਾ-ਗੋਡਾ ਤੁੜਵਾ ਲੋਂ ਗੇ, ਫੇਰ ਬੈਠੇ ਰਿਹੋ ਮੰਜੇ 'ਤੇ ਸਾਰੀ ਉਮਰ'। ਇਨ੍ਹਾਂ ਗੱਲਾਂ ਨੂੰ ਜਰਿਆ ਅਤੇ ਇਨ੍ਹਾਂ ਵਿਚੋਂ ਇਹ ਤੱਤ ਕੱਢਿਆ ਕਿ ਜੇ ਮੈਂ ਕਿਤੇ ਆਪਣੀ ਅਣਗਹਿਲੀ ਜਾਂ ਪਾਡੇ-ਪਣ ਕਰਕੇ ਕੋਈ ਸੱਟ-ਫੇਟ ਖਾ ਬੈਠਿਆ ਤਾਂ ਮੇਰੇ ਨਾਲ ਹਮਦਰਦੀ ਕਿਸੇ ਨੇ ਨਹੀਂ ਕਰਨੀ। ਉਲਟਾ ਸਭ ਇਹੀ ਕਹਿਣਗੇ, 'ਲੈ ਲਿਆ ਸੁਆਦ, ਸਮਝਾਇਆ ਸੀ ਨਾ? ਤੁਸੀਂ ਕਿਹੜਾ ਕਿਸੇ ਦੇ ਆਖੇ ਲੱਗੇ?' ਸਵੈ-ਪੜਚੋਲ ਕਰਨੀ ਸ਼ੁਰੂ ਕੀਤੀ ਤਾਂ ਵਿਚਾਰ ਆਇਆ ਕਿ ਜੇ ਮੈਨੂੰ ਆਪਣੇ ਆਲੇ-ਦੁਆਲੇ ਦਿਆਂ 'ਚ ਇੰਨੇ ਔਗੁਣ ਲਗਦੇ ਹਨ ਤਾਂ ਮੇਰੇ 'ਚ ਵੀ ਬਹੁਤ ਹੋਣਗੇ। ਗੁਰਬਾਣੀ ਦਾ ਵੀ ਫੁਰਮਾਨ ਹੈ ਕਿ 'ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ।' ਮਹਲਾ ੧

ਇਹ ਸੋਚ ਕੇ ਪਹਿਲਾਂ ਅੰਤਰ-ਝਾਤ ਪਾਈ ਅਤੇ ਸਮਝ ਆਈ ਕਿ ਬਹੁਤ ਕੁਛ ਕਰਨ ਵਾਲਾ ਹੈ। ਸੋ ਪਹਿਲਾਂ ਛੋਟੇ-ਛੋਟੇ ਨੁਕਸ ਦੂਰ ਕਰਨੇ ਸ਼ੁਰੂ ਕੀਤੇ। ਤੱਤ-ਭੜੱਤੀ ਅਤੇ ਕਾਲ੍ਹੀ ਕਰਨ ਦੀਆਂ ਆਦਤਾਂ 'ਚ ਸੁਧਾਰ ਕਰਨਾ ਸ਼ੁਰੂ ਕੀਤਾ, ਸਹਿਜ ਨਾਲ ਤੁਰਨ, ਬੋਲਣ ਅਤੇ ਰਹਿਣ ਦੀਆਂ ਆਦਤਾਂ ਸਿੱਖਣੀਆਂ ਸ਼ੁਰੂ ਕਰ ਦਿੱਤੀਆਂ। ਹੋਰਾਂ ਨੂੰ ਟਕੋਰਾਂ ਲਾਉਣੀਆਂ ਅਤੇ ਹੋਰਾਂ ਨਾਲ ਖੁੰਧਕਾਂ ਖਾਣੀਆਂ ਛੱਡ ਦਿੱਤੀਆਂ ਅਤੇ ਫੂੰਅ-ਫਾਂਅ ਕਰਨੀ ਛੱਡ ਦਿੱਤੀ। ਤੁਲਨਾਤਮਿਕ ਟੀਚੇ ਮੁਕਰਰ ਕਰਨੇ ਛੱਡ ਦਿੱਤੇ ਅਤੇ ਹੋਰਾਂ ਨਾਲ ਮੁਕਾਬਲਾ ਕਰਨਾ ਬੰਦ ਕਰ ਦਿੱਤਾ; ਨਾ-ਸਿਰਫ਼ ਸਿਹਤਕ ਕਾਰਵਾਈਆਂ ਸਮੇਂ ਬਲਕਿ ਜੀਵਨ ਦੇ ਹੋਰ ਪੱਖਾਂ ਵਿਚ ਵੀ। ਖੇਡਾਂ ਦੀ ਹਰ ਕਾਰਵਾਈ 'ਚ ਫਾਡੀ ਰਹਿਣ ਕਰ ਕੇ ਪੜ੍ਹਾਈ-ਲਿਖਾਈ ਦੀ ਹੈਂਕੜ ਵੀ ਘਟਣ ਲੱਗੀ ਅਤੇ ਸੁਭਾਅ ਵੀ ਬਦਲਣ ਲੱਗ ਗਿਆ। ਸਮਝ ਆਈ ਕਿ ਇਨ੍ਹਾਂ ਗੱਲਾਂ ਨੂੰ ਤਿਆਗ ਕੇ ਨਿਮਰਤਾ ਨੂੰ ਗ੍ਰਹਿਣ ਕਰਨ ਨਾਲ ਅਸੀਂ ਜੀਵਨ ਵਿਚ ਸੋਚ ਤੋਂ ਕਿਤੇ ਵੱਧ ਤਰੱਕੀ ਕਰ ਸਕਦੇ ਹਾਂ। ਆਲੋਚਨਾ ਜਰਨੀ ਸਿੱਖ ਕੇ ਆਲੋਚਕਾਂ ਤੋਂ ਬਹੁਤ ਕੁਝ ਸਿੱਖਿਆ। ਇਹ ਵੀ ਸਮਝ ਆਉਣ ਲੱਗੀ ਕਿ ਕੁਦਰਤ ਦੀਆਂ ਕਾਰਵਾਈਆਂ ਨੂੰ ਖਿੜੇ ਮੱਥੇ ਮੰਨਣਾ ਕੋਈ ਖ਼ਿਆਲੀ ਸੰਕਲਪ ਨਹੀਂ ਬਲਕਿ ਔਖੇ ਸਮਿਆਂ ਵਿਚ ਸੁਮੱਤ ਅਤੇ ਸਮਰੱਥਾ ਦੇਣ ਵਾਲਾ ਇੱਕ ਵਿਹਾਰਕ ਗੁਰ ਹੈ। ਇਸ ਨੂੰ ਭਾਣਾ ਮੰਨਣ ਦੇ ਉੱਚ ਆਦਰਸ਼ ਦੀ ਇੱਕ 'ਕਰੌਲਰੀ' ਸਮਝ ਸਕਦੇ ਹਾਂ।

ਸਰੀਰਕ ਸਰਗਰਮੀਆਂ ਦੇ ਸਰੀਰ ਅਤੇ ਮਨ ਉਪਰ ਪੈ ਰਹੇ ਚੰਗੇ ਅਸਰਾਂ ਕਰ ਕੇ ਸਰੀਰਕ ਚੁਸਤੀ-ਫੁਰਤੀ ਵਧ ਰਹੀ ਸੀ। ਹਰ ਕੰਮ ਨੂੰ ਹੱਥ ਪਾਉਣ ਨੂੰ ਜੀਅ ਕਰਦਾ ਸੀ। ਅਹਿਸਾਸ ਹੋਇਆ ਕਿ ਸਿਹਤ ਨਾਲ ਉਤਸ਼ਾਹ ਆਉਂਦਾ ਹੈ ਅਤੇ ਹਿੰਮਤ ਬਝਦੀ ਹੈ। ਇਹ ਵੀ ਸਿੱਖਿਆ ਕਿ ਹਰ ਛੋਟਾ-ਵੱਡਾ ਕੰਮ ਕਰਨ ਤੋਂ ਪਹਿਲਾਂ ਪੂਰੀ ਤਿਆਰੀ ਜ਼ਰੂਰੀ ਹੈ। ਤਿਆਰੀ ਦੀ ਘਾਟ ਕਰ ਕੇ ਹੋਈ ਅਸਫਲਤਾ ਕਰ ਕੇ ਆਪਾਂ ਅਗਲੇ ਹੰਭਲੇ ਕਰਨੇ ਛੱਡ ਦਿੰਦੇ ਹਾਂ, ਕਿਉਂਕਿ ਇਸ ਨੂੰ ਅਕਸਰ ਸਮਰੱਥਾ ਦੀ ਘਾਟ ਸਮਝ ਲੈਂਦੇ ਹਾਂ। ਜਦ ਕਿ ਇਹ ਡਸਿਪਲਨ ਅਤੇ ਅਭਿਆਸ ਦੀ ਘਾਟ ਹੈ ਜਿਹੜੀ ਕਿ ਜ਼ਿੰਦਗੀ ਦੇ ਹੋਰ ਖੇਤਰਾਂ ਵਿਚ ਵੀ ਖਰਾਬ ਕਰਦੀ ਹੈ। ਮਨ ਦੀ ਉਦਾਸੀ ਬਹੁਤ ਘਟ ਗਈ ਸੀ ਅਤੇ ਪਿਛਲੇ ਝੋਰੇ-ਪਛਤਾਵੇ ਮੁੱਕ ਰਹੇ ਸਨ। ਸਰੀਰ ਦੀ ਸਮਰੱਥਾ ਪੜ੍ਹਨ-ਲਿਖਣ 'ਚ ਮਦਦਗਾਰ ਹੋ ਰਹੀ ਸੀ ਅਤੇ ਪੜ੍ਹਨਾ-ਲਿਖਣਾ ਕਸਰਤਾਂ ਅਤੇ ਚੰਗੀ ਖੁਰਾਕ ਬਾਰੇ ਗਿਆਨ ਹਾਸਿਲ ਕਰਨ 'ਚ ਸਹਾਈ ਹੋ ਰਿਹਾ ਸੀ। ਇਸ ਤਰ੍ਹਾਂ, ਇਹ ਗੱਲ ਨਵੀਂ ਸਿੱਖੀ ਕਿ ਜੀਵਨ ਨੂੰ ਬਹੁ-ਮੁਖੀ ਗਤੀ-ਵਿਧੀਆਂ 'ਚ ਲਾਉਣਾ ਵੱਧ ਲਾਹੇਵੰਦ ਹੈ। ਸਫਲ ਅਤੇ ਸੌਖੇ ਜੀਵਨ ਲਈ ਕਿੰਨੀਆਂ ਹੀ ਸੁਚੱਜੀਆਂ ਆਦਤਾਂ ਅਤੇ ਚੰਗੇ ਅਸੂਲਾਂ ਦਾ ਪੂਰਾ 'ਟੂਲ-ਕਿੱਟ' ਬਕਸ ਤਿਆਰ ਕਰਨਾ ਜ਼ਰੂਰੀ ਹੈ। ਨਾਲ ਹੀ ਹਰ 'ਟੂਲ' ਦੀ ਸਹੀ ਮੌਕੇ 'ਤੇ ਸਹੀ ਵਰਤੋਂ ਸਿੱਖਣੀ ਵੀ ਜ਼ਰੂਰੀ ਹੈ। ਚੋਣਵੇਂ ਟੂਲਾਂ 'ਤੇ ਨਿਰਭਰ ਰਹਿਣਾ ਤਾਂ ਉਲਟਾ ਨੁਕਸਾਨ ਕਰ ਦਿੰਦਾ ਹੈ। ਮੈਸਲੋਅ ਨਾਉਂ ਦੇ ਪ੍ਰਸਿੱਧ ਮਨੋਵਿਗਿਆਨੀ ਦਾ ਸਿਧਾਂਤ ਹੈ ਕਿ, 'ਜਿਸ ਬੰਦੇ ਦੇ ਹੱਥ 'ਚ ਹਥੌੜਾ ਹੁੰਦਾ ਹੈ, ਉਸ ਨੂੰ ਹਰ ਚੀਜ਼ ਮੇਖ ਲਗਦੀ ਹੈ।' ਸੋ, ਹਰ ਟੂਲ ਅਰਥਾਤ ਆਦਤ ਅਤੇ ਅਸੂਲ ਦੀ ਮੌਕੇ ਅਨੁਸਾਰ ਯਥਾ-ਯੋਗ ਵਰਤੋਂ ਹੀ ਕਾਰਗਰ ਰਹਿੰਦੀ ਹੈ। ਇਨ੍ਹਾਂ ਦੁਵੱਲੀਆਂ ਗਤੀ-ਵਿਧੀਆਂ ਦਾ ਪਰਤੱਖ ਅਸਰ ਹੋਇਆ। 'ਛੁਪਾਣਾ ਭੀ ਜਿਨ੍ਹੇ ਮੁਸ਼ਕਿਲ, ਸੁਨਾਨਾ ਭੀ ਜਿਨ੍ਹੇ ਮੁਸ਼ਕਿਲ' ਦੇ ਲੱਛਣਾਂ ਵਾਲੇ ਊਲ-ਜਲੂਲ ਫੁਰਨਿਆਂ ਨੂੰ ਠੱਲ੍ਹ ਪਾਉਣ ਦਾ ਇਹ ਸਫਲ ਸਾਧਨ ਬਣੀਆਂ। ਹੁਣ 83ਵੇਂ ਸਾਲ 'ਚ ਪਹੁੰਚ ਕੇ ਮੈਂ ਸਿਹਤ, ਸੋਚ ਅਤੇ ਸੁਭਾਅ ਪੱਖੋਂ ਆਪਣੇ-ਆਪ ਨੂੰ ਪਹਿਲਾਂ ਤੋਂ ਬਿਹਤਰ ਮਹਿਸੂਸ ਕਰਦਾ ਹਾਂ। ਮੇਰੀ ਜਾਣ-ਪਛਾਣ ਦਾ ਦਾਇਰਾ ਵੱਡਾ ਹੋਇਆ ਹੈ।

ਜਦ ਮੈਂ ਸਿਹਤਕ ਗਤੀ-ਵਿਧੀਆਂ ਲਈ ਕਲੱਬ ਦੀ ਮੈਂਬਰੀ ਲਈ, ਤਾਂ ਉਸ ਦੇ ਮੈਂਬਰਾਂ ਦੀਆਂ ਜੁਆਨ ਉਮਰਾਂ ਦੇਖ ਕੇ ਤੌਖਲਾ ਹੋਇਆ ਕਿ ਮੈਂ ਉਨ੍ਹਾਂ ਨਾਲ ਨਿਭ ਸਕਾਂਗਾ ਕਿ ਨਹੀਂ। ਪਰ ਸਭ ਨੇ ਮੇਰੀ ਉਮਰ ਦੇ ਅਨੁਸਾਰ ਮੈਨੂੰ ਪੂਰਾ ਸਨਮਾਨ ਦਿੱਤਾ ਅਤੇ ਮੇਰਾ ਵੀ ਸਾਰਿਆਂ ਨਾਲ ਪਰਿਵਾਰ ਦੇ ਜੀਆਂ ਵਾਂਗੂੰ ਮੋਹ ਪੈ ਗਿਆ। ਬਜ਼ੁਰਗ ਆਪਣੇ ਮਨ ਦੇ ਪਾਲੇ ਕਰਕੇ ਜੁਆਨ ਪੀੜ੍ਹੀ ਤੋਂ ਦੂਰ ਰਹਿੰਦੇ ਹਨ, ਜਦ ਕਿ ਹਰ ਉਮਰ ਦੇ ਬੰਦਿਆਂ ਨਾਲ ਸਾਂਝ ਬਹੁਤ ਲਾਹੇਵੰਦ ਹੈ। ਨੌਜਵਾਨ, ਬਜ਼ੁਰਗਾਂ ਤੋਂ ਅਤੇ ਬਜ਼ੁਰਗ ਨੌਜਵਾਨਾਂ ਤੋਂ ਬਹੁਤ ਕੁਝ ਸਿੱਖ ਸਕਦੇ ਹਨ - ਇਹ ਵਿਚਾਰ ਦੋ ਹਜ਼ਾਰ



ਸਾਲ ਪਹਿਲਾਂ ਹੋਏ ਪ੍ਰਸਿੱਧ ਰੋਮਨ ਦਾਰਸ਼ਨਿਕ ਸਿਸਰੋ ਦੇ ਹਨ। ਉਸ ਅਨੁਸਾਰ ਉਹ ਜਵਾਨ ਚੰਗਾ ਹੁੰਦਾ ਹੈ ਜਿਸ ਵਿਚ ਬਜ਼ੁਰਗਾਂ ਵਾਲੀ ਸਿਆਣਪ ਹੋਵੇ, ਅਤੇ ਉਹ ਬਜ਼ੁਰਗ ਚੰਗਾ ਹੁੰਦਾ ਹੈ ਜਿਸ ਵਿਚ ਜਵਾਨਾਂ ਵਾਲੀ ਤਾਜ਼ਗੀ ਅਤੇ ਉਤਸ਼ਾਹ ਹੋਵੇ। ਸਿਆਣਪ ਤੋਂ ਬਿਨਾਂ ਜਵਾਨੀ ਬੇ-ਲਗਾਮ ਹੋ ਸਕਦੀ ਹੈ ਅਤੇ ਉਤਸ਼ਾਹ ਤੋਂ ਬਿਨਾਂ ਬੁਢਾਪਾ ਨਿਰਜੀਵ ਹੋ ਜਾਂਦਾ ਹੈ। ਸਿਸਰੋ ਦੇ ਵਿਚਾਰ ਦੀ ਪੇਚੀਦਗੀ ਇਹ ਹੈ ਕਿ ਬਜ਼ੁਰਗ ਤਾਂ ਜਵਾਨੀ ਨੂੰ ਸਮਝਦੇ ਹਨ, ਕਿਉਂਕਿ ਉਹ ਖੁਦ ਉਸ ਵਿਚੋਂ ਲੰਘ ਚੁੱਕੇ ਹੁੰਦੇ ਹਨ। ਪਰ ਜਵਾਨਾਂ ਨੂੰ, ਬਜ਼ੁਰਗਾਂ ਨਾਲ ਤਾਲ-ਮੇਲ ਦੇ ਫਾਇਦੇ ਅਤੇ ਇਸ ਦੀ ਲੋੜ ਦਾ ਅਹਿਸਾਸ ਨਹੀਂ ਹੁੰਦਾ। ਇਸ ਲਈ ਬਜ਼ੁਰਗਾਂ 'ਤੇ ਇਹ ਫਰਜ਼ ਆਇਦ ਹੁੰਦਾ ਹੈ ਕਿ ਉਹ ਜੁਆਨਾਂ ਨੂੰ ਇਹ ਭੇਦ ਸਮਝਾਉਣ। ਨਾਲ ਹੀ ਉਨ੍ਹਾਂ ਲਈ ਆਪ ਤੋਂ ਛੋਟਿਆਂ ਨੂੰ ਅਸ਼ੀਰਵਾਦ, ਰਹਿਨੁਮਾਈ ਅਤੇ ਉਤਸ਼ਾਹ ਦੇਣਾ ਇੱਕ ਪੱਕਾ ਅਸੂਲ ਬਣਾਉਣ ਦੀ ਲੋੜ ਹੈ, ਕਿਉਂਕਿ ਮਾਣ-ਸਤਿਕਾਰ ਵੱਡੀ ਉਮਰ 'ਚ ਵੀ ਦੁਵੱਲੀ ਕਾਰਵਾਈ ਰਹਿੰਦਾ ਹੈ। ਇਸ ਦੇ ਨਾਲ ਇਹ ਸਮਝਣ ਦੀ ਵੀ ਲੋੜ ਹੈ ਕਿ ਚੜ੍ਹਦੀ ਉਮਰ ਦੇ ਬੰਦੇ ਵੀ ਬੁੱਧੀਮਾਨ, ਸਿਆਣੇ ਅਤੇ ਚੰਗੇ ਹੋ ਸਕਦੇ ਹਨ - ਖਾਸ ਕਰ ਕੇ ਅੱਜ ਦੇ ਤਕਨਾਲੋਜੀ-ਪ੍ਰਧਾਨ ਯੁਗ 'ਚ।

ਪਹਿਲਾਂ ਦੱਸਣ ਅਨੁਸਾਰ ਮੇਰਾ ਵਾਹ ਆਪਣੇ ਤੋਂ ਸੀਨੀਅਰ ਐਸੀਆਂ ਸ਼ਖ਼ਸੀਅਤਾਂ ਨਾਲ ਪੈਂਦਾ ਰਹਿੰਦਾ ਹੈ, ਜਿਨ੍ਹਾਂ ਦੇ ਗੋਡੀਂ-ਪੈਰੀਂ ਹੱਥ ਲਾ ਕੇ ਮੈਂ ਬਹੁਤ ਅਨੰਦ ਮਹਿਸੂਸ ਕਰਦਾ ਹਾਂ। ਬਦਲੇ 'ਚ ਓਹ ਵੀ ਮੈਨੂੰ ਨਿਹਾਲ ਕਰ ਦਿੰਦੇ ਹਨ। ਇੱਕ ਸਾਲ ਪਹਿਲਾਂ ਸੁਰਗਵਾਸ ਹੋਈ ਇੱਕ ਸਤਿਕਾਰ-ਯੋਗ ਬੀਬੀ, ਮੈਨੂੰ ਆਖਰੀ ਦਮ ਤੱਕ 'ਕਾਕਾ' ਕਹਿ ਕੇ ਸੰਬੋਧਨ ਕਰਦੀ ਰਹੀ। ਇੱਥੋਂ ਤੱਕ ਕਿ ਜੇ ਘਰ ਦਾ ਫੋਨ ਕਦੇ ਮੇਰੀ ਨੂੰਹ ਨੇ ਚੱਕ ਲੈਣਾ, ਤਾਂ ਉਸ ਨੂੰ ਵੀ ਉਸ ਨੇ ਕਹਿਣਾ ਕਿ ਮੇਰੀ 'ਕਾਕੇ ਨਾਲ ਗੱਲ ਕਰਾ'। ਇਸ ਕਰ ਕੇ ਅਕਸਰ ਮੈਨੂੰ ਆਪਣੀ ਉਮਰ ਕੋਈ ਬਹੁਤੀ ਵੱਡੀ ਨਹੀਂ ਸੀ ਲਗਦੀ। ਇਸ ਦੀ ਤੁਲਨਾ 'ਚ ਜਦ ਇੱਕ ਦੌੜ ਪੂਰੀ ਕਰਨ ਤੋਂ ਬਾਅਦ ਇੱਕ ਨੌਜੁਆਨ ਨੇ ਕਿਹਾ, 'ਬਾਬਾ ਜੀ! ਵਧਾਈਆਂ' ਤਾਂ ਮੈਨੂੰ ਚੁਭਿਆ। ਪਰ ਉਮਰ ਕਰ ਕੇ ਮੈਂ ਉਸ ਨੂੰ ਧੰਨਵਾਦ ਕਹਿ ਕੇ ਅੱਗੇ ਤੁਰ ਗਿਆ। ਜਦ ਮੇਰੇ ਮੈਂਟਰ ਪੰਨੂੰ ਸਾਹਿਬ ਕਹਿੰਦੇ ਹਨ ਕਿ ਮੇਰੀਆਂ ਲਿਖਤਾਂ 'ਚ ਪਰਪੱਕਤਾ ਆਈ ਹੈ ਤਾਂ ਮੈਂ ਆਪਣੇ-ਆਪ ਨੂੰ ਕਾਲਜ ਦਾ ਇੱਕ ਵਿਦਿਆਰਥੀ ਸਮਝਦਾ ਹਾਂ। ਇਨ੍ਹਾਂ ਗੱਲਾਂ ਤੋਂ ਮੈਂ ਸਮਝ ਗਿਆ ਕਿ ਬੁਢਾਪੇ 'ਚ ਜੁਆਨੀ ਦਾ ਅਹਿਸਾਸ ਕਿੰਨਾ ਹੌਸਲਾ-ਕੁਨ ਹੁੰਦਾ ਹੈ। ਇਸ ਵੇਲੇ ਵੀ ਜੁਆਨੀ ਵੇਲੇ ਦੀਆਂ ਮਾਣ-ਸਤਿਕਾਰ ਅਤੇ ਅਪਣੱਤ ਦੀਆਂ ਚਾਹਤਾਂ ਬਰਕਰਾਰ ਰਹਿੰਦੀਆਂ ਹਨ। ਉਮਰ ਸਰੀਰ ਦੀ ਹੁੰਦੀ ਹੈ; ਆਪਣੇ ਸਵੈ-ਮਾਣ ਲਈ ਅਸੀਂ ਅਕਸਰ ਉਹੀ ਰਹਿੰਦੇ ਹਾਂ। ਬਜ਼ੁਰਗ ਹੋ ਜਾਣ ਦੇ ਬਾਵਜੂਦ ਵੀ ਮਨੁੱਖ ਆਪਣੇ ਆਪ ਨੂੰ 'ਬਜ਼ੁਰਗ' ਮਹਿਸੂਸ ਨਹੀਂ ਕਰਦਾ।

ਸੋ, ਮੇਰੇ ਪਿਛਲੇ ਦਸ ਸਾਲਾਂ ਦੇ ਅਨੁਭਵ ਅਨੁਸਾਰ, ਹੁਣ ਦਾ ਯੁਗ ਸਮੁੱਚੇ ਤੌਰ 'ਤੇ ਸੁਖੀ ਬੁਢਾਪੇ ਦਾ ਯੁਗ ਹੈ ਕਿਉਂਕਿ ਆਪਣੇ ਵਿਚੋਂ ਬਹੁਤੇ ਸਿਹਤ-ਸੰਭਾਲ, ਮਾਇਕ ਹਾਲਾਤ ਅਤੇ ਰਹਿਣ-ਸਹਿਣ ਪੱਖੋਂ, ਪਹਿਲੀਆਂ ਪੀੜ੍ਹੀਆਂ ਨਾਲੋਂ ਕਿਤੇ ਵੱਧ ਸੁਖ-ਸਹੂਲਤਾਂ ਵਾਲੀ ਜ਼ਿੰਦਗੀ ਜਿਉਂ ਰਹੇ ਹਾਂ। ਸਰੀਰ ਦੇ ਨਕਾਰਾ ਹੋਏ ਅੰਗਾਂ ਦੀ ਥਾਂ ਨਵੇਂ ਲਾਉਣ ਦੀਆਂ ਸਹੂਲਤਾਂ ਤਾਂ ਚਮਤਕਾਰੀ ਗੱਲਾਂ ਹਨ। ਇਸ ਕਰ ਕੇ ਅੱਜ ਦੇ ਬਜ਼ੁਰਗਾਂ ਨੂੰ ਲੰਮੀ ਜ਼ਿੰਦਗੀ ਅਤੇ ਇਸ ਦੀ ਗੁਣਵੱਤਾ ਕਾਇਮ ਰੱਖਣ ਦੇ ਕਿਤੇ ਵੱਧ ਮੌਕੇ ਮਿਲ ਰਹੇ ਹਨ। ਲੱਗ-ਭੱਗ ਹਰ ਇੱਕ ਦੀ ਔਲਾਦ ਨੇ ਮਾਪਿਆਂ ਤੋਂ ਵੱਧ ਤਰੱਕੀ ਕੀਤੀ ਹੈ ਅਤੇ ਇਹ ਬਹੁਤ ਵੱਡੀ ਮਾਨਸਿਕ ਸੰਤੁਸ਼ਟੀ ਵਾਲੀ ਗੱਲ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਅੱਜ ਦੇ ਵਿਦਿਆਰਥੀ-ਬੱਚਿਆਂ ਲਈ ਆਪਣੇ ਮਾਪਿਆਂ ਨਾਲੋਂ ਵੱਧ ਤਰੱਕੀ ਕਰਨਾ ਔਖਾ ਹੈ। ਬੁਢਾਪਾ, ਦੁਨਿਆਵੀ ਜ਼ਿੰਮੇਵਾਰੀਆਂ ਤੋਂ ਮੁਕਤ ਹੋ ਕੇ ਰੱਬ ਪ੍ਰਤੀ ਆਪਣਾ ਫਰਜ਼ ਪੂਰਾ ਕਰਨ ਦਾ ਸੁਨਹਿਰੀ ਮੌਕਾ ਹੈ - ਜੇ ਇਹ ਕਰਨਾ ਚਾਹੁੰਦੇ ਹਨ। ਸਮੁੱਚੇ ਤੌਰ 'ਤੇ ਇਹ ਯੁਗ ਬਜ਼ੁਰਗਾਂ ਲਈ ਇਕੱਲਾ ਇਸ ਲਈ ਵਧੀਆ ਨਹੀਂ ਕਿ ਉਪਰੋਕਤ ਖਾਸ ਸਹੂਲਤਾਂ ਮਿਲ ਰਹੀਆਂ ਹਨ, ਬਲਕਿ ਇਸ ਲਈ ਵੀ ਕਿ ਉਨ੍ਹਾਂ ਕੋਲ ਆਪਣੇ ਜੀਵਨ ਨੂੰ ਅਰਥ-ਪੂਰਨ ਬਣਾਈ ਰੱਖਣ ਅਤੇ ਮਨ-ਪ੍ਰਚਾਵੇ ਦੇ ਸਾਧਨ ਵਧੇ ਹਨ। ਪਰ ਇਹ ਵੀ ਜ਼ਰੂਰੀ ਹੈ ਕਿ ਇਨ੍ਹਾਂ ਨੂੰ ਦੇਖ ਕੇ ਬੇ-ਸਬਰੇ ਨਾ ਹੋਈਏ ਅਤੇ ਆਪਣੀ ਜੁਆਨੀ ਵੇਲੇ ਦੇ ਮਾਣ-ਸਤਿਕਾਰ ਜਾਂ ਪੈਸੇ ਆਦਿ ਦੇ ਘਾਟੇ ਨੂੰ ਪੂਰਾ ਕਰਨ ਦੀਆਂ ਕੋਸ਼ਿਸ਼ਾਂ ਨਾ ਕਰੀਏ। ਪਿੰਡ ਕੱਲੇ ਆ ਕੇ ਭੱਜਣਾ, ਲੋਕਾਂ ਦੇ ਹਾਸੇ ਦਾ ਮੌਜੂ ਬਣਨ ਤੋਂ ਸਿਵਾ ਹੋਰ ਕੁਝ ਨਹੀਂ। ਇਸ ਭੁਲੇਖੇ ਤੋਂ ਬਚਣਾ ਵੀ ਜ਼ਰੂਰੀ ਹੈ ਕਿ ਇਕੱਲੀ ਬਜ਼ੁਰਗੀ ਹੀ ਸਾਨੂੰ ਸਿਆਣਾ ਅਤੇ ਛੋਟਿਆਂ ਦੇ ਮਾਣ-ਸਤਿਕਾਰ ਦਾ ਪਾਤਰ ਬਣਾ ਸਕਦੀ ਹੈ; ਮਤੇ ਕੋਈ ਸਮਝੇ ਕਿ ਚਿੱਟੀ ਦਾੜ੍ਹੀ ਸਿਆਣਪ ਦਾ ਪਰਮਾਣ ਹੈ।

ਉਮਰ ਨੂੰ ਵਧਣ ਤੋਂ ਕੋਈ ਨਹੀਂ ਰੋਕ ਸਕਦਾ; ਬੁਢਾਪੇ ਦਾ ਅਸਲ ਭੇਦ ਉਮਰ ਦੇ ਨਾਲ ਆਪਣੇ-ਆਪ ਨੂੰ ਬਦਲਦੇ ਰਹਿਣਾ ਸਿੱਖਣਾ ਹੈ - ਖਾਸ ਕਰ ਕੇ ਅੱਜ ਦੀਆਂ ਤੇਜ਼ ਗਤੀ ਨਾਲ ਵਿਕਸਿਤ ਹੋ ਰਹੀਆਂ ਤਕਨਾਲੋਜੀਆਂ ਕਰ ਕੇ। ਉਮਰ ਨਾਲ, ਸਰੀਰ ਦੀ ਸਮਰੱਥਾ ਦੀ ਘਾਟ ਵੀ ਕੁਦਰਤੀ ਨਿਯਮ ਹੈ ਪਰ ਸਿੱਖਣ, ਸੋਚਣ, ਨਵੀਆਂ ਗੱਲਾਂ ਅਪਣਾਉਣ ਅਤੇ ਹੋਰਾਂ ਲੋਕਾਂ ਨਾਲ ਜੁੜੇ ਰਹਿਣ ਦੀਆਂ ਆਦਤਾਂ ਨੂੰ ਚਾਲੂ ਰੱਖਿਆ ਜਾ ਸਕਦਾ ਹੈ। ਜੇ ਬਜ਼ੁਰਗ ਸਿੱਖਣ ਦੀ ਆਦਤ ਅਤੇ ਜਿਗਿਆਸਾ ਬਰਕਰਾਰ ਰੱਖੇ, ਤਾਂ ਬੁਢਾਪਾ ਆਪਾ-ਪਛਾਣ (Self Actualization) ਦਾ ਮਾਰਗ ਬਣ ਸਕਦਾ ਹੈ।

# ਜੀਹਨੇ ਮਾਪੇ ਸਾਂਭ ਲਏ, ਦੁਨੀਆਂ ਦੇ ਖਜ਼ਾਨੇ ਸਾਂਭ ਲਏ

ਨੌਵੇਂ ਸਤਿਗੁਰੂ ਦਾ ਫੁਰਮਾਨ ਏ ਕਿ
ਚਿੰਤਾ ਤਾ ਕੀ ਕੀਜੀਏ ਜੋ ਅਨਹੋਣੀ ਹੋਇ॥

ਫਿਕਰ ਤਾਂ ਓਸ ਗੱਲ ਦਾ ਹੋਵੇ ਜੇ ਕੋਈ ਜੱਗੋਂ ਤੇਰ੍ਹਵੀਂ ਹੋ ਗਈ ਹੋਵੇ, ਏਹ ਜਗਤ ਮੁਸਾਫਿਰ-ਖਾਨਾ ਏ, ਜਾਣਾ ਏ ਹਰੇਕ ਨੇ ਵਾਰੋ-ਵਾਰੀ, ਮਾਪਿਆਂ ਨੇ ਵੀ ਰੁਖਸਤ ਹੋਣਾ ਈ ਹੁੰਦਾ

ਦਵਿੰਦਰ ਸਿੰਘ ਜੌਹਲ

ਏ ਅਖੀਰ। ਪਰ ਸੱਚ ਏਹ ਵੇ ਕਿ ਥੰਮ੍ਹ ਖਿੜਕ ਜਾਂਦੇ ਨੇ ਇਨਸਾਨ ਦੇ ਇਨ੍ਹਾਂ ਤਲਖ ਹਕੀਕਤਾਂ ਦਾ ਸਾਹਮਣਾ ਕਰਦਿਆਂ। ਪੰਜ ਸਾਲ ਪਹਿਲਾਂ ਮਾਂ ਤੁਰ ਗਈ, ਕਰੋਨਾ ਦੇ ਪਾਏ ਹੋਏ ਖਿਲਾਰੇ ਕਾਰਨ ਮਾਂ ਦੇ ਆਖਰੀ ਦਰਸ਼ਨ ਵੀ ਨਾ ਨਸੀਬ ਹੋਏ।

ਬਾਪ ਨੂੰ ਜੀਵਨ ਸਾਥੀ ਦਾ ਵਿਛੋੜਾ ਤੇ ਅੱਖਾਂ ਦੀ ਜੋਤ ਕਮਜ਼ੋਰ ਹੋ ਜਾਣ ਦਾ ਝੋਰਾ ਲੈ ਬੈਠਾ, ਨਹੀਂ ਤਾਂ ਨਾਲ ਹੰਢਣ ਜੋਗਾ ਸੀ ਕਰਮਾਂ ਵਾਲਾ। ਕਮਜ਼ੋਰ ਹੁੰਦਾ-ਹੁੰਦਾ ਅਖੀਰ ਏਸ ਮਹੀਨੇ ਦੀ ਛੇ ਤਰੀਕ ਨੂੰ ਹੱਥਾਂ ਚੋਂ ਕਿਰ ਗਿਆ ਰੇਤ ਵਾਂਗਰਾਂ, ਹੈ ਤੋਂ ਸੀ ਹੋ ਗਿਆ।

ਤਿੰਨ ਅਗਸਤ ਨੂੰ ਵੱਡੇ ਵੀਰ ਨੇ ਬਾਪੂ ਨਾਲ ਗੱਲ ਕਰਵਾਈ, ਕਾਫੀ ਢਿੱਲਾ ਜਾਪਿਆ ਫੋਨ 'ਤੇ, ਕਹਿੰਦਾ ਛੇਤੀ ਛੇਤੀ ਆ ਜਾ। ਚਾਰ ਤਰੀਕ ਰਾਤ ਨੂੰ ਸਿੱਧਾ ਹਸਪਤਾਲ ਹੀ ਮਿਲਿਆ ਜਾ ਕੇ, ਹੱਡੀਆਂ ਦੀ ਮੁੱਠ ਹੋ ਚੁਕਾ ਸੀ ਬਾਪੂ, ਹੱਥਾਂ-ਪੈਰਾਂ ਤੇ ਸੂਈਆਂ ਦੇ ਨੀਲ ਵੇਖ ਕੇ ਦਿਲ ਬਹਿ ਗਿਆ। ਬਾਪੂ ਦੇ ਮੱਥੇ ਤੇ ਹੱਥ ਰੱਖਿਆ ਤੇ ਪੁੱਛਿਆ, 'ਡੈਡੀ, ਪਛਾਣ ਲਿਆ ਜੇ?'

ਕੁਝ ਪਲ ਉਡੀਕ ਕੇ ਬਾਪੂ ਨੇ ਬੇਹੱਦ ਕਮਜ਼ੋਰ ਹੋ ਚੁੱਕੇ ਹੱਥ ਨਾਲ ਮੇਰਾ ਹੱਥ ਫੜ੍ਹ ਲਿਆ ਤੇ ਬੋਲਿਆ, 'ਆ ਗਿਆ ਮੇਰਾ ਚੰਦ!' ਲਹੂ ਪਛਾਣ ਲੈਂਦਾ ਏ ਲਹੂ ਨੂੰ, ਬਾਪੂ ਨੂੰ ਸ਼ਾਇਦ ਤਸੱਲੀ ਹੋ ਗਈ ਸੀ, ਦਿਲੀ ਉਡੀਕ ਜੁ ਸੀ ਪਰਦੇਸੀ ਪੁੱਤ ਦੀ। ਪਰ ਹਾਲਤ ਵੇਖ ਕੇ, ਮੈਂ ਸਮਝ ਗਿਆ ਸੀ ਕਿ ਬਹੁਤਾ ਸਮਾਂ ਹੈ ਨਹੀਂ ਬਾਪੂ ਕੋਲ। ਖੈਰ, ਪੰਜ ਤਰੀਕ ਲੰਘੀ, ਰਾਤ ਬਾਪੂ ਸਟੇਬਲ ਰਿਹਾ, ਪਰ ਛੇ ਦੀ ਸਵੇਰ ਸੁਰਤ ਅਗਲੇ ਜਹਾਨ ਜੁੜ ਗਈ, ਪਹਿਲਾਂ ਤੁਰ ਗਏ ਭੈਣਾਂ ਭਾਈਆਂ ਨਾਲ ਰਾਬਤਾ ਕਰ ਲਿਆ, ਤੇ ਸਵਾ ਕੁ ਗਿਆਰਾਂ ਵਜੇ ...।

ਜਦੋਂ ਬਾਪ ਤੁਰ ਜਾਂਦਾ ਏ ਨਾ, ਯੁਗ ਪਲਟ ਜਾਂਦਾ ਏ ਇਨਸਾਨ ਦਾ। ਯਾਦਾਂ ਦਾ ਹੜ੍ਹ ਵਹਿ ਤੁਰਦਾ ਏ, ਇਨਸਾਨ ਨੂੰ ਯਕੀਨ ਈ ਨਹੀਂ ਆਉਂਦਾ ਕਿ ਏਹ ਸਭ ਸੱਚ ਏ ਜਾਂ ਕੋਈ ਬੁਰਾ ਸੁਪਨਾ।

ਬਾਪੂ ਨੇ ਰੋਡਵੇਜ਼ ਦੀ ਡਰਾਈਵਰੀ ਕੀਤੀ, ਪੂਰੀ ਤਨਦੇਹੀ ਨਾਲ, ਕਦੀ ਹੇਰਾ-ਫੇਰੀ ਨਾ ਕੀਤੀ ਤੇ ਨਾ ਹੀ ਵਕਤ ਦੀ ਦੇਰੀ। ਅੰਮ੍ਰਿਤਸਰ 'ਤੋਂ ਦਿੱਲੀ, ਦੇਹਰਾਦੂਨ, ਪਾਉਂਟਾ ਸਾਹਿਬ ਜਾਂਦਾ ਰਿਹਾ ਸਾਲਾਂ ਬੱਧੀ। ਇੱਕ ਰਾਤ ਬਾਹਰ ਰਹਿਣਾ ਤੇ ਅਗਲੀ ਸ਼ਾਮ ਗਦਲੀ ਨੂੰ ਚੱਲਦੀ ਆਖਰੀ ਬੱਸ 'ਤੇ ਪਿੰਡ ਪਰਤ ਆਉਣਾ। ਹੱਥ ਵਿੱਚ ਡਰਾਈਵਰਾਂ ਵਾਲਾ ਹਰੇ ਰੰਗ ਦਾ ਝੋਲਾ ਹੋਣਾ, ਜੋ ਕਦੀ ਵੀ ਫਰੂਟ ਤੋਂ ਖਾਲੀ ਨਾ ਹੁੰਦਾ। ਸਕੂਲ ਦੀ ਕੰਧ ਤੇ ਬਹਿ ਕੇ ਪਿਓ ਨੂੰ ਉਡੀਕਣਾ, ਉੱਤਰਦੇ ਨੂੰ ਭੱਜ ਕੇ ਜੱਫੀ ਪਾ ਲੈਣੀ, ਕਿਆ ਸਮਾਂ ਸੀ ਓਹ, ਕਿਆ ਬੇਫਿਕਰੀ ਸੀ ਬਾਬਲ ਦੇ ਸਿਰ ਤੇ!

ਪਿਛਲੇ ਦੋ-ਢਾਈ ਸਾਲ 'ਤੋਂ ਬਾਪੂ ਕੋਲ ਰਹਿਣ ਦਾ ਸੁਭਾਗ ਦੇ ਦਿੱਤਾ ਪਰਮਾਤਮਾ ਨੇ, ਕਦੀ ਬਾਪੂ ਦਾ ਮੱਥਾ ਚੁੰਮ ਲੈਣਾ, ਕਦੀ ਹੱਥ। ਗਲ 'ਚ ਲੈ ਲੈਣਾ ਬੱਚਿਆਂ ਵਾਂਗੂੰ ਬਾਪੂ ਨੂੰ। ਇਸ਼ਨਾਨ ਕਰਵਾ ਕੇ ਦਾਹੜੀ ਕੇਸ ਵਾਹੁਣੇ ਤੇ ਪਰਨਾ ਬੰਨ੍ਹ ਦੇਣਾ ਸੰਵਾਰ ਕੇ, ਅੱਖਾਂ ਦੀ ਜੋਤ ਨਾਹ ਬਰਾਬਰ ਹੀ ਰਹਿ ਗਈ ਸੀ।

ਕਦੀ ਦੋਵਾਂ ਭਰਾਵਾਂ ਨੇ ਬਾਪੂ ਨੂੰ ਕਿਸੇ ਗੱਲੋਂ ਛੇੜਨਾ ਤਾਂ ਬਾਪੂ ਦੇ ਝੁਰੜੀਆਂ ਭਰੇ ਚਿਹਰੇ 'ਤੇ ਬੜੀ ਪਿਆਰੀ ਮੁਸਕਾਨ ਆ ਜਾਣੀ। ਓਹਨੇ ਝੂਠਾ ਜਿਹਾ ਗੁੱਸਾ ਕਰਨਾ ਕਿ ਜੇ ਨਿਗਾ ਹੋਵੇ ਤਾਂ ਦੱਸਾਂ ਤੁਹਾਨੂੰ ਪਤਾ।

ਮਾਂ-ਬਾਪ ਹਰੇਕ ਨੂੰ ਪਿਆਰੇ ਹੁੰਦੇ ਨੇ, ਤੇ ਬੱਚੇ ਵੀ। ਮੇਰਾ ਏਹ ਲਿਖਣ ਦਾ ਮਕਸਦ ਏਹੀ ਏ ਕਿ ਕੁਦਰਤ ਦੀ ਅਨਮੋਲ ਸੌਗਾਤ ਹੁੰਦੇ ਨੇ ਬਜ਼ੁਰਗ ਮਾਪੇ, ਅਠਸਠ ਤੀਰਥ ਨੇ ਘਰ ਵਿਚ ਹੀ। ਮਨ ਦੇ ਚਾਅ-ਮਲ੍ਹਾਰ, ਪਿਆਰ ਇਨ੍ਹਾਂ ਦੇ ਜਿਉਂਦੇ-ਜੀਅ ਹੀ ਲੁਟਾ ਲੈਣਾ ਬਣਦਾ ਏ ਇਨ੍ਹਾਂ 'ਤੇ, ਓਹੀ ਤੁਹਾਨੂੰ ਰੂਹ ਤੋਂ ਸਰਸ਼ਾਰ ਕਰਦਾ ਏ, ਨਹੀਂ ਤਾਂ ਝੋਰਾ ਈ ਪੱਲੇ ਪੈਂਦਾ ਏ ਬਾਅਦ 'ਚ। ਬੜੇ ਖੁਸ਼ਕਿਸਮਤ ਨੇ ਓਹ ਲੋਕ ਜਿਨ੍ਹਾਂ ਨੂੰ ਮਾਪਿਆਂ ਦੀ ਛੱਤਰ ਛਾਇਆ ਨਸੀਬ ਹੁੰਦੀ ਏ, ਵੱਡੀ ਉਮਰ ਤੀਕਰ। ਜੀਹਨੇ ਮਾਪੇ ਸਾਂਭ ਲਏ, ਦੁਨੀਆਂ ਦੇ ਖਜ਼ਾਨੇ ਸਾਂਭ ਲਏ।

# ਬਿਹਤਰ ਜੀਵਨ ਜੀਣ ਦੇ ਰਾਹ-ਰਸਤੇ

ਨਿਊਟਨ ਦਾ ਇੱਕ ਸਿਧਾਂਤ ਹੈ ਕਿ ਬ੍ਰਹਿਮੰਡ ਦੀ ਹਰ ਵਸਤੂ ਦੂਜੀ ਨੂੰ ਆਪਣੇ ਵੱਲ ਖਿਚਦੀ ਹੈ। ਦੂਜਾ ਸਿਧਾਂਤ ਹੈ ਕਿ ਸਮਾਨ ਧਰੁਵ ਇੱਕ-ਦੂਜੇ ਨੂੰ ਪਰ੍ਹੇ ਧੱਕਦੇ ਹਨ। ਇਸ ਸਿਧਾਂਤ ਨੂੰ ਸਮਾਜਿਕ ਵਿਗਿਆਨ ਉਪਰ ਲਾਗੂ ਕਰਕੇ ਵੇਖੀਏ ਤਾਂ ਦਿਲਚਸਪ ਨਤੀਜੇ ਨਿਕਲਣਗੇ। ਇਥੇ ਸਮਾਨ ਚੀਜਾਂ ਇੱਕ-ਦੂਜੇ ਨੂੰ ਆਪਣੇ ਵੱਲ ਖਿਚਦੀਆਂ ਹਨ। ਚੰਗੇ ਵਿਚਾਰ ਚੰਗੇ ਵਿਚਾਰਾਂ ਨੂੰ ਆਪਣੇ ਵੱਲ ਖਿਚਦੇ ਹਨ। ਚੰਗੀ ਸੋਚ, ਵਿਚਾਰ, ਵਿਹਾਰ ਬਿਹਤਰ ਜੀਵਨ ਦੀ ਸਿਰਜਣਾ ਕਰਦੇ ਹਨ। ਅਜਿਹਾ ਜੀਵਨ ਸਾਕਾਰਾਤਮਕ ਊਰਜਾ ਦਾ ਵਿਸਤਾਰ ਕਰਦਾ ਹੈ। ਇਸ ਦੇ ਉਲਟ ਜੇਕਰ ਅਸੀਂ ਉਦਾਸ ਹਾਂ, ਚਿੰਤਤ ਹਾਂ, ਕ੍ਰੋਧਿਤ ਜਾਂ ਦੁੱਖੀ ਹਾਂ ਤਾਂ ਨਾਕਾਰਾਤਮਕ ਊਰਜਾ ਦਾ ਸੰਚਾਰ ਕਰ ਰਹੇ ਹੁੰਦੇ ਹਾਂ। ਅਸਲ ਵਿਚ ਸਾਡੀਆਂ ਸੋਚਾਂ ਵਿਚ ਹੀ ਸਾਡਾ ਭਵਿੱਖ ਪਿਆ ਹੁੰਦਾ



**ਮਲਵਿੰਦਰ**
**ਫੋਨ: 365 994 6744**

ਹੈ। ਸਵੇਰੇ ਉੱਠਦਿਆਂ ਤੁਹਾਡੇ ਕੋਲ ਆਈ ਪਹਿਲੀ ਸੋਚ ਤੇ ਬੋਲਿਆ ਪਹਿਲਾ ਵਾਕ ਤੁਹਾਡੀ ਮਾਨਸਿਕਤਾ ਉਪਰ ਵੱਡਾ ਪ੍ਰਭਾਵ ਪਾਉਂਦੇ ਹਨ। ਸਵੇਰੇ ਉੱਠਦਿਆਂ ਕਹਿਣਾ ਕਿ ਮੈਂ ਠੀਕ ਨਹੀਂ ਮਹਿਸੂਸ ਕਰ ਰਿਹਾ, ਤੁਹਾਡੀ ਨਾਕਾਰਾਤਮਿਕ ਸੋਚ ਦਾ ਨਤੀਜਾ ਹੈ। ਜਾਂ ਕਿਸੇ ਦੇ ਪੁੱਛਣ ਤੇ ਕਹਿਣਾ ਕਿ ਬੱਸ ਜੀ, ਦਿਨ ਕੱਟ ਰਹੇ ਹਾਂ, ਤੁਹਾਡੀ ਆਪਣੇ ਪ੍ਰਤੀ ਗੈਰ-ਜ਼ੁੰਮੇਵਾਰੀ ਹੈ। ਆਪਣੇ ਦਿਨ ਜਾਂ ਜੀਵਨ ਦਾ ਨਿਰਮਾਣ ਕਰਨਾ ਸਾਡਾ ਅਧਿਕਾਰ ਹੈ। ਅਸਲ ਵਿਚ ਅਸੀਂ ਉਹ ਹੁੰਦੇ ਹਾਂ ਜੋ ਅਸੀਂ ਪੂਰਾ ਦਿਨ ਸੋਚਦੇ ਹਾਂ। ਇਹ ਸਤਰਾਂ ਲਿਖਦਿਆਂ ਮੈਨੂੰ ਆਪਣਾ ਉਹ ਬਜ਼ੁਰਗ ਸਾਥੀ ਯਾਦ ਆ ਰਿਹਾ ਹੈ ਜੋ ਹਾਲ ਪੁੱਛਣ 'ਤੇ ਹਰ ਵਾਰ ਕਹਿੰਦਾ ਹੈ, 'ਬੱਸ ਮੌਜਾਂ ਲੱਗੀਆਂ, ਚੜ੍ਹਦੀ ਕਲਾ 'ਚ ਹਾਂ।'

ਜਿਸ ਸਮਾਜ ਵਿਚ ਅਸੀਂ ਰਹਿ ਰਹੇ ਹਾਂ, ਉਸ ਦੇ ਨਿਰਮਾਣ ਵਿਚ ਸਾਡਾ ਵੱਡਾ ਯੋਗਦਾਨ ਹੈ। ਜੇਕਰ ਇਹ ਸਮਾਜ ਸਾਨੂੰ ਆਪਣੀਆਂ ਸੋਚਾਂ ਦੇ ਹਾਣ ਦਾ ਨਹੀਂ ਲੱਗਦਾ, ਅਸੀਂ ਇਸ ਵਿਚ ਵੱਡੀਆਂ ਤਬਦੀਲੀਆਂ ਚਾਹੁੰਦੇ ਹਾਂ ਤਾਂ ਸਾਨੂੰ ਖੁਦ ਆਪਣੇ ਅੰਦਰੂਨੀ ਪਰਿਵਰਤਨ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ। ਅੱਜ ਦੁਨੀਆਂ ਹਰ ਘੜੀ ਬਦਲ ਰਹੀ ਹੈ। ਬ੍ਰਹਿਮੰਡ ਪਰਿਵਰਤਨਸ਼ੀਲ ਹੈ। ਸਾਡਾ ਜੀਵਨ ਉਹੀ ਹੈ ਜੋ ਸਾਡੇ ਵਿਚਾਰ ਇਸ ਨੂੰ ਬਣਾਉਂਦੇ ਹਨ। ਸਾਡੇ ਵਿਚ ਆਪਣੇ ਜੀਵਨ ਨੂੰ ਬਦਲ ਦੇਣ ਦੀ ਯੋਗਤਾ ਹੈ। ਇਸ ਬਦਲਾਅ ਲਈ ਸਾਨੂੰ ਆਪਣੇ ਅੰਦਰੋਂ ਤਿਆਰ ਹੋਣਾ ਪਵੇਗਾ। ਆਪਣੀਆਂ ਭਾਵਨਾਵਾਂ ਉਪਰ ਕਾਬੂ ਰੱਖਣਾ ਤੇ ਸਮੇਂ, ਸਥਿਤੀ, ਹਾਲਾਤ ਮੁਤਾਬਕ ਇਨ੍ਹਾਂ ਨੂੰ ਵਿਅਕਤ ਕਰਨਾ ਬਹੁਤ ਜ਼ਰੂਰੀ ਹੈ। ਇਸ ਲਈ ਸਾਡਾ ਭਾਵਨਾਤਮਿਕ ਵਿਕਾਸ ਹੋਣਾ ਚਾਹੀਦਾ ਹੈ। ਬਚਪਨ ਦੇ ਮੁੱਢਲੇ ਸਾਲਾਂ ਜਾਂ ਸਕੂਲ ਦੇ ਦਿਨਾਂ ਦੌਰਾਨ ਭਾਵਨਾਵਾਂ ਉਪਰ ਕਾਬੂ ਰੱਖਣ ਦੀ ਸਿਖਿਆ ਦੇਣੀ ਚਾਹੀਦੀ ਹੈ। ਇਸ ਸਿਖਿਆ ਤੋਂ ਕੋਰੇ ਵਿਅਕਤੀ ਨੂੰ ਜੀਵਨ ਵਿਚ ਬਹੁਤ ਵਾਰੀ ਹਾਸੋ-ਹੀਣੀ ਸਥਿਤੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਊਰਜਾ ਨਾਲ਼ ਸਬੰਧਤ ਨਿਯਮ ਹੈ ਕਿ ਊਰਜਾ ਨੂੰ ਪੈਦਾ ਜਾਂ ਨਸ਼ਟ ਨਹੀਂ ਕੀਤਾ ਜਾ ਸਕਦਾ। ਊਰਜਾ ਦਾ ਸਿਰਫ ਰੂਪ ਬਦਲਿਆ ਜਾ ਸਕਦਾ ਹੈ। ਸਾਡਾ ਬ੍ਰਹਿਮੰਡ ਊਰਜਾ ਨਾਲ਼ ਭਰਿਆ ਹੈ। ਅਸੀਂ ਇਸ ਬ੍ਰਹਿਮੰਡ ਵਿਚ ਊਰਜਾ ਦਾ ਇੱਕ ਬਿੰਦੂ ਹਾਂ। ਊਰਜਾ ਵਿਚਾਰਾਂ ਦਾ ਪਿੱਛਾ ਕਰਦੀ ਹੈ। ਵਿਚਾਰਾਂ ਦਾ ਹਾਂ-ਪੱਖੀ ਹੋਣਾ ਸਾਡੇ ਅੰਦਰਲੀ ਊਰਜਾ ਦਾ ਮਾਪਦੰਡ ਹੈ। ਸਾਡੇ ਵਿਚਾਰ ਤਾਕਤਵਰ ਹਨ। ਸਾਡਾ ਹਰ ਵਿਚਾਰ ਸਾਡੀ ਇੱਛਾ ਦਾ ਮੁਹਾਂਦਰਾ ਹੈ। ਵਿਚਾਰ ਸਾਡੇ ਸਰੀਰ ਵਿਚ ਮਨੋਵਿਗਿਆਨਕ ਤਬਦੀਲੀਆਂ ਕਰਦੇ ਹਨ। ਅਸੀਂ ਆਪਣੇ ਵਿਚਾਰਾਂ ਦੀ ਹੀ ਪੈਦਾਇਸ਼ ਹਾਂ। ਇਸ ਲਈ ਬਹੁਤ ਜ਼ਰੂਰੀ ਹੈ ਕਿ ਅਸੀਂ ਸਕਾਰਾਤਮਕ ਢੰਗ ਨਾਲ਼ ਸੋਚਣਾ ਤੇ ਵਿਹਾਰ ਕਰਨਾ ਸਿੱਖੀਏ। ਅਲਬਰਟ ਆਇਨਸਟਾਈਨ ਦਾ ਕਥਨ ਹੈ ਕਿ ਮੈਂ ਸਵੀਕਾਰ ਕਰਦਾ ਹਾਂ ਕਿ ਵਿਚਾਰ ਸਰੀਰ ਨੂੰ ਪ੍ਰਭਾਵਿਤ ਕਰਦੇ ਹਨ। ਨਾਂਹ-ਪੱਖੀ ਸੋਚ ਜ਼ਹਿਰ ਹੈ ਜੋ ਸਾਡੇ ਸਰੀਰ ਨੂੰ ਨਾਕਾਰਾਤਮਕ ਤਰੀਕੇ ਨਾਲ਼ ਪ੍ਰਭਾਵਤ ਕਰਦੀ ਹੈ। ਹਾਂ-ਪੱਖੀ ਵਿਚਾਰ ਸਾਡੇ ਸਰੀਰ ਵਿਚ ਸਿਹਤਮੰਦ ਤਬਦੀਲੀਆਂ ਲਿਆਉਂਦੇ ਹਨ। ਮੈਲੀਆਂ ਸੋਚਾਂ ਤੇ ਗੰਦੇ ਵਿਚਾਰ ਵਕਤੀ ਲੁਤਫ਼ ਦੇ ਸਕਦੀਆਂ। ਸਿਹਤਮੰਦ ਸੋਚਾਂ ਅਤੇ ਵਿਚਾਰ ਤਨ ਮਨ ਨੂੰ ਸ਼ਾਂਤੀ ਨਾਲ਼ ਭਰ ਦਿੰਦੇ ਹਨ। ਰੂਹ ਨਸ਼ਿਆ ਜਾਂਦੀ ਹੈ। ਚੁਫ਼ੇਰਾ ਅਪਣਤ ਨਾਲ਼ ਭਰ ਜਾਂਦਾ ਹੈ। ਸੰਗੀਤ ਦੀ ਮਧੁਰ ਧੁਨ ਤੁਹਾਡੇ ਕੰਨਾਂ ਦੀ ਹਮਸਫ਼ਰ ਹੋ ਜਾਂਦੀ ਹੈ। ਇਹ ਤੁਹਾਡੇ ਸੁਪਨਿਆਂ ਦੇ ਸਾਕਾਰ ਹੋਣ ਦਾ ਛਿਣ ਹੁੰਦਾ ਹੈ। ਇਸ ਕਾਵਿਕ ਛਿਣ ਲਈ ਅਸੀਂ ਉਮਰ ਭਰ ਸੰਘਰਸ਼ ਕਰਦੇ ਹਾਂ। ਇਸ ਛਿਣ ਤੁਸੀਂ ਊਰਜਾ ਨਾਲ਼ ਭਰੇ ਹੁੰਦੇ ਹੋ। ਇਸ ਊਰਜਾ ਨਾਲ਼ ਤੁਸੀਂ ਉਹ ਕਾਰਜ ਕਰ ਸਕਦੇ ਹੋ ਜਿਸ ਨਾਲ਼ ਇਹ ਦੁਨੀਆਂ ਤੁਹਾਡੇ ਰਹਿਣਯੋਗ ਹੋ ਜਾਵੇ। ਪਰਵਾਸ ਇਸ ਸੁਪਨੇ ਦੀ ਪ੍ਰਾਪਤੀ ਲਈ ਕੀਤੀ ਚੋਣ ਹੁੰਦੀ ਹੈ। ਨਫ਼ਰਤ ਨੂੰ ਤਿਆਗਦੇ ਇਹ ਛਿਣ ਮੁਹੱਬਤ ਨਾਲ਼ ਭਰ ਜਾਂਦੇ ਹਨ। ਤੁਹਾਨੂੰ ਜ਼ਿੰਦਗੀ ਸੋਹਣੀ ਤੇ ਅਰਥਪੂਰਨ ਲੱਗਣ ਲੱਗਦੀ ਹੈ।

ਭਾਵਨਾਵਾਂ ਦੇ ਵਿਕਸਤ ਹੋਣ ਦੀ ਗੱਲ ਆਪਾਂ ਪਹਿਲਾਂ ਵੀ ਕੀਤੀ ਹੈ। ਭਾਵਨਾਵਾਂ ਸਾਡੇ ਰਾਹ ਬਣਦੀਆਂ ਹਨ। ਜਦ ਅਸੀਂ ਖੁਸ਼ ਹੁੰਦੇ ਹਾਂ, ਫੈਲਣਾ ਚਾਹੁੰਦੇ ਹਾਂ, ਭਾਵ ਸਹੀ ਰਾਹ 'ਤੇ ਹਾਂ। ਜਦੋਂ ਕਰੋਧਿਤ, ਦੁੱਖੀ, ਨਿਰਾਸ਼ ਅਤੇ ਹਤਾਸ਼ ਮਹਿਸੂਸ ਕਰਦੇ ਹਾਂ ਤਾਂ ਸਮਝੋ ਰਾਹ 'ਤੋਂ ਭਟਕ ਗਏ ਹਾਂ। ਰਾਹ ਬਦਲਣ ਦੀ ਲੋੜ ਹੈ। ਰਾਹ ਬਦਲਣ ਨਾਲ਼ ਊਰਜਾ ਵਿਚ ਤਬਦੀਲੀ ਆਵੇਗੀ। ਸਾਡੇ ਅੰਦਰਲ ਖਲਾਅ ਨੂੰ ਖੁਸ਼ੀ, ਪਿਆਰ, ਆਨੰਦ, ਰਾਹਤ, ਸਰਾਹਨਾ ਅਤੇ ਧੀਰਜ ਵਰਗੀਆਂ ਭਾਵਨਾਵਾਂ ਦੀ ਲੋੜ ਹੈ। ਆਪਣੀ ਭਾਵਨਾਤਮਕ ਸਥਿਤੀ ਨੂੰ ਸੰਭਾਲਣਾ ਵੀ ਜ਼ਰੂਰੀ ਹੈ। ਰਾਹ ਤੋਂ ਭਟਕ ਜਾਣ ਦਾ ਅਰਥ ਹੈ ਕਿ ਚੰਗੀਆਂ ਗੱਲਾਂ ਦੇ ਕੋਲ਼ ਜਾਣ ਦੀ ਲੋੜ ਹੈ। ਕੁਝ ਅਜਿਹੇ ਚੰਗੇ ਆਹਰ ਜਿਨ੍ਹਾਂ ਨੂੰ ਕਰਦਿਆਂ ਤੁਹਾਨੂੰ ਖ਼ੁਸ਼ੀ ਮਿਲੇ ਅਤੇ ਸਰੀਰਕ ਥਕਾਵਟ ਛੰਡੀ ਜਾਵੇ, ਕਰਨ ਦੀ ਲੋੜ ਹੈ। ਅਜਿਹਾ ਕਰਦਿਆਂ ਇੱਕ ਵਾਰ ਫਿਰ ਜ਼ਿੰਦਗੀ ਤੁਹਾਨੂੰ ਗ਼ਲ ਨਾਲ਼ ਲਾਉਂਦੀ ਹੈ, ਪਿੱਠ ਥਾਪੜਦੀ ਹੈ, ਸਿਰ ਪਲੋਸਦੀ ਹੈ।

ਇੱਕ ਗੱਲ ਹੋਰ ਸਮਝਣ ਦੀ ਲੋੜ ਹੈ। ਅਸੀਂ ਜਿਹੋ ਜਿਹੀ ਜ਼ਿੰਦਗੀ ਜਿਉਣਾ ਚਾਹੁੰਦੇ ਹਾਂ, ਉਹੋ ਜਿਹੇ ਕਰਮ ਵੀ ਕਰੀਏ। ਹਿੰਸਾ ਹਿੰਸਾ ਨੂੰ ਬੁਲਾਵਾ



ਦਿੰਦੀ ਹੈ। ਅਸੀਂ ਅਮਨ ਸ਼ਾਂਤੀ ਬਾਰੇ ਸੋਚੀਏ। ਪਿਆਰ ਕਰਨ ਨਾਲ਼ ਪਿਆਰ ਵੱਧਦਾ ਹੈ। ਸ਼ੁਰੂ ਵਿਚ ਗੱਲ ਕੀਤੀ ਸੀ ਨਾ ਕਿ ਸਮਾਨ ਚੀਜ਼ਾਂ ਇੱਕ ਦੂਜੇ ਨੂੰ ਆਪਣੇ ਵੱਲ ਖਿਚਦੀਆਂ ਹਨ। ਇਸ ਲਈ ਜ਼ਰੂਰੀ ਹੈ ਕਿ ਆਪਣੇ ਵਿਚਾਰਾਂ ਤੇ ਭਾਵਨਾਵਾਂ ਨੂੰ ਜਿੱਥੋਂ ਤੱਕ ਸੰਭਵ ਹੋਵੇ, ਨਾਕਾਰਾਤਮਕ ਲੋਕਾਂ ਤੋਂ ਦੂਰ ਰੱਖੀਏ। ਮੀਡੀਆ ਸਾਡੇ ਅੰਦਰ ਬਹੁਤ ਸਾਰੀਆਂ ਗਲਤ ਧਾਰਨਾਵਾਂ ਨੂੰ ਜਨਮ ਦਿੰਦਾ ਹੈ। ਯੂ ਟਿਊਬ ਚੈਨਲਾਂ ਦੀਆਂ ਝੂਠੀਆਂ ਤੇ ਸੰਦੇਹ ਫੈਲਾਉਂਦੀਆਂ ਖ਼ਬਰਾਂ ਸਾਡੀਆਂ ਸੋਚਾਂ ਨੂੰ ਵਲੂੰਧਰਦੀਆਂ ਹਨ। ਸਾਡਾ ਸੰਤੁਲਨ ਵਿਗੜਦਾ ਹੈ। ਅਸੀਂ ਮਾਨਸਿਕ ਤਣਾਅ ਦਾ ਸ਼ਿਕਾਰ ਵੀ ਹੁੰਦੇ ਹਾਂ। ਇਸ ਲਈ ਬਹੁਤ ਜ਼ਰੂਰੀ ਹੈ ਕਿ ਮੀਡੀਆ ਦੀ ਵਰਤੋਂ ਸੋਚ-ਸਮਝ ਕੇ ਕੀਤੀ ਜਾਵੇ। ਬਿਹਤਰੀ ਤਾਂ ਇਸ ਗੱਲ ਵਿਚ ਹੈ ਕਿ ਸ਼ੋਸ਼ਲ ਮੀਡੀਆ ਤੋਂ ਜਿੰਨਾ ਹੋ ਸਕੇ ਦੂਰ ਰਿਹਾ ਜਾਵੇ। ਅਸੀਂ ਜਿਸ ਸੋਚ, ਵਿਚਾਰ, ਸਮਝ, ਵਸਤ, ਵਰਤਾਰੇ ਨੂੰ ਆਪਣੀ ਜੀਵਨ-ਜਾਚ ਦਾ ਹਿੱਸਾ ਬਣਾਉਣਾ ਚਾਹੁੰਦੇ ਹਾਂ, ਉਸ ਉਪਰ ਆਪਣਾ ਸਾਰਾ ਧਿਆਨ ਕੇਂਦਰਤ ਕਰੀਏ। ਸਾਡੀ ਊਰਜਾ ਉਸ ਦਿਸ਼ਾ ਵੱਲ ਪ੍ਰਵਾਹਿਤ ਹੋ ਜਾਵੇਗੀ। ਹੁਣ ਜ਼ਰਾ ਇਸ ਦੇ ਵਿਪਰੀਤ ਸੋਚ ਕੇ ਵੇਖੀਏ, ਸਾਰੀ ਗੱਲ ਸਮਝ ਆ ਜਾਵੇਗੀ।

ਅਸੀਂ ਬਿਹਤਰ ਜੀਵਨ ਜੀਣਾ ਚਾਹੁੰਦੇ ਹਾਂ। ਸਾਨੂੰ ਆਪਣਾ ਚੌਗਿਰਦਾ ਵੀ ਬਿਹਤਰ ਬਣਾਉਣਾ ਪਵੇਗਾ। ਹਵਾ ਤੇ ਪਾਣੀ ਦੀ ਸ਼ੁਧਤਾ ਨੂੰ ਬਣਾਈ ਰੱਖਣਾ ਸਾਡੀ ਹੀ ਜ਼ੁਮੇਵਾਰੀ ਹੈ। ਸਾਡੇ ਬ੍ਰਹਿਮੰਡ ਵਿਚ ਹਰ ਚੀਜ਼ ਭਰਪੂਰਤਾ ਨਾਲ਼ ਮੌਜੂਦ ਹੈ। ਪਿਆਰ, ਆਨੰਦ, ਤੰਦਰੁਸਤੀ, ਖ਼ੁਸ਼ੀ ਤੇ ਹੋਰ ਸਭ ਕੁਝ। ਅਸੀਂ ਇਸ ਨੂੰ ਬਚਾਉਣਾ ਅਤੇ ਇਸਦੀ ਸੁਯੋਗ ਵਰਤੋਂ ਕਰਨੀ ਹੈ। ਇਸ ਲਈ ਸਾਡਾ ਇੱਕ ਉਦੇਸ਼ ਹੋਣਾ ਚਾਹੀਦਾ ਹੈ। ਉਦੇਸ਼ ਸਾਫ਼ ਤੇ ਸ਼ਪਸਟ ਹੋਣਾ ਚਾਹੀਦਾ ਹੈ। ਸਾਰਥਕ ਹੋਣਾ ਚਾਹੀਦਾ ਹੈ। ਇਹ ਸਾਹ ਲੈਣ ਵਾਂਗ ਹੋਣਾ ਚਾਹੀਦਾ ਹੈ। ਸਾਹ ਲੈਣ ਜਿੰਨਾ ਹੀ ਜ਼ਰੂਰੀ। ਖ਼ੁਸ਼ਹਾਲ ਜੀਵਨ ਜੀਣ ਲਈ ਸਾਨੂੰ ਆਪਣੀ ਯੋਗਤਾ ਤੇ ਭਾਵਨਾਵਾਂ ਦੇ ਅਨੁਕੂਲ ਆਪਣੇ ਕਾਰਜ ਖੇਤਰ ਦੀ ਚੋਣ ਕਰਨੀ ਚਾਹੀਦੀ ਹੈ। ਅਜਿਹਾ ਕਾਰਜ ਕਰਦਿਆਂ ਅਸੀਂ ਉਤਸ਼ਾਹ ਵਿਚ ਰਹਿੰਦੇ ਹਾਂ। ਇਹ ਕਾਰਜ ਸਾਨੂੰ ਥੱਕਣ ਨਹੀਂ ਦਿੰਦਾ। ਅਜਿਹਾ ਕਾਰਜ ਕਰਦਿਆਂ ਸਾਡੀਆਂ ਬਹੁਤ ਸਾਰੀਆਂ ਮਾਨਸਿਕ ਤੇ ਸਰੀਰਕ ਗੁੰਝਲਾਂ ਸੁਲਝ ਜਾਂਦੀਆਂ ਹਨ। ਅਸੀਂ ਹੋਰ ਬਹੁਤ ਸਾਰੇ ਲੋਕਾਂ ਦੇ ਕੰਮ ਆ ਸਕਦੇ ਹਾਂ। ਸਾਡਾ ਦਾਇਰਾ ਚੰਗੇ ਲੋਕਾਂ ਦੀ ਸੰਗਤ ਨਾਲ਼ ਭਰਿਆ ਰਹਿੰਦਾ ਹੈ। ਸਾਨੂੰ ਹੋਰ ਬਿਹਤਰ ਜੀਵਨ ਦੀ ਭਾਲ਼ ਲਈ ਪ੍ਰਸਥਾਨ ਨਹੀਂ ਕਰਨਾ ਪੈਂਦਾ। ਹਾਂ ਅਜਿਹਾ ਹੋ ਸਕਦਾ ਹੈ ਕਿ ਕੁਝ ਲੋਕ ਦੂਰ-ਦੁਰਾਡੇ ਤੋਂ ਤੁਹਾਡੇ ਕੋਲ਼ ਆ ਕੇ ਰਹਿਣ ਲੱਗ ਪੈਣ। ਇਹ ਜੀਵਨ ਦੀ ਬੜੀ ਵੱਡੀ ਸਫ਼ਲਤਾ ਹੁੰਦੀ ਹੈ। ਅਸੀਂ ਖ਼ੁਸ਼ ਰਹਿਣੇ ਲੋਕਾਂ ਨੂੰ ਵੇਖਿਆ ਹੈ। ਉਨ੍ਹਾਂ ਦੇ ਚਿਹਰੇ 'ਤੇ ਹਮੇਸ਼ਾ ਮੁਸਕਾਨ ਰਹਿੰਦੀ ਹੈ। ਜਦਕਿ ਅਸੀਂ ਖ਼ੁਸ਼ੀ ਲੱਭਦੇ ਫਿਰਦੇ ਹਾਂ। ਇੰਝ ਕਹਿ ਲ" ਕਿ ਖ਼ੁਸ਼ੀ ਦੀ ਖੋਜ ਕਰ ਰਹੇ ਹਾਂ। ਅਸੀਂ ਆਪਣੇ ਆਪ ਤੋਂ ਬਾਹਰ ਹੋਰ ਲੋਕਾਂ ਜਾਂ ਵਸਤਾਂ 'ਚੋਂ ਖ਼ੁਸ਼ੀ ਲੱਭਦੇ ਹਾਂ। ਇਹ ਸਾਡੀ ਬੁਨਿਆਦੀ ਗਲਤੀ ਹੈ। ਖ਼ੁਸ਼ੀ ਤਾਂ ਅਸੀਂ ਆਪ ਹਾਂ। ਸਾਡੇ ਸੋਚਣ ਦੇ ਤਰੀਕੇ ਵਿਚ ਪਈ ਹੁੰਦੀ ਹੈ ਖ਼ੁਸ਼ੀ। ਖ਼ੁਸ਼ੀ ਇੱਕ ਦ੍ਰਿਸ਼ਟੀਕੋਣ ਹੈ। ਖ਼ੁਸ਼ੀ ਪਿਆਰ ਹੈ। ਪਿਆਰ ਕਰਦਾ ਬੰਦਾ ਹੀ ਖ਼ੁਸ਼ ਰਹਿ ਸਕਦਾ ਹੈ। ਨਫ਼ਰਤ ਕਰਦੇ ਬੰਦੇ ਕੋਲ਼ ਤਾਂ ਖਿਝ, ਤਣਾਅ ਜਾਂ ਵੈਰਭਾਵ ਹੀ ਹੋ ਸਕਦੇ ਹਨ। ਪਿਆਰ ਅੰਦਰੂਨੀ ਸ਼ਾਂਤੀ ਨਾਲ਼ ਆਉਂਦਾ ਹੈ। ਜਾਂ ਇੰਝ ਵੀ ਕਹਿ ਸਕਦੇ ਹਾਂ ਕਿ ਪਿਆਰ ਕਰਦੇ ਬੰਦੇ ਦਾ ਮਨ ਸ਼ਾਂਤ ਹੁੰਦਾ ਹੈ। ਉਹ ਖ਼ੁਦ ਵੀ ਪ੍ਰਸੰਨ ਰਹਿੰਦਾ ਹੈ ਤੇ ਹੋਰਾਂ ਦੀ ਪ੍ਰਸੰਸਾ ਵੀ ਕਰਦਾ ਹੈ। ਉਹ ਆਪਣੀ ਖ਼ੁਸ਼ੀ ਤੇ ਪ੍ਰਸੰਨਤਾ ਲਈ ਕੁਦਰਤ ਤੇ ਸਮਾਜ ਦਾ ਧੰਨਵਾਦੀ ਹੁੰਦਾ ਹੈ। ਧੰਨਵਾਦ ਕਰਦਾ ਬੰਦਾ ਆਪਣੀ ਆਤਮਾ ਨਾਲ਼ ਸੰਵਾਦ ਰਚਾਉਂਦਾ ਹੈ। ਉਸ ਦੀ ਰੂਹ 'ਚ ਹੁਣ ਦੇ ਛਿਣ ਦੀ ਖ਼ੁਸ਼ਹਾਲੀ ਪਈ ਹੁੰਦੀ ਹੈ। ਉਸ ਨੇ ਬਿਹਤਰ ਜੀਵਨ ਜੀਣ ਦਾ ਰਸਤਾ ਖੋਜ ਲਿਆ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਦੀ ਬਾਣੀ ਵਿਚ ਦਰਜ ਹੈ ਕਿ:

'ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ, ਨ ਡਰੋਂ ਅਰਿ ਸੋ ਜਬ ਲਰੋਂ ਨਿਸਚੈ ਕਰਿ ਅਪੁਨੀ ਜੀਤ ਕਰੋਂ॥'

ਜ਼ਿੰਦਗੀ ਵਿਚ ਅਸੀਂ ਜੋ ਵੀ ਕਰਨਾ ਚਾਹੁੰਦੇ ਹਾਂ, ਉਸ ਲਈ ਸਾਡਾ ਦ੍ਰਿੜ ਨਿਸ਼ਚਾ ਸਭ ਤੋਂ ਪ੍ਰਭਾਵਸ਼ਾਲੀ ਕਿਹਾ ਜਾ ਸਕਦਾ ਹੈ। ਮਜ਼ਬੂਤ ਤੇ ਦ੍ਰਿੜ ਨਿਸ਼ਚਾ ਆਤਮ-ਪ੍ਰੀਵਰਤਨ ਦਾ ਪ੍ਰਭਾਵਸ਼ਾਲੀ ਮਾਧਿਅਮ ਹੈ। ਇਹ ਤੁਹਾਨੂੰ ਬੁਰੇ ਵਿਚਾਰਾਂ ਤੇ ਘਟੀਆ ਵਿਸ਼ਵਾਸਾਂ ਤੋਂ ਬਾਹਰ ਕੱਢਦਾ ਹੈ। ਸਾਡਾ ਅੰਦਰਲੇ ਹਨੇਰੇ ਵਿਚ ਰੌਸ਼ਨੀ ਦੀ ਜੋਤ ਜਗ ਜਾਂਦੀ ਹੈ। ਡੋਲਦੇ ਮਨ ਨਾਲ਼ ਸ਼ੁਰੂ ਕੀਤਾ ਸਫ਼ਰ ਕਦੀ ਵੀ ਸਿਰੇ ਨਹੀਂ ਚੜ੍ਹਦਾ। ਉਹ ਕਹਿੰਦੇ ਹਨ ਨਾ ਕਿ ਘਰੋਂ ਨਿਕਲਣ ਵੇਲ਼ੇ ਮੌਸਮ ਦਾ ਹਾਲ ਪੁੱਛਣ ਵਾਲ਼ੇ ਕੋਲ਼ੋਂ ਕੋਈ ਉਮੀਦ ਕਰਨੀ ਵਿਅਰਥ ਹੈ। ਮਜ਼ਬੂਤ ਇਰਾਦੇ ਨਾਲ਼ ਅਸੰਭਵ ਨੂੰ ਸੰਭਵ ਬਣਾਇਆ ਜਾ ਸਕਦਾ ਹੈ।

ਆਪਣੀ ਸਿਹਤਮੰਦ ਸੋਚ ਦੇ ਹਾਣ ਦੀ ਜ਼ਿੰਦਗੀ ਜੀਣ ਲਈ ਸੂਖ਼ਮ ਕਲਾਵਾਂ ਦੀ ਵੱਡੀ ਭੂਮਿਕਾ ਹੋ ਸਕਦੀ ਹੈ। ਚੰਗਾ ਸਾਹਿਤ ਪੜ੍ਹਨਾ, ਚੰਗਾ ਸੰਗੀਤ ਸੁਣਨਾ, ਘਰ ਦੀਆਂ ਦੀਵਾਰਾਂ 'ਤੇ ਕਲਾਤਮਿਕ ਪੇਂਟਿੰਗ ਟੰਗਣੀਆਂ, ਕਲਾਤਮਕ ਫਿਲਮਾਂ ਵੇਖਣੀਆਂ, ਚੰਗੇ ਦੋਸਤ ਬਣਾਉਣੇ, ਉਸਾਰੂ ਸੋਚਾਂ ਰੱਖਣੀਆਂ, ਖ਼ੁਸ਼ੀ ਦੇ ਲਮ੍ਹਿਆਂ ਨੂੰ ਮਾਣਨਾ, ਮਹੱਤਵਪੂਰਨ ਥਾਵਾਂ ਤੇ ਪਰਿਵਾਰ ਸਮੇਤ ਘੁੰਮਣ ਜਾਣਾ, ਰੋਜ਼ਾਨਾ ਡਾਇਰੀ ਲਿਖਣੀ, ਪੀਲ਼ੀ ਪੱਤਰਕਾਰੀ ਨੂੰ ਪੜ੍ਹਨ, ਸੁਣਨ ਤੋਂ ਗੁਰੇਜ਼ ਕਰਨਾ ਅਤੇ ਸੋਸ਼ਲ ਮੀਡੀਆ ਤੋਂ ਦੂਰੀ ਬਣਾਈ ਰੱਖਣੀ ਕੁਝ ਨੁਕਤੇ ਹਨ ਜਿਨ੍ਹਾਂ ਨਾਲ ਅਸੀਂ ਆਪਣੇ ਸੁਪਨੇ ਵਰਗੀ ਬਿਹਤਰ ਜ਼ਿੰਦਗੀ ਜੀਅ ਸਕਦੇ ਹਾਂ। ਅਜਿਹਾ ਕਰਕੇ ਅਸੀਂ ਆਪਣੇ ਦੋਸਤਾਂ, ਸਬੰਧੀਆਂ, ਰਿਸ਼ਤੇਦਾਰਾਂ ਤੇ ਹੋਰ ਜਾਣਕਾਰਾਂ ਦੀ ਚੰਗਾ ਜੀਵਨ ਜਿਉਣ ਵਿਚ ਮਦਦ ਵੀ ਕਰ ਸਕਦੇ ਹਾਂ। ਮੈਨੂੰ ਕਿਤਾਬਾਂ ਪੜ੍ਹਨ ਦਾ ਸ਼ੌਕ ਹੈ ਤੇ ਮੈਂ ਜਾਣਦਾ ਹਾਂ ਕਿ ਚੰਗੀਆਂ ਕਿਤਾਬਾਂ ਤੁਹਾਡੀ ਜ਼ਿੰਦਗੀ ਬਦਲ ਦਿੰਦੀਆਂ ਹਨ। ਚੰਗਾ ਸਾਹਿਤ ਤੁਹਾਡੀ ਥੱਕੀ-ਹਾਰੀ ਦੇਹ ਅੰਦਰ ਊਰਜਾ ਭਰ ਦਿੰਦਾ ਹੈ। ਉਨ੍ਹਾਂ ਇਕੱਠਾਂ, ਸੈਮੀਨਾਰਾਂ, ਮੀਟਿੰਗਾਂ ਵਿਚ ਜਾਣਾ ਜਿੱਥੇ ਕਿਸੇ ਚੰਗੇ ਵਿਦਵਾਨ ਦੇ ਵਿਚਾਰ ਸੁਣਨ ਨੂੰ ਮਿਲਣ, ਹਮੇਸ਼ਾ ਲਾਹੇਵੰਦ ਰਹਿੰਦਾ ਹੈ। ਚੰਗੇ ਲੋਕਾਂ ਨੂੰ ਮਿਲਣ ਜਾਣਾ, ਉਨ੍ਹਾਂ ਦੇ ਵਿਚਾਰ ਸੁਣਨੇ, ਉਨ੍ਹਾਂ ਨਾਲ਼ ਸਮਾਂ ਬਿਤਾਉਣਾ ਵੀ ਤੁਹਾਡੇ ਅੰਦਰ ਸਿਹਤਮੰਦ ਊਰਜਾ ਦਾ ਸੰਚਾਰ ਕਰਨ ਵਿਚ ਸਹਾਈ ਹੁੰਦੇ ਹਨ। ਇਹ ਕੁਝ ਗੱਲਾਂ, ਨੁਕਤੇ, ਵਿਚਾਰ ਹਨ ਦੋਸਤੋ ਜਿਹੜੇ ਸਾਨੂੰ ਸਾਡੀਆਂ ਸੋਚਾਂ ਦੇ ਹਾਣ ਦੀ ਜ਼ਿੰਦਗੀ ਜਿਉਣ ਦੇ ਯੋਗ ਬਣਾ ਸਕਦੇ ਹਨ।

# ਗੁੱਸੇ ਦੇ ਕੁਝ ਪਲ, ਪਛਤਾਵੇ ਦੀਆਂ ਕਈ ਉਮਰਾਂ

ਜਦੋਂ ਇਨਸਾਨ ਗੁੱਸੇ ਵਿਚ ਹੁੰਦਾ ਹੈ, ਤਾਂ ਉਸਨੂੰ ਇਉਂ ਮਹਿਸੂਸ ਹੋਣ ਲੱਗਦਾ ਹੈ ਜਿਵੇਂ ਉਸਦੇ ਅੰਦਰ ਉੱਠਿਆ ਤੂਫ਼ਾਨ ਹੁਣ ਕਦੇ ਥੰਮਣ ਵਾਲਾ ਨਹੀਂ। ਦਿਲ ਦੀ ਧੜਕਣ ਤੇਜ਼ ਹੋ ਜਾਂਦੀ ਹੈ, ਲਹਿਜ਼ਾ ਸਖ਼ਤ ਹੋ ਜਾਂਦਾ ਹੈ, ਚਿਹਰਾ ਤਣਾਅ ਨਾਲ ਭਰ ਜਾਂਦਾ ਹੈ ਅਤੇ ਦਿਮਾਗ਼ ਇੱਕ ਜਵਾਬ ਤੋਂ ਬਾਅਦ ਦੂਜਾ ਜਵਾਬ ਤਿਆਰ ਕਰਨ ਵਿਚ ਲੱਗ ਜਾਂਦਾ ਹੈ। ਇਸ ਹਾਲਤ ਵਿਚ ਅਸੀਂ ਅਕਸਰ ਉਹ ਗੱਲ ਕਹਿ ਜਾਂਦੇ ਹਾਂ ਜੋ ਸ਼ਾਇਦ



**ਅਮਾਨਤ ਅਲੀ ਮੁਸਾਫਿਰ**

ਅਸੀਂ ਕਹਿਣਾ ਨਹੀਂ ਚਾਹੁੰਦੇ, ਤੇ ਉਹ ਕੰਮ ਕਰ ਬੈਠਦੇ ਹਾਂ ਜਿਸਦਾ ਬੋਝ ਫਿਰ ਲੰਮੇ ਸਮੇਂ ਤੱਕ ਦਿਲ ਉੱਤੇ ਰਹਿੰਦਾ ਹੈ।

ਪਰ ਹਕੀਕਤ ਇਹ ਹੈ ਕਿ ਗੁੱਸਾ ਹਮੇਸ਼ਾ ਓਨਾ ਲੰਮਾ ਨਹੀਂ ਹੁੰਦਾ ਜਿੰਨਾ ਅਸੀਂ ਉਸਨੂੰ ਬਣਾ ਦਿੰਦੇ ਹਾਂ।

ਜਦੋਂ ਕੋਈ ਗੱਲ ਸਾਨੂੰ ਬਹੁਤ ਗੁੱਸਾ ਦਿੰਦੀ ਹੈ, ਤਾਂ ਸਾਡਾ ਸਰੀਰ ਤੁਰੰਤ ਖ਼ਤਰੇ ਦੇ ਅਲਾਰਮ ਵਾਂਗ ਸਰਗਰਮ ਹੋ ਜਾਂਦਾ ਹੈ। ਸਰੀਰ ਤਣਾਅ ਵਿਚ ਆ ਜਾਂਦਾ ਹੈ, ਦਿਲ ਤੇਜ਼ ਧੜਕਦਾ ਹੈ ਅਤੇ ਦਿਮਾਗ਼ ਤੁਰੰਤ ਪ੍ਰਤੀਕਿਰਿਆ ਦੇਣ ਲਈ ਤਿਆਰ ਹੋ ਜਾਂਦਾ ਹੈ। ਪਰ ਇਹ ਸ਼ੁਰੂਆਤੀ ਸਰੀਰਕ ਲਹਿਰ ਹਮੇਸ਼ਾ ਦੇਰ ਤੱਕ ਕਾਇਮ ਨਹੀਂ ਰਹਿੰਦੀ। ਅਸਲ ਸਮੱਸਿਆ ਉਸ ਤੋਂ ਬਾਅਦ ਸ਼ੁਰੂ ਹੁੰਦੀ ਹੈ, ਜਦੋਂ ਸਾਡਾ ਦਿਮਾਗ਼ ਉਸ ਘਟਨਾ ਨੂੰ ਵਾਰ-ਵਾਰ ਜਿਉਂਦਾ ਕਰਨਾ ਸ਼ੁਰੂ ਕਰ ਦਿੰਦਾ ਹੈ।

ਅਸੀਂ ਕਿਸੇ ਦੇ ਇੱਕ ਵਾਕ ਨੂੰ ਫੜ ਲੈਂਦੇ ਹਾਂ ਅਤੇ ਸਾਰਾ ਦਿਨ ਉਸਨੂੰ ਆਪਣੇ ਅੰਦਰ ਦੁਹਰਾਉਂਦੇ ਰਹਿੰਦੇ ਹਾਂ। ਪੂਰੀ ਗੱਲਬਾਤ ਦਿਮਾਗ਼ ਵਿਚ ਦੁਬਾਰਾ ਚਲਾ ਲੈਂਦੇ ਹਾਂ। ਸੋਚਦੇ ਹਾਂ: ਮੈਨੂੰ ਉਸਨੂੰ ਇਹ ਜਵਾਬ ਦੇਣਾ ਚਾਹੀਦਾ ਸੀ, ਮੈਂ ਉਸ ਵੇਲੇ ਚੁੱਪ ਕਿਉਂ ਰਿਹਾ, ਉਸਨੇ ਮੇਰੇ ਨਾਲ ਅਜਿਹਾ ਵਿਹਾਰ ਕਿਉਂ ਕੀਤਾ? ਇਸ ਤਰ੍ਹਾਂ ਸਾਹਮਣੇ ਵਾਲਾ ਸ਼ਾਇਦ ਆਪਣੀ ਗੱਲ ਕਹਿ ਕੇ ਅੱਗੇ ਵਧ ਚੁੱਕਿਆ ਹੁੰਦਾ ਹੈ, ਪਰ ਅਸੀਂ ਆਪਣੇ ਦਿਮਾਗ਼ ਅੰਦਰ ਉਸੇ ਘਟਨਾ ਦੀ ਅਦਾਲਤ ਲਾ ਕੇ, ਆਪ ਹੀ ਮੁਕੱਦਮਾ ਚਲਾਉਂਦੇ ਅਤੇ ਆਪ ਹੀ ਗੁੱਸੇ ਦੀ ਅੱਗ ਨੂੰ ਬਾਲਣ ਦਿੰਦੇ ਰਹਿੰਦੇ ਹਾਂ।

ਇਹੀ ਉਹ ਥਾਂ ਹੈ ਜਿੱਥੇ ਸਾਨੂੰ ਆਪਣੇ ਆਪ ਤੋਂ ਇੱਕ ਸਵਾਲ ਪੁੱਛਣਾ ਚਾਹੀਦਾ ਹੈ: ਕੀ ਮੈਂ ਹੁਣ ਵੀ ਉਸ ਵਿਅਕਤੀ ਦੇ ਵਿਹਾਰ ਕਰਕੇ ਗੁੱਸੇ ਵਿਚ ਹਾਂ, ਜਾਂ ਮੈਂ ਆਪਣੇ ਵਿਚਾਰਾਂ ਰਾਹੀਂ ਆਪਣੇ ਗੁੱਸੇ ਨੂੰ ਜਿਉਂਦਾ ਰੱਖਿਆ ਹੋਇਆ ਹੈ?

ਸਾਡੇ ਸਮਾਜ ਵਿਚ ਇੱਕ ਅਜੀਬ ਰਿਵਾਜ਼ ਪੈਦਾ ਹੋ ਗਿਆ ਹੈ। ਅਸੀਂ ਗੁੱਸੇ ਨੂੰ ਤਾਕਤ, ਉੱਚੀ ਆਵਾਜ਼ ਨੂੰ ਰੋਅਬ ਅਤੇ ਸਖ਼ਤ ਲਹਿਜ਼ੇ ਨੂੰ ਸ਼ਖ਼ਸੀਅਤ ਸਮਝ ਲਿਆ ਹੈ। ਜਿਹੜਾ ਵੱਧ ਚੀਕ ਲਵੇ, ਉਸਨੂੰ ਬਹਾਦਰ ਸਮਝਿਆ ਜਾਂਦਾ ਹੈ, ਤੇ ਜਿਹੜਾ ਤੁਰੰਤ ਜਵਾਬ ਦੇ ਦੇਵੇ, ਉਸਨੂੰ ਖ਼ੁਦਦਾਰ ਕਰਾਰ ਦਿੱਤਾ ਜਾਂਦਾ ਹੈ। ਹਾਲਾਂਕਿ ਅਸਲ ਤਾਕਤ ਆਵਾਜ਼ ਉੱਚੀ ਕਰਨ ਵਿਚ ਨਹੀਂ, ਆਪਣੇ ਆਪ ਉੱਤੇ ਕਾਬੂ ਰੱਖਣ ਵਿਚ ਹੈ। ਇੱਕ ਘਰ ਦਾ ਮਾਹੌਲ ਸਿਰਫ਼ ਇੱਕ ਗੁੱਸੇ ਭਰੇ ਵਾਕ ਨਾਲ ਕੌੜਾ ਹੋ ਸਕਦਾ ਹੈ। ਇੱਕ ਅਧਿਆਪਕ ਦੀ ਸਖ਼ਤ ਪ੍ਰਤੀਕਿਰਿਆ ਕਿਸੇ ਬੱਚੇ ਦੇ ਦਿਲ ਉੱਤੇ ਡੂੰਘਾ ਅਸਰ ਛੱਡ ਸਕਦੀ ਹੈ। ਪਤੀ-ਪਤਨੀ ਵਿਚਕਾਰ ਕੁਝ ਪਲਾਂ ਦੀ ਕੁੜੱਤਣ ਸਾਲਾਂ ਦੇ ਭਰੋਸੇ ਨੂੰ ਜ਼ਖ਼ਮੀ ਕਰ ਸਕਦੀ ਹੈ। ਸੜਕ ਉੱਤੇ ਇੱਕ ਮਾਮੂਲੀ ਗੱਲ ਝਗੜੇ ਵਿਚ ਬਦਲ ਸਕਦੀ ਹੈ, ਅਤੇ ਸੋਸ਼ਲ ਮੀਡੀਆ ਉੱਤੇ ਗੁੱਸੇ ਵਿਚ ਲਿਖੀ ਗਈ ਇੱਕ ਸਤਰ ਨਫ਼ਰਤ ਦੀ ਅਜਿਹੀ ਅੱਗ ਭੜਕਾ ਸਕਦੀ ਹੈ ਜਿਸਨੂੰ ਫਿਰ ਬੁਝਾਉਣਾ ਸੌਖਾ ਨਹੀਂ ਹੁੰਦਾ।

ਕਿੰਨੇ ਹੀ ਰਿਸ਼ਤੇ ਅਜਿਹੇ ਹਨ ਜੋ ਕਿਸੇ ਵੱਡੀ ਗ਼ਲਤੀ ਕਰਕੇ ਨਹੀਂ, ਸਗੋਂ ਗੁੱਸੇ ਦੇ ਇੱਕ ਪਲ ਕਰਕੇ ਟੁੱਟ ਗਏ। ਕਿੰਨੀਆਂ ਹੀ ਦੋਸਤੀਆਂ ਇੱਕ ਕੌੜੇ ਵਾਕ ਦੀ ਭੇਟ ਚੜ੍ਹ ਗਈਆਂ। ਕਿੰਨੇ ਹੀ ਫ਼ੈਸਲੇ ਅਜਿਹੇ ਹਨ ਜਿਨ੍ਹਾਂ ਉੱਤੇ ਇਨਸਾਨ ਬਾਅਦ ਵਿਚ ਆਪ ਹੈਰਾਨ ਹੁੰਦਾ ਹੈ ਕਿ ਮੈਂ ਇਹ ਸਭ ਕਿਉਂ ਕੀਤਾ? ਸ਼ਾਇਦ ਇਸ ਲਈ ਕਿ ਅਸੀਂ ਗੁੱਸਾ ਮਹਿਸੂਸ ਕਰਨਾ ਤਾਂ ਸਿੱਖ ਲਿਆ ਹੈ, ਪਰ ਉਸਦੇ ਨਾਲ ਜੀਣਾ ਨਹੀਂ ਸਿੱਖਿਆ।

ਗੁੱਸਾ ਆਉਣਾ ਮਨੁੱਖੀ ਸੁਭਾਅ ਹੈ, ਪਰ ਗੁੱਸੇ ਨੂੰ ਆਪਣੀ ਜ਼ਬਾਨ, ਆਪਣੇ ਫ਼ੈਸਲਿਆਂ ਅਤੇ ਆਪਣੇ ਵਿਹਾਰ ਦਾ ਮਾਲਕ ਬਣਾ ਦੇਣਾ ਸਿਆਣਪ ਨਹੀਂ। ਸਾਨੂੰ ਆਪਣੇ ਬੱਚਿਆਂ ਨੂੰ ਇਹ ਨਹੀਂ ਕਹਿਣਾ ਚਾਹੀਦਾ ਕਿ ਕਦੇ ਗੁੱਸਾ ਨਾ ਕਰਨਾ, ਸਗੋਂ ਉਨ੍ਹਾਂ ਨੂੰ ਇਹ ਸਿਖਾਉਣਾ ਚਾਹੀਦਾ ਹੈ ਕਿ ਜਦੋਂ ਗੁੱਸਾ ਆਵੇ ਤਾਂ ਰੁਕ ਜਾਣਾ, ਤੁਰੰਤ ਜਵਾਬ ਨਾ ਦੇਣਾ ਅਤੇ ਆਪਣੇ ਜਜ਼ਬਾਤਾਂ ਨੂੰ ਕੁਝ ਪਲਾਂ ਦੀ ਮੁਹਲਤ ਦੇਣਾ।

ਕਦੇ-ਕਦੇ ਸਿਰਫ਼ ਕੁਝ ਪਲਾਂ ਦੀ ਚੁੱਪ ਇੱਕ ਪੂਰੀ ਲੜਾਈ ਨੂੰ ਖ਼ਤਮ ਕਰ ਦਿੰਦੀ ਹੈ। ਇੱਕ ਡੂੰਘਾ ਸਾਹ ਲੈਣਾ, ਕੁਝ ਕਦਮ ਪਿੱਛੇ ਹਟ ਜਾਣਾ, ਪਾਣੀ ਪੀ ਲੈਣਾ ਜਾਂ ਗੱਲਬਾਤ ਨੂੰ ਕੁਝ ਦੇਰ ਲਈ ਰੋਕ ਦੇਣਾ ਕਮਜ਼ੋਰੀ ਨਹੀਂ, ਸਗੋਂ ਆਪਣੇ ਜਜ਼ਬਾਤਾਂ ਉੱਤੇ ਕਾਬੂ ਦੀ ਨਿਸ਼ਾਨੀ ਹੈ।

ਜ਼ਿੰਦਗੀ ਵਿਚ ਸਾਨੂੰ ਅਜਿਹੇ ਲੋਕ ਵੀ ਮਿਲਣਗੇ ਜੋ ਸਾਨੂੰ ਨਾਰਾਜ਼ ਕਰਨਗੇ, ਅਜਿਹੇ ਵਿਹਾਰ ਵੀ ਸਾਹਮਣੇ ਆਉਣਗੇ ਜੋ ਸਾਨੂੰ ਦੁਖੀ ਕਰਨਗੇ, ਅਤੇ ਅਜਿਹੇ ਹਾਲਾਤ ਵੀ ਆਉਣਗੇ ਜਿਨ੍ਹਾਂ ਵਿਚ ਗੁੱਸਾ ਬਿਲਕੁਲ ਕੁਦਰਤੀ ਹੋਵੇਗਾ। ਅਸੀਂ ਸ਼ਾਇਦ ਹਰ ਗੁੱਸੇ ਨੂੰ ਆਪਣੇ ਅੰਦਰ ਪੈਦਾ ਹੋਣ ਤੋਂ ਨਾ ਰੋਕ ਸਕੀਏ, ਪਰ ਇਹ ਜ਼ਰੂਰ ਸਿੱਖ ਸਕਦੇ ਹਾਂ ਕਿ ਹਰ ਗੁੱਸੇ ਦਾ ਤੁਰੰਤ ਜਵਾਬ ਦੇਣਾ ਜ਼ਰੂਰੀ ਨਹੀਂ ਹੁੰਦਾ।

ਅਸਲ ਸਿਆਣਪ ਸ਼ਾਇਦ ਇਹੀ ਹੈ ਕਿ ਗੁੱਸੇ ਅਤੇ ਪ੍ਰਤੀਕਿਰਿਆ ਦੇ ਵਿਚਕਾਰ ਇੱਕ ਛੋਟਾ ਜਿਹਾ ਵਕਫ਼ਾ ਪੈਦਾ ਕਰ ਲਿਆ ਜਾਵੇ।

ਕਿਉਂਕਿ ਇਹ ਕੁਝ ਪਲ ਸਾਡੇ ਸ਼ਬਦ ਬਦਲ ਸਕਦੇ ਹਨ।

ਇਹ ਕੁਝ ਪਲ ਸਾਡਾ ਫ਼ੈਸਲਾ ਬਦਲ ਸਕਦੇ ਹਨ।

ਇਹ ਕੁਝ ਪਲ ਇੱਕ ਰਿਸ਼ਤਾ ਬਚਾ ਸਕਦੇ ਹਨ।

ਅਤੇ ਕਦੇ-ਕਦੇ ਇਹ ਕੁਝ ਪਲ ਪੂਰੀ ਜ਼ਿੰਦਗੀ ਦਾ ਰੁਖ਼ ਬਦਲ ਸਕਦੇ ਹਨ।

ਗੁੱਸਾ ਕੁਝ ਪਲਾਂ ਦੀ ਅੱਗ ਹੈ, ਪਰ ਗੁੱਸੇ ਵਿਚ ਬੋਲੇ ਗਏ ਸ਼ਬਦ ਸਾਲਾਂ ਤੱਕ ਦਿਲਾਂ ਵਿਚ ਸੜਦੇ ਰਹਿ ਸਕਦੇ ਹਨ। ਇਸ ਲਈ ਜਦੋਂ ਅੰਦਰ ਤੂਫ਼ਾਨ ਉੱਠੇ ਤਾਂ ਤੁਰੰਤ ਜਵਾਬ ਦੇਣ ਦੀ ਬਜਾਏ ਜ਼ਰਾ ਠਹਿਰ ਜਾਓ। ਹੋ ਸਕਦਾ ਹੈ ਤੁਹਾਡੀ ਚੁੱਪ ਤੁਹਾਨੂੰ ਕਮਜ਼ੋਰ ਨਾ, ਸਗੋਂ ਉਸ ਗ਼ਲਤੀ ਤੋਂ ਬਚਾ ਲਵੇ ਜਿਸਦਾ ਪਛਤਾਵਾ ਫਿਰ ਸਾਰੀ ਉਮਰ ਤੁਹਾਡੇ ਨਾਲ ਚੱਲਦਾ ਰਹੇ। ਯਾਦ ਰੱਖੋ, ਗੁੱਸੇ ਨੂੰ ਖ਼ਤਮ ਕਰਨਾ ਹਮੇਸ਼ਾ ਸਾਡੇ ਵੱਸ ਵਿਚ ਨਹੀਂ, ਪਰ ਗੁੱਸੇ ਵਿਚ ਆਪਣੀ ਪ੍ਰਤੀਕਿਰਿਆ ਨੂੰ ਰੋਕ ਲੈਣਾ ਜ਼ਰੂਰ ਸਿੱਖਿਆ ਜਾ ਸਕਦਾ ਹੈ। ਅਤੇ ਸ਼ਾਇਦ ਇਹੀ ਇਨਸਾਨ ਦੀ ਸਭ ਤੋਂ ਵੱਡੀ ਜਿੱਤ ਹੈ;

ਦੂਜਿਆਂ ਉੱਤੇ ਨਹੀਂ, ਆਪਣੇ ਆਪ ਉੱਤੇ।

# ਸ਼ਰਾਬ ਦੇ ਵਰਤਾਰੇ 'ਚ ਸੋਫੀ ਰਹਿਣ ਦਾ ਸੰਘਰਸ਼

ਯੂਨਾਨ ਦੇ ਮਹਾਨ ਕਥਾਵਿਖਿਆਨੀ ਈਸੌਪ (620-564 ਈਸਾ ਪੂਰਵ) ਦਾ ਇਕ ਮੁਹਾਵਰਾਨਾ ਕਥਨ ਹੈ ਕਿ ਸ਼ਕਲਾਂ/ਸੂਰਤਾਂ ਧੋਖਾਮਈ ਹੁੰਦੀਆਂ ਹਨ। ਅੰਗਰੇਜ਼ੀ ਦਾ ਪ੍ਰਸਿੱਧ ਲੇਖਕ ਵਿਲੀਅਮ ਸ਼ੇਕਸਪੀਅਰ ਆਪਣੇ ਪ੍ਰਸਿੱਧ ਨਾਟਕਾਂ 'ਹੈਮਲਿਟ' ਅਤੇ 'ਮੈਕਬਿਥ' ਵਿਚ ਕ੍ਰਮਵਾਰ ਕਹਿੰਦਾ ਹੈ- 'ਇਕ ਬੰਦਾ ਜਿੰਨਾਂ ਮਰਜ਼ੀ ਪਿਆ ਮੁਸਕਰਾਵੇ ਪਰ ਉਹ ਇਕ ਦੁਰਜਨ ਹੋ ਸਕਦੈ' ਅਤੇ 'ਦੇਖਣ ਨੂੰ ਤਾਂ ਇਕ ਮਾਸੂਮ ਫੁੱਲ ਲਗਦੈ ਪਰ ਹੇਠੋਂ ਨਾਗ ਹੋ ਸਕਦੈ'(ਭਾਵ ਇਸ ਹੇਠਾਂ ਸੱਪ ਹੋ ਸਕਦੈ)।



ਅਕਸਰ ਕੋਟ ਕੀਤੀਆਂ ਜਾਣ ਵਾਲੀਆਂ ਇਹ ਸਤਰਾਂ ਦਾ ਸਿਧਾ ਜਿਹਾ

**ਪ੍ਰੋ. ਜਸਵੰਤ ਸਿੰਘ ਗੰਡਮ**
ਫੋਨ: +91 98766-55055

ਸਾਰ ਹੈ-ਭੋਲੀ ਭਾਲੀ ਸੂਰਤ ਕੇ ਹੋਤੇ ਹੈਂ ਜਲਾਦ ਭੀ!

ਪਰ ਕਈ ਵਾਰ ਨਾਂਹਵਾਚੀ ਵਰਤਾਰੇ ਵਲ ਇਸ਼ਾਰਾ ਕਰਦੀਆਂ ਅਤੇ ਵਿਅਕਤੀ ਨੂੰ ਅਜਿਹੇ ਦੰਭੀਆਂ, ਦੋਗਲਿਆਂ, ਭੇਖੀਆਂ, ਭਰਮਾਊਆਂ ਤੋਂ ਬਚਣ ਲਈ ਸੁਚੇਤ ਕਰਦੀਆਂ ਇਹ ਸਤਰਾਂ ਦਾ ਇਕ ਵੱਖਰਾ ਰੂਪ ਵੀ ਹੁੰਦੈ।

ਹੋਰ ਕਿਸੇ ਦੀ ਕੀ ਗਲ ਕਰਨੀ ਐਂ, ਆਪਾਂ ਆਪਣੇ ਤੋਂ ਹੀ ਆਰੰਭ ਕਰਦੇ ਹਾਂ। ਸਾਡੀਆਂ ਅੱਖਾਂ ਬੱਕਰੀ ਦੇ ਆਨਿਆਂ ਵਾਂਗ ਬਾਹਰ ਨੂੰ ਨਿਕਲੀਆਂ ਹੋਈਆਂ ਹਨ। ਅੱਖਾਂ ਕਾਹਦੀਆਂ ਕੌਲ ਡੋਡੇ ਹੀ ਸਮਝੋ। ਕੋਇਆਂ ਤੋਂ ਲਾਲ ਲਾਲ ਹੋਏ ਇਹ ਡੇਲੇ, ਜਿਨ੍ਹਾਂ ਨੂੰ 'ਫੈਟ ਪਰੋਲੈਪਸ '(ਮਾਸ ਵਧਣ) ਦੀ ਬੀਮਾਰੀ ਨੇ ਹੋਰ ਵੀ ਭਿਅੰਕਰ ਬਨਾਉਣ ਵਿਚ ਚਾਰ ਚੰਨ ਲਗਾਏ ਜਾਣ ਦਾ ਉਪਕਾਰ ਕੀਤੈ, ਨੂੰ ਦੇਖ ਕੇ ਬੱਚਾ ਤਾਂ ਬੇਹੋਸ਼ ਹੀ ਹੋ ਜਾਏਗਾ, ਵਡੇਰਾ ਵੀ ਚਕਰਾ ਜ਼ਰੂਰ ਜਾਏਗਾ।

ਇਨ੍ਹਾਂ ਕਾਰਨ ਸਾਨੂੰ ਇਕ ਮੁਸੀਬਤ ਦਾ ਜਵਾਨੀ ਤੋਂ ਲੈ ਕੇ (ਉਂਜ ਸਾਡੇ 'ਤੇ ਬਹੁਤੀ ਜਵਾਨੀ ਕਦੀ ਆਈ ਨਹੀਂ) ਬੁੱਢੇ ਵਾਰੇ ਤਕ ਵਾਰ ਵਾਰ ਸਾਹਮਣਾ ਕਰਨਾ ਪਿਐ। ਦੇਖਣ ਵਾਲਾ ਸਾਨੂੰ 7+24 ਦਾ ਇਕ ਪੂਰੀ ਸ਼ਰਾਬ ਦੀ ਬੋਤਲ ਦਾ ਪਿਆਕੜ ਸਮਝਦੈ। ਸੋਫੀ ਦੀ ਬਜਾਏ ਸਾਨੂੰ ਸਾਰੇ ਸਿਰੇ ਦਾ ਸ਼ਰਾਬੀ ਸਮਝਦੇ ਹਨ। ਸਾਨੂੰ ਇਥੇ ਪੰਜਾਬੀ ਫਿਲਮ 'ਚੱਲ ਮੇਰਾ ਪੁੱਤ' ਦਾ ਇਕ ਪਾਤਰ ਚੇਤੇ ਆ ਜਾਂਦੈ ਜਿਸ ਨੂੰ ਸਭ ਚੋਰ ਸਮਝਦੇ ਹਨ, ਭਾਵੇਂ ਉਹ ਚੋਰ ਹੈ ਨਹੀਂ!

ਕੋਈ ਇਹ ਗੱਲ ਪੈਂਦੀ ਸੱਟੇ ਮੰਨਣ ਨੂੰ ਤਿਆਰ ਈ ਨਹੀਂ ਹੁੰਦਾ ਕਿ ਅਸੀਂ ਸ਼ਰਾਬ ਦਾ ਸਵਾਦ ਤਕ ਨਹੀਂ ਚੱਖਿਆ/ਦੇਖਿਆ, ਉਸ ਭਾਈਚਾਰੇ ਵਿਚ ਪੈਦਾ ਹੋ ਕੇ ਵੀ, ਜਿਸ ਬਾਰੇ ਕਿਹਾ ਜਾਂਦੈ ਕਿ ਇਨ੍ਹਾਂ ਨੂੰ ਤਾਂ ਗੁੜਤੀ ਵੀ ਸ਼ਰਾਬ ਦੀ ਹੀ ਮਿਲਦੀ ਹੈ। ਉਤੋਂ ਘਰਦੇ ਅਤੇ ਰਿਸ਼ਤੇਦਾਰ ਪੀਣ-ਖਾਣ ਵਾਲੇ ਹੋਣ ਦੇ ਬਾਵਜੂਦ ਵੀ। ਸੱਜਣ-ਬੇਲੀ, ਸਹਿਕਰਮੀ 'ਤੇ ਅਨੇਕਾਂ ਹੋਰ ਜਾਣਕਾਰ ਇਸ ਦਾ ਸੇਵਨ ਕਰਦੇ ਹਨ ਪਰ ਅਸੀਂ ਕੋਲ ਬੈਠੇ ਰਹਿੰਦੇ ਹਾਂ ਪਰ ਸ਼ਰਾਬ ਨੂੰ ਕਦੀ ਮੂੰਹ ਨਹੀਂ ਲਾਇਆ। ਸਾਨੂੰ ਮਸ਼ਹੂਰ ਉਰਦੂ ਸ਼ਾਇਰ ਸ਼ੇਖ ਇਬਰਾਹੀਮ ਜ਼ੌਕ ਦੀ ਨਸੀਹਤ ਨਹੀਂ ਭੁਲਦੀ-

'ਐ ਜ਼ੌਕ ਦੇਖ ਦੁਖਤਰ-ਏ-ਰਜ਼ ਕੋ ਨਾ ਮੂੰਹ ਲਗਾ,
ਛੁਟਤੀ ਨਹੀਂ ਹੈ ਮੂੰਹ ਸੇ ਯੇ ਕਾਫਿਰ ਲਗੀ ਹੁਈ।'

ਅਸੀਂ ਅਜੇ ਨਵੇਂ ਨਵੇਂ ਪ੍ਰੋਫੈਸਰ ਲਗੇ ਸੀ। ਥੋੜੇ ਬਹੁਤ ਜਵਾਨ ਵੀ ਸੀ। ਦੋ-ਚਾਰ ਲੈਕਚਰ ਦੇਣ ਉਪਰੰਤ ਗਲਾ ਖਰਾਬ ਹੋ ਗਿਆ। ਅਸੀਂ ਇਕ ਨਾਮੀ ਡਾਕਟਰ ਕੋਲ ਗਏ। ਗਲਾ ਚੈਕ ਕਰਨ ਅਤੇ ਸਾਨੂੰ ਦੇਖਣ ਬਾਅਦ ਡਾਕਟਰ ਸਾਹਿਬ ਦੀ ਪਹਿਲੀ ਨੇਕ ਸਲਾਹ ਸੀ- 'ਸ਼ਰਾਬ ਘਟ ਕਰੋ'। ਮੈਂ ਕਿਹਾ ਜੀ ਕਿ ਮੈਂ ਤਾਂ ਪੀਂਦਾ ਨਹੀਂ। 'ਸਾਰੇ ਏਦਾਂ ਈ ਕਹਿੰਦੇ ਹੁੰਦੇ ਐ। ਚਾਰ ਦੀ ਬਜਾਏ ਦੋ ਪੈੱਗ ਕਰੋ, ਗਲਾ ਆਪੇ ਠੀਕ ਹੋ ਜਾਏਗਾ', ਡਾਕਟਰ ਸਾਹਿਬ ਨੇ ਮੇਰੀ ਗਲ ਅਣਸੁਣੀ ਕਰਦਿਆਂ ਅਗੋਂ ਕਿਹਾ। ਮੈਨੂੰ ਖਾਸੀ ਜਦੋ-ਜਹਿਦ ਕਰਨੀ ਪਈ ਡਾਕਟਰ ਸਾਹਿਬ ਨੂੰ 'ਕਨਵਿੰਨਸ' ਕਰਨ ਲਈ ਕਿ ਮੈਂ ਸ਼ਰਾਬ ਨਹੀਂ ਪੀਂਦਾ। ਉਹ 'ਕਨਵਿੰਨਸ' ਤਾਂ ਹੋ ਗਏ ਪਰ ਹੈਰਾਨ ਹੋਣੋਂ ਨਾ ਰਹੇ, ਸ਼ਾਇਦ ਪ੍ਰੇਸ਼ਾਨ ਵੀ ਹੋਏ ਹੋਣ।

ਸਾਡੇ ਇਕ ਰਿਸ਼ਤੇਦਾਰ ਬਾਰੇ ਮਸ਼ਹੂਰ ਸੀ ਕਿ ਉਹ ਨਾ ਪੀਣ ਵਾਲੇ ਦੇ ਸਿਰ ਵਿਚ ਬੋਤਲ ਉਲੱਦ ਦਿੰਦਾ ਹੈ। ਮੇਰੀ ਸਾਊ ਮਾਂ ਨੇ ਡਰਦਿਆਂ ਮੈਨੂੰ ਕਦੀ ਵੀ ਉਸ ਨੂੰ ਮਿਲਣ ਨਹੀਂ ਜਾਣ ਦਿਤਾ। ਇਕ ਵਾਰ ਇਕ ਸਾਂਝੇ ਰਿਸ਼ਤੇਦਾਰ ਦੇ ਸਮਾਗਮ 'ਤੇ ਮੇਲ ਹੋ ਗਿਆ, ਯਾਣੀ ਆਹਮੋ-ਸਾਹਮਣੇ 'ਟੱਕਰ' ਹੋ ਗਈ। ਗੱਲ ਪੁਰਾਣੀ ਹੈ, ਦੇਸੀ ਦਾਰੂ ਦੇ ਦੌਰ ਦੀ, ਯਾਣੀ ਘਰ ਦੀ ਕੱਢੀ ਵਾਲੇ ਜ਼ਮਾਨੇ ਦੀ। ਲਾਲ ਪਰੀ ਬਾਅਦ ਵਿਚ ਆਈ ਅਤੇ ਵਿਸਕੀ ਤਾਂ ਭਲਾ ਹੁਣੇ ਹੁਣੇ ਹੀ ਪੁੱਜੀ ਐ।

ਮਸਲਾ ਫਿਰ ਓਹੀ ਪੀਣ ਤੇ ਨਾ ਪੀਣ ਦਾ। ਸਲਵਾਤਾਂ, ਮਿਹਣੇ, ਚੋਂਦੀਆਂ-ਚੋਂਦੀਆਂ ਸੁਣਨ ਦਾ। ਅਖੇ ਇਹ ਪੜ੍ਹਿਆ ਹੋਣ ਕਾਰਨ ਹੁਣ 'ਪੇਂਡੂਆਂ' ਵਿਚ ਬੈਠ ਕੇ ਪੀਣਾਂ ਆਪਣੀ ਹੇਠੀ ਸਮਝਦੈ; ਇਹ ਮਹਿੰਗੀ ਵਿਸਕੀ ਪੀਂਦੈ, ਦੇਸੀ ਦਾਰੂ ਨਹੀਂ; 'ਜੱਟ-ਬੂਟਾਂ' 'ਚ ਬਹਿ ਕੇ ਪੈੱਗ ਦੀ ਸਾਂਝ ਪਾਉਣ ਨਾਲ ਇਹ ਹੀਣਤਾ ਮਹਿਸੂਸ ਕਰਦੈ' ਆਦਿ ਆਦਿ। ਫਿਰ ਉਸ ਨੇ ਮੇਰੇ ਸਿਰ ਚੜ੍ਹ ਕੇ ਪੱਟਾਕ ਕਰਕੇ ਕੰਧ ਵਿਚ ਬੋਤਲ ਮਾਰ ਕੇ ਭੰਨ ਸੁਟੀ। ਬਸ ਐਨੀ ਕੁ ਲਿਹਾਜ਼ ਰਖੀ ਕਿ ਮੇਰੇ ਸਿਰ ਵਿਚ ਨਹੀਂ ਮਾਰੀ ਅਤੇ ਨਾਂ ਹੀ ਉਲੱਦੀ। ਮੇਰੇ ਵਾਰ-ਵਾਰ ਹਾੜੇ ਕੱਢਣ 'ਤੇ ਕਿ ਮੈਂ ਸੱਚੀਂ-ਮੁੱਚੀਂ ਨਹੀਂ ਪੀਂਦਾ ਤਾਂ ਜਾ ਕੇ ਮੇਰੀ ਬੰਦ ਖਲਾਸੀ ਹੋਈ! (ਵੈਸੇ 'ਹਾੜਾ' ਸ਼ਰਾਬ ਦੇ ਪੈੱਗ ਨੂੰ ਵੀ ਕਹਿੰਦੇ ਹਨ)। ਸਿਰਫ ਘਟ ਪੜ੍ਹੇ/ਅਨਪੜ੍ਹ ਪੇਂਡੂ ਲੋਕਾਂ ਦੀ ਹੀ ਗੱਲ ਨਹੀਂ, ਪੜ੍ਹੇ-ਲਿਖੇ ਵੀ ਪੀਣ-ਖਾਣ ਵੇਲੇ ਅਨਪੜ੍ਹ ਈ ਬਣ ਜਾਂਦੇ ਐ। ਉਨ੍ਹਾਂ ਦੇ ਵਿਦਵਤਾ ਭਰਪੂਰ ਫੁਰਮਾਨ ਸੁਣੋ-ਅਖੇ 'ਤੂੰ ਤਾਂ ਜੱਟ ਹੀ ਨਹੀਂ' (ਜਾਣੀ ਜੋ ਪੀਂਦਾ ਨਹੀਂ ਉਹ ਇਸ ਭਾਈਚਾਰੇ ਦਾ ਮੈਂਬਰ ਨਹੀਂ); ਮੇਰਾ ਇਹ ਕਹਿਣਾ 'ਕਿ ਚਲੋ ਕੋਈ ਗਲ ਨਹੀਂ, ਮੈਂ ਮਾਨਵੀ ਭਾਈਚਾਰੇ ਦਾ ਮੈਂਬਰ ਹੀ ਠੀਕ ਹਾਂ' ਨੂੰ ਅਣਗੌਲਿਆਂ ਕਰਦਿਆਂ ਅਗਲਾ ਇਲਹਾਮੀ ਫਿਕਰਾ ਆ ਜਾਏਗਾ-'ਤੂੰ ਬੰਦਾ ਈ ਨਹੀਂ, ਜਨਾਨੀ ਹੈਂ!' ਮੇਰੇ ਇਹ ਜਵਾਬ ਦੇਣ ਤੇ ਕਿ ਅੱਜ ਕੱਲ੍ਹ ਤਾਂ ਬਹੁਤੀਆਂ ਜਨਾਨੀਆਂ ਵੀ ਵਾਈਨ ਅਤੇ ਵਿਸਕੀ ਪੀਣ ਲਗ ਪਈਆਂ ਹਨ, ਤਾਂ ਉਹ ਆਪਣਾ ਪ੍ਰਵਚਨ ਜਾਰੀ ਰਖਦਿਆਂ ਕਹਿਣਗੇ-'ਤੇਰੀ ਵੀ ਕਾਹਦੀ ਜ਼ਿੰਦਗੀ ਹੋਈ, ਜੇਹਾ ਧਰਤੀ 'ਤੇ ਆਇਆ ਜੇਹਾ ਨਾ ਆਇਆ!' ਯਾਣੀ ਜਿਵੇਂ ਟੱਲੀ ਹੋ ਕੇ ਹੀ ਜੀਵਨ ਸੰਵਰਦੈ ਅਤੇ ਟੱਲੀਵਾਨ ਨੂੰ ਸਿੱਧੇ ਸਵਰਗ ਵਿਚ ਸੀਟ ਮਿਲ ਜਾਂਦੀ ਹੈ! ਬੇਸ਼ਕ ਨਾਲੀ 'ਚ ਡਿਗੇ ਦਾ 'ਡੌਗੀ' ਹੀ ਮੂੰਹ ਕਿਉਂ ਨਾ ਚੱਟਣ!

ਕਈ ਸਨੇਹੀ ਸਾਨੂੰ ਨਿਕਰਮਾਂ, ਬਦਕਿਸਮਤ ਅਤੇ ਵਿਚਾਰਾ ਕਹਿਣਗੇ। ਸ਼ਰਾਬ ਦੇ ਹੱਕ ਵਿਚ ਕਈ ਦਲੀਲਾਂ ਦੇਣਗੇ-ਅਖੇ 'ਇਹ ਸੋਮਰਸ ਹੈ, ਇਸ ਨੂੰ ਦੇਵਤੇ ਸੇਵਨ ਕਰਦੇ ਹਨ, ਇਹ ਸਾਰੇ ਗਮ ਭੁਲਾ ਦਿੰਦੀ ਹੈ; ਸੀਮਤ ਮਾਤਰਾ ਵਿਚ ਪੀਣ ਨਾਲ ਸਿਹਤ ਲਈ ਵੀ ਠੀਕ ਰਹਿੰਦੀ ਹੈ; ਨੀਂਦ ਦੇ ਸਵਰਗੀ ਝੂਟੇ ਆਉਂਦੇ ਹਨ, ਫਿਕਰ ਫੁੱਰਰ ਹੋ ਜਾਂਦੇ ਹਨ' ਆਦਿ ਆਦਿ। ਇਕ ਸੱਜਣ ਤਾਂ ਨਿਹੋਰਾ ਮਾਰਦਿਆਂ ਉਰਦੂ ਦਾ ਸ਼ੇਅਰ ਛਡ ਦਏਗਾ-

'ਲੁਤਫ-ਏ-ਮੈਅ ਤੁਝ ਸੇ ਕਯਾ ਕਹੂੰ ਜ਼ਾਹਿਦ,
ਹਾਏ ਕੰਮਬਖ਼ਤ ਤੂ ਨੇ ਪੀ ਹੀ ਨਹੀਂ'-ਦਾਗ ਦੇਹਲਵੀ

ਫਿਰ ਉਹ ਸ਼ਰਾਬ ਦੀ ਮਹੱਤਤਾ ਕੁਝ ਇਸ ਤਰਾਂ ਬਿਆਨ ਕਰਨਗੇ-

'ਜ਼ਾਹਿਦ ਸ਼ਰਾਬ ਪੀਨੇ ਦੇ ਮਸਜਿਦ ਮੇਂ ਬੈਠ ਕਰ,
ਯਾ ਵੋ ਜਗਾਹ ਬਤਾ ਦੇ ਜਹਾਂ ਪਰ ਖੁਦਾ ਨ ਹੋ'-ਮਿਰਜ਼ਾ ਗਾਲਿਬ

ਸਾਡੇ ਇਕ ਸਜਣ ਦੇ ਟੱਲੀ ਹੋਣ ਦੀ ਨਿਸ਼ਾਨੀ ਹੀ ਇਹ ਹੈ ਕਿ ਉਹ ਫਿਰ 'ਸ਼ੇਅਰੋ-ਸ਼ੇਅਰ' ਹੋ ਜਾਂਦੇ। ਆਪਣੇ ਪੀਣ ਨੂੰ ਇੰਜ ਠੀਕ ਠਹਿਰਾਉਂਦੈ-

'ਜ਼ਾਹਿਦ ਸ਼ਰਾਬ ਪੀਨੇ ਸੇ ਕਾਫਿਰ ਹੁਆ ਮੈਂ ਕਿਉਂ?
ਕਯਾ ਡੇਢ ਚੁਲੂ ਪਾਨੀ ਮੇਂ ਈਮਾਨ ਬਹਿ ਗਿਆ' (ਸ਼ੇਖ ਇਬਰਾਹੀਮ ਜ਼ੌਕ)

ਇਕ ਹੋਰ ਮਿੱਤਰ ਇਹ ਦਲੀਲ ਦਏਗਾ ਕਿ ਸ਼ਰਾਬ ਨਾਲ ਸਾਂਝ ਬਹੁਤ ਵਧਦੀ ਹੈ ਅਤੇ ਨਵੀਆਂ ਦੋਸਤੀਆਂ ਪੈਂਦੀਆਂ ਹਨ। ਉਸ ਅਨੁਸਾਰ-'ਤੁਸੀਂ ਕਿਸੇ ਅਨਜਾਣ ਵਿਅਕਤੀ ਨਾਲ ਇਕ ਕੜੇ ਦਾ ਗਲਾਸ ਲੱਸੀ ਪੀ ਲਉ, ਤੁਹਾਨੂੰ ਭੁੱਲ-ਭੁਲਾ ਜਾਏਗਾ। ਪਰ ਤੁਸੀਂ ਓਸੇ ਵਿਅਕਤੀ ਨਾਲ ਇਕ ਨਿੱਕਾ ਜਿਹਾ ਪੈੱਗ ਲਾ ਲਉ, ਤੁਹਾਨੂੰ ਉਮਰ ਭਰ ਯਾਦ ਰਹੇਗਾ, ਤੇ ਜੇ ਕਿਧਰੇ ਪਟਿਆਲਾ ਪੈੱਗ ਲਾ ਲਉ ਤਾਂ ਫਿਰ ਕਹਿਣੈ ਈ ਕੀ!'

ਸੋਫੀ ਬੰਦੇ ਨੂੰ ਸੋਫੀ ਰਹਿਣ ਲਈ ਬੜਾ ਸੰਘਰਸ਼ ਕਰਨਾ ਪੈਂਦੈ।

ਇਕ ਥਾਂ ਤਾਂ ਇਹ ਨੌਬਤ ਆ ਗਈ ਕਿ ਮਹਿਫਲ ਵਾਲੇ ਕਹਿਣ ਕਿ ਜੇ ਮੈਂ ਪੀਵਾਂਗਾ ਤਾਂ ਹੀ ਉਹ ਪੀਣਗੇ। ਗੱਲ ਇਕ ਡੱਟ ਪੀਣ ਤਕ ਪੁੱਜ ਗਈ। ਮੇਰੇ ਅੜੇ ਰਹਿਣ 'ਤੇ ਇਹ ਬਦਲ ਪੇਸ਼ ਕੀਤਾ ਗਿਆ ਕਿ ਮੈਂ ਬੋਤਲ ਦੇ ਬਾਹਰ ਹੀ ਜੀਭ ਲਗਾ



ਦਿਆਂ। ਮੈਂ ਇਸ ਤੋਂ ਵੀ ਨਾਂਹ ਕਰ ਦਿਤੀ। ਫਿਰ ਉਨ੍ਹਾਂ ਦੀਆਂ ਗਾਲ੍ਹਾਂ ਸੁਣਨ ਮਗਰੋਂ ਸਭ ਕੁਝ ਠੀਕ-ਠਾਕ ਹੋ ਗਿਆ 'ਤੇ ਪੂਰੇ ਘੰਟੇ ਦੇ ਘਮਸਾਨ ਮਗਰੋਂ ਉਹ ਪੀਣ ਲਗ ਪਏ।

ਜਦ ਦਾ ਪੰਜਾਬ ਵਿਚ 'ਚਿੱਟਾ' ਆਇਐ, ਲੋਕ ਸ਼ਰਾਬ ਨੂੰ ਨਸ਼ਾ ਸਮਝਣੋਂ ਹੀ ਹਟ ਗਏ ਹਨ। ਵਿਆਹ-ਸ਼ਾਦੀਆਂ ਉਪਰ ਸ਼ਰਾਬ ਦਾ ਛੇਵਾਂ ਦਰਿਆ ਵਗਦੈ। ਕੋਲਡ ਡਰਿੰਕ ਤਾਂ ਕਰਮਾਂ ਨਾਲ ਲਭਦੀ ਐ। ਸੋਫੀ, ਭਾਵ ਨਾ ਪੀਣ ਵਾਲੇ, ਜਿਨ੍ਹਾਂ 'ਚ ਅਜੇ ਵੀ ਬਹੁਤੀਆਂ ਔਰਤਾਂ ਹੀ ਹੁੰਦੀਆਂ ਹਨ, ਉਹ ਬਿਟ ਬਿਟ ਤਕਦੇ ਰਹਿਣਗੇ/ਗੀਆਂ ਕਿ ਕਿਧਰੋਂ ਕੋਲਡ ਡਰਿੰਕ ਵਾਲਾ ਦਿਸ ਪਵੇ। ਪਿੰਡਾਂ ਵਿਚ ਇਹ ਵਰਤਾਰਾ ਬਹੁਤ ਹੈ। ਹੁਣ ਕੁਝ ਕੋਲਡ ਡਰਿੰਕਾਂ ਦਾ ਪ੍ਰਬੰਧ ਹੋਣ ਲਗ ਪਿਆ, ਪਹਿਲਾਂ ਤਾਂ ਸਭ ਕੁਝ ਸ਼ਰਾਬੀਆਂ ਦੁਆਲੇ ਹੀ ਘੁੰਮਦਾ ਹੁੰਦਾ ਸੀ।

ਪੰਜਾਬੀ ਸਮਾਗਮਾਂ ਵਿਚ ਪੈੱਗ, ਲੈੱਗ (ਮੁਰਗੇ ਦੀ ਟੰਗੜੀ) ਦੀ ਮਾਰੋ-ਮਾਰ ਤੋਂ ਬਿਨਾਂ ਸਮਾਗਮ ਅਧੂਰੇ ਸਮਝੇ ਜਾਂਦੇ ਹਨ। ਹਾਂ, ਜਿਹੜੇ ਸ਼ਰਾਬ ਦਾ ਸੇਵਨ ਨਹੀਂ ਕਰਦੇ, ਓਥੇ ਇਹ ਨਿਗੋਣੀ ਗੈਰ ਹਾਜ਼ਰ ਹੁੰਦੀ ਹੈ (ਭਾਵੇਂ ਕਈ ਲੁਕ ਛਿਪ ਕੇ, ਗੱਡੀਆਂ 'ਚ ਬਹਿ ਕੇ, ਦਾਅ ਲਾ ਈ ਲੈਂਦੇ ਹਨ), ਪਰ ਕਿੰਨੇ ਕੁ ਹਨ ਜਿਹੜੇ ਸੇਵਨ ਨਹੀਂ ਕਰਦੇ?

ਸ਼ਰਾਬੀ ਟੱਲੀ ਹੋ ਕੇ ਵੱਖ ਵੱਖ ਢੰਗ ਨਾਲ ਵਿਵਹਾਰ ਕਰਦੇ ਹਨ। ਜਿਵੇਂ ਪਹਿਲਾਂ ਦਸ ਚੁਕਾ ਹਾਂ ਕਿ ਇਕ ਸੱਜਣ ਬਹੁਤਾ ਟੱਲੀ ਹੋ ਕੇ ਸ਼ੇਅਰ ਛੱਡਣ ਲਗ ਪੈਂਦੈ। ਇਕ ਹੋਰ ਹੈ ਜੋ ਧਤੀ-ਧਤੀ ਦੀਆਂ ਗਾਲ੍ਹਾਂ ਕੱਢਣ ਲਗ ਪੈਂਦੈ। ਇਕ ਜਣਾ ਜਦ ਪੂਰੀ ਬੋਤਲ ਡਕਾਰ ਜਾਏਗਾ ਤਾਂ ਬਿਲਕੁਲ ਚੁੱਪ ਧਾਰ ਲਵੇਗਾ, ਬਸ ਮੌਨੀ ਬਾਬਾ ਬਣ ਬੈਠੇਗਾ। ਕਈਆਂ ਨੂੰ ਅੰਗਰੇਜ਼ੀ ਫੁਰਨ ਲਗ ਪਵੇਗੀ। ਕਈ ਉਲਟੀਆਂ ਕਰਨ ਲਗ ਪੈਣਗੇ।

ਕਹਿੰਦੇ ਹਨ ਮੁਫਤ ਦੀ ਤਾਂ ਮੁਲਾ ਨੂੰ ਵੀ ਹਰਾਮ ਨਹੀਂ ਹੁੰਦੀ। ਫਰੀ ਦੀ ਪੀ-ਪੀ ਕੇ ਕਈ ਜਣੇ ਤਾਂ ਪੈਂਟ/ਪਜਾਮੇਂ ਵਿਚ ਹੀ...। ਇਸ ਸ਼੍ਰੇਣੀ ਦੇ ਸ਼ਰਾਬੀ ਤਾਂ ਜਾਣ ਲਗੇ ਡੱਬ ਵਿਚ ਦੇ ਕੇ ਵੀ ਇਕ ਬੋਤਲ ਲੈ ਜਾਣਗੇ।

ਕਈ ਬੜਬੜਾਉਣ ਲਗ ਪੈਣਗੇ, ਆਪਣੀ ਪੁਰਾਣੀ ਮਹਿਬੂਬਾ ਦਾ ਨਾਮ ਪੁਕਾਰਨ ਲਗ ਪੈਣਗੇ। ਕਈ ਕਿਸੇ ਦੁਸ਼ਮਣ ਦਾ ਨਾਮ ਲੈ ਕੇ ਗਾਲ੍ਹਾਂ ਕੱਢਣ ਲਗ ਪੈਣਗੇ। ਔਰਤਾਂ ਬਾਰੇ 'ਉਸਾਰੂ'ਚਰਚਾ ਤਾਂ ਭਲਾ ਸ਼ਰਾਬੀਆਂ ਦਾਂ ਤਾਂ ਕੀ, ਕਈ ਸੋਫੀਆਂ ਦਾ ਵੀ ਮਨਪਸੰਦ ਸ਼ੁਗਲ ਹੁੰਦੈ!

ਕਈਆਂ ਨੂੰ ਦੂਸਰੇ ਨੂੰ ਟੱਲੀ ਕਰਕੇ ਸੁਆਦ ਆਉਂਦੈ। ਉਹ ਆਪ ਇਕ ਪੈੱਗ ਡਾਊਨ (ਘਟ) ਰਹਿਣਗੇ, ਦੂਸਰੇ ਨੂੰ ਵਧ ਅਤੇ ਵਡੇ ਪੈੱਗ ਪਾਉਂਦੇ ਰਹਿਣਗੇ।

ਆਪਣੇ ਆਪ ਨੂੰ ਪੈੱਗ ਸਰਵ ਕਰਵਾਉਣ ਦਾ ਸ਼ਰਾਬੀਆਂ ਦਾ ਆਪਣਾ ਸਲੀਕਾ ਅਤੇ ਸਭਿਆਚਾਰ ਹੈ। ਉਹ ਵਰਤਾਉਣ ਵਾਲੇ ਨੂੰ ਸਿੱਧਾ ਇਹ ਨਹੀਂ ਕਹਿਣਗੇ ਕਿ ਮੈਨੂੰ ਪੈੱਗ ਪਾ ਦੇ, ਬਲਕਿ ਨਾਲਦੇ ਨੂੰ ਪਾਉਣ ਦੀ ਤਾਗੀਦ ਕਰਨਗੇ। ਉਨ੍ਹਾਂ ਦੀ ਇਸ ਦਰਿਆਦਿਲੀ ਪਿਛੇ ਨਿਜ-ਸੁਆਰਥ ਠਾਂਠਾਂ ਮਾਰ ਰਿਹੈ ਹੁੰਦੈ।

ਆਮ ਸ਼ਰਾਬੀ ਪਹਿਲਾਂ ਨਾਂਹ-ਨੁੱਕਰ ਕਰੇਗਾ, ਨਖ਼ਰੇਬਾਜ਼ੀ ਜਿਹੀ ਦਿਖਾਏਗਾ। ਫਿਰ ਅਹਿਸਾਨ ਜਿਹਾ ਕਰਕੇ ਪੈੱਗ ਲੈ ਲਵੇਗਾ। ਦੂਸਰੇ ਪੈੱਗ ਵੇਲੇ ਨਾਂਹ-ਨੁੱਕਰ ਨਿੰਮੀ ਹੋ ਜਾਏਗੀ। ਤੀਸਰੇ ਉਪਰ ਬਿਲਕੁਲ ਖ਼ਤਮ। ਚੌਥਾ ਆਪ ਮੰਗੇਗਾ ਅਤੇ ਉਸ ਉਪਰੰਤ ਸਵੈ-ਸਰਵਿਸ ਕਰਨ ਲਗ ਪਵੇਗਾ!

ਸ਼ਰਾਬੀ ਸ਼ਰਾਬ ਨੂੰ ਸ਼ਕਤੀ ਵਾਟਰ ਵੀ ਸਦਦੇ ਹਨ, ਜਿਸ ਦੇ ਪੀਣ ਨਾਲ ਸ਼ਕਤੀ ਆ ਜਾਂਦੀ ਹੈ।

ਸਭ ਸ਼ਰਾਬੀ ਇਕ-ਦੋ ਤੁਪਕੇ ਧਰਤੀ-ਮਾਤਾ ਉਪਰ ਜ਼ਰੂਰ ਛਿੜਕਣਗੇ, ਸ਼ਾਇਦ ਧਰਤ ਨੂੰ ਵੀ ਨਸ਼ਿਆਉਣਾ ਲੋਚਦੇ ਹੋਣ। 'ਚੀਅਰਜ਼' ਕਹਿ ਕੇ ਗਿਲਾਸੀਆਂ ਟਕਰਾਉਣੀਆਂ ਵੀ 'ਡਰਿੰਕ ਕਲਚਰ' ਦਾ ਹਿਸਾ ਹੈ।

ਹਰ ਸ਼ਰਾਬੀ ਟੱਲੀ ਹੋਣ ਉਪਰੰਤ ਇਹ ਹੀ ਕਹੇਗਾ ਕਿ ਉਸ ਨੂੰ ਕੁਝ ਨਹੀਂ ਹੋਇਆ, ਉਸ ਨੇ ਤਾਂ ਬਸ ਇਕ-ਦੋ ਪੈੱਗ ਹੀ ਲਾਏ ਹਨ (10-12 ਪੈੱਗਾਂ ਤਕ ਪਹੁੰਚਦਿਆਂ ਭਲਾ ਗਿਣਤੀ ਕਿਸ ਭੜੂਏ ਨੂੰ ਚੇਤੇ ਰਹਿੰਦੀ ਐ!)

ਰਵਾਇਤੀ ਉਰਦੂ ਸ਼ਾਇਰੀ ਤਾਂ ਘੁੰਮਦੀ ਹੀ ਮੈਅ, ਮੀਨਾ, ਸਾਕੀ, ਸਾਗਰ ਦੁਆਲੇ ਹੈ। ਕੁਝ ਕੁ ਹੋਰ ਪੇਸ਼ ਹਨ-

'ਦੁਖਤਰ-ਏ-ਰਜ਼* ਨੇ ਉਠਾ ਰਖੀ ਹੈ ਆਫਤ ਸਰ ਪਰ,
ਖ਼ੈਰੀਅਤ ਗੁਜ਼ਰੀ ਕਿ ਅੰਗੂਰ ਕੇ ਬੇਟਾ ਨ ਹੂਆ'-ਅਕਬਰ ਇਲਾਹਾਬਾਦੀ

*ਅੰਗੂਰ ਦੀ ਬੇਟੀ

-'ਕੁਛ ਭੀ ਬਚਾ ਨਾ ਕਹਿਨੇ ਕੋ ਹਰ ਬਾਤ ਹੋ ਗਈ,
ਆਓ ਕਹੀਂ ਸ਼ਰਾਬ ਪੀਏਂ ਰਾਤ ਹੋ ਗਈ'-ਨਿਦਾ ਫਾਜ਼ਲੀ

-'ਨਾ ਤੁਮ ਹੋਸ਼ ਮੇਂ ਹੋ ਨਾ ਮੈਂ ਹੋਸ਼ ਮੇਂ ਹੂੰ,
ਚਲੋ ਮੈਅਕਦੇ ਮੇਂ ਵਹੀਂ ਬਾਤ ਹੋਗੀ'-ਬਸ਼ੀਰ ਬਦਰ

-'ਪਿਲਾ ਦੇ ਓਕ ਮੇਂ ਸਾਕੀ ਜੋ ਹਮ ਸੇ ਨਫਰਤ ਹੈ,
ਪਿਆਲਾ ਗਰ ਨਹੀਂ ਦੇਤਾ ਨਾ ਦੇ ਸ਼ਰਾਬ ਤੋ ਦੇ'-ਮਿਰਜ਼ਾ ਗਾਲਿਬ

-'ਤੁਮਹਾਰੀ ਆਂਖੋਂ ਕੀ ਤੌਹੀਨ ਹੈ ਜ਼ਰਾ ਸੋਚੋ
ਤੁਮਹਾਰਾ ਚਾਹਨੇ ਵਾਲਾ ਸ਼ਰਾਬ ਪੀਤਾ ਹੈ'-ਮੁਨੱਵਰ ਰਾਨਾ

-'ਅਬ ਤੋ ਉਤਨੀ ਭੀ ਮਯਸਰ ਨਹੀਂ ਹੈ ਮੈਖ਼ਾਨੇ ਮੇਂ,
ਜਿਤਨੀ ਹਮ ਛੋੜ ਦੀਆ ਕਰਤੇ ਥੇ ਪੈਮਾਨੇ ਮੇਂ'-ਦੀਵਾਕਰ ਰਾਹੀ

ਨਵੀਨ ਉਰਦੂ/ਹਿੰਦੁਸਤਾਨੀ ਸ਼ਾਇਰੀ ਨੇ ਹੁਣ ਰੁਖ ਬਦਲਿਆ ਹੈ। ਉਦਾਹਰਣ ਵਜੋਂ ਸਿਰਫ ਅਦਮ ਗੌਂਡਵੀ ਦੇ ਦੋ ਸ਼ੇਅਰਾਂ ਦਾ ਹਵਾਲਾ ਦਿੰਦੇ ਹਾਂ-

-'ਜੋ ਗ਼ਜ਼ਲ ਮਾਸ਼ੂਕ ਕੇ ਜਲਵੋਂ ਸੇ ਵਾਕਿਫ ਹੋ ਗਈ,
ਅਬ ਉਸੇ ਬੇਵਾ ਕੇ ਮਾਥੇ ਕੀ ਸ਼ਿਕਨ ਤਕ ਲੇ ਚਲੋ।'

-'ਕਾਜੂ ਭੁਨੇ ਹੈਂ ਪਲੇਟ ਮੇਂ, ਵਿਸਕੀ ਗਿਲਾਸ ਮੇਂ
ਉਤਰਾ ਹੈ ਰਾਮਰਾਜ ਵਿਧਾਇਕ ਨਿਵਾਸ ਮੇਂ।'

ਬੌਲੀਵੁੱਡ ਵਿਚ ਸ਼ਰਾਬ/ਮੈਅ ਬਾਰੇ ਫਿਲਮਾਂ ਵੀ ਹਨ ਤੇ ਗਾਣੇ ਵੀ। ਬਿਗ-ਬੀ ਦੀ 1984 ਦੀ ਇਕ ਫਿਲਮ ਦਾ ਤਾਂ ਨਾਮ ਹੀ 'ਸ਼ਰਾਬੀ' ਹੈ। ਇਸ ਤੋਂ ਪਹਿਲਾਂ ਦੇਵਾ ਨੰਦ-ਮਧੂਬਾਲਾ ਦੀ 1964 ਦੀ ਫਿਲਮ ਦਾ ਵੀ ਇਹੀ ਨਾਮ ਸੀ।

1987 ਦੀ ਫਿਲਮ 'ਖ਼ੁਦਗਰਜ਼' ਦਾ ਇਕ ਗੀਤ ਹੈ-

'ਮੈਅ ਸੇ ਨਾ ਮੀਨਾ ਸੇ ਨਾ ਸਾਕੀ ਸੇ ਨਾ ਪੈਮਾਨੇ ਸੇ
ਦਿਲ ਬਹਿਲਤਾ ਹੈ ਮੇਰਾ ਆਪ ਕੇ ਆ ਜਾਨੇ ਸੇ'।

1972 ਦੀ ਫਿਲਮ 'ਸੀਤਾ ਔਰ ਗੀਤਾ' ਵਿਚ ਹੇਮਾ ਮਾਲਿਨੀ ਉਪਰ ਫਿਲਮਾਇਆ ਇਕ ਗੀਤ ਹੈ-

'ਹਾਂ ਜੀ ਹਾਂ ਮੈਂ ਨੇ ਸ਼ਰਾਬ ਪੀ ਹੈ
ਥੋੜੀ ਸੀ ਨਹੀਂ ਬੇਹਿਸਾਬ ਪੀ ਹੈ।'

ਖ਼ੈਰ, ਸ਼ਰਾਬ, ਖ਼ਾਨਾ ਖ਼ਰਾਬ! ਨਸ਼ਾ, ਕਰੇ ਦੁਰਦਸ਼ਾ!

ਗੁਰਬਾਣੀ ਦਾ ਫੁਰਮਾਨ ਹੈ-

'ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲ ਜਾਂਹਿ'॥(ਸ.ਗ.ਗ.ਸ.ਅੰਗ-1377)

# ਮੱਛਰ ਕਿਸੇ ਨੂੰ ਵੱਧ ਅਤੇ ਕਿਸੇ ਨੂੰ ਘੱਟ ਕਿਉਂ ਕੱਟਦਾ ਹੈ?

ਮੱਛਰ ਮੁੱਢ-ਕਦੀਮ ਤੋਂ ਹੀ ਇਨਸਾਨ ਦਾ ਦੁਸ਼ਮਣ ਰਿਹਾ ਜਾਪਦਾ ਹੈ। ਕਦੇ ਇਹ ਦਿਨ ਨੂੰ ਆਰਾਮ ਨਹੀਂ ਕਰਨ ਦਿੰਦਾ ਅਤੇ ਕਦੇ ਰਾਤ ਨੂੰ ਸੌਣ ਨਹੀਂ ਦਿੰਦਾ। ਇਨਸਾਨ ਦੇ ਸਰੀਰ ਨੂੰ ਕੱਟਦਾ ਤਾਂ ਹੈ ਹੀ ਪਰ ਕਈ ਵਾਰ ਭੀਂ-ਭੀਂ ਦੀ ਆਵਾਜ਼ ਪੈਦਾ ਕਰਕੇ ਸ਼ਾਂਤ ਫਿਜ਼ਾ ਵਿਚ ਜ਼ਹਿਰ ਘੋਲ ਦਿੰਦਾ ਹੈ ਅਤੇ ਇਨਸਾਨ ਦਾ ਸਾਰਾ ਧਿਆਨ ਇਸ ਆਵਾਜ਼ 'ਤੇ ਲੱਗ ਜਾਂਦਾ ਹੈ ਤੇ ਉਸਦੀ ਨੀਂਦ ਖੁਲ੍ਹ ਜਾਂਦੀ ਹੈ।

**ਸੰਜੀਵ ਝਾਂਜੀ ਜਗਰਾਉਂ**

ਇਹ ਸਿਰਫ ਨੀਂਦ ਵਿਚ ਹੀ ਖਲਲ ਨਹੀਂ ਪਾਉਂਦਾ ਸਗੋਂ ਡੇਂਗੂ, ਮਲੇਰੀਆ ਅਤੇ ਚਿਕਨਗੁਣੀਆ ਵਰਗੀਆਂ ਬਿਮਾਰੀਆਂ ਵੀ ਫੈਲਾਉਂਦਾ ਹੈ। ਹੁਣ ਤਾਂ ਡਾਕਟਰ ਵੀ ਅਕਸਰ ਕਹਿ ਦਿੰਦੇ ਹਨ ਕਿ ਮਲੇਰੀਆ, ਡੇਂਗੂ ਦਾ ਸੀਜ਼ਨ ਚੱਲ ਰਿਹਾ ਹੈ।

ਮੱਛਰ ਕਿਸੇ ਨੂੰ ਘੱਟ ਅਤੇ ਕਿਸੇ ਨੂੰ ਵੱਧ ਕਿਉਂ ਲੜਦਾ ਹੈ? ਵੱਧ ਲੜਨ ਵਾਲੇ ਨੂੰ ਆਪਾਂ ਅਕਸਰ ਕਹਿ ਦਿੰਨੇ ਹਾਂ ਕਿ ਇਸ ਦਾ ਖੂਨ ਮਿਠਾ ਹੈ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਮੱਛਰ ਨੂੰ ਇਹ ਸਭ ਕਿਵੇਂ ਪਤਾ ਲੱਗਦਾ ਹੈ ਕਿ ਕਿਸ ਇਨਸਾਨ ਦੇ ਜ਼ਿਆਦਾ ਲੜਨਾ ਹੈ ਅਤੇ ਕਿਸ ਦੇ ਘੱਟ ਲੜਨਾ ਹੈ ਜਾਂ ਨਹੀਂ ਲੜਨਾ।



ਆਈ.ਆਈ.ਟੀ. ਕਾਨਪੁਰ ਦੇ ਮਹਿਤਾ ਫੈਮਿਲੀ ਸੈਂਟਰ ਫਾਰ ਇੰਜਨੀਅਰਿੰਗ ਇਨ ਮੈਡੀਸਨ ਵਿਚ ਪ੍ਰੋਫੈਸਰ ਨਿਤਿਨ ਗੁਪਤਾ ਦੀ ਪ੍ਰਯੋਗਸ਼ਾਲਾ ਵਿਚ ਅੱਜ-ਕੱਲ ਇੱਕ ਪ੍ਰਯੋਗ ਹੋ ਰਿਹਾ ਹੈ। ਉੱਥੇ ਆਈ.ਆਈ.ਟੀ. ਕਾਨਪੁਰ ਦੇ ਵਿਗਿਆਨਿਕ ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਮੱਛਰ ਮਨੁੱਖੀ ਸਰੀਰ ਦੀ ਗੰਧ/ਸਮੈਲ ਰਾਹੀਂ ਕਿਸੇ ਖਾਸ ਕਿਸਮ ਦੇ ਵਿਅਕਤੀ ਤੱਕ ਕਿਵੇਂ ਪਹੁੰਚਦਾ ਹੈ? ਕੀ ਮੱਛਰ ਇਨਸਾਨ ਦੀ ਗੰਧ ਨੂੰ ਪਹਿਚਾਣਦਾ ਹੈ?

ਇਹ ਵਿਗਿਆਨਿਕ ਇਹ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਅਜਿਹੀ ਕਿਹੜੀ ਸੁਗੰਧ ਹੈ ਜਿਹੜੀ ਮੱਛਰ ਨੂੰ ਆਪਣੇ ਵੱਲ ਖਿੱਚਦੀ ਹੈ ਅਤੇ ਮੱਛਰ ਉਸ ਸੁਗੰਧ ਨੂੰ ਪਹਿਚਾਣਦਾ ਕਿਵੇਂ ਹੈ ਭਾਵ ਉਸ ਵਿਚ ਅਜਿਹਾ ਕਿਹੜਾ ਸੈਂਸਰ ਲੱਗਿਆ ਹੁੰਦਾ ਹੈ ਜਿਸ ਤੋਂ ਉਸਨੂੰ ਕਿਸੇ ਖਾਸ ਕਿਸਮ ਦੇ ਵਿਅਕਤੀ ਨੂੰ ਕੱਟਣ ਦੀ ਸੂਚਨਾ ਮਿਲਦੀ ਹੈ।

ਸਿੱਧੇ ਸ਼ਬਦਾਂ ਵਿਚ ਵਿਗਿਆਨੀ ਇਹ ਸਮਝਣਾ ਚਾਹੁੰਦੇ ਹਨ ਕਿ ਮੱਛਰ ਕੀ ਸੁੰਘਦਾ ਹੈ? ਉਸ ਦਾ ਦਿਮਾਗ ਉਸ ਸਮੈਲ ਨੂੰ ਕਿਵੇਂ ਪਹਿਚਾਣਦਾ ਹੈ ਅਤੇ ਉਸ ਤੋਂ ਬਾਅਦ ਦਿਮਾਗ ਵਿਚ ਕੀ-ਕੀ ਤਬਦੀਲੀਆਂ ਆਉਂਦੀਆਂ ਹਨ ਅਤੇ ਉਸ ਤੋਂ ਬਾਅਦ ਮੱਛਰ ਦਾ ਵਤੀਰਾ ਕਿੱਦਾਂ ਦਾ ਹੋ ਜਾਂਦਾ ਹੈ?

ਇਸ ਰਿਸਰਚ ਨਾਲ ਮੱਛਰਾਂ ਨੂੰ ਕੰਟਰੋਲ ਕਰਨ ਦੇ ਤਰੀਕੇ ਮਿਲ ਸਕਦੇ ਹਨ ਜਿਸ ਨਾਲ ਭਵਿੱਖ ਵਿਚ ਮੱਛਰਾਂ ਨੂੰ ਇਨਸਾਨਾਂ ਨੂੰ ਕੱਟਣ-ਵੱਢਣ ਤੋਂ ਰੋਕਣ ਦੇ ਨਵੇਂ ਉਪਾਅ ਲੱਭੇ ਜਾ ਸਕਦੇ ਹਨ ਜਿਹੜੇ ਚਿਕਨਗੁਣੀਆ ਅਤੇ ਮਲੇਰੀਆ, ਡੇਂਗੂ ਆਦਿ ਬਿਮਾਰੀਆਂ ਦੀ ਰੋਕਥਾਮ ਵਿਚ ਵੱਡਾ ਰੋਲ ਅਦਾ ਕਰ ਸਕਦੇ ਹਨ।

# ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ (ਜਨ ਸੰਘ) ਦੀ ਸਾਂਝ ਪੁਰਾਣੀ ਹੈ

ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਤੇ ਸੁਖਬੀਰ ਸਿੰਘ ਬਾਦਲ ਦਰਮਿਆਨ ਹੋਈ ਗੱਲਬਾਤ ਤੋਂ ਬਾਅਦ ਕਿਆਸ ਅਰਾਈਆਂ ਸ਼ੁਰੂ ਹੋ ਗਈਆਂ ਕਿ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦਰਮਿਆਨ ਫਰਵਰੀ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਆਪਸੀ ਸਮਝੌਤਾ ਹੋਵੇਗਾ। ਅਖ਼ਬਾਰਾਂ ਵਿਚ ਸੀਟਾਂ ਦੀ ਵੰਡ ਬਾਰੇ ਵੀ ਖ਼ਬਰਾਂ ਆ ਰਹੀਆਂ ਹਨ। ਆਮ ਤੌਰ 'ਤੇ ਅਕਾਲੀ ਸਫਾਂ ਵਿਚ ਇਹ ਸਮਝਿਆ ਜਾ ਰਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਭਾਰਤੀ ਜਨਤਾ ਪਾਰਟੀ ਨਾਲ ਸਾਂਝ ਪਾਉਣ ਵਾਲਾ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹੈ। ਅਕਾਲੀ ਸਮਝਦੇ ਹਨ ਕਿ ਪ੍ਰਕਾਸ਼



**ਉਜਾਗਰ ਸਿੰਘ**
**ਫੋਨ: 94178-13072**

ਸਿੰਘ ਬਾਦਲ ਨੇ ਭਾਰਤੀ ਜਨਤਾ ਪਾਰਟੀ ਨਾਲ ਸਾਂਝ ਪਾ ਕੇ ਪੰਜਾਬ ਦੀ ਰੀਜਨਲ ਇੱਕੋ-ਇੱਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਭਾਰਤੀ ਜਨਤਾ ਪਾਰਟੀ ਦੀ ਝੋਲੀ ਵਿਚ ਪਾ ਦਿੱਤਾ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਪ੍ਰਕਾਸ਼ ਸਿੰਘ ਬਾਦਲ ਵੱਲੋਂ ਨਿੱਜੀ ਹਿੱਤਾਂ ਲਈ ਇਹ ਬ੍ਰਿਤਾਂਤ ਸਿਰਜਿਆ ਗਿਆ ਸੀ। ਸਿੱਖ ਭਾਵਨਾਤਮਕ ਕੌਮ ਹੈ, ਕਈ ਵਾਰ ਜਲਦਬਾਜ਼ੀ ਵਿਚ ਆਪਣੀ ਵਿਚਾਰਧਾਰਾ ਬਣਾ ਲੈਂਦੀ ਹੈ। ਉਹ ਫੈਸਲਾ ਦਲੀਲ 'ਤੇ ਪੂਰਾ ਨਹੀਂ ਉਤਰਦਾ ਹੁੰਦਾ, ਕਿਉਂਕਿ ਭਾਵਨਾਵਾਂ ਵਿਚ ਵਹਿ ਕੇ ਕੀਤਾ ਫੈਸਲਾ ਸਹੀ ਨਹੀਂ ਹੁੰਦਾ। ਇਸ ਕਰਕੇ ਪ੍ਰਕਾਸ਼ ਸਿੰਘ ਬਾਦਲ ਨੂੰ ਭਾਰਤੀ ਜਨਤਾ ਪਾਰਟੀ ਨਾਲ ਸਾਂਝ ਪਾਉਣ ਵਾਲਾ ਪਹਿਲਾ ਨੇਤਾ ਨਹੀਂ ਕਿਹਾ ਜਾ ਸਕਦਾ। ਜੇਕਰ ਭਾਰਤੀ ਜਨ ਸੰਘ ਦੇ ਇਤਿਹਾਸ ਨੂੰ ਖੰਘਾਲੀਏ ਤਾਂ ਪਤਾ ਲੱਗਦਾ ਹੈ ਕਿ ਇਹ ਸਾਂਝ 86 ਸਾਲ ਪੁਰਾਣੀ ਹੈ। ਹਾਂ ਪ੍ਰਕਾਸ਼ ਸਿੰਘ ਬਾਦਲ ਨੇ ਇਸ ਸਾਂਝ ਨੂੰ ਹੋਰ ਮਜ਼ਬੂਤ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਸੀ। ਪੰਜਾਬ ਵਿਚ ਕਾਂਗਰਸ ਨੂੰ ਪਛਾੜ ਕੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਕਰਕੇ ਇੱਕ ਕਿਸਮ ਨਾਲ ਉਹ ਭਾਰਤੀ ਜਨਤਾ ਪਾਰਟੀ ਦੇ ਰਹਿਮੋ-ਕਰਮ 'ਤੇ ਹੋ ਗਿਆ ਸੀ। ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ (ਭਾਰਤੀ ਜਨ ਸੰਘ) ਦੀ ਸਾਂਝ ਬਹੁਤ ਹੀ ਪੁਰਾਣੀ ਹੈ। ਭਾਰਤੀ ਜਨ ਸੰਘ ਦੀ ਸਥਾਪਨਾ 21 ਅਕਤੂਬਰ 1951 ਨੂੰ ਦਿੱਲੀ ਵਿਚ ਹੋਈ ਸੀ, ਜਦੋਂ ਕਿ ਸ਼੍ਰੋਮਣੀ ਅਕਾਲੀ ਦਲ 1920 ਵਿਚ ਹੋਂਦ ਵਿਚ ਆਇਆ ਸੀ। ਦੋਹਾਂ ਵਿਚ ਇੱਕ ਹੋਰ ਸਾਂਝ ਇਹ ਹੈ ਕਿ ਇਹ ਦੋਵੇਂ ਆਪੋ-ਆਪਣੇ ਧਰਮ ਦੀ ਪ੍ਰਫੁਲਤਾ ਲਈ ਬਣੇ ਸਨ। ਬਾਅਦ ਵਿਚ ਦੋਵੇਂ ਸਿਆਸੀ ਪਾਰਟੀਆਂ ਬਣ ਗਈਆਂ। ਸ਼੍ਰੋਮਣੀ ਅਕਾਲੀ ਦਲ ਨੇ ਤਾਂ ਪਹਿਲੀਆਂ ਚੋਣਾਂ ਕਾਂਗਰਸ ਪਾਰਟੀ ਦੇ ਚੋਣ ਨਿਸ਼ਾਨ 'ਤੇ ਲੜੀਆਂ ਸੀ।

ਭਾਰਤੀ ਜਨ ਸੰਘ ਦਾ ਸੰਸਥਾਪਕ ਸਿਆਮਾ ਪ੍ਰਸਾਦ ਮੁਖਰਜੀ ਸੀ। ਇਹ ਪਾਰਟੀ ਰਾਸ਼ਟਰੀਆ ਸਵੈਮ ਸੇਵਕ ਸੰਘ ਦੀ ਸਹਾਇਤਾ ਨਾਲ ਬਣਾਈ ਗਈ ਸੀ, ਕਿਉਂਕਿ ਸਵੈਮ ਸੇਵਕ ਸੰਘ ਦਾ ਮੁੱਖੀ ਵੀ ਸਿਆਮਾ ਪ੍ਰਸਾਦ ਮੁਖਰਜੀ ਸੀ। ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ ਆਰ.ਐਸ.ਐਸ. ਦੀ ਮਿੱਤਰ ਸਿਆਸੀ ਪਾਰਟੀ ਸੀ। ਆਰ.ਐਸ.ਐਸ. ਦੇ ਵਰਕਰ ਹੀ ਭਾਰਤੀ ਜਨ ਸੰਘ ਦੇ ਮੈਂਬਰ ਬਣੇ ਸਨ। 26 ਸਾਲ ਭਾਰਤੀ ਜਨ ਸੰਘ ਨੇ ਇਕੱਲਿਆਂ ਮਿਹਨਤ ਕਰਕੇ ਆਪਣਾ ਸੰਗਠਨ ਬਣਾਇਆ, ਪ੍ਰੰਤੂ ਫਿਰ ਕਾਂਗਰਸ ਪਾਰਟੀ ਦਾ ਕੇਂਦਰ ਵਿਚ ਦਬਦਬਾ ਖ਼ਤਮ ਕਰਨ ਲਈ 1977 ਵਿਚ ਭਾਰਤੀ ਜਨ ਸੰਘ ਪਾਰਟੀ ਨੂੰ ਭੰਗ ਕਰ ਦਿੱਤਾ ਗਿਆ ਤੇ ਇਸਨੇ ਭਾਰਤ ਦੀਆਂ ਹੋਰ ਸਿਆਸੀ ਖੱਬੇ ਤੇ ਸੱਜੇ ਪੱਖੀ ਅਤੇ ਕੇਂਦਰੀ ਪਾਰਟੀਆਂ ਨਾਲ ਗੱਠਜੋੜ ਕਰ ਲਿਆ ਤੇ ਕੌਮੀ ਪੱਧਰ 'ਤੇ ਜੈ ਪ੍ਰਕਾਸ਼ ਨਰਾਇਣ ਦੀ ਅਗਵਾਈ ਵਿਚ 'ਜਨਤਾ ਪਾਰਟੀ' ਦੀ ਸਥਾਪਨਾ ਕੀਤੀ ਸੀ।

1980 ਵਿਚ ਜਨਤਾ ਪਾਰਟੀ ਦਾ ਗੱਠਜੋੜ ਟੁੱਟ ਗਿਆ ਤਾਂ ਦੁਬਾਰਾ ਇਨ੍ਹਾਂ ਨੇ 1980 ਵਿਚ ਹੀ ਜਨ ਸੰਘ ਦੀ ਥਾਂ ਨਵੇਂ ਨਾਮ 'ਭਾਰਤੀ ਜਨਤਾ ਪਾਰਟੀ' ਦੀ ਸਥਾਪਨਾ ਕਰ ਲਈ ਸੀ। ਹੁਣ ਗੱਲ ਕਰਦੇ ਹਾਂ ਕਿ ਭਾਰਤੀ ਜਨ ਸੰਘ ਪਾਰਟੀ ਦਾ ਸ਼੍ਰੋਮਣੀ ਅਕਾਲੀ ਦਲ ਨਾਲ ਕਿਵੇਂ ਤੇ ਕਦੋਂ ਤਾਲਮੇਲ ਹੋਇਆ ਤੇ ਸਾਂਝ ਬਣੀ। ਸਭ ਤੋਂ ਪਹਿਲਾਂ ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ ਪੈਪਸੂ ਵਿਚ ਪਹਿਲੀਆਂ ਚੋਣਾਂ 1952 ਵਿਚ ਹੋਈਆਂ ਸਨ, ਉਸ ਸਮੇਂ ਕਿਸੇ ਇੱਕ ਪਾਰਟੀ ਨੂੰ ਬਹੁਮੱਤ ਨਾ ਮਿਲਿਆ। ਹੋਰ ਸਿਆਸੀ ਪਾਰਟੀ ਤੋਂ ਸਹਿਯੋਗ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਿਚ ਸਰਕਾਰ ਬਣਾਉਣ ਦੀ ਤਜਵੀਜ਼ ਬਣ ਗਈ। ਉਸ ਤਜਵੀਜ਼ ਅਨੁਸਾਰ ਗਿਆਨ ਸਿੰਘ ਰਾੜੇਵਾਲਾ ਨੇ ਆਪਣੇ ਵਿਸ਼ਵਾਸ ਪਾਤਰ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਵਿਦਿਆਰਥੀ ਨੇਤਾ ਤਰਲੋਚਨ ਸਿੰਘ ਨੂੰ ਭਾਰਤੀ ਜਨ ਸੰਘ ਦੇ ਮੁੱਖੀ ਸਿਆਮਾ ਪ੍ਰਸਾਦ ਮੁਖਰਜੀ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਮਦਦ ਕਰਨ ਦੀ ਗੁਹਾਰ ਵਾਲੀ ਚਿੱਠੀ ਦੇ ਕੇ ਸੰਗਰੂਰ ਤੋਂ ਲੋਕ ਸਭਾ ਦੇ ਮੈਂਬਰ ਸਰਦਾਰ ਬਹਾਦਰ ਰਣਜੀਤ ਸਿੰਘ, ਜੋ ਬੀਬੀ ਨਿਰਲੇਪ ਕੌਰ ਸਪੁੱਤਰੀ ਗਿਆਨ ਸਿੰਘ ਰਾੜੇਵਾਲਾ ਦੇ ਸਹੁਰਾ ਸਨ ਅਤੇ ਸੁਚੇਤ ਸਿੰਘ ਲੋਕ ਸਭਾ ਮੈਂਬਰ ਕੋਲ ਦਿੱਲੀ ਭੇਜਿਆ। ਫਿਰ ਉਹ ਦੋਵੇਂ ਤੇ ਤਰਲੋਚਨ ਸਿੰਘ ਸਿਆਮਾ ਪ੍ਰਸਾਦ ਮੁਖਰਜੀ ਕੋਲ ਗਿਆਨ ਸਿੰਘ ਰਾੜੇਵਾਲਾ ਦੀ ਚਿੱਠੀ ਲੈ ਕੇ ਗਏ, ਕਿਉਂਕਿ ਭਾਰਤੀ ਜਨ ਸੰਘ ਪਾਰਟੀ ਦੇ ਦੋ ਵਿਧਾਇਕ ਰਾਓ ਕਾਹਨ ਸਿੰਘ ਜੋ ਮਹਿੰਦਰਗੜ੍ਹ ਅਤੇ ਓਂਕਾਰ ਸਿੰਘ ਕਾਨਿਆਨਾ ਤੋਂ ਪੈਪਸੂ ਦੀ ਵਿਧਾਨ ਸਭਾ ਲਈ ਵਿਧਾਇਕ ਚੁਣੇ ਗਏ ਸਨ। ਸਿਆਮਾ ਪ੍ਰਸਾਦ ਮੁਖਰਜੀ ਨੇ ਭਾਰਤੀ ਜਨ ਸੰਘ ਦੇ ਮੈਂਬਰਾਂ ਦੀ ਅਕਾਲੀ ਦਲ ਨੂੰ ਸਪੋਰਟ ਦੀ ਚਿੱਠੀ ਦੇ ਦਿੱਤੀ। ਫਿਰ ਭਾਰਤੀ ਜਨ ਸੰਘ ਪਾਰਟੀ ਦੇ ਦੋ ਵਿਧਾਇਕਾਂ ਦੀ ਸਪੋਰਟ ਨਾਲ ਗਿਆਨ ਸਿੰਘ ਰਾੜੇਵਾਲਾ ਮੁੱਖ ਮੰਤਰੀ ਦੀ ਅਗਵਾਈ ਵਿਚ ਸਾਂਝੀ ਸਰਕਾਰ ਬਣੀ ਸੀ। ਪਹਿਲੀ ਵਾਰ ਸ਼੍ਰੋਮਣੀ ਅਕਾਲੀ ਦਲ ਦੀ ਅਤੇ ਨਾਨ ਕਾਂਗਰਸ ਸਰਕਾਰ ਪੈਪਸੂ ਵਿਚ ਗਿਆਨ ਸਿੰਘ ਰਾੜੇਵਾਲਾ ਮੁੱਖ ਮੰਤਰੀ ਦੀ ਅਗਵਾਈ ਵਿਚ ਬਣੀ ਸੀ। ਰਾਓ ਕਾਹਨ ਸਿੰਘ ਪੈਪਸੂ ਵਿਧਾਨ ਸਭਾ ਦਾ ਸਪੀਕਰ ਅਤੇ ਓਂਕਾਰ ਸਿੰਘ ਨੂੰ ਮੰਤਰੀ ਬਣਾਇਆ ਗਿਆ। ਭਾਰਤ ਦੀ ਕੇਂਦਰੀ ਕਾਂਗਰਸ ਪਾਰਟੀ ਦੀ ਸਰਕਾਰ ਨੇ ਇਹ ਸਰਕਾਰ 1953 ਵਿਚ ਭੰਗ ਕਰ ਦਿੱਤੀ। ਉਸਤੋਂ ਬਾਅਦ ਦੂਜੀ ਵਾਰ 1967 ਵਿਚ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਵਿਚ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨ ਸੰਘ ਪਾਰਟੀ ਦੀ ਸਾਂਝੀ ਸਰਕਾਰ ਬਣੀ ਸੀ, ਜਿਸ ਵਿਚ ਜਨ ਸੰਘ ਦੇ ਦੋ ਮੰਤਰੀ ਬਲਰਾਮਜੀ ਦਾਸ ਟੰਡਨ ਅਤੇ ਕ੍ਰਿਸ਼ਨ ਲਾਲ ਵੀ ਸ਼ਾਮਲ ਸਨ। ਇਹ ਸਰਕਾਰ ਅੰਮ੍ਰਿਤਸਰ ਸਾਹਿਬ ਵਿੱਖੇ ਭਾਰਤੀ ਜਨ ਸੰਘ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਥਾਪਨਾ ਦੇ ਵਿਰੋਧ ਕਰਕੇ ਭਾਰਤੀ ਜਨ ਸੰਘ ਸਰਕਾਰ ਵਿਚੋਂ ਅਸਤੀਫ਼ਾ ਦੇ ਕੇ ਨਿਕਲ ਗਿਆ ਸੀ। ਬਿਲਕੁਲ ਇਸੇ ਤਰ੍ਹਾਂ ਤੀਜੀ ਵਾਰ 1970 ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵਿਚ ਵੀ ਭਾਰਤੀ ਜਨ ਸੰਘ ਪਾਰਟੀ ਵੀ ਸਾਂਝੀ ਸਰਕਾਰ ਵਿਚ ਸ਼ਾਮਲ ਹੋ ਗਈ ਸੀ।

1978 ਵਿਚ ਸ਼੍ਰੋਮਣੀ ਅਕਾਲੀ ਦਲ ਨੇ ਇੱਕ ਕਿਸਮ ਨਾਲ ਮੋਗਾ ਵਿਖੇ ਕਾਨਫਰੰਸ ਕਰਕੇ ਇਸਨੂੰ ਪੰਜਾਬੀ ਪਾਰਟੀ ਹੀ ਬਣਾ ਲਿਆ। ਫਿਰ ਸ਼੍ਰੋਮਣੀ ਅਕਾਲੀ ਦਲ ਵਿਚ ਹਿੰਦੂ ਅਤੇ ਹੋਰ ਘੱਟ ਗਿਣਤੀਆਂ ਵੀ ਸ਼ਾਮਲ ਹੋ ਕੇ ਪਾਰਟੀ ਦੇ ਅਹੁਦੇਦਾਰ, ਵਿਧਾਇਕ ਅਤੇ ਮੰਤਰੀ ਬਣਨ ਲੱਗ ਗਏ ਸਨ। ਪੰਜਾਬ ਦੇ ਕਾਲੇ ਦੌਰ ਦਰਮਿਆਨ ਚੋਣਾਂ ਨਾ ਹੋਣ ਕਰਕੇ ਲੰਬਾ ਸਮਾਂ ਰਾਸ਼ਟਰਪਤੀ ਰਾਜ ਰਿਹਾ। ਇਸ ਕਰਕੇ 1970 ਤੋਂ 27 ਸਾਲ ਬਾਅਦ 1997 ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਫਿਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਾਂਝੀ ਸਰਕਾਰ ਬਣੀ ਸੀ। 1997 ਤੋਂ ਬਾਅਦ ਤਾਂ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਬਣਨ ਵਾਲੀ ਹਰ ਸਰਕਾਰ ਵਿਚ ਭਾਰਤੀ ਜਨਤਾ ਪਾਰਟੀ ਸ਼ਾਮਲ ਹੁੰਦੀ ਰਹੀ ਹੈ। ਇਸਤੋਂ ਬਾਅਦ ਇਹ ਕਿਹਾ ਜਾਂਦਾ ਹੈ ਕਿ 1998 ਵਿਚ ਪ੍ਰਕਾਸ਼ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾਵਾਂ ਨੂੰ ਭਰੋਸੇ ਵਿਚ ਲੈਣ ਤੋਂ ਬਿਨਾ ਹੀ ਬਿਨਾ ਸ਼ਰਤ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨੂੰ ਸਪੋਰਟ ਦੇਣ ਦਾ ਐਲਾਨ ਕਰ ਦਿੱਤਾ। ਇਥੇ ਪ੍ਰਕਾਸ਼ ਸਿੰਘ ਬਾਦਲ ਦੀ ਮਨਮਾਨੀ ਅਤੇ ਦੂਰਅੰਦੇਸ਼ੀ ਦਾ ਪ੍ਰਗਟਾਵਾ ਹੁੰਦਾ ਹੈ, ਕਿਉਂਕਿ ਉਸਨੇ ਮਹਿਸੂਸ ਕਰ ਲਿਆ ਸੀ ਕਿ ਸਾਂਝ ਤੋਂ ਬਿਨਾ ਸਰਕਾਰ ਬਣਾਉਣਾ ਅਸੰਭਵ ਹੋਵੇਗਾ। ਬਸ ਫਿਰ ਇਸ ਤੋਂ ਬਾਅਦ ਤਾਂ ਹਮੇਸ਼ਾ ਹੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀਆਂ ਸਾਂਝੀਆਂ ਪੰਜਾਬ ਅਤੇ ਕੇਂਦਰ ਵਿਚ ਸਰਕਾਰਾਂ ਬਣਦੀਆਂ ਆ ਰਹੀਆਂ ਹਨ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਦੋ ਵਾਰ ਸ਼੍ਰੋਮਣੀ ਅਕਾਲੀ ਦਲ ਭਾਈਵਾਲ ਰਿਹਾ। ਸ੍ਰੀ ਨਰਿੰਦਰ ਮੋਦੀ ਤਾਂ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੇ ਪੈਰ ਛੂੰਹਦਾ ਰਿਹਾ ਹੈ। ਪ੍ਰਕਾਸ਼ ਸਿੰਘ ਬਾਦਲ ਤਾਂ ਭਾਰਤੀ ਜਨਤਾ ਪਾਰਟੀ ਅਤੇ ਅਕਾਲੀ ਦਲ ਦਾ ਨਹੁੰ ਮਾਸ ਦਾ ਰਿਸ਼ਤਾ ਕਹਿੰਦੇ ਸਨ, ਪ੍ਰੰਤੂ ਉਨ੍ਹਾਂ ਦੀ ਜ਼ਿੰਦਗੀ ਦੇ ਆਖ਼ਰੀ ਸਮੇਂ ਹੀ ਭਾਰਤੀ ਜਨਤਾ ਪਾਰਟੀ ਨਾਲੋਂ ਅਕਾਲੀ ਦਲ ਨੇ ਨਾਤਾ ਤੋੜ ਲਿਆ ਸੀ। ਭਾਰਤੀ ਜਨਤਾ ਪਾਰਟੀ ਵੱਲੋਂ ਤਿੰਨ ਖੇਤੀ ਕਾਨੂੰਨ ਬਣਾਉਣ ਦੇ ਮੁੱਦੇ 'ਤੇ ਪਹਿਲਾਂ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰ ਸਰਕਾਰ ਦੀ ਵਕਾਲਤ ਕੀਤੀ ਸੀ, ਪ੍ਰੰਤੂ ਪੰਜਾਬ ਦੀ ਕਿਸਾਨੀ ਅਤੇ ਆਮ ਲੋਕਾਂ ਵੱਲੋਂ ਵਿਰੋਧ ਕਰਨ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਨਾ ਚਾਹੁੰਦਿਆਂ ਵੀ ਮਜਬੂਰੀ ਵਸ ਭਾਰਤੀ ਜਨਤਾ ਪਾਰਟੀ ਤੋਂ ਕਿਨਾਰਾ ਕਰਨਾ ਪਿਆ ਸੀ। ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਉਸਤੋਂ ਬਾਅਦ ਚੋਣ ਸਮਝੌਤਾ ਨਹੀਂ ਹੋਇਆ। ਦੋਹਾਂ ਪਾਰਟੀਆਂ ਨੂੰ ਪਤਾ ਹੈ ਕਿ ਪੰਜਾਬ ਵਿਚ ਇਕੱਲਿਆਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਕਦੀ ਵੀ ਸਰਕਾਰ ਨਹੀਂ ਬਣਾ ਸਕਣਗੀਆਂ। ਲਗਪਗ ਹਰ ਵਾਰ ਭਾਰਤੀ ਜਨਤਾ ਪਾਰਟੀ (ਭਾਰਤੀ ਜਨ ਸੰਘ) ਦੀ ਸਪੋਰਟ ਲੈਣੀ ਪੈਂਦੀ ਰਹੀ ਹੈ ਤੇ ਹੁਣ ਅਗਲੀਆਂ ਫਰਵਰੀ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਵੀ ਰਲ-ਮਿਲ ਕੇ ਚੋਣ ਲੜਨ ਤੋਂ ਬਿਨਾ ਸਰਕਾਰ ਬਣਾਉਣੀ ਅਸੰਭਵ ਹੈ। ਇਸ ਲਈ ਇਹ ਸੋਚਣਾ ਕਿ ਇਹ ਪਾਰਟੀਆਂ ਸਮਝੌਤਾ ਨਹੀਂ ਕਰਨਗੀਆਂ ਸਹੀ ਵਿਚਾਰ ਨਹੀਂ ਹਨ। ਜੇਕਰ ਇਨ੍ਹਾਂ ਨੇ ਪੰਜਾਬ ਵਿਚ ਸਰਕਾਰ ਬਣਾਉਣੀ ਹੈ ਤਾਂ ਸਮਝੌਤਾ ਕਰਨਾ ਪਵੇਗਾ।

# ਕਿਸਾਨਾਂ ਦੀਆਂ ਵਾਜਿਬ ਮੰਗਾਂ ਵੱਲ ਧਿਆਨ ਦੇਣ ਸਰਕਾਰਾਂ

ਜ਼ਿੰਦਾ ਰਹਨੇ ਕਾ ਹਕ ਮਿਲੇਗਾ ਉਸੇ,
ਜਸ ਮੇਂ ਮਰਨੇ ਕਾ ਹੌਸਲਾ ਹੋਗਾ।
(ਸਰਫਰਾਜ਼ ਅਬਦ)

ਸੰਯੁਕਤ ਕਿਸਾਨ ਮੋਰਚਾ ਇਕ ਵਾਰ ਫਿਰ ਸੜਕਾਂ 'ਤੇ ਉੱਤਰ ਆਇਆ ਹੈ, ਚੰਡੀਗੜ੍ਹ ਮੁਹਾਲੀ ਬਾਰਡਰ 'ਤੇ 7 ਦਿਨਾਂ ਲਈ ਪੱਕਾ ਮੋਰਚਾ ਸ਼ੁਰੂ ਹੈ। ਸਾਡੀ ਜਾਣਕਾਰੀ ਅਨੁਸਾਰ ਅੱਜ ਤੀਸਰੇ ਦਿਨ ਦੁਪਹਿਰ ਤੱਕ ਵੀ ਪੰਜਾਬ ਅਤੇ ਕੇਂਦਰ ਸਰਕਾਰ ਵਲੋਂ ਮੋਰਚੇ ਦੇ ਆਗੂਆਂ ਨੂੰ ਕਿਸੇ ਗੱਲਬਾਤ ਦਾ ਸੱਦਾ ਨਹੀਂ ਦਿੱਤਾ ਗਿਆ ਤੇ ਨਾ ਹੀ ਕੋਈ ਗੁਪਤ ਟਰੈਕ-2 ਗੱਲਬਾਤ ਦੀ ਕੋਈ



**ਹਰਜਿੰਦਰ ਸਿੰਘ ਲਾਲ**

ਸੂਚਨਾ ਹੈ। ਇਹ ਸਥਿਤੀ ਕਿਸਾਨ ਨੇਤਾਵਾਂ ਵਿਚ ਹਤਾਸ਼ਾ ਵਧਾ ਰਹੀ ਹੈ ਤੇ ਸੰਭਾਵਨਾ ਬਣਦੀ ਜਾ ਰਹੀ ਹੈ ਕਿ ਧਰਨਾ 7 ਦਿਨਾਂ ਦੀ ਬਜਾਏ ਲੰਮਾ ਲਟਕ ਜਾਵੇ।

ਕਿਸਾਨਾਂ ਵਲੋਂ ਦਿੱਤੇ ਮੰਗ ਪੱਤਰ ਵਿਚ ਬਹੁਤ ਸਾਰੀਆਂ ਮੰਗਾਂ ਕੇਂਦਰ ਸਰਕਾਰ ਨਾਲ ਸੰਬੰਧਿਤ ਹਨ ਤੇ ਕਾਫੀ ਮੰਗਾਂ ਪੰਜਾਬ ਸਰਕਾਰ ਨਾਲ ਵੀ ਸੰਬੰਧਿਤ ਹਨ, ਜਿਨ੍ਹਾਂ ਵਿਚ ਪ੍ਰਮੁੱਖ ਤੌਰ 'ਤੇ ਪਾਣੀਆਂ ਨਾਲ ਸੰਬੰਧਿਤ ਸਾਰੇ ਗੈਰ-ਕਾਨੂੰਨੀ ਸਮਝੌਤੇ ਅਤੇ ਪੰਜਾਬ ਪੁਨਰਗਠਨ ਐਕਟ ਦੀਆਂ ਧਾਰਾਵਾਂ 78, 79 ਅਤੇ 80 ਵਿਧਾਨ ਸਭਾ ਵਿਚ ਰੱਦ ਕਰ ਕੇ ਕੇਂਦਰ ਤੋਂ ਇਹ ਪਾਰਲੀਮੈਂਟ ਵਿਚ ਰੱਦ ਕਰਨ ਕਰਾਉਣ ਦੀ ਮੰਗ ਰੱਖੀ ਗਈ ਹੈ। ਡੈਮ ਸੇਫਟੀ ਐਕਟ ਵੀ ਵਿਧਾਨ ਸਭਾ ਵਿਚ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਇਸ ਮੰਗ ਪੱਤਰ ਵਿਚ ਮੰਗਾਂ ਦੀ ਇਕ ਲੰਮੀ ਚੌੜੀ ਸੂਚੀ ਹੈ। ਅਸੀਂ ਸਮਝਦੇ ਹਾਂ ਕਿ ਸੰਯੁਕਤ ਕਿਸਾਨ ਮੋਰਚੇ ਦੀਆਂ ਬਹੁਤੀਆਂ ਮੰਗਾਂ ਸਿਰਫ਼ ਕਿਸਾਨਾਂ ਦੀਆਂ ਨਹੀਂ ਸਗੋਂ ਸਮੁੱਚੇ ਪੰਜਾਬ ਦੀਆਂ ਮੰਗਾਂ ਹਨ ਤੇ ਪੰਜਾਬ ਸਰਕਾਰ ਨੂੰ ਪਹਿਲ ਦੇ ਆਧਾਰ 'ਤੇ ਉਨ੍ਹਾਂ ਨਾਲ ਗੱਲਬਾਤ ਕਰਕੇ ਜੋ ਉਸ ਦੇ ਹੱਥ ਵੱਸ ਹੈ, ਉਹ ਕਰਕੇ ਪੰਜਾਬ ਦੀਆਂ ਮੰਗਾਂ ਕੇਂਦਰ ਤੋਂ ਮਨਵਾਉਣ ਦਾ ਰਾਹ ਲੱਭਣਾ ਚਾਹੀਦਾ ਹੈ।

ਬਾਤ ਹੱਕ ਹੈ ਤੋ ਫਿਰ ਕਬੂਲ ਕਰੋ,
ਯੇ ਨਾ ਦੇਖੋ ਕਿ ਕੌਣ ਕਹਤਾ ਹੈ।
(ਦਿਵਾਕਰ ਰਾਹੀਂ)

**ਲਾਇਸੰਸੀ ਹਥਿਆਰ ਤੇ ਸਰਕਾਰ**

ਕੁਛ ਤੋ ਸੋਚਾ ਭੀ ਕਰੋ ਫੈਸਲੇ ਲੇਤੇ ਵਕਤ,
ਕੁਛ ਤੋ ਸਰਕਾਰ ਹਕੀਕਤ ਕੋ ਦੇਖਾ ਭੀ ਕਰੋ।

ਸਰਕਾਰ ਨੇ ਜ਼ੁਬਾਨੀ ਹੁਕਮਾਂ ਨਾਲ ਪੰਜਾਬ ਵਿਚ ਅਸਲਾ ਲਾਇਸੈਂਸ ਬਣਾਉਣੇ ਰੋਕ ਦਿੱਤੇ ਹਨ, ਜਦੋਂ ਕਿ ਸਰਕਾਰੀ ਡਾਟਾ ਸਾਫ਼ ਦੱਸਦਾ ਹੈ ਕਿ ਹਥਿਆਰ ਨਾਲ ਹੋਣ ਵਾਲੀ ਹਿੰਸਾ ਤੇ ਕਤਲ 99 ਫ਼ੀਸਦੀ ਗੈਰ-ਲਾਇਸੈਂਸੀ ਨਾਜਾਇਜ਼ ਹਥਿਆਰਾਂ ਨਾਲ ਹੀ ਹੁੰਦੇ ਹਨ। ਪੰਜਾਬ ਸਰਕਾਰ ਨੇ ਪਿਛਲੇ 3 ਸਾਲਾਂ ਵਿਚ ਹੀ 2300 ਤੋਂ ਵਧੇਰੇ ਗੈਰ-ਕਾਨੂੰਨੀ ਹਥਿਆਰ ਕਾਬੂ ਕੀਤੇ ਹਨ ਜੋ ਪਾਕਿਸਤਾਨ ਜਾਂ ਬਾਹਰਲੇ ਸੂਬਿਆਂ ਤੋਂ ਤਸਕਰੀ ਰਾਹੀਂ ਪੰਜਾਬ ਪੁੱਜੇ ਸਨ। ਪੰਜਾਬ ਵਿਚ ਲਾਇਸੈਂਸੀ ਹਥਿਆਰਾਂ ਨਾਲ ਹੋਏ ਅਪਰਾਧਾਂ ਦੀ ਗਿਣਤੀ ਤਾਂ 1 ਫ਼ੀਸਦੀ ਤੋਂ ਵੀ ਘੱਟ ਹੈ। ਇਹ ਅੰਕੜਾ ਸਾਫ਼ ਤੇ ਸਪੱਸ਼ਟ ਬਿਆਨ ਕਰਦਾ ਹੈ ਕਿ ਭਾਵੇਂ ਪੰਜਾਬ ਵਿਚ ਦੇਸ਼ ਦੇ ਤਨਾਸਬ ਵਿਚ ਲਾਇਸੈਂਸੀ ਹਥਿਆਰਾਂ ਦੀ ਗਿਣਤੀ ਕਿਤੇ ਵੱਡੀ ਹੈ ਪਰ ਆਮ ਤੌਰ 'ਤੇ ਇਹ ਕਾਨੂੰਨੀ ਹਥਿਆਰ ਸਵੈ-ਰੱਖਿਆ ਲਈ ਹੀ ਵਰਤੇ ਜਾਂਦੇ ਹਨ, ਅਪਰਾਧਾਂ ਲਈ ਨਹੀਂ। ਇਸ ਲਈ ਪੰਜਾਬ ਸਰਕਾਰ ਵਲੋਂ ਹਥਿਆਰਾਂ ਦੇ ਲਾਇਸੈਂਸ ਦੇਣ 'ਤੇ ਰੋਕ ਲਾਉਣੀ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਸਮਝੀ ਜਾ ਸਕਦੀ। ਕਿਉਂਕਿ ਪੰਜਾਬ ਵਿਚ ਚੱਲ ਰਿਹਾ ਫਿਰੌਤੀਆਂ ਤੇ ਗੈਂਗਸਟਰਵਾਦ ਦਾ ਦੌਰ ਸਵੈ-ਰੱਖਿਆ ਲਈ ਲਾਇਸੈਂਸੀ ਹਥਿਆਰ ਰੱਖਣਾ ਲਾਜ਼ਮੀ ਬਣਾਉਂਦਾ ਹੈ ਤੇ ਇਹ ਜੁਰਮ ਨੂੰ ਰੋਕਣ ਵਿਚ ਸਹਾਈ ਵੀ ਹੁੰਦਾ ਹੈ। ਜੇਕਰ ਇਮਾਨਦਾਰ ਤੇ ਸ਼ਰੀਫ ਲੋਕਾਂ ਨੂੰ ਲਾਇਸੈਂਸ ਨਹੀਂ ਮਿਲਣਗੇ ਤਾਂ ਉਹ ਵੀ ਗੈਰ-ਕਾਨੂੰਨੀ ਹਥਿਆਰਾਂ ਵੱਲ ਰੁਚਿਤ ਹੋ ਸਕਦੇ ਹਨ। ਇਹ ਹਥਿਆਰ ਕਾਨੂੰਨੀ ਹਥਿਆਰਾਂ ਨਾਲੋਂ ਲੈਣੇ ਵੀ ਸਸਤੇ ਹਨ ਤੇ ਇਨ੍ਹਾਂ ਵਿਚ ਕਾਗਜ਼ਾਂ ਦਾ ਝੰਜਟ ਵੀ ਨਹੀਂ। ਭਾਵੇਂ ਫੜੇ ਜਾਣ 'ਤੇ ਵੱਡੀ ਸਜ਼ਾ ਵੀ ਮਿਲਦੀ ਹੈ। ਆਜ਼ਾਦ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਦੋਸ਼ ਲਾਇਆ ਹੈ ਕਿ ਪੰਜਾਬ ਵਿਚ ਇਕ ਲਾਇਸੈਂਸ ਬਣਾਉਣ 'ਤੇ 3 ਤੋਂ 5 ਲੱਖ ਰੁਪਏ ਦੀ ਰਿਸ਼ਵਤ ਲਈ ਜਾ ਰਹੀ ਹੈ। ਸਰਕਾਰੀ ਫੀਸ ਵੀ ਕੁੱਲ ਮਿਲਾ ਕੇ 50 ਤੋਂ 70 ਦੇ ਆਸ-ਪਾਸ ਹੈ। ਇਹ ਵੀ ਹੈਰਾਨੀ ਦੀ ਗੱਲ ਹੈ ਕਿ ਮੁਜਰਿਮ ਤਾਂ ਕਾਨੂੰਨੀ ਹਥਿਆਰ ਜਿਥੇ ਮਰਜ਼ੀ ਚੁੱਕੀ ਫਿਰਦੇ ਹਨ ਪਰ ਸਵੈ-ਰੱਖਿਆ ਲਈ ਲਏ ਲਾਇਸੈਂਸੀ ਹਥਿਆਰ ਜਦੋਂ ਉਨ੍ਹਾਂ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ, ਉਸ ਵੇਲੇ ਜਮ੍ਹਾ ਕਰਵਾਉਣ ਦੇ ਹੁਕਮ ਹੋ ਜਾਂਦੇ ਹਨ। ਚੋਣਾਂ ਵਿਚ ਚੋਣ ਬੂਥ ਦੇ ਨੇੜੇ ਹਥਿਆਰ ਲੈ ਕੇ ਜਾਣ 'ਤੇ ਪਾਬੰਦੀ ਤਾਂ ਸਮਝ ਆਉਂਦੀ ਹੈ ਪਰ ਉਸ ਵੇਲੇ ਘਰਾਂ ਵਿਚ ਤੇ ਬਾਜ਼ਾਰਾਂ ਵਿਚ ਸਵੈ-ਰੱਖਿਆ ਦੀ ਸਭ ਤੋਂ ਵੱਧ ਲੋੜ ਵੀ ਹੁੰਦੀ ਹੈ ਤੇ ਹਥਿਆਰ ਥਾਣੇ ਵਿਚ ਜਮ੍ਹਾਂ ਕਰਵਾ ਲਏ ਜਾਂਦੇ ਹਨ, ਅਜਿਹਾ ਕਿਉਂ? ਬੇਸ਼ੱਕ ਹਥਿਆਰ ਦਾ ਲਾਇਸੈਂਸ ਦੇਣ ਵੇਲੇ ਆਦਮੀ ਦੀ ਗਹਿਰੀ ਤੇ ਸਖ਼ਤ ਜਾਂਚ ਕੀਤੀ ਜਾਵੇ, ਪਰ ਉਸ 'ਤੇ ਵਿਸ਼ਵਾਸ ਵੀ ਦਿਖਾਇਆ ਜਾਵੇ। ਇਹ ਜੁਰਮ ਘਟਾਉਣ ਵਿਚ ਹੀ ਮਦਦ ਕਰੇਗਾ। ਅਸਲ ਖ਼ਤਰਾ ਗੈਰ-ਕਾਨੂੰਨੀ ਹਥਿਆਰਾਂ ਤੋਂ ਹੈ, ਜਿਸ ਦਾ ਪਤਾ ਹੀ ਨਹੀਂ ਲਗਦਾ। ਸਗੋਂ ਚਾਹੀਦਾ ਤਾਂ ਇਹ ਹੈ ਕਿ ਲਾਇਸੈਂਸ ਫੀਸ ਘਟਾਈ ਜਾਵੇ, ਲਾਇਸੈਂਸ ਬਣਾਉਣ ਦੀ ਪ੍ਰਕਿਰਿਆ ਅਸਾਨ ਤੇ ਪਾਰਦਰਸ਼ੀ ਕੀਤੀ ਜਾਵੇ, ਹਾਂ ਗਲਤ ਵਰਤੋਂ ਦੀ ਸਜ਼ਾ ਸਖ਼ਤ ਹੋਵੇ। ਗੈਰ-ਕਾਨੂੰਨੀ ਹਥਿਆਰ ਫੜੇ ਜਾਣ, ਲਾਇਸੈਂਸੀ ਹਥਿਆਰ ਹੋਣ ਨਾਲ ਸ਼ਰੀਫ਼ ਬੰਦਾ ਫਿਰੌਤੀਆਂ ਤੇ ਗੈਂਗਸਟਰਵਾਦ ਦੇ ਦੌਰ ਵਿਚ ਥੋੜਾ ਮੁਤਮਈਨ (ਨਿਸ਼ਚਿੰਤ) ਹੋ ਕੇ ਰਹਿ ਸਕਦਾ ਹੈ। ਸ਼ਾਰਿਕ ਕੈਫੀ ਦੇ ਸ਼ਬਦਾਂ ਵਿਚ:

ਗਏ ਭੀ ਜਾਨ ਸੇ ਔਰ ਕੋਈ ਭੀ ਮੁਤਮਈਨ ਨਾ ਹੁਆ
ਕਿ ਫਿਰ ਦਿਫ਼ਾ ਨਾ ਕਰਨੇ ਕੀ ਹਮ ਪੇ ਤੋਹਮਤ ਥੀ।
(ਮੁਤਮਈਨ-ਚਿੰਤਾ ਰਹਿਤ, ਤੋਹਮਤ-ਇਲਜ਼ਾਮ, ਦਿਫਾ-ਹਿਫਾਜ਼ਤ)

**ਡੀ.ਏ. ਦਾ ਮਾਮਲਾ ਤੇ ਰਾਜਨੀਤੀ**

ਇਸ ਵੇਲੇ ਪੰਜਾਬ ਵਿਚ ਸਰਕਾਰੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਡੀ.ਏ. ਸੰਬੰਧੀ ਝਗੜਾ ਸਿਰਫ਼ ਵਿੱਤੀ ਜਾਂ ਅਦਾਲਤੀ ਝਗੜਾ ਹੀ ਨਹੀਂ ਰਹਿ ਗਿਆ, ਸਗੋਂ ਇਹ 2027 ਦੀਆਂ ਚੋਣਾਂ ਤੋਂ ਪਹਿਲਾਂ ਇਕ ਵੱਡਾ ਰਾਜਨੀਤਕ ਮੁੱਦਾ ਵੀ ਬਣ ਗਿਆ ਹੈ। ਇਸ ਨੇ ਮੁਫ਼ਤ ਦੀਆਂ ਸਰਕਾਰੀ ਸਹੂਲਤਾਂ (ਵੀ ਬੀਜ) ਅਤੇ ਹੱਕ ਦੀ ਬਹਿਸ ਵੀ ਛੇੜ ਦਿੱਤੀ ਹੈ। ਮੁਲਾਜ਼ਮ ਤੇ ਵਿਰੋਧੀ ਪਾਰਟੀਆਂ ਦਾ ਇਲਜ਼ਾਮ ਹੈ ਕਿ ਸਰਕਾਰ ਕੋਲ ਵੋਟਾਂ ਲਈ ਮੁਫ਼ਤ ਸਹੂਲਤਾਂ ਦੇਣ ਵਾਸਤੇ ਤਾਂ ਪੈਸਾ ਹੈ, ਪਰ ਮੁਲਾਜ਼ਮਾਂ ਦਾ ਬਣਦਾ ਹੱਕ ਅਦਾਲਤੀ ਫੈਸਲੇ ਦੇ ਬਾਵਜੂਦ ਦੇਣ ਲਈ ਪੈਸੇ ਨਹੀਂ ਹਨ। ਪਰ ਪੰਜਾਬ ਸਰਕਾਰ ਕਹਿ ਰਹੀ ਹੈ ਕਿ ਪੰਜਾਬ ਵਿਚ ਤਨਖਾਹਾਂ ਸਭ ਤੋਂ ਵੱਧ ਹਨ। ਗੁਜਰਾਤ ਨਾਲੋਂ ਪੰਜਾਬ ਵਿਚ 28 ਫ਼ੀਸਦੀ ਵਧੇਰੇ ਤਨਖਾਹ ਹੈ। ਪੰਜਾਬ ਦੇ ਕੁੱਲ ਰੈਵੇਨਿਊ ਦਾ 51 ਫ਼ੀਸਦੀ ਮੁਲਾਜ਼ਮਾਂ ਦੇ ਖਾਤੇ ਵਿਚ ਜਾ ਰਿਹਾ ਹੈ। ਪਰ ਗੌਰਤਲਬ ਹੈ ਕਿ ਪੰਜਾਬ ਵਿਚ ਡੀ.ਏ. ਦਰ 42 ਫ਼ੀਸਦੀ ਹੈ ਤੇ ਕੇਂਦਰ ਵਿਚ 60 ਫ਼ੀਸਦੀ। ਪੰਜਾਬ ਸਰਕਾਰ ਕਹਿੰਦੀ ਹੈ ਕਿ ਇਹ ਮਾਮਲਾ ਪਿਛਲੀਆਂ ਸਰਕਾਰਾਂ ਵੇਲੇ ਦਾ ਵਿਰਾਸਤ ਵਿਚ ਮਿਲਿਆ ਹੈ। ਉਸ ਨੇ ਇਹ ਭੁਗਤਾਨ 5 ਕਿਸ਼ਤਾਂ ਵਿਚ ਕਰਨ ਦੀ ਤਜਵੀਜ਼ ਬਣਾਈ ਸੀ ਪਰ ਹਾਈਕੋਰਟ ਨੇ 15 ਦਿਨਾਂ ਵਿਚ ਪੂਰਾ ਭੁਗਤਾਨ ਕਰਨ ਦਾ ਹੁਕਮ ਦਿੱਤਾ ਹੈ। ਮੁਲਾਜ਼ਮਾਂ ਨੇ ਹਾਈਕੋਰਟ ਦੀ ਮਾਣਹਾਨੀ ਦਾ ਕੇਸ ਵੀ ਪਾਇਆ ਹੈ ਤੇ ਪੰਜਾਬ ਸਰਕਾਰ ਕੁੱਲ ਕਿੰਨਾ ਪੈਸਾ ਪੰਜਾਬ ਦੇ ਮੁਲਾਜ਼ਮ ਨੂੰ ਮਿਲ ਰਿਹਾ ਹੈ, ਦੇ ਆਧਾਰ 'ਤੇ ਸੁਪਰੀਮ ਕੋਰਟ ਵਿਚ ਹੈ। ਪਰ ਮਾਮਲੇ ਦਾ ਰਾਜਨੀਤਕ ਪੱਖ ਵੀ ਤਕੜਾ ਹੈ, ਕਿਉਂਕਿ ਹੁਣ ਜੇ ਸੁਪਰੀਮ ਕੋਰਟ ਵਿਚ ਫ਼ੈਸਲਾ ਸਰਕਾਰ ਦੇ ਹੱਕ ਵਿਚ ਹੋ ਜਾਂਦਾ ਹੈ ਤਾਂ ਮੁਲਾਜ਼ਮ ਵਰਗ ਹੋਰ ਨਰਾਜ਼ ਹੋ ਜਾਵੇਗਾ, ਜੇ ਮੁਲਾਜ਼ਮਾਂ ਦੇ ਹੱਕ ਵਿਚ ਹੋਇਆ ਸਰਕਾਰ ਦੀਆਂ ਆਰਥਿਕ ਮੁਸ਼ਕਿਲਾਂ ਵਧ ਜਾਣਗੀਆਂ। ਪੰਜਾਬ ਸਿਰ ਪਹਿਲਾਂ ਹੀ ਹੁਣ ਤੱਕ 4.35 ਲੱਖ ਕਰੋੜ ਦਾ ਕਰਜ਼ਾ ਹੋਣ ਦੇ ਅਨੁਮਾਨ ਹਨ। ਮਾਰਚ 2027 ਤੱਕ ਇਹ ਹੋਰ ਵਧੇਗਾ। ਕੁੱਲ ਕਰੀਬ ਸਾਢੇ 7 ਲੱਖ ਮੁਲਾਜ਼ਮ ਹਨ, ਜੇਕਰ ਇਕ ਪਰਿਵਾਰ ਦੀਆਂ 4 ਵੋਟਾਂ ਗਿਣੀਆਂ ਜਾਣ ਤਾਂ ਇਹ 30 ਲੱਖ ਦੇ ਕਰੀਬ ਬਣਦੀਆਂ ਹਨ, ਜੋ ਚੋਣ ਨਤੀਜਿਆਂ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕਰ ਸਕਦੀਆਂ ਹਨ। ਇਸ ਲਈ ਵਿਰੋਧੀ ਪਾਰਟੀਆਂ ਮੁਲਾਜ਼ਮਾਂ ਦੇ ਹੱਕ ਵਿਚ ਖੁੱਲ੍ਹ ਕੇ ਬੋਲ ਰਹੀਆਂ ਹਨ। ਅਜਿਹੀ ਹਾਲਤ ਵਿਚ ਪੰਜਾਬ ਸਰਕਾਰ ਲਈ ਸਭ ਤੋਂ ਚੰਗਾ ਰਸਤਾ ਤਾਂ ਇਹੀ ਹੈ ਕਿ ਉਹ ਅਦਾਲਤ ਤੋਂ ਬਾਹਰ ਮੁਲਾਜ਼ਮ ਅਤੇ ਪੈਨਸ਼ਨਰ ਯੂਨੀਅਨਾਂ ਦੇ ਆਗੂਆਂ ਨਾਲ ਗੱਲਬਾਤ ਰਾਹੀਂ ਵਿਚਕਾਰਲਾ ਰਾਹ ਕੱਢੇ। ਉਂਝ ਵੋਟਾਂ ਲਈ ਮੁਫ਼ਤ ਦੀਆਂ ਯੋਜਨਾਵਾਂ ਕਿਸੇ ਵੀ ਕੌਮ ਦੀ ਤਰੱਕੀ ਵਿਚ ਕੰਡੇ ਬੀਜਣ ਦਾ ਕੰਮ ਹੀ ਕਰਦੀਆਂ ਹਨ। ਇਤਿਹਾਸ ਗਵਾਹ ਹੈ ਕਿ ਜਿਹੜੀਆਂ ਕੌਮਾਂ ਨੂੰ ਮੁਫ਼ਤ ਦੀ ਚੇਟਕ ਲਾ ਦਿੱਤੀ ਜਾਵੇ ਉਹ ਬਰਬਾਦ ਹੋ ਜਾਂਦੀਆਂ ਹਨ ਤੇ ਸਵੈਮਾਣ ਖ਼ਤਮ ਕਰ ਬੈਠਦੀਆਂ ਹਨ।

ਮਾਲ-ਏ-ਮੁਫ਼ਤ ਇਕ ਮੀਠਾ ਸਾ ਜ਼ਹਿਰ ਹੈ ਯਾਰੋ
ਮਾਲ-ਏ-ਮੁਫ਼ਤ ਸੇ ਕੌਮੇਂ ਜ਼ਲੀਲ ਹੋ ਜਾਏਂ।

**ਬਾਦਲ ਪੁਰਾਣੇ ਸਾਥੀ ਵਾਪਸ ਬੁਲਾਉਣ ਲੱਗੇ?**

ਅਕਾਲੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਚੋਣ ਮੁਹਿੰਮ ਸੰਭਾਲਣ ਲਈ ਆਪਣੇ ਪੁਰਾਣੇ ਸਲਾਹਕਾਰਾਂ ਤੇ ਸਾਥੀਆਂ ਨੂੰ ਵਾਪਸ ਬੁਲਾਉਣ ਬਾਰੇ ਕੋਈ ਰਣਨੀਤੀ ਬਣਾ ਰਹੇ ਹਨ। ਇਸ ਦਾ ਇਸ਼ਾਰਾ ਬੀਤੇ ਦਿਨ ਉਨ੍ਹਾਂ ਵਲੋਂ ਆਪਣੇ ਇਕ ਰਾਜਨੀਤਕ ਸਲਾਹਕਾਰ ਨਾਲ ਕੀਤੀ ਮੀਟਿੰਗ ਤੋਂ ਮਿਲਦਾ ਹੈ। ਪਤਾ ਲੱਗਾ ਹੈ ਕਿ ਉਹ ਚੋਣ ਮੁਹਿੰਮ ਸੰਭਾਲਣ ਵਾਲੇ ਉਨ੍ਹਾਂ ਸਾਥੀਆਂ ਦੀਆਂ ਸੇਵਾਵਾਂ ਦੁਬਾਰਾ ਲੈਣ ਬਾਰੇ ਸੋਚ ਰਹੇ ਹਨ, ਜਿਨ੍ਹਾਂ ਨੇ 2012 ਦੀਆਂ ਵਿਧਾਨ ਸਭਾ ਚੋਣਾਂ ਦੁਬਾਰਾ ਜਿੱਤਣ ਵਿਚ ਚੰਗੀ ਭੂਮਿਕਾ ਨਿਭਾਈ ਸੀ ਤੇ ਉਹ ਸਿੱਧੀ ਰਾਜਨੀਤੀ ਵਿਚ ਵੀ ਨਹੀਂ ਉਤਰੇ ਸਨ।

*ਰੋਜ਼ਾਨਾ ਅਜੀਤ ਤੋਂ ਧੰਨਵਾਦ ਸਹਿਤ*



# ਫ਼ਿਲਮ ਲੋਕ



## ਕੋਰੀਅਨ ਪ੍ਰਾਜੈਕਟ ਵਿਚ ਨਜ਼ਰ ਆ ਸਕਦੀ ਹੈ ਇੰਦਰਾਕਸ਼ੀ ਕਾਂਜੀਲਾਲ



ਅਦਾਕਾਰਾਂ ਇੰਦਰਾਕਸ਼ੀ ਕਾਂਜੀਲਾਲ, ਟੀ.ਵੀ. ਨਿਰਮਾਤਾ ਅਤੇ ਅਭਿਨੇਤਾ ਜੇ.ਡੀ. ਮਜੇਠੀਆ ਦੇ 'ਸੋਨੀ ਸਬ' 'ਤੇ ਪ੍ਰਸਾਰਿਤ 'ਵੂਮੇਨ ਓਰੀਐਂਟਡ' ਸ਼ੋਅ 'ਪੁਸ਼ਪਾ ਇੰਪਾਸੀਬਲ' ਵਿਚ ਪ੍ਰਾਰਥਨਾ ਬਾਪੋਦਰਾ ਦੇ ਮਹੱਤਵਪੂਰਨ ਕਿਰਦਾਰ ਵਿਚ ਨਜ਼ਰ ਆਈ ਜਦ ਕਿ ਮੁੱਖ ਭੂਮਿਕਾ ਵਿਚ ਕਰੁਣਾ ਪਾਂਡੇ ਦੀ ਮੌਜੂਦਗੀ ਸੀ। ਮੂਲ ਰੂਪ ਵਿਚ ਕੋਲਕਾਤਾ ਦੀ ਰਹਿਣ ਵਾਲੀ ਇੰਦਰਾਕਸ਼ੀ ਦੇ ਪਿਤਾ, ਮਿਨਮਯ ਕਾਂਜੀਲਾਲ, ਐਂਟਰਟੇਨਮੈਂਟ ਇੰਡਸਟਰੀ ਦੇ ਮੰਨੇ-ਪ੍ਰਮੰਨੇ ਨਿਰਮਾਤਾ ਹਨ, ਜਿਨ੍ਹਾਂ ਨੂੰ ਉਨ੍ਹਾਂ ਦੇ ਸ਼ੁਰੂਆਤੀ ਕਰੀਅਰ ਵਿਚ ਕਾਫ਼ੀ ਕਾਮਯਾਬੀ ਦੇਖਣ ਨੂੰ ਮਿਲੀ ਸੀ।

ਯੂ.ਪੀ.ਐਸ.ਸੀ. ਦਾ ਸੁਪਨਾ ਪਾਲਣ ਵਾਲੀ ਇੰਦਰਾਕਸ਼ੀ ਗ੍ਰੈਜੂਏਸ਼ਨ ਕਰ ਰਹੀ ਸੀ ਪਰ .ਕਿਤੇ ਨਾ ਕਿਤੇ ਉਸ ਦਾ ਅਸਲ ਜਨੂੰਨ ਅਦਾਕਾਰਾ ਬਣਨ ਲਈ ਹੀ ਸੀ। ਇਸ ਲਈ ਪੜ੍ਹਾਈ ਦੇ ਨਾਲ-ਨਾਲ ਉਸ ਨੇ ਮਾਂਡਲਿੰਗ ਦੀ ਸ਼ੁਰੂਆਤ ਕਰ ਦਿੱਤੀ। ਇੰਦਰਾਕਸ਼ੀ ਨੇ 'ਪੁਸ਼ਪਾ ' ਇੰਪਾਸ਼ੀਬਲ' ਲਈ ਆਨਲਾਈਨ ਆਡੀਸ਼ਨ ਦਿੱਤਾ ਸੀ। ਚੰਗੀ ਗੱਲ ਰਹੀ ਕਿ ਉਸ ਆਡੀਸ਼ਨ ਵਿਚ ਕਾਮਯਾਬੀ ਹਾਸਿਲ ਕਰਨ ਤੋਂ ਬਾਅਦ ਉਸ ਦੀ ਚੋਣ ਹੋ ਗਈ। ਚੁਣੇ ਜਾਣ ਤੋਂ ਬਾਅਦ ਇੰਦਰਾਕਸ਼ੀ ਕਾਂਜੀਲਾਲ ਪੜ੍ਹਾਈ ਵਿਚਾਲੇ ਛੱਡ ਕੇ ਕੋਲਕਾਤਾ ਤੋਂ ਮੁੰਬਈ ਆ ਗਈ। ਇੰਦਰਾਕਸ਼ੀ ਕਾਂਜੀਲਾਲ ਨੇ 'ਪੁਸ਼ਪਾ ਇੰਪਾਸੀਬਲ' ਵਿਚ ਆਪਣੇ ਪ੍ਰਦਰਸ਼ਨ ਨਾਲ ਦਰਸ਼ਕਾਂ ਦਾ ਦਿਲ ਜਿੱਤ ਲਿਆ ਸੀ। ਲਗਭਗ ਚਾਰ ਸਾਲ ਤੱਕ ਇਸ ਸ਼ੋਅ ਦਾ ਹਿੱਸਾ ਰਹਿਣ ਤੋਂ ਬਾਅਦ ਇੰਦਰਾਕਸ਼ੀ ਨੇ ਖੁਦ ਨੂੰ ਇਸ ਸ਼ੋਅ ਤੋਂ ਵੱਖ ਕਰ ਲਿਆ।

ਕਿਹਾ ਜਾਂਦਾ ਹੈ ਕਿ ਕਿਤੇ ਨਾ ਕਿਤੇ ਇੰਦਰਾਕਸ਼ੀ ਨੂੰ ਮਹਿਸੂਸ ਹੋਣ ਲੱਗਾ ਸੀ ਕਿ ਉਸ ਨੂੰ ਸ਼ੋਅ ਵਿਚ ਸਹੀ ਥਾਂ ਨਹੀਂ ਮਿਲੀ ਜਾਂ 'ਟੈਕ' ਨਹੀਂ ਮਿਲ ਰਿਹਾ ਸੀ, ਜਿਸ ਦੀ ਵਜ੍ਹਾ ਕਰਕੇ ਉਸ ਦੀ ਅਭਿਨੈ ਪ੍ਰਤਿਭਾ ਦੀ ਪੂਰੀ ਵਰਤੋਂ ਨਹੀਂ ਹੋ ਰਹੀ ਸੀ। ਇਸ ਤੋਂ ਇਲਾਵਾ ਮਿਹਨਤ ਦੇ ਅਨੁਸਾਰ ਨਤੀਜਾ ਨਾ ਮਿਲ ਸਕਣ ਦਾ ਗੁੱਸਾ ਇੰਦਰਕਾਸ਼ੀ ਦੇ ਮਨ ਵਿਚ ਸੀ ਪਰ ਸਭ ਤੋਂ ਵੱਡੀ ਮੁਸ਼ਕਿਲ ਉਸ ਦੇ ਸਾਹਮਣੇ ਉਦੋਂ ਆਈ ਜਦੋਂ ਸ਼ੋਅ ਵਿਚ ਆਉਣ ਵਾਲੇ 'ਲੀਪ' ਤੋਂ ਬਾਅਦ ਉਸ ਨੂੰ ਇਕ ਵੱਡੀ ਉਮਰ ਦੀ ਔਰਤ ਦਾ ਕਿਰਦਾਰ ਨਿਭਾਉਣ ਲਈ ਕਿਹਾ ਗਿਆ, ਜਿਸ ਨੂੰ ਨਿਭਾਉਣ ਵਿਚ ਉਸ ਦੀ ਕੋਈ ਰੁਚੀ ਨਹੀਂ ਸੀ। ਇਸ ਤਰ੍ਹਾਂ ਉਸ ਨੇ ਸ਼ੋਅ ਤੋਂ ਵੱਖ ਹੋਣ ਦਾ ਨਿਰਣਾ ਲਿਆ। 'ਪੁਸ਼ਪਾ ਇੰਪਾਸੀਬਲ' ਤੋਂ ਬਾਹਰ ਹੋਣ ਤੋਂ ਬਾਅਦ, ਇੰਦਰਕਾਸ਼ੀ ਨਵੇਂ ਮੌਕਿਆਂ ਦੀ ਭਾਲ ਕਰ ਰਹੀ ਹੈ। ਖ਼ਬਰਾਂ ਵੱਲ ਦੇਖੀਏ ਤਾਂ ਇਕ ਵੱਡੇ ਕੋਰੀਅਨ ਪ੍ਰਾਜੈਕਟ ਅਤੇ ਕੁਝ ਬ੍ਰਾਂਡ ਕੋਲੈਬੋਰੇਸ਼ਨ ਨਾਲ ਉਸ ਦੀ ਗੱਲਬਾਤ ਚੱਲ ਰਹੀ ਹੈ।

## ਪਾਕੀਜ਼ਾ ਬਣਦੇ-ਬਣਦੇ ਰਹਿ ਗਈ ਯੋਗਿਤਾ ਬਾਲੀ



ਨਿਰਮਾਤਾ ਨਿਰਦੇਸ਼ਕ ਕਮਾਲ ਅਮਰੋਹੀ ਨਾਲ ਅਣਬਣ ਹੋਣ ਕਾਰਨ ਮੀਨਾ ਕੁਮਾਰੀ ਨੇ ਫ਼ਿਲਮ 'ਪਾਕੀਜ਼ਾ' ਵਿਚਾਲੇ ਹੀ ਛੱਡ ਦਿੱਤੀ ਸੀ। ਪਰ ਕਮਾਲ ਅਮਰੋਹੀ ਇਸ 'ਵਿਸ਼ੇ 'ਤੇ ਹਾਲ ਵਿਚ ਫ਼ਿਲਮ ਬਣਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਕਿਸੇ ਹੋਰ ਅਭਿਨੇਤਰੀ ਨੂੰ 'ਲੈ ਕੇ ਫ਼ਿਲਮ ਬਣਾਉਣਾ ਤੈਅ ਕੀਤਾ। ਇਸ ਵਿਚਾਲੇ ਉਨ੍ਹਾਂ - ਦੀ ਮੁਲਾਕਾਤ ਯੋਗਿਤਾ ਬਾਲੀ ਨਾਲ ਹੋਈ, ਜੋ ਉਸ ਸਮੇਂ ਸੀ ਤਾਂ ਸਿਰਫ਼ 13 ਸਾਲ ਦੀ, ਪਰ ਆਪਣੇ ਚੰਗੇ ਡੀਲ ਡੌਲ। ਕਾਰਨ ਅੱਲ੍ਹੜ ਕੁੜੀ ਦੀ ਜਗ੍ਹਾ ਜਵਾਨ ਕੁੜੀ ਦਿਖਾਈ ਦਿੰਦੀ ਸੀ। ਕਮਾਲ ਨੇ, ਉਸ ਨੂੰ 'ਪਾਕੀਜ਼ਾ' ਵਿਚ ਮੁੱਖ ਭੂਮਿਕਾ ਦੀ ਪੇਸ਼ਕਸ਼ ਦਿੱਤੀ। ਇਹ 1966 ਦੀ ਗੱਲ ਹੈ। ਕਮਾਲ ਯੋਗਿਤਾ ਬਾਲੀ ਨੂੰ 3 ਸਾਲ ਦੇ ਇਕਰਾਰਨਾਮੇ ਵਿਚ ਰੱਖਣਾ ਚਾਹੁੰਦੇ ਸਨ ਅਤੇ ਇਸ ਦੌਰਾਨ ਉਨ੍ਹਾਂ ਨੇ ਉਰਦੂ ਬੋਲਣ ਤੇ ਨ੍ਰਿਤ ਸਿੱਖਣ ਆਦਿ ਵਿਚ ਵੀ ਉਸ ਦੀ ਮਦਦ ਕਰਨਾ ਚਾਹੁੰਦੇ ਸਨ।ਯੋਗਿਤਾ ਬਾਲੀ ਨੇ ਇਸ ਪੇਸ਼ਕਸ਼ ਨੂੰ ਸਵੀਕਾਰ ਕਰ ਲਿਆ। ਪਰ ਇਸੇ ਦੌਰਾਨ ਕਮਾਲ ਤੇ ਮੀਨਾ ਕੁਮਾਰੀ ਦਾ ਮਨਮੁਟਾਵ ਦੂਰ ਹੋ ਗਿਆ, ਉਹ ਵਾਪਸ ਫ਼ਿਲਮ ਵਿਚ ਆ ਗਈ। ਇਸ ਤਰ੍ਹਾਂ ਯੋਗਿਤਾ ਬਾਲੀ 'ਪਾਕੀਜ਼ਾ' ਬਣਦੇ-ਬਣਦੇ ਰਹਿ ਗਈ।

ਤੁਸੀਂ ਸੋਚ ਰਹੇ ਹੋਵੋਗੇ ਕਿ ਕਮਾਲ ਅਮਰੋਹੀ ਦੀ ਮੁਲਾਕਾਤ ਯੋਗਿਤਾ ਬਾਲੀ ਨਾਲ ਕਿਵੇਂ ਸੰਭਵ ਹੋ ਸਕੀ? ਦਰਅਸਲ, ਯੋਗਿਤਾ ਬਾਲੀ ਦਾ ਫ਼ਿਲਮ ਉਦਯੋਗ ਨਾਲ ਬਹੁਤ ਡੂੰਘਾ ਨਾਤਾ ਹੈ। ਉਹ ਆਪਣੇ ਜ਼ਮਾਨੇ ਦੀ ਟੌਪ ਹੀਰੋਇਨ ਗੀਤਾ ਬਾਲੀ ਦੀ ਭਾਣਜੀ ਹੈ। ਗੀਤਾ ਬਾਲੀ ਨੇ ਸ਼ੰਮੀ ਕਪੂਰ ਨਾਲ ਵਿਆਹ ਕੀਤਾ ਸੀ, ਇਸ ਲਈ ਉਸ ਦੇ ਬੇਟੇ ਐਕਟਰ ਆਦਿੱਤਿਆ ਰਾਜ ਕਪੂਰ ਯੋਗਿਤਾ ਬਾਲੀ ਦੇ ਭਤੀਜੇ ਹਨ। ਗੀਤਾ ਬਾਲੀ ਦੀ ਭੈਣ ਹਰਿਦਰਸ਼ਨ ਕੌਰ ਨੇ ਸੈਈਅਦ ਇਰਸ਼ਾਦ ਹੁਸੈਨ ਨਾਲ ਵਿਆਹ ਕੀਤਾ ਸੀ, ਜੋ 'ਜਸਵੰਤ ਦੇ ਸਕਰੀਨ ਨਾਂਅ ਨਾਲ ਫ਼ਿਲਮਾਂ ਵਿਚ ਚਰਿੱਤਰ ਅਭਿਨੇਤਾ ਸਨ। ਯੋਗਿਤਾ ਬਾਲੀ ਦਾ ਇਕ ਛੋਟਾ ਭਰਾ ਯੋਗੇਸ਼ ਬਾਲੀ ਵੀ ਸੀ, ਜੋ ਕੁਝ ਫ਼ਿਲਮਾਂ ਵਿਚ ਦਿਖਾਈ ਵੀ ਦਿੱਤਾ ਪਰ ਲੰਮੀ ਬਿਮਾਰੀ ਤੋਂ ਬਾਅਦ 1988 ਵਿਚ ਸਿਰਫ਼ 34 ਸਾਲ ਦੀ ਉਮਰ ਵਿਚ ਉਸ ਦੀ ਮੌਤ ਹੋ ਗਈ। ਯੋਗੇਸ਼ ਨੇ ਗਾਇਕਾ ਹੇਮਲਤਾ ਨਾਲ ਵਿਆਹ ਕੀਤਾ ਸੀ, ਜੋ ਕਿ ਅਭਿਨੇਤਰੀਆਂ ਸੁਲਕਸ਼ਣਾ ਪੰਡਿਤ ਤੇ ਵਿਜੇਤਾ ਪੰਡਿਤ ਦੀ ਭਤੀਜੀ ਹੈ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਯੋਗਿਤਾ ਬਾਲੀ ਚੰਗੀ ਅਦਾਕਾਰਾ ਸੀ ਪਰ ਉਹ ਆਪਣੀ ਪ੍ਰਤਿਭਾ ਦੇ ਅਨੁਸਾਰ ਬਾਲੀਵੁੱਡ ਵਿਚ ਸਫ਼ਲਤਾ ਹਾਸਿਲ ਨਾ ਕਰ ਸਕੀ। ਇਹ ਅਚਾਨਕ ਨਹੀਂ ਸੀ। ਉਸ ਨੂੰ ਚੰਗੇ ਬੈਨਰਾਂ ਤੇ ਸਥਾਪਿਤ ਕਲਾਕਾਰਾਂ ਨਾਲ ਵੱਡੀਆਂ ਫ਼ਿਲਮਾਂ ਮਿਲੀਆਂ, ਪਰ ਉਨ੍ਹਾਂ ਵਿਚੋਂ ਜ਼ਿਆਦਾਰ ਅਧੂਰੀਆਂ ਹੀ ਡੱਬੇ ਵਿਚ ਬੰਦ ਹੋ ਗਈਆਂ। ਭਾਵ ਕਦੀ ਰਿਲੀਜ਼ ਨਹੀਂ ਹੋਈਆਂ। ਜਿਵੇਂ ਕਬੀਰ ਬੇਦੀ ਨਾਲ 'ਸ਼ੇਰਾ' ਤੇ 'ਹਾਈਵੇ ਸਮਗਲਰਜ਼-ਡੀ.ਐਲ.ਜੀ. 9211', ਜਤਿੰਦਰ ਤੇ ਵਿਨੋਦ ਖੰਨਾ ਨਾਲ 'ਪਿੰਕੂ ਔਰ ਰਿੰਕੂ', ਜਾਨੀ ਵਾਕਰ ਨਾਲ 'ਚੰਡਾਲ ਚੌਕੀ' ਆਦਿ। ਇਨ੍ਹਾਂ ਡੱਬਿਆਂ ਵਿਚ ਬੰਦ ਫ਼ਿਲਮਾਂ ਦੀ ਇਕ ਲੰਮੀ ਸੂਚੀ ਹੈ।

13 ਅਗਸਤ, 1952 ਨੂੰ ਮੁੰਬਈ ਵਿਚ ਜਨਮੀ ਯੋਗਿਤਾ ਬਾਲੀ ਨੇ ਆਪਣਾ ਫ਼ਿਲਮੀ ਸਫ਼ਰ



1971 ਵਿਚ ਫ਼ਿਲਮ 'ਪਰਵਾਨਾ' ਤੋਂ ਸ਼ੁਰੂ ਕੀਤਾ ਸੀ ਅਤੇ ਸਹਾਇਕ ਭੂਮਿਕਾਵਾਂ ਵਿਚ ਉਨ੍ਹਾਂ ਨੂੰ ਕਾਫ਼ੀ ਪਸੰਦ ਕੀਤਾ ਗਿਆ ਸੀ, ਜਿਸ ਤੋਂ ਉਸ ਦੀ ਪ੍ਰਤਿਭਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਉਨ੍ਹਾਂ ਨੇ 70 ਤੋਂ ਜ਼ਿਆਦਾ ਫ਼ਿਲਮਾਂ ਵਿਚ ਕੰਮ ਕੀਤਾ। ਬਤੌਰ ਅਦਾਕਾਰਾ ਉਨ੍ਹਾਂ ਦੀ ਆਖ਼ਰੀ ਫ਼ਿਲਮ 'ਆਖ਼ਰੀ ਬਦਲਾ' ਸੀ, ਜੋ 1989 ਵਿਚ ਆਈ ਸੀ। ਫਿਰ ਲੰਮੇ ਵਕਫ਼ੇ ਬਾਅਦ ਉਨ੍ਹਾਂ ਨੇ 2013 ਵਿਚ ਬਤੌਰ ਨਿਰਮਾਤਾ ਫ਼ਿਲਮ 'ਐਨਿਮੀ' ਬਣਾਈ। ਉਂਝ ਯੋਗਿਤਾ ਬਾਲੀ ਇਸ ਵਜ੍ਹਾ ਕਰਕੇ ਵੀ ਬਾਲੀਵੁੱਡ ਵਿਚ ਕੋਈ ਖ਼ਾਸ ਥਾਂ ਨਹੀਂ ਬਣਾ ਸਕੀ, ਕਿਉਂਕਿ ਉਨ੍ਹਾਂ ਦੀਆਂ ਹਮਕਾਲੀ ਵਹੀਦਾ ਰਹਿਮਾਨ, ਰਾਖੀ, ਮੁਮਤਾਜ, ਸ਼ਰਮੀਲਾ ਟੈਗੋਰ, ਹੇਮਾ ਮਾਲਨੀ, ਰੇਖਾ, ਜਯਾ ਬੱਚਨ, ਜ਼ੀਨਤ ਅਮਾਨ ਵਰਗੀਆਂ ਅਦਾਕਾਰਾ ਸਨ। 'ਦਿਲਦਾਰ', 'ਬੀਵੀ ਓ ਬੀਵੀ', 'ਪਰਵਾਨਾ' ਆਦਿ ਯੋਗਿਤਾ ਬਾਲੀ ਦੀਆਂ ਚਰਚਿਤ ਫ਼ਿਲਮਾਂ ਹਨ।

ਯੋਗਿਤਾ ਬਾਲੀ ਦੇ ਦੋ ਵਿਆਹਾਂ ਨੇ ਵੀ ਉਨ੍ਹਾਂ ਦੇ ਫ਼ਿਲਮੀ ਕਰੀਅਰ ਨੂੰ ਪ੍ਰਭਾਵਿਤ ਕੀਤਾ, ਜਿਨ੍ਹਾਂ ਵਿਚੋਂ ਪਹਿਲੀ ਸ਼ਾਦੀ ਅਸਫ਼ਲ ਅਤੇ ਦੂਜੀ ਵੀ ਅਸਫ਼ਲ ਰਹੀ। ਇਕ ਰਿਕਾਰਡਿੰਗ ਸਟੂਡੀਓ ਵਿਚ ਜਦੋਂ ਯੋਗਿਤਾ ਬਾਲੀ ਦੀ ਗਾਇਕ ਕਿਸ਼ੋਰ ਕੁਮਾਰ ਨਾਲ ਮੁਲਾਕਾਤ ਹੋਈ ਤਾਂ ਉਹ ਉਨ੍ਹਾਂ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੋਈ। ਦੋਵਾਂ ਨੇ 1976 ਵਿਚ ਵਿਆਹ ਕਰ ਲਿਆ। ਪਰ ਇਹ ਵਿਆਹ ਸਿਰਫ਼ ਦੋ ਸਾਲ ਤੱਕ ਹੀ ਚਲ ਸਕਿਆ। ਬਾਅਦ ਵਿਚ ਕਿਸ਼ੋਰ ਕੁਮਾਰ ਨੇ ਇਸ ਵਿਆਹ ਨੂੰ 'ਜੋਕ' ਕਿਹਾ ਅਤੇ ਇਸ ਦੇ ਟੁੱਟਣ ਕਾਰਨ ਯੋਗਿਤਾ ਬਾਲੀ ਵਿਚ ਗੰਭੀਰਤਾ ਦੀ ਘਾਟ, ਉਸ ਦਾ ਆਪਣੀ ਮਾਂ ਨਾਲ ਜ਼ਿਆਦਾ ਲਗਾਅ ਅਤੇ ਐਕਟਰ ਮਿਥੁਨ ਚੱਕਰਵਰਤੀ ਨਾਲ ਉਨ੍ਹਾਂ ਦਾ ਰੋਮਾਂਟਿਕ ਸੰਬੰਧ ਦੱਸਿਆ। 1978 ਵਿਚ ਤਲਾਕ ਹੋਣ ਤੋਂ ਬਾਅਦ ਯੋਗਿਤਾ ਬਾਲੀ ਨੇ 1979 ਵਿਚ ਮਿਥੁਨ ਚੱਕਰਵਰਤੀ ਨਾਲ ਵਿਆਹ ਕਰ ਲਿਆ ਅਤੇ ਇਸ ਵਿਆਹ ਤੋਂ ਉਨ੍ਹਾਂ ਦੇ ਚਾਰ ਬੱਚੇ ਹਨ, ਤਿੰਨ ਮੁੰਡੇ ਅਤੇ ਇਕ ਗੋਦ ਲਈ ਹੋਈ ਕੁੜੀ। ਕਿਸ਼ੋਰ ਕੁਮਾਰ ਇਸ ਵਿਆਹ ਤੋਂ ਏਨੇ ਨਾਰਾਜ਼ ਸਨ ਕਿ ਕੁਝ ਸਮੇਂ ਲਈ ਉਨ੍ਹਾਂ ਨੇ ਮਿਥੁਨ ਚੱਕਰਵਰਤੀ ਲਈ ਗਾਣਾ ਛੱਡ ਦਿੱਤਾ ਸੀ।

## ਰਕੁਲਪ੍ਰੀਤ ਨੂੰ ਮੁਕੱਦਮੇ, ਜੇਲ੍ਹ ਤੇ ਥਾਣੇ ਤੋਂ ਡਰ ਲਗਦੈ

ਖੁਸ਼ੀਆਂ ਰਕੁਲਪ੍ਰੀਤ ਸਿੰਘ ਦੇ ਵਿਹੜੇ ਦਾ ਸ਼ਿੰਗਾਰ ਬਣੀਆਂ ਹਨ ਤੇ ਪਿਛੇਲ ਦੋ ਮਹੀਨਿਆਂ ਤੋਂ ਇਨ੍ਹਾਂ ਖੁਸ਼ੀਆਂ ਨੇ ਰਕੁਲਪ੍ਰੀਤ ਸਿੰਘ ਦੇ ਚਿਹਰੇ ਤੋਂ ਸਭ ਰਿਕਲ ਤੇ ਛਾਈਆਂ ਗਾਇਬ ਕਰ ਦਿੱਤੀਆਂ ਹਨ। ਦਰਅਸਲ ਦੱਖਣ ਦੀ ਫ਼ਿਲਮ 'ਜਯਾ ਜਾਨਕੀ ਨਾਇਕ' ਹਿੰਦੀ 'ਚ ਡੱਬ ਹੋ ਕੇ 'ਖੂੰਖਾਰ' ਦੇ ਨਾਂਅ 'ਤੇ ਯੂ-ਟਿਊਬ 'ਤੇ ਪਾਈ ਤਾਂ ਇਸ ਦੇ ਵਿਊਜ਼ ਜਿਹੜੇ ਲੋਕਾਂ ਨੇ ਜਜ਼ਬਾਤੀ ਹੋ ਕੇ ਕਿਤੇ ਉਹ ਇਕ ਬਿਲੀਅਨ ਤੋਂ ਜ਼ਿਆਦਾ ਹੋਏ ਹਨ। ਇਸ ਖ਼ੁਸ਼ੀ 'ਚ ਰਕੁਲ ਨੇ ਜਜ਼ਬਾਤੀ ਹੋ ਕੇ ਕਿਹਾ ਕਿ ਕਈ ਕਹਿ ਰਹੇ ਸਨ ਕਿ ਗਈ ਭੈਂਸ ਪਾਨੀ ਮੇਂ ਭਾਵ ਕਿ ਰਕੁਲ ਦੇ ਚੰਗੇ ਦਿਨ ਗਏ। ਪਰ 'ਖੂੰਖਾਰ' ਚੱਲਣ ਨਾਲ ਰਕੁਲ ਨੂੰ ਨਵੀਂ ਊਰਜਾ ਮਿਲੀ ਹੈ। ਰਕੁਲ ਨੇ ਨਿਰਦੇਸ਼ਕ ਨੂੰ ਫੋਨ ਕਰ ਕੇ ਆਖਿਆ ਕਿ ਇਕ ਬਿਲੀਅਨ ਵਿਊਜ਼ ਕਰੋੜ ਦਿਲ ਤੇ ਸੌ ਕਰੋੜ ਜਜ਼ਬਾਤ, ਐਨਾ ਪਿਆਰ ਲੋਕਾਂ ਨੇ ਯੂ-ਟਿਊਬ 'ਤੇ ਦਿੱਤਾ ਹੈ ਕਿ ਉਨ੍ਹਾਂ ਦਾ ਲੱਖ ਵਾਰ ਧੰਨਵਾਦ ਕਰਾਂ ਤਾਂ ਵੀ ਘੱਟ ਹੈ। ਰਕੁਲ ਨੇ ਕਿਹਾ ਕਿ ਚੰਗੀ ਫ਼ਿਲਮ ਦਾ ਮੁੱਲ ਪੈਂਦਾ ਹੈ, ਭਾਵੇਂ ਦੇਰ ਨਾਲ ਪੈਂਦਾ ਹੈ, ਜਦ ਕਿ ਥੀਏਟਰਾਂ 'ਚ ਇਹ ਫ਼ਿਲਮ ਘਾਟੇ ਦਾ ਸੌਦਾ ਸੀ ਪਰ ਡਿਜੀਟਲ ਪਲੇਟਫਾਰਮ ਨੇ ਸਭ ਨੁਕਸਾਨ ਪੂਰੇ ਕਰ ਦਿੱਤੇ ਹਨ। ਅਨਾਰਕਲੀ ਅੰਦਾਜ਼ ਦੇ ਸੂਟ ਨੂੰ ਪਹਿਨ ਕੇ 'ਰਾਮਾਇਣ' ਦੇ ਸੈੱਟ ਤੋਂ ਪਾਈ ਤਸਵੀਰ ਲਈ ਰਕੁਲ ਨੇ ਲਿਖਿਆ ਹੈ ਕਿ ਅੱਜ ਮੈਨੂੰ ਸੂਟ ਹੀ ਠੀਕ ਲਗਦਾ ਹੈ।



ਰਕੁਲ ਦੀ ਚਰਚਾ ਇਕ ਬਹੁਤ ਹੀ ਖੁੱਲ੍ਹੀ-ਡੁੱਲ੍ਹੀ ਤੇ ਬੋਲਡ ਫ਼ਿਲਮ ਨੂੰ ਸਾਈਨ ਕਰਕੇ ਵੀ ਬਹੁਤ ਹੈ ਤੇ ਇਹ ਮਰਦ ਔਰਤ ਦੇ ਸੰਬੰਧਾਂ 'ਚ ਉਤਪਾਦਾਂ ਦੀ ਵਰਤੋਂ ਤੇ ਬਹੁਤ ਹੀ ਬੋਲਡ ਫ਼ਿਲਮ ਹੈ। ਜਿਸ ਲਈ ਦੋ ਹੀਰੋਇਨਾਂ ਨਾਂਹ ਕਰ ਚੁੱਕੀਆਂ ਹਨ। ਰਕੁਲ ਨੇ ਕਿਹਾ ਹੈ ਕਿ ਇਹੀ ਤਾਂ ਚੁਣੌਤੀ ਹੈ ਤੇ ਉਹ ਇਸ ਨੂੰ ਪੂਰਾ ਕਰਕੇ ਦਿਖਾਏਗੀ। ਰਕੁਲ ਦੱਸਦੀ ਹੈ ਕਿ ਉਸ ਦੇ ਪਿਤਾ ਕੁਲਵਿੰਦਰ ਸਿੰਘ ਨੇ ਉਸ ਦਾ ਨਾਂਅ 'ਰਕੁਲ' ਰੱਖਿਆ ਸੀ ਤੇ ਮਾਂ ਰਜਿੰਦਰ ਕੌਰ ਨੇ ਪਿਛਲਾ ਹਿੱਸਾ ਪ੍ਰੀਤ ਰੱਖਿਆ ਤੇ ਵੀਰ ਅਮਨਦੀਪ ਸਿੰਘ ਤੋਂ ਉਸ ਨੇ ਸਿੰਘ ਲਿਆ ਤੇ ਰਕੁਲਪ੍ਰੀਤ ਸਿੰਘ ਬਣੀ। ਫਿਟਨੈੱਸ ਦੇ ਮਾਮਲੇ 'ਚ ਰਕੁਲ ਬਾਰੇ ਜਿੰਮ ਵਾਲੇ ਆਖਦੇ ਹਨ ਕਿ ਮੈਡਮ ਨੂੰ ਦੇਖ ਕੇ ਸਾਰੀਆਂ ਮਸ਼ੀਨਾਂ ਆਪ ਮੁਹਾਰੇ ਉਸ ਦੀ ਇੱਜ਼ਤ ਕਰਦੀਆਂ ਹਨ। ਰਕੁਲਪ੍ਰੀਤ ਸਿੰਘ ਨੇ ਕਿਹਾ ਕਿ 'ਰਾਮਾਇਣ' ਉਸ ਲਈ ਇਤਿਹਾਸਕ ਫ਼ਿਲਮ ਬਣ ਸਕਦੀ ਹੈ ਤੇ ਉਸ ਨੇ ਵੱਖਰੇ ਅੰਦਾਜ਼ ਨਾਲ ਰਾਵਣ ਦੀ ਭੈਣ ਸਰੂਪਨਖ਼ਾ ਦਾ ਕਿਰਦਾਰ ਨਿਭਾਇਆ ਹੈ। ਪਤੀ ਜੈਕੀ ਭਗਨਾਨੀ ਤੇ ਬੱਚਿਆਂ ਨਾਲ ਵਧੀਆ ਜੀਵਨ ਚਲ ਰਿਹਾ ਹੈ ਤੇ ਰਕੁਲਪ੍ਰੀਤ ਸਿੰਘ ਇਹੀ ਚਾਹੁੰਦੀ ਹੈ ਕਿ ਜੀਵਨ 'ਚ ਅਦਾਲਤਾਂ ਦੇ ਚੱਕਰ ਨਾ ਪੈਣ, ਥਾਣੇ ਜਾਣਾ, ਜੇਲ੍ਹ ਤੇ ਮੁਕੱਦਮਾ ਇਨ੍ਹਾਂ ਤਿੰਨੇ ਚੀਜ਼ਾਂ ਤੋਂ ਬਚਣਾ ਚਾਹੁੰਦੀ ਹੈ ਜਾਂ ਕਹਿ ਲਓ ਕਿ ਉਹ ਇਨ੍ਹਾਂ ਤੋਂ ਡਰਦੀ ਹੈ।

## ਬਿੱਗ ਬੌਸ 'ਚ ਜਾਣਾ ਬੇਹੱਦ ਖਾਸ: ਲਵ ਗਿੱਲ

**ਲੁਧਿਆਣਾ:** ਅਦਾਕਾਰਾ ਅਤੇ ਬਿੱਗ ਬੌਸ-2026 ਦੀ ਮੁਕਾਬਲੇਬਾਜ਼ ਲਵ ਇ ਗਿੱਲ ਅੱਜ ਇੱਥੇ ਦੁੱਗਰੀ ਸਥਿਤ ਡਾ.ਗਗਨ ਡੈਂਟਲ ਤੇ ਕਾਸਮੈਟਿਕ ਕਲੀਨਿਕ ਪਹੁੰਚੀ। ਕਲੀਨਿਕ ਪਹੁੰਚਣ 'ਤੇ ਅਦਾਕਾਰਾ ਦਾ ਡਾ. ਗਗਨਪ੍ਰੀਤ ਕੌਰ ਵੱਲੋਂ ਢੋਲ ਅਤੇ ਕੇਕ



ਨਾਲ ਸਵਾਗਤ ਕੀਤਾ ਗਿਆ। ਇਸ ਦੌਰਾਨ ਲਵ ਗਿੱਲ ਨੇ ਵੀ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ। ਲਵ ਗਿੱਲ ਨੇ ਆਪਣੇ ਬਿੱਗ ਬੌਸ ਦੇ ਸਫ਼ਰ ਬਾਰੇ ਖੁੱਲ੍ਹ ਕੇ ਗੱਲਬਾਤ ਕੀਤੀ। ਉਸ ਨੇ ਕਿਹਾ ਕਿ ਲੋਕਾਂ ਦਾ ਭਰਪੂਰ ਪਿਆਰ ਅਤੇ ਸਮਰਥਨ ਮਿਲ ਰਿਹਾ ਹੈ। ਲਵ ਗਿੱਲ ਨੇ ਕਿਹਾ ਕਿ ਬਿੱਗ ਬੌਸ ਵਿੱਚ ਜਾਣ ਦਾ ਮੌਕਾ ਉਸ ਦੇ ਕਰੀਅਰ ਦੀ ਬੇਹੱਦ ਖਾਸ ਅਤੇ ਵੱਡੀ ਉਪਲਬਧੀ ਹੈ। ਅਭਿਨੇਤਰੀ ਨੇ ਲੁਧਿਆਣਾ ਵਾਸੀਆਂ ਸਮੇਤ ਆਪਣੇ ਸਾਰੇ ਪ੍ਰਸ਼ੰਸਕਾਂ ਨੂੰ ਅਪੀਲ ਕੀਤੀ ਕਿ ਜਿਸ ਤਰ੍ਹਾਂ ਉਸ ਨੂੰ ਉਹ ਸ਼ੁਰੂ ਤੋਂ ਪਿਆਰ ਅਤੇ ਸਹਿਯੋਗ ਦਿੰਦੇ ਆ ਰਹੇ ਹਨ, ਉਸੇ ਤਰ੍ਹਾਂ ਇਸ ਵਾਰ ਵੀ ਉਹ ਉਸ ਨੂੰ ਆਪਣੀ ਵੋਟ ਦੇ ਕੇ ਮਜ਼ਬੂਤ ਸਮਰਥਨ ਦੇਣ। ਇਸ ਮੌਕੇ ਲਵ ਗਿੱਲ ਨੇ ਕੇਕ ਕੱਟ ਕੇ ਖੁਸ਼ੀ ਸਾਂਝੀ ਕੀਤੀ ਅਤੇ ਢੋਲ ਦੇ ਨਾਲ ਭੰਗੜਾ ਪਾ ਕੇ ਇਨ੍ਹਾਂ ਪਲਾਂ ਨੂੰ ਯਾਦਗਾਰ ਬਣਾ ਦਿੱਤਾ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 39 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2026*

## Ph: 510-304-9292 or 408-666-8279







**Anmol Singh Gill**
REALTOR
Bre. # 02062952

**Armaan Singh Gill**
Sales Agent
Bre. # 02161166
Ph: 510-709-7987

**Jaswinder (Jassi) Gill**
M.Sc (PAU)
CA BRE# 00966763
Broker/Owner

**Harjot Singh Gill**
REALTOR
Bre. # 02036421
Ph: 408.413.8350

**Rakesh Pabla**
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 5405 Farina Ln, Fremont CA 94538
2. 32432 Deborah Dr, Union City CA 94587
3. 5560 Boscell Commom Ter, Fremont, CA 94538
4. 116 Mahogany Ln, Union City CA, 94587
5. 2447 Capri Ct, Manteca CA 95337
6. 830 Heaven Court, Hayward CA 94544
7. 38573 Farwell Drive, Fremont CA 94536
8. 4737 Valencia Way, Union City CA 94587
9. 333 Raymundo Dr, Woodside, CA 94062
10. 3690 Cowell Rd, Concord, CA, 94518
11. 4201 Saturn way, Union city CA 94587
12. 6746 Sapphire Street, Dublin CA 94568
13. 7722 Curry Dr, Gilroy CA 95020
14. 1916 Ticino Ct, Pleasanton CA 94566

## Purchase Loan and Refinance

Call Sukhveer (Sukhi) Gill
DHMS, Loan Broker
Ph: 510-207-9067
CA BRE Lic.#01180969
NMLS# 352095

19-20